**Reo-Bankowned Properties**
From San Jose to Sacramento
JASSI GILL Broker/Owner
Ph:510-304-9292
**Refinance Now**
@ZERO COST
Call Sukhi Gill:510-207-9067

Jassi Gill
CA DRE Lic.#01180969 CA DRE# 00966763

**Hardeep S.Rai**
ਇੰਮੀਗਰੇਸ਼ਨ ਵਕੀਲ Attorney-at-Law
• ਨੌਵੀਂ ਸਰਕਟ ਕੋਰਟ • ਬੋਰਡ ਆਫ ਇੰਮੀਗ੍ਰੇਸ਼ਨ ਅਪੀਲਾਂ
• ਇੰਮੀਗ੍ਰੇਸ਼ਨ ਕੋਰਟ ਦੇ ਕੇਸ • ਫੈਮਿਲੀ ਪਟੀਸ਼ਨਾਂ
• ਲੇਬਰ ਦੇ ਕੇਸ • ਡਿਪੋਰਟੇਸ਼ਨ ਦੇ ਕੇਸ • ਅਮੈਰਿਕਨ ਅੰਬੈਸੀ ਦੇ ਕੇਸ • ਬੈਂਕਰਪਸੀ
SAN FRANCISCO TEL: 415.693.9131 FAX. 415.693.9135
rai@hsrai.com www.hsrai.com
Fremont TEL: 510-791-1111 FAX: 510-791-1119

**Obama Care Covered CA**
ਐਪਲੀਕੇਸ਼ਨ ਭਰਨ ਲਈ ਸਾਨੂੰ ਫੋਨ ਕਰੋ
ਕੋਈ ਫੀਸ ਨਹੀਂ
COVERED CALIFORNIA
Certified Insurance Agent
Ph: 510-797-7989
e-mail: Duabba1@gmail.com
2450 Peralta Blvd. # 203, Fremont, CA 94536
Insurance Services Since 1999 License # 0C70672

Eighteenth Year of Publication ਕੈਲੀਫੋਰਨੀਆ ਐਡੀਸ਼ਨ Price 50¢
Email:punjabtimes1@gmail.com
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 18, Issue 05, February 4, 2017 20451 N Plum Grove Rd., Palatine, IL 60074 Ph:847-359-0746, Fax:847-705-9388

# ਆਮ ਆਦਮੀ ਪਾਰਟੀ ਨੂੰ ਰਾਸ ਆਇਆ ਪੰਥਕ ਏਜੰਡਾ

**ਚੰਡੀਗੜ੍ਹ (ਗੁਰਵਿੰਦਰ ਸਿੰਘ ਵਿਰਕ):** ਪੰਜਾਬ ਵਿਧਾਨ ਸਭਾ ਚੋਣਾਂ ਵਿਚ ਪਹਿਲੀ ਵਾਰ ਝੰਡੇ ਗੱਡ ਰਹੀ ਆਮ ਆਦਮੀ ਪਾਰਟੀ (ਆਪ) ਨੂੰ ਸੂਬੇ ਵਿਚ ਪੰਥਕ ਏਜੰਡਾ ਰਾਸ ਆਉਂਦਾ ਜਾਪ ਰਿਹਾ ਹੈ। ਚੋਣਾਂ ਤੋਂ ਪਹਿਲਾਂ ਨਾਮਵਰ ਸਿੱਖ ਸ਼ਖਸੀਅਤਾਂ ਦੇ ਇਸ ਪਾਰਟੀ ਵੱਲ ਉਲਾਰ ਕਾਰਨ ਰਵਾਇਤੀ ਧਿਰਾਂ- ਸ਼੍ਰੋਮਣੀ ਅਕਾਲੀ ਦਲ ਤੇ ਕਾਂਗਰਸ, ਲਈ ਵੱਡੀ ਵੰਗਾਰ ਬਣ ਗਈ ਹੈ। 'ਆਪ' ਨੂੰ ਸਭ ਤੋਂ ਵੱਧ ਸਮਰਥਨ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਕਾਰਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਬਾਦਲ ਅਕਾਲੀ ਦਲ ਦੇ ਨਾਰਾਜ਼ ਸਿੱਖ ਆਗੂਆਂ ਤੋਂ ਮਿਲ ਰਿਹਾ ਹੈ।

ਪਿਛਲੇ ਕੁਝ ਸਮੇਂ ਦੌਰਾਨ ਬਹੁਤੇ ਪੰਥਕ ਤੇ ਟਕਸਾਲੀ ਸਿੱਖ ਆਗੂਆਂ ਅਤੇ ਜਥੇਬੰਦੀਆਂ ਨੇ ਬੇਅਦਬੀ ਕਾਂਡ ਦੇ ਦੋਸ਼ੀਆਂ ਨੂੰ ਕਾਬੂ ਨਾ ਕਰਨ ਦੇ ਰੋਸ ਵਜੋਂ ਆਮ ਆਦਮੀ ਪਾਰਟੀ ਦੀ ਹਮਾਇਤ ਕੀਤੀ ਜਿਸ ਦੀ ਇਕ ਮਿਸਾਲ ਬੰਗਾ ਤੋਂ ਸੁਖਦੇਵ ਸਿੰਘ ਭੌਰ ਹਨ। ਹੁਣ ਸ਼੍ਰੋਮਣੀ ਕਮੇਟੀ ਮੈਂਬਰ ਸੁਰਜੀਤ ਸਿੰਘ ਗੜ੍ਹੀ, ਐਮ.ਸੀ. ਜਸਬੀਰ ਸਿੰਘ ਜੱਸੀ ਤੇ ਜਗੀਰ ਸਿੰਘ ਸਾਥੀਆਂ ਸਮੇਤ ਆਮ ਆਦਮੀ ਪਾਰਟੀ ਵਿਚ ਸ਼ਾਮਲ ਹੋ ਗਏ।

ਬਰਗਾੜੀ ਕਾਂਡ ਵਿਚ ਬੇਦੋਸ਼ੇ ਫੜੇ ਗਏ ਪਿੰਡ ਪੰਜਗਰਾਈਆਂ ਦੇ ਰੁਪਿੰਦਰ ਸਿੰਘ ਨੇ ਹਲਕਾ ਦਾਖਾ ਤੋਂ 'ਆਪ' ਉਮੀਦਵਾਰ ਹਰਵਿੰਦਰ ਸਿੰਘ ਫੂਲਕਾ ਦੀ ਹਮਾਇਤ ਦਾ ਐਲਾਨ ਕੀਤਾ ਹੈ। ਇਸ ਤੋਂ ਇਲਾਵਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੂੰ ਸਿਰੋਪਾਉ ਨਾ ਦੇਣ ਕਾਰਨ ਸ਼੍ਰੋਮਣੀ ਕਮੇਟੀ ਦੇ

*(ਬਾਕੀ ਸਫਾ 6 'ਤੇ)*




## 'ਆਪ' ਬਨਾਮ ਗਰਮਖਿਆਲੀਏ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ 'ਆਪ' ਉਤੇ ਗਰਮਖਿਆਲੀਆਂ ਨਾਲ ਮਿਲ ਕੇ ਕੰਮ ਕਰਨ ਦਾ ਦੋਸ਼ ਲਾ ਰਿਹਾ ਹੈ। ਪਾਰਟੀ ਸੁਪਰੀਮੋ ਅਰਵਿੰਦ ਕੇਜਰੀਵਾਲ ਵੱਲੋਂ ਇਕ ਖਾਲਿਸਤਾਨ ਸਮਰਥਕ ਐਨ.ਆਰ.ਆਈ. ਦੀ ਕੋਠੀ ਵਿਚ ਰਾਤ ਬਿਤਾਉਣ ਦਾ ਮੁੱਦਾ ਵੀ ਭਖਿਆ ਹੋਇਆ ਹੈ। ਇਹ ਕੋਠੀ ਮੋਗਾ ਦੀ ਟੀਚਰ ਕਾਲੋਨੀ ਵਿਚ ਹੈ। ਕੇਜਰੀਵਾਲ ਨੇ ਸ਼ਨਿਚਰਵਾਰ ਦੀ ਰਾਤ ਉਥੇ ਬਿਤਾਈ ਸੀ। ਇਸ ਕੋਠੀ ਦਾ ਮਾਲਕ ਐਨ.ਆਰ.ਆਈ. ਗੁਰਿੰਦਰ ਸਿੰਘ ਹੈ ਜੋ ਹੁਣ ਬਰਤਾਨੀਆ ਵਿਚ ਰਹਿੰਦਾ ਹੈ। ਉਸ ਖਿਲਾਫ ਖਾੜਕੂਵਾਦ ਦੇ ਸਮੇਂ ਕਈ ਮਾਮਲੇ ਦਰਜ ਹਨ।

ਕੇਜਰੀਵਾਲ ਦੇ ਇਸ ਤਾਜ਼ਾ ਵਿਵਾਦ ਤੋਂ ਬਾਅਦ ਰਾਜਨੀਤਕ ਪਾਰਟੀਆਂ ਨੇ ਉਨ੍ਹਾਂ ਉਤੇ ਹਮਲੇ ਕਰਨੇ ਸ਼ੁਰੂ ਕਰ ਦਿੱਤੇ ਹਨ। ਇਸੇ ਦੌਰਾਨ ਪਾਰਟੀ ਦੇ ਸੂਬਾ ਇੰਚਾਰਜ ਸੰਜੇ ਸਿੰਘ ਨੇ ਇਸ ਵਿਵਾਦ ਬਾਰੇ ਸਪਸ਼ਟੀਕਰਨ ਦਿੱਤਾ ਹੈ। ਉਨ੍ਹਾਂ ਕਿਹਾ ਕਿ ਇਸ ਮਸਲੇ ਨੂੰ ਅਤਿਵਾਦ ਨਾਲ ਜੋੜਨਾ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਦੀ ਬੁਖਲਾਹਟ ਦਾ ਨਤੀਜਾ ਹੈ। ਪ੍ਰੋਟੋਕਾਲ ਤੇ ਸੁਰੱਖਿਆ ਦੇ ਮੱਦੇਨਜ਼ਰ ਜ਼ਿਲ੍ਹਾ ਪ੍ਰਸ਼ਾਸਨ ਨੂੰ ਕੇਜਰੀਵਾਲ ਦੇ ਟੀਚਰ ਕਲੋਨੀ ਵਿਚ ਰਾਤ ਰੁਕਣ ਬਾਰੇ ਦੱਸ ਦਿੱਤਾ ਗਿਆ ਸੀ। ਜੇ ਇਸ ਕੋਠੀ ਦੇ ਮਾਲਕ ਦੇ ਕਿਸੇ ਖਾੜਕੂ ਜਥੇਬੰਦੀ ਨਾਲ ਸਬੰਧ ਸਨ ਤਾਂ ਪ੍ਰਸ਼ਾਸਨ ਦਾ ਇਸ ਬਾਰੇ ਦੱਸਣਾ ਫ਼ਰਜ਼ ਬਣਦਾ ਸੀ। ਉਂਜ ਉਨ੍ਹਾਂ ਕਿਹਾ ਕਿ ਕੋਠੀ ਮਾਲਕ ਗੁਰਿੰਦਰ ਸਿੰਘ ਦਾ 'ਆਪ' ਨਾਲ ਕੋਈ ਸਬੰਧ ਨਹੀਂ ਹੈ ਅਤੇ ਉਸ ਖ਼ਿਲਾਫ਼ ਜਿਹੜੇ ਵੀ ਕੇਸ ਸਨ, ਉਨ੍ਹਾਂ ਵਿਚੋਂ ਉਹ ਬਰੀ ਹੋ ਚੁੱਕਿਆ ਹੈ।

# ਟਰੰਪ ਨੇ ਪਰਵਾਸੀਆਂ ਦਾ ਰਾਹ ਡੱਕਿਆ

**ਵਾਸ਼ਿੰਗਟਨ:** ਰਾਸ਼ਟਰਪਤੀ ਡੋਨਲਡ ਟਰੰਪ ਤਾਜਪੋਸ਼ੀ ਦੇ ਇਕ ਹਫਤੇ ਬਾਅਦ ਹੀ ਆਪਣੇ ਅਸਲੀ ਰੰਗ ਵਿਚ ਆ ਗਏ ਹਨ। ਪਰਵਾਸੀਆਂ ਦਾ ਰਾਹ ਡੱਕਣ ਲਈ ਟਰੰਪ ਵੱਲੋਂ ਲਏ ਫੈਸਲਿਆਂ ਨੇ ਪੂਰੀ ਦੁਨੀਆਂ ਹਿਲਾ ਦਿੱਤੀ ਹੈ। ਟਰੰਪ ਨੇ ਕੁਝ ਖਾਸ ਮੁਸਲਿਮ ਮੁਲਕਾਂ ਦੇ ਲੋਕਾਂ ਦੇ ਅਮਰੀਕਾ ਵਿਚ ਦਾਖਲੇ ਉਤੇ ਤਿੱਖੀ ਨਿਗ੍ਹਾ ਰੱਖਣ ਦੇ ਹੁਕਮ ਦਿੱਤੇ ਹਨ ਅਤੇ ਸੀਰੀਆਈ ਸ਼ਰਨਾਰਥੀਆਂ ਦੇ ਮੁਲਕ ਵਿਚ ਦਾਖਲ ਹੋਣ ਉਤੇ ਅਗਲੇ ਹੁਕਮਾਂ ਤੱਕ ਪਾਬੰਦੀ ਲਾ ਦਿੱਤੀ ਹੈ। ਇਸ ਹੁਕਮ ਨਾਲ ਇਰਾਨ, ਇਰਾਕ, ਸੀਰੀਆ, ਸੂਡਾਨ, ਲਿਬੀਆ, ਯਮਨ ਅਤੇ ਸੋਮਾਲੀਆ ਉਤੇ ਜ਼ਿਆਦਾ ਅਸਰ ਪਏਗਾ। ਅਮਰੀਕਾ ਵਿਚ ਰਹਿੰਦੇ ਤਕਰੀਬਨ 10 ਲੱਖ ਇਰਾਨੀ ਜਿਨ੍ਹਾਂ ਵਿਚ ਵਿਦਿਆਰਥੀ, ਕਾਰੋਬਾਰੀ ਤੇ ਪਰਿਵਾਰ ਸ਼ਾਮਲ ਹਨ, ਇਨ੍ਹਾਂ ਪਾਬੰਦੀਆਂ ਕਰ ਕੇ ਭੰਬਲਭੂਸੇ ਵਿਚ ਹਨ। ਅਦਾਲਤ ਨੇ ਭਾਵੇਂ ਰਾਸ਼ਟਰਪਤੀ ਦੇ ਹੁਕਮਾਂ ਉਤੇ ਰੋਕ ਲਾ ਦਿੱਤੀ ਹੈ, ਪਰ ਪਾਬੰਦੀ ਵਾਲੇ ਮੁਲਕਾਂ ਦੇ ਲੋਕਾਂ ਵਿਚ ਸਹਿਮ ਬਰਕਰਾਰ ਹੈ। ਪਾਬੰਦੀਆਂ ਕਰ ਕੇ ਸਪਾਊਜ਼ ਵੀਜ਼ਾ ਬੰਦ ਕਰ ਦਿੱਤੇ ਗਏ ਹਨ। ਪਾਕਿਸਤਾਨ, ਅਫਗਾਨਿਸਤਾਨ ਅਤੇ ਸਾਊਦੀ ਅਰਬ ਵਰਗੇ ਮੁਲਕਾਂ ਦੇ ਲੋਕਾਂ ਉਤੇ ਵਿਸ਼ੇਸ਼ ਨਜ਼ਰ ਰੱਖੀ ਜਾ ਰਹੀ ਹੈ। ਇਸ ਤੋਂ ਪਹਿਲਾਂ ਟਰੰਪ ਨੇ ਮੈਕਸੀਕੋ ਅਤੇ ਅਮਰੀਕਾ ਦੀ ਸਰਹੱਦ ਉਤੇ ਕੰਧ ਬਣਾਉਣ ਦੇ ਹੁਕਮ ਜਾਰੀ ਕੀਤੇ ਸਨ। ਯਾਦ ਰਹੇ, ਮੈਕਸੀਕੋ ਤੋਂ ਹੀ ਜ਼ਿਆਦਾਤਰ ਪਰਵਾਸੀ, ਅਮਰੀਕਾ ਵਿਚ ਗੈਰਕਾਨੂੰਨੀ ਤਰੀਕੇ ਨਾਲ ਆਉਂਦੇ ਹਨ। ਅਮਰੀਕੀ ਚੋਣਾਂ ਦੌਰਾਨ ਮੈਕਸੀਕੋ ਸਰਹੱਦ ਉਤੇ ਕੰਧ ਬਣਾਉਣ ਦਾ ਵੱਡਾ ਮੁੱਦਾ ਵੀ ਸੀ।




ਕੰਧ ਬਣਾਉਣ ਦੇ ਖਰਚੇ ਸਬੰਧੀ ਵੀ ਟਰੰਪ ਦੀ ਮੈਕਸੀਕੋ ਨਾਲ ਤਕਰਾਰ ਹੋਈ। ਟਰੰਪ ਨੇ ਕਿਹਾ ਸੀ ਕਿ ਕੰਧ ਬਣਾਉਣ ਦਾ ਸੌ ਫੀਸਦੀ ਖਰਚਾ ਮੋੜਨਾ ਹੋਵੇਗਾ; ਹਾਲਾਂਕਿ ਮੈਕਸੀਕੋ ਸਰਕਾਰ ਨੇ ਅਜਿਹਾ ਕਰਨ ਤੋਂ ਇਨਕਾਰ ਕਰ ਦਿੱਤਾ। ਕੰਧ ਦੀ ਉਸਾਰੀ ਲਈ ਅਰਬਾਂ ਡਾਲਰਾਂ ਦਾ ਖਰਚ ਆਵੇਗਾ। ਮੈਕਸੀਕੋ ਅਤੇ ਅਮਰੀਕਾ ਦੀ ਸਰਹੱਦ 2000 ਮੀਲ ਲੰਮੀ ਹੈ। ਉਧਰ, ਟਰੰਪ ਦੇ ਸੱਤ ਮੁਸਲਿਮ ਬਹੁਗਿਣਤੀ ਮੁਲਕਾਂ ਦੇ ਲੋਕਾਂ 'ਤੇ ਰੋਕ ਦੇ ਨਤੀਜੇ ਵਜੋਂ ਇਰਾਨ ਵੱਲੋਂ ਵੀ ਅਮਰੀਕੀ ਨਾਗਰਿਕਾਂ ਦੇ ਆਉਣ ਉਤੇ ਪਾਬੰਦੀ ਲਾਈ ਜਾ ਰਹੀ ਹੈ। ਇਰਾਨ ਨੇ ਕਿਹਾ ਕਿ ਇਹ ਰੋਕ ਇਤਰਾਜ਼ਯੋਗ ਹੈ ਜਿਸ ਦਾ ਆਪਣੇ ਤਰੀਕੇ ਨਾਲ ਜਵਾਬ ਦਿੱਤਾ ਜਾਵੇਗਾ।

ਹੁਕਮਾਂ ਤਹਿਤ ਅਮਰੀਕੀ ਸ਼ਰਨ ਦਾਖਲਾ ਪ੍ਰੋਗਰਾਮ ਨੂੰ 120 ਦਿਨਾਂ ਲਈ ਮੁਅੱਤਲ ਕਰ ਦਿੱਤਾ ਗਿਆ ਹੈ। ਟਰੰਪ ਨੇ ਵਿਸ਼ੇਸ਼ ਐਗਜ਼ੀਕਿਉਟਿਵ ਆਰਡਰ 'ਤੇ ਦਸਤਖਤ ਕੀਤੇ ਹਨ ਜਿਸ ਮੁਤਾਬਕ ਚਾਰ ਮਹੀਨਿਆਂ ਤੱਕ ਸਾਰੇ

*(ਬਾਕੀ ਸਫਾ 6 'ਤੇ)*

**We Do Real Estate in Bay Area & Central Valley**
We do loans anywhere in California

Cell: 408-816-0408
Tel: 209-918-6464
Fax: 866-594-4680
email:
realtoramanhundal@gmail.com
AMAN S. HUNDAL
Broker/Realtor/MBA
BRE# 01839828
NMLS# 162808
Alltime REALTY & MORTGAGE
16 Corning Ave, Ste. 230, Milpitas, CA 92035
3819 Northern Oak Dr., Ceres, CA 95307
CDPE, SFR *LAR 2010, 2011, 2012 Masters Club
Masters Emerald Award 2010, 2011

Fresh Sweets, Snacks & Food
Catering with portable Tandoor
for up to 10000 guests
Lunch - Dinner - Take Out - Banquets
Toll Free 1-866-FOR-RAJA
www.rajasweets.com
msbains@rajasweets.com
ਮਿਠਾਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ
**Raja SWEETS & CATERING**
AUTHORIZED CATERER FOR MAJOR 5-STAR HOTELS
Follow us on:
Raja Sweets & Indian Cuisine
31853 Alvarado Blvd. Union City CA 94587
Ph. (510) 489-9100 Fax (510) 489-9111
Raja Indian Cuisine & Bar
1275 W Winton Ave. Hayward CA 94545
Ph. (510) 264-9300 Fax (510) 264-9345
ਹਰ ਮੌਕੇ ਜਿਵੇਂ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।

Call Makhan Bains or Ravinder Singh for your next Party 1-866-FOR RAJA www.RajaSweets.com

**Law Office of Manpreet S. Gahra**
>ਇਮੀਗਰੇਸ਼ਨ ਸੇਵਾਵਾਂ
>ਫੈਮਿਲੀ ਲਾਅ
>ਬਿਜਨਸ ਲਾਅ

Manpreet S. Gahra
Attorny At Law
Criminal Defense (DUI, simple battery, domestic violence, immigration post-conviction relief)
Berkeley Office
2161 Shattuck Ave., 304, Berkeley
Ph:510-841-4582 Fax:510-217-6847
Sacramento Office
Call For Appointment
Ph:916-970-5611
Email: manpreet@gahralaw.com

## ਭਾਰਤੀ ਮੂਲ ਦਾ ਅਧਿਆਪਕ ਟਰੰਪ ਦੀ 'ਹੱਤਿਆ' ਮਾਮਲੇ ਵਿਚ ਮੁਅੱਤਲ

**ਹਿਊਸਟਨ:** ਇਕ ਭਾਰਤੀ ਅਧਿਆਪਕ ਵੱਲੋਂ ਵਿਵਾਦਤ ਸਟੰਟ ਕਰਦਿਆਂ ਡੋਨਲਡ ਟਰੰਪ ਦੀ ਵੀਡੀਓ ਉਤੇ ਪਾਣੀ ਵਾਲੇ ਪਿਸਤੌਲ ਨਾਲ ਵਾਰ ਕਰਦਿਆਂ ਉਸ ਦੀ ਨਕਲੀ ਹੱਤਿਆ ਦੀ ਵੀਡੀਓ ਬਣਾਈ ਗਈ ਜੋਕਿ ਵਾਇਰਲ ਹੋ ਗਈ, ਇਸ ਲਈ ਉਸ ਨੂੰ ਮੁਅੱਤਲ ਕਰ ਦਿੱਤਾ ਗਿਆ। ਟੈਕਸਾਸ ਦੇ ਐਡਮਸਨ ਹਾਈ ਸਕੂਲ ਡੱਲਾਸ ਦੇ ਆਰਟ ਦੇ ਅਧਿਆਪਕ ਪਾਇਲ ਮੋਦੀ ਨੇ ਇਕ ਉਦਘਾਟਨ ਸਮਾਰੋਹ ਮੌਕੇ ਦੀ ਪ੍ਰਾਜੈਕਟਿਡ ਵੀਡੀਓ ਉਤੇ ਅਜਿਹਾ ਕੀਤਾ ਅਤੇ ਉਹ ਕੈਮਰੇ ਵਿਚ ਕੈਦ ਹੋ ਗਿਆ, ਜਿਸ ਉਤੇ ਕਾਰਵਾਈ ਕਰਦਿਆਂ ਉਸ ਨੂੰ ਮੁਅੱਤਲ ਕਰ ਦਿੱਤਾ ਗਿਆ।

# ਕੈਨੇਡਾ ਦੀ ਮਸਜਿਦ ਵਿਚ ਅੰਨ੍ਹੇਵਾਹ ਗੋਲੀਬਾਰੀ, 6 ਹਲਾਕ

**ਕਿਊਬੈਕ (ਕੈਨੇਡਾ):** ਕੈਨੇਡਾ ਦੀ ਕਿਊਬੈਕ ਸਿਟੀ ਦੀ ਮਸਜਿਦ 'ਚ ਬੰਦੂਕਧਾਰੀਆਂ ਵੱਲੋਂ ਕੀਤੀ ਅੰਨ੍ਹੇਵਾਹ ਗੋਲੀਬਾਰੀ ਵਿਚ 6 ਲੋਕਾਂ ਦੀ ਮੌਤ ਹੋ ਗਈ ਹੈ ਜਦੋਂ ਕਿ 12 ਹੋਰ ਜ਼ਖ਼ਮੀ ਹੋਏ ਹਨ। ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਇਸ ਘਟਨਾ ਦੀ ਨਿਖੇਧੀ ਕਰਦੇ ਹੋਏ ਇਸ ਨੂੰ ਅਤਿਵਾਦੀ ਹਮਲਾ ਕਰਾਰ ਦਿੱਤਾ ਹੈ। ਇਕ ਪੁਲਿਸ ਬੁਲਾਰੇ ਕ੍ਰਿਸਟੀਨ ਕੋਲੰਬੋ ਨੇ ਦੱਸਿਆ ਕਿ ਹਮਲੇ ਤੋਂ ਬਾਅਦ 3 ਸ਼ੱਕੀਆਂ ਨੂੰ ਹਿਰਾਸਤ ਵਿਚ ਲਿਆ ਗਿਆ ਹੈ ਜਦੋਂ ਕਿ ਇਕ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਹੈ ਤੇ ਪੁਲਿਸ ਇਸ ਨੂੰ ਅਤਿਵਾਦੀ ਹਮਲੇ ਵਜੋਂ ਲੈ ਰਹੀ ਹੈ।

ਟਰੂਡੋ ਨੇ ਇਕ ਬਿਆਨ 'ਚ ਕਿਹਾ ਕਿ ਅਸੀਂ ਪੂਜਾ ਅਤੇ ਸ਼ਰਨ ਦੇ ਕੇਂਦਰ ਵਿਚ ਮੁਸਲਿਮਾਂ ਉਤੇ ਕੀਤੇ ਗਏ ਇਸ ਅਤਿਵਾਦੀ ਹਮਲੇ ਦੀ ਨਿਖੇਧੀ ਕਰਦੇ ਹਾਂ। ਉਨ੍ਹਾਂ ਨੇ ਕਿਹਾ ਕਿ ਕੈਨੇਡਾ 'ਚ ਰਹਿਣ ਵਾਲੇ ਮੁਸਲਿਮ ਸਾਡੇ ਰਾਸ਼ਟਰੀ ਤਾਣੇ-ਬਾਣੇ ਦਾ ਮਹੱਤਵਪੂਰਨ ਹਿੱਸਾ ਹਨ ਤੇ ਸਾਡੇ ਭਾਈਚਾਰਿਆਂ, ਸ਼ਹਿਰ ਤੇ ਦੇਸ਼ ਵਿਚ ਅਜਿਹੀਆਂ ਕਾਰਵਾਈਆਂ ਲਈ ਕੋਈ ਜਗ੍ਹਾ ਨਹੀਂ ਹੈ। ਅੱਖੀਂ ਦੇਖਣ ਵਾਲਿਆਂ ਨੇ ਦੱਸਿਆ ਕਿ ਨਕਾਬ ਪਹਿਨੇ ਦੋ ਬੰਦੂਕਧਾਰੀ ਇਥੇ ਦਾਖਲ ਹੋਏ ਅਤੇ ਗੋਲੀਬਾਰੀ ਕੀਤੀ।

ਮਾਰੇ ਗਏ ਲੋਕਾਂ ਦੀ ਉਮਰ 35 ਸਾਲ ਤੋਂ 70 ਸਾਲ ਵਿਚਾਲੇ ਸੀ। ਪੁਲਿਸ ਨੇ ਹਮਲੇ 'ਚ ਕਿਸੇ ਤੀਜੇ ਵਿਅਕਤੀ ਦੇ ਸ਼ਾਮਲ ਹੋਣ ਤੋਂ ਇਨਕਾਰ ਨਹੀਂ ਕੀਤਾ। ਹਮਲੇ ਦੌਰਾਨ ਮਸਜਿਦ ਵਿਚ ਮੌਜੂਦ ਇਕ ਵਿਅਕਤੀ ਨੇ ਕਿਹਾ ਕਿ ਪਹਿਲਾਂ ਵੀ ਇਸ ਮਸਜਿਦ ਨੂੰ ਨਫ਼ਰਤ ਦੇ ਕਾਰਨ ਨਿਸ਼ਾਨਾ ਬਣਾਇਆ ਗਿਆ ਸੀ।

## ਮਨਪ੍ਰੀਤ ਬਾਦਲ ਦੇ ਉਪ ਦਫਤਰ 'ਤੇ ਗੋਲੀਬਾਰੀ

ਬਠਿੰਡਾ: ਕਾਂਗਰਸੀ ਉਮੀਦਵਾਰ ਮਨਪ੍ਰੀਤ ਬਾਦਲ ਦੇ ਸਬ-ਦਫਤਰ 'ਤੇ ਫਾਇਰਿੰਗ ਹੋਈ, ਜਿਸ 'ਚ ਕੋਈ ਜਾਨੀ ਨੁਕਸਾਨ ਨਹੀਂ ਹੋਇਆ। ਮਨਪ੍ਰੀਤ ਬਾਦਲ ਨੇ ਚੋਣ ਕਮਿਸ਼ਨ ਨੂੰ ਸ਼ਿਕਾਇਤ ਕੀਤੀ ਹੈ ਕਿ ਉਸ ਦੇ ਜਨਤਾ ਨਗਰ ਵਿਚਲੇ ਦਫਤਰ 'ਤੇ ਹਾਕਮ ਧਿਰ ਦੇ ਗੁੰਡਿਆਂ ਵੱਲੋਂ ਹਮਲਾ ਕੀਤਾ ਗਿਆ ਹੈ। ਉਨ੍ਹਾਂ ਚੋਣ ਕਮਿਸ਼ਨ ਨੂੰ ਕਾਰਤੂਸਾਂ ਦੇ ਖੋਲਾਂ ਦੀ ਤਸਵੀਰ ਵੀ ਭੇਜੀ ਹੈ। ਉਨ੍ਹਾਂ ਕਿਹਾ ਕਿ ਬਠਿੰਡਾ ਸ਼ਹਿਰੀ ਅਤਿ ਸੰਵੇਦਨਸ਼ੀਲ ਹਲਕਾ ਹੈ, ਜਿਸ ਕਾਰਨ ਇਸ ਤਰ੍ਹਾਂ ਦੇ ਹੋਰ ਹਮਲੇ ਹੋ ਸਕਦੇ ਹਨ।

# ਯਮਨ 'ਚ ਅਮਰੀਕੀ ਹਮਲਾ, 57 ਹਲਾਕ

**ਅਦੇਨ:** ਯਮਨ ਵਿਚ ਅਮਰੀਕਾ ਵੱਲੋਂ ਕੀਤੇ ਹਮਲੇ ਵਿਚ ਅਤਿਵਾਦੀ ਸੰਗਠਨ ਅਲ-ਕਾਇਦਾ ਦੇ 41 ਸ਼ੱਕੀ ਅਤਿਵਾਦੀ ਤੇ 16 ਨਾਗਰਿਕਾਂ ਸਮੇਤ 57 ਲੋਕ ਮਾਰੇ ਗਏ ਹਨ। ਅਮਰੀਕਾ ਦੇ ਨਵੇਂ ਬਣੇ ਰਾਸ਼ਟਰਪਤੀ ਡੋਨਲਡ ਟਰੰਪ ਦੇ 20 ਜਨਵਰੀ ਨੂੰ ਕਾਰਜਕਾਲ ਸੰਭਾਲਣ ਤੋਂ ਬਾਅਦ ਯਮਨ ਵਿਚ ਅਤਿਵਾਦੀਆਂ ਖ਼ਿਲਾਫ ਇਹ ਪਹਿਲੀ ਵੱਡੀ ਕਾਰਵਾਈ ਹੈ। ਅਧਿਕਾਰੀਆਂ ਨੇ ਦੱਸਿਆ ਕਿ ਯਮਨ ਦੇ ਕੇਂਦਰੀ ਸੂਬੇ ਬਾਦੀਆ ਦੇ ਯਕਾਲਾ ਜਿਲ੍ਹੇ ਵਿਚ ਹੋਏ ਹਵਾਈ ਹਮਲੇ ਵਿਚ 8 ਔਰਤਾਂ ਤੇ 8 ਬੱਚੇ ਮਾਰੇ ਗਏ ਹਨ। ਸੂਤਰਾਂ ਦਾ ਕਹਿਣਾ ਹੈ ਕਿ ਇਹ ਹਮਲੇ ਅਲ-ਕਾਇਦਾ ਸਮਰਥਕ 3 ਕਬਾਇਲੀ ਨੇਤਾਵਾਂ ਦੇ ਘਰਾਂ ਨੂੰ ਨਿਸ਼ਾਨਾ ਬਣਾ ਕੇ ਕੀਤੇ ਗਏ ਹਨ, ਪਰ ਸੂਬੇ ਦੇ ਅਧਿਕਾਰੀਆਂ ਦਾ ਕਹਿਣਾ ਹੈ ਕਿ ਅਪਾਚੇ ਹੈਲੀਕਾਪਟਰਾਂ ਨੇ ਸਕੂਲ, ਮਸਜਿਦ ਤੇ ਹਸਪਤਾਲ ਨੂੰ ਵੀ ਨਿਸ਼ਾਨਾ ਬਣਾਇਆ ਹੈ ਜਿਨ੍ਹਾਂ ਦੀ ਵਰਤੋਂ ਅਲ-ਕਾਇਦਾ ਅਤਿਵਾਦੀ ਕਰਦੇ ਰਹੇ ਹਨ।

## ਛੋਟਾ ਰਾਜਨ ਵਿਰੁੱਧ ਕੇਸ ਦਾ ਫੈਸਲਾ ਰਾਖਵਾਂ

**ਨਵੀਂ ਦਿੱਲੀ:** ਵਿਸ਼ੇਸ਼ ਅਦਾਲਤ ਨੇ ਗੈਂਗਸਟਰ ਛੋਟਾ ਰਾਜਨ ਦੇ ਜਾਅਲੀ ਪਾਸਪੋਰਟ ਮਾਮਲੇ ਦਾ ਫੈਸਲਾ 10 ਫਰਵਰੀ ਤੱਕ ਰਾਖਵਾਂ ਰੱਖ ਲਿਆ ਹੈ ਤੇ ਇਸ ਤੋਂ ਇਕ ਦਿਨ ਪਹਿਲਾਂ ਅੰਤਿਮ ਬਹਿਸ ਹੋਵੇਗੀ।




ਗੁਰਦੁਆਰਾ ਸੈਨ ਹੋਜ਼ੇ ਦੇ ਪ੍ਰਬੰਧਕ ਪੰਥ ਪ੍ਰਸਿਧ ਕਥਾਵਾਚਕ ਗਿਆਨੀ ਗੁਰਬਖਸ਼ ਸਿੰਘ ਗੁਲਸ਼ਨ ਨੂੰ ਪੰਥ ਪ੍ਰਤੀ ਉਨ੍ਹਾਂ ਦੀਆਂ ਸੇਵਾਵਾਂ ਲਈ ਸਨਮਾਨ ਕਰਦੇ ਹੋਏ।

ਰਵੀ ਬਾਠ
ਰੀਅਲ ਐਸਟੇਟ ਕੰਸਲਟੈਂਟ ਅਤੇ ਨੋਟਰੀ ਪਬਲਿਕ

ਅੱਜ ਦੀ ਮਾਰਕਿਟ ਵਿਚ ਤੁਹਾਡੇ ਘਰ ਦੀ ਕੀ ਕੀਮਤ ਹੈ, ਇਹ ਜਾਣਨ ਲਈ ਫਰੀ ਮਾਰਕਿਟ ਅਨੈਲੇਸਿਸ ਰਿਪੋਰਟ ਲਈ ਜਾਂ ਬੇ ਏਰੀਏ ਵਿਚ ਰੀਅਲ ਐਸਟੇਟ ਸਬੰਧੀ ਕੋਈ ਵੀ ਪ੍ਰੋਫੈਸ਼ਨਲ ਸੇਵਾ ਲੈਣ ਲਈ ਬਿਨਾ ਝਿਜਕ ਫੋਨ ਕਰ ਸਕਦੇ ਹੋ।

*I may help you in securing loans at good rates as well.*

ਫੋਨ: 925-323-8626
rvbaat@gmail.com



*Ravi Batth*
M.A.(Eco.), SFR
Broker-Associate
Notary
BRE Lic.#01394943
ravi.batth@bhghome.com
Off: 925-776-2740
Fax: 925-776-2741

5887A Lone Tree Way
Antioch, CA 94531

Better Homes | MASON-McDUFFIE

**Anu Attorney**
**Professional Law Group, PLLC.**

*More than 25 years of experience *Internationally Awarded-Extraordinary ability *Served as Legal Advisor to Govt. of India, Embassy of India, Washington, DC



*Anu Peshawaria*
Attorney at Law
*Licensed to practice Immigration in all 50 states.*
More than 20 year experience in US immigration & Indian law

US IMMIGRATION
*Green Cards (Investor, Employment)
*E-2 investor Visa, L1 (Intra Company)
*Family Green Card, Fiancee Visa
*Deportation Defense, VAWA, U Visa
*Asylum, Appeals, Ninth Circuit Court
*H1B, Computer Engineers, Cooks, Teachers, Students, Doctors, Nurses, Physical Therapist

ਪੰਜਾਬੀ, ਅੰਗਰੇਜ਼ੀ, ਹਿੰਦੀ ਤੇ ਉਰਦੂ ਵਿਚ ਗੱਲ ਕਰੋ

ਹੁਣ ਸਿਆਟਲ ਵਿਚ ਵੀ ਦਫਤਰ ਖੁੱਲ੍ਹ ਚੁਕਾ ਹੈ

FAMILY LAW *(Only In WA)*
*Divorce *Annulment
*International Custody

INCORPORATIONS *(Only In WA)*
*International Contracts, Mergers
*Attorney Supreme Court of India

Contact numbers:
Seattle, WA
Ph: 206-774-0907
Fremont, California
Ph: 510-353-0102
Cell Phone 510-299-1907
Toll free: 1-866-586-6297
anu@anuattorney.com
www.anuattorney.com

46560 Fremont Blvd., STE#205, Fremont, CA 94538
801 Pine Street, Suite 7H, Seattle, WA 98101
Offices: Seattle, WA *Fremont, CA *UK *Canada *India

Evening Appointments Available

HIGH QUALITY PICTURE
HD TVI, SDI, IP



We install anywhere in California
NEW TREND IN SECURITY SYSTEM
ULTRA HIGH DEFINITION
MOTORIZED LENS
Call Sukhpal for your next security solution purchase
2 YEAR WARRANTY



Vista
CCTV TECHNOLOGY
SOLUTION PROVIDER COMPANY
661-586-5080
commvision@sbcglobal.net

# ਆਪ ਦੀ ਸਰਕਾਰ ਬਣਨਾ ਲਗਭਗ ਤੈਅ-ਅਮੋਲਕ ਸਿੰਘ ਗਾਖਲ

**ਜਲੰਧਰ (ਬਿਊਰੋ):** ਅਮਰੀਕਾ ਦੇ ਉਘੇ ਬਿਜਨਸਮੈਨ ਗਾਖਲ ਭਰਾ-ਅਮੋਲਕ ਸਿੰਘ ਗਾਖਲ, ਪਲਵਿੰਦਰ ਸਿੰਘ ਗਾਖਲ ਅਤੇ ਇਕਬਾਲ ਸਿੰਘ ਗਾਖਲ ਖੁੱਲ੍ਹ ਕੇ ਆਮ ਆਦਮੀ ਪਾਰਟੀ ਦੀ ਹਮਾਇਤ ਵਿਚ ਨਿਤਰ ਆਏ ਹਨ। ਪਿਛਲੇ ਦਿਨੀਂ ਉਨ੍ਹਾਂ ਵਿਧਾਇਕ ਨਹੀਂ, ਲੋਕਾਂ ਦਾ ਸੇਵਾਦਾਰ ਬਣਾਂਗਾ। ਜਿਨ੍ਹਾਂ ਦੇ ਮਨਾਂ 'ਚ ਹਾਕਮ ਧਿਰ ਦਾ ਕੋਈ ਡਰ ਜਾਂ ਭੈਅ ਹੈ, ਉਨ੍ਹਾਂ ਨੂੰ ਬੇਨਤੀ ਕਰਾਂਗਾ ਕਿ ਉਹ ਇਸ ਭੈਅ ਤੋਂ ਮੁਕਤ ਹੋਣ। ਹੁਣ ਚੰਮ ਦੀਆਂ ਬਹੁਤਾ ਚਿਰ ਨਹੀਂ ਚੱਲਣਗੀਆਂ। ਉਨ੍ਹਾਂ ਕਿਹਾ ਕਿ



ਪਿੰਡ ਗਾਖਲ 'ਚ ਹੋਏ ਭਾਰੀ ਇਕੱਠ ਦੇ ਵੱਖ ਵੱਖ ਦ੍ਰਿਸ਼।

ਆਪਣੇ ਜੱਦੀ ਪਿੰਡ ਗਾਖਲ (ਜਲੰਧਰ) ਵਿਖੇ ਇਲਾਕੇ ਦੇ ਕਰੀਬ ਤੀਹ ਪਿੰਡਾਂ ਦੇ ਪੰਚਾਂ-ਸਰਪੰਚਾਂ, ਵੱਖ ਵੱਖ ਸੰਸਥਾਵਾਂ ਦੇ ਮੁਖੀਆਂ ਅਤੇ ਸਿਰਕੱਢ ਨੁਮਾਇੰਦਿਆਂ ਦਾ ਇਕ ਇਕੱਠ ਕਰਕੇ ਇਲਾਕੇ ਦੇ ਲੋਕਾਂ ਨੂੰ ਆਮ ਆਦਮੀ ਪਾਰਟੀ ਅਤੇ ਉਨ੍ਹਾਂ ਦੇ ਆਪਣੇ ਵਿਧਾਨ ਸਭਾ ਹਲਕੇ ਕਰਤਾਰਪੁਰ ਤੋਂ ਉਮੀਦਵਾਰ ਚੰਦਨ ਗਰੇਵਾਲ ਨੂੰ ਵੋਟਾਂ ਪਾਉਣ ਦੀ ਅਪੀਲ ਕਰਦਿਆਂ ਕਿਹਾ ਕਿ ਪੰਜਾਬ ਵਿਚ ਇਸ ਵੇਲੇ ਹਵਾ ਦਾ ਰੁਖ ਪੂਰੀ ਤਰ੍ਹਾਂ ਆਮ ਆਦਮੀ ਪਾਰਟੀ ਦੇ ਹੱਕ ਵਿਚ ਹੈ ਅਤੇ ਜਿਸ ਤਰ੍ਹਾਂ ਦੀਆਂ ਉਮੀਦਾਂ ਦੇਸ਼-ਵਿਦੇਸ਼ ਵਸਦੇ ਪੰਜਾਬੀ ਲਾ ਕੇ ਬੈਠੇ ਹਨ।

ਇਸ ਮੌਕੇ ਬੋਲਦਿਆਂ ਚੰਦਨ ਗਰੇਵਾਲ ਨੇ ਕਿਹਾ ਕਿ ਮੈਂ ਆਮ ਆਦਮੀ ਪਾਰਟੀ ਦੀ ਸਰਕਾਰ ਬਣਨਾ ਲਗਭਗ ਤੈਅ ਹੈ, 11 ਮਾਰਚ ਨੂੰ ਤਾਂ ਸਿਰਫ ਐਲਾਨ ਹੋਣਾ ਹੀ ਬਾਕੀ ਹੈ। ਇਸ ਮੌਕੇ ਅਮੋਲਕ ਸਿੰਘ ਗਾਖਲ ਨੇ ਕਿਹਾ ਕਿ ਉਨ੍ਹਾਂ ਦੇ ਇੱਥੇ ਆਉਣ ਨਾਲ ਨਾ ਸਿਰਫ ਹਲਕਾ ਆਮ ਆਦਮੀ ਪਾਰਟੀ ਨਾਲ ਹਿੱਕ ਤਾਣ ਕੇ ਖੜਾ ਹੋ ਗਿਆ ਹੈ। ਉਨ੍ਹਾਂ ਆਖਿਆ ਕਿ ਜੇ ਆਮ ਆਦਮੀ ਪਾਰਟੀ ਦੀ ਸਰਕਾਰ ਆਉਂਦੀ ਹੈ ਤਾਂ ਉਹ ਪੰਜਾਬ ਵਿਚ ਆਪਣਾ ਕਾਰੋਬਾਰ ਵਧਾਉਣ ਨੂੰ ਤਰਜ਼ੀਹ ਦੇਣਗੇ।

ਇਸ ਮੌਕੇ ਪੰਜਾਬ ਮਾਮਲਿਆਂ ਦੇ ਅਮਰੀਕੀ ਇੰਚਾਰਜ ਅੰਮ੍ਰਿਤਪਾਲ ਢਿੱਲੋਂ, ਮਨਜਿੰਦਰ ਸੰਧੂ ਤੋਂ ਇਲਾਵਾ ਮੰਮੂ ਚਾਹਲ ਅਤੇ ਜਸਪਾਲ ਸਿੰਘ ਨੇ ਵੀ ਆਪਣੇ ਵਿਚਾਰ ਰੱਖੇ।

# ਕਾਂਗਰਸੀ ਉਮੀਦਵਾਰ ਜੱਸੀ 'ਤੇ ਹਮਲਾ, ਤਿੰਨ ਹਲਾਕ

**ਮੌੜ:** ਕਾਂਗਰਸੀ ਉਮੀਦਵਾਰ ਹਰਮਿੰਦਰ ਸਿੰਘ ਜੱਸੀ ਨੂੰ ਨਿਸ਼ਾਨਾ ਬਣਾ ਕੇ ਕੀਤੇ ਕੁੱਕਰ ਬੰਬ ਧਮਾਕੇ ਵਿਚ ਇਕ ਬੱਚੇ ਸਣੇ ਤਿੰਨ ਵਿਅਕਤੀ ਮਾਰੇ ਗਏ ਤੇ 15 ਜ਼ਖ਼ਮੀ ਹੋ ਗਏ। ਮ੍ਰਿਤਕਾਂ ਵਿਚ ਮੌੜ ਵਿਚ ਸ੍ਰੀ ਜੱਸੀ ਦੀ ਚੋਣ ਮੁਹਿੰਮ ਦੀ ਨਿਗਰਾਨੀ ਕਰ ਰਿਹਾ ਹਰਪਾਲ ਸਿੰਘ ਪਾਲੀ ਵੀ ਸ਼ਾਮਲ ਹੈ। ਉਸ ਤੋਂ ਇਲਾਵਾ ਇਕ ਲੜਕੀ ਸਮੇਤ ਦੋ ਭਿਖਾਰੀ ਸ਼ਾਮਲ ਹਨ।

ਇਸ ਹਮਲੇ ਵਿਚ ਜੱਸੀ ਦੀ ਫਾਰਚੂਨਰ ਗੱਡੀ ਉਪਰ ਗੋਲੀਆਂ ਵੀ ਚਲਾਈਆਂ ਗਈਆਂ ਤੇ ਕਾਂਗਰਸੀ ਉਮੀਦਵਾਰ ਦੇ ਕੁਝ ਸੱਟਾਂ ਵੀ ਲੱਗੀਆਂ ਹਨ। ਵਾਰਦਾਤ ਤੋਂ ਬਾਅਦ ਲੋਕਾਂ ਨੇ ਐਸ.ਡੀ.ਐਮ. ਤੇ ਡੀ.ਐਸ.ਪੀ. ਨੂੰ ਘੇਰ ਲਿਆ। ਜੱਸੀ ਜਦੋਂ ਚੋਣ ਸਭਾ ਨੂੰ ਸੰਬੋਧਨ ਕਰ ਰਹੇ ਸਨ ਤਾਂ ਉਨ੍ਹਾਂ ਦੀ ਫਾਰਚੂਨਰ ਗੱਡੀ ਪੀ.ਬੀ.03 ਏ.ਡੀ. 9696 ਦੇ ਨੇੜੇ ਇਕ ਮਾਰੂਤੀ ਕਾਰ ਆ ਕੇ ਰੁਕੀ, ਜਿਸ ਵਿਚ ਜ਼ੋਰਦਾਰ ਧਮਾਕਾ ਹੋ ਗਿਆ। ਮੌਕੇ ਤੋਂ ਪੁਲਿਸ ਨੂੰ ਕਾਰਤੂਸਾਂ ਦੇ ਖੋਲ੍ਹ ਵੀ ਮਿਲੇ ਹਨ।


M.K. Nijjar DDS
Ruchi Nijjar DDS

Laser Dentistry
No shots, No Drill, No Pain.
Family Dentistry
Cosmetic Dentistry

Esthetic Crowns, Bridges & Dentures Teeth Whitening * Oral Surgery Root Canal Treatments
Treatments & Prevention of Gum Diseases New Patients & Children Welcome

510-794-7058
WWW.DRNIJJAR.COM
(Across From Washigton Hospital & Bart)
1895 Mowry Ave. Ste 104 Fremont

PERSONAL INJURY ATTORNEYS
LAW OFFICES OF MANPREET S. BAINS
LAW OFFICES OF WILLIAM E. WEISS
AN ASSOCIATION OF LAW FIRMS



Offering Joint Representation at No Additional Cost
No Fees Unless Recovery for Your Injuries is Made
Car Accidents • Motorcycle and Bicycle Accidents • Bus and Truck Accidents
Injured Pedestrian • Wrongful Death • Brain and Head Injuries • Burn Injuries
Spinal Cord Injuries • Fractures and Joint Injuries • Construction Injuries • Civil Rights
RECENT RECOVERIES OBTAINED:*
$4,000,000 Settlement for Motor Vehicle Accident
$10,100,000 Confidential Settlement for Motorcycle/Truck Accident
$4,200,000 Judgment for Premises Liability/Assault
*Past Performance Not a Guarantee of Future Results
Personal Injury matters are time sensitive!
For a free consultation, please call (510) 474-0028
E-mail: BainsWeiss@gmail.com
Serving the Bay Area and Beyond • Offices in San Francisco and Union City

ਸੰਜਨਾ ਪ੍ਰਭਾਕਰ
ਸੀਨੀਅਰ ਮੌਰਟਗੇਜ ਕੰਸਲਟੈਂਟ

ਕੀ ਤੁਸੀਂ ਆਪਣਾ ਪਹਿਲਾ ਘਰ ਖਰੀਦਣਾ ਚਾਹੁੰਦੇ ਹੋ ਜਾਂ ਹੁਣ ਵਾਲੇ ਘਰ ਨੂੰ ਰੀਫਿਨਾਂਸ ਕਰਾਉਣਾ ਚਾਹੁੰਦੇ ਹੋ?

- ਕੀ ਤੁਸੀਂ ਜਾਣਨਾ ਚਾਹੁੰਦੇ ਹੋ ਕਿ ਤੁਹਾਨੂੰ ਘਰ ਲਈ ਕਿੰਨਾ ਲੋਨ ਮਿਲ ਸਕਦਾ ਹੈ?
- 1% ਡਾਊਨ ਪੇਮੈਂਟ 'ਤੇ ਲੋਨ
(ਕੁਝ ਸ਼ਰਤਾਂ ਲਾਗੂ ਹੁੰਦੀਆਂ ਹਨ)
- ਤੁਸੀਂ ਪ੍ਰੀ-ਅਪਰੂਵਲ ਲੈਟਰ ਲੈਣਾ ਚਾਹੁੰਦੇ ਹੋ ਜਾਂ ਤੁਹਾਡੇ ਮਨ ਵਿਚ ਕੋਈ ਹੋਰ ਸਵਾਲ ਹੈ?

ਅੱਜ ਹੀ ਪੰਜਾਬੀ ਵਿਚ ਗੱਲ ਕਰਨ ਲਈ ਸੰਜਨਾ ਨੂੰ ਫੋਨ ਕਰੋ
408-905-9849
email: sanjana4loans@gmail.com



Arcus LENDING America's Premier Mortgage Experts
Arcus NMLS # 1035734
ਸੰਜਨਾ ਪ੍ਰਭਾਕਰ
ਸੀਨੀਅਰ ਮੌਰਟਗੇਜ ਕੰਸਲਟੈਂਟ
NMLS # 378390
ਸੰਜਨਾ ਦੇ ਦੱਸੇ ਰਿਐਲਟਰ ਰਾਹੀਂ ਘਰ ਲਓ ਅਤੇ ਰੀਅਲ ਅਸਟੇਟ ਦਾ ਕਲੋਜ਼ਿੰਗ ਖਰਚਾ ਬਚਾਓ

# ਸਰਵੇਖਣ: ਪੂਰਨ ਬਹੁਮਤ ਕਿਸੇ ਵੀ ਪਾਰਟੀ ਨੂੰ ਨਾ ਮਿਲਣ ਦਾ ਦਾਅਵਾ

**ਚੰਡੀਗੜ੍ਹ:** ਭਾਰਤ ਦੇ ਪੰਜ ਸੂਬਿਆਂ ਵਿਚ ਹੋਣ ਵਾਲੀਆਂ ਚੋਣਾਂ ਬਾਰੇ ਸਰਵੇ ਕੰਪਨੀ ਨੇ 4 ਸੂਬਿਆਂ ਬਾਰੇ ਚੋਣ ਨਤੀਜਿਆਂ ਦੀ ਭਵਿੱਖਬਾਣੀ ਕੀਤੀ ਹੈ। ਸਰਵੇ ਮੁਤਾਬਕ ਪੰਜਾਬ ਵਿਚ ਕਾਂਗਰਸ ਨੂੰ ਸਭ ਤੋਂ ਵੱਧ ਸੀਟਾਂ ਮਿਲਣ ਦੀ ਸੰਭਾਵਨਾ ਹੈ, ਪਰ ਅਕਾਲੀ ਦਲ-ਭਾਜਪਾ ਗੱਠਜੋੜ ਤੀਜੇ ਸਥਾਨ ਉਤੇ ਰਹੇਗਾ। 'ਵੀਕ-ਹੰਸਾ' ਦੇ ਸਰਵੇ ਮੁਤਾਬਕ ਕਾਂਗਰਸ ਪਾਰਟੀ ਸੂਬੇ ਵਿਚ ਮਜ਼ਬੂਤ ਆਧਾਰ ਬਣਾ ਰਹੀ ਹੈ। ਇਸ ਕਰ ਕੇ ਪਾਰਟੀ ਨੂੰ 117 ਵਿਚੋਂ 49-51 ਸੀਟਾਂ ਮਿਲ ਸਕਦੀਆਂ ਹਨ। ਦੂਜੇ ਨੰਬਰ ਉਤੇ ਆਮ ਆਦਮੀ ਪਾਰਟੀ 33 ਤੋਂ 35 ਸੀਟਾਂ 'ਤੇ ਜਿੱਤ ਹਾਸਲ ਕਰ ਸਕਦੀ ਹੈ। ਸ਼੍ਰੋਮਣੀ ਅਕਾਲੀ ਦਲ-ਭਾਜਪਾ 28 ਤੋਂ 30 ਸੀਟਾਂ 'ਤੇ ਸਿਮਟ ਕੇ ਰਹਿ ਜਾਵੇਗੀ ਤੇ 3-5 ਸੀਟਾਂ ਹੋਰਾਂ ਨੂੰ ਮਿਲ ਸਕਦੀਆਂ ਹਨ।

### ਤੀਜੇ ਨੰਬਰ 'ਤੇ ਰਹੇਗਾ ਬਾਦਲਾਂ ਦਾ ਅਕਾਲੀ ਦਲ




ਇਸ ਤੋਂ ਸਾਫ ਨਜ਼ਰ ਆ ਰਿਹਾ ਹੈ ਕਿ ਪੂਰਨ ਬਹੁਮਤ ਕਿਸੇ ਵੀ ਪਾਰਟੀ ਨੂੰ ਮਿਲਦਾ ਨਜ਼ਰ ਨਹੀਂ ਆ ਰਿਹਾ। ਓਪੀਨੀਅਨ ਪੋਲ ਮੁਤਾਬਕ ਉਤਰ ਪ੍ਰਦੇਸ਼ ਦੀਆਂ 403 ਸੀਟਾਂ ਵਿਚੋਂ 192-196 ਸੀਟਾਂ ਨਾਲ ਭਾਜਪਾ ਬਹੁਮਤ ਹਾਸਲ ਕਰ ਸਕਦੀ ਹੈ ਜਦਕਿ ਕਾਂਗਰਸ ਵੀ ਸਖਤ ਟੱਕਰ ਦਿੰਦੀ ਦਿਖਾਈ ਦੇ ਰਹੀ ਹੈ। ਉਹ 178-182 ਸੀਟਾਂ ਹਾਸਲ ਕਰ ਸਕੇਗੀ। ਇਸ ਵਾਰ ਬਸਪਾ ਸਿਰਫ 20-24 ਸੀਟਾਂ ਨਾਲ ਸਿਮਟ ਕੇ ਰਹਿ ਜਾਵੇਗੀ। ਜਦਕਿ ਬਾਕੀਆਂ ਨੂੰ 5-9 ਸੀਟਾਂ ਮਿਲ ਸਕਦੀਆਂ ਹਨ। ਸਰਵੇਖਣ ਵੱਲੋਂ ਉਤਰਾਖੰਡ ਵਿਚ ਭਾਜਪਾ ਨੂੰ ਸਾਫ ਬਹੁਮਤ ਦਿੱਤਾ ਗਿਆ ਹੈ। ਇਥੋਂ ਦੇ 70 ਮੈਂਬਰੀ ਹਾਊਸ ਦੀਆਂ 37-39 ਸੀਟਾਂ ਭਾਜਪਾ ਦੇ ਨਾਂ ਬੋਲਦੀਆਂ ਦਿਖਾਈ ਦੇ ਰਹੀਆਂ ਹਨ ਜਦਕਿ ਮੌਜੂਦਾ ਸੱਤਾਧਿਰ ਕਾਂਗਰਸ ਪਾਰਟੀ 27-29 ਸੀਟਾਂ ਤੱਕ ਸੁੰਗੜ ਜਾਵੇਗੀ।

ਬਸਪਾ ਨੂੰ 1-3 ਤੱਕ ਸੀਟਾਂ ਮਿਲਣ ਦੀ ਆਸ ਹੈ ਤੇ ਬਾਕੀ ਵੀ 1-3 ਸੀਟਾਂ ਹਾਸਲ ਕਰ ਸਕਦੇ ਹਨ। ਸਰਵੇ ਮੁਤਾਬਕ ਪੰਜਾਬ ਵਾਂਗ ਰੋਚਕ ਚੋਣ ਵਾਲੇ ਗੋਆ ਵਿਚ ਵੀ ਭਾਜਪਾ ਨੂੰ ਲੀਡ ਮਿਲਦੀ ਨਜ਼ਰ ਆ ਰਹੀ ਹੈ। ਇਥੇ ਕੁੱਲ 40 ਵਿਚੋਂ 17-19 ਸੀਟਾਂ ਭਾਜਪਾ ਤੇ 11-13 ਸੀਟਾਂ ਕਾਂਗਰਸ ਨੂੰ ਮਿਲ ਸਕਦੀਆਂ ਹਨ, ਜਦਕਿ ਆਪ ਨੂੰ ਸਿਰਫ 2-4 ਸੀਟਾਂ ਮਿਲਦੀਆਂ ਦਿਖਾਈਆਂ ਗਈਆਂ ਹਨ। ਮੌਜੂਦਾ ਗਠਜੋੜ ਵਾਲੀ ਸਰਕਾਰ ਨੂੰ 3-5 ਸੀਟਾਂ ਮਿਲ ਸਕਦੀਆਂ ਹਨ।

ਬਾਕੀਆਂ ਨੂੰ 4-6 ਸੀਟਾਂ ਮਿਲ ਸਕਦੀਆਂ ਹਨ। ਦੱਸ ਦੇਈਏ ਕਿ ਆਮ ਆਦਮੀ ਪਾਰਟੀ ਸਿਰਫ ਪੰਜਾਬ ਤੇ ਗੋਆ ਵਿਚ ਹੀ ਚੋਣ ਮੈਦਾਨ ਵਿਚ ਨਿੱਤਰੀ ਹੈ। ਉਪਰੋਕਤ ਸਾਰੇ ਅੰਕੜੇ 'ਵੀਕ-ਹੰਸਾ' ਦੇ ਸਰਵੇ ਤੋਂ ਸਾਹਮਣੇ ਆਏ ਹਨ।

### ਚੋਣ ਕਮਿਸ਼ਨ ਵੱਲੋਂ ਬਾਦਲਾਂ ਨੂੰ ਨੋਟਿਸ

**ਚੰਡੀਗੜ੍ਹ:** ਚੋਣ ਕਮਿਸ਼ਨ ਨੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਤੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੂੰ ਨੋਟਿਸ ਜਾਰੀ ਕਰਦਿਆਂ ਪੀ.ਟੀ.ਸੀ. ਚੈਨਲ 'ਤੇ ਕੀਤੇ ਜਾ ਰਹੇ ਪ੍ਰਚਾਰ ਨੂੰ ਚੋਣ ਖਰਚ 'ਚ ਸ਼ਾਮਲ ਕਰਨ ਲਈ ਕਿਹਾ ਹੈ। ਮੁੱਖ ਚੋਣ ਅਧਿਕਾਰੀ ਵੀ.ਕੇ. ਸਿੰਘ ਨੇ ਨੋਟਿਸ ਦਿੱਤੇ ਜਾਣ ਦੀ ਪੁਸ਼ਟੀ ਕਰਦਿਆਂ ਕਿਹਾ ਕਿ ਇਹ ਨੋਟਿਸ ਲੰਬੀ ਤੇ ਜਲਾਲਾਬਾਦ ਦੇ ਰਿਟਰਨਿੰਗ ਅਫਸਰਾਂ ਵੱਲੋਂ ਜਾਰੀ ਕੀਤੇ ਗਏ ਹਨ। ਚੋਣ ਅਧਿਕਾਰੀਆਂ ਮੁਤਾਬਕ ਪੀ.ਟੀ.ਸੀ. ਚੈਨਲ ਵੱਲੋਂ ਦੋਹਾਂ ਬਾਦਲਾਂ ਬਾਰੇ ਲੋੜੋਂ ਵੱਧ ਪ੍ਰਚਾਰ ਕੀਤਾ ਜਾ ਰਿਹਾ ਹੈ।

# ਡੇਰਾ ਸਿਰਸਾ ਤੋਂ ਅਸ਼ੀਰਵਾਦ ਲੈਣ ਗਏ ਉਮੀਦਵਾਰ ਕਸੂਤੇ ਘਿਰੇ



**ਬਠਿੰਡਾ:** ਡੇਰਾ ਸਿਰਸਾ ਕੋਲ ਵੋਟ ਮੰਗਣ ਗਏ ਸਿੱਖ ਉਮੀਦਵਾਰਾਂ ਲਈ ਵੱਡੀ ਸਮੱਸਿਆ ਖੜ੍ਹੀ ਹੋ ਗਈ ਹੈ। ਮੁਤਵਾਜ਼ੀ ਜਥੇਦਾਰਾਂ ਨੇ ਇਨ੍ਹਾਂ ਉਮੀਦਵਾਰਾਂ ਦੇ ਬਾਈਕਾਟ ਦਾ ਸੱਦਾ ਦਿੱਤਾ ਹੈ। ਮੁਤਵਾਜ਼ੀ ਜਥੇਦਾਰ ਬਲਜੀਤ ਸਿੰਘ ਦਾਦੂਵਾਲ ਨੇ ਸੰਗਤ ਨੂੰ ਆਖਿਆ ਕਿ ਡੇਰਾ ਸਿਰਸਾ ਜਾਣ ਵਾਲੇ ਉਮੀਦਵਾਰਾਂ ਨੂੰ ਮੂੰਹ ਨਾ ਲਾਇਆ ਜਾਵੇ। ਯੂਨਾਈਟਿਡ ਅਕਾਲੀ ਦਲ ਦੇ ਜਨਰਲ ਸਕੱਤਰ ਭਾਈ ਗੁਰਦੀਪ ਸਿੰਘ ਨੇ ਆਖਿਆ ਕਿ ਸਿੱਖ ਪੰਥ ਨੂੰ ਡੇਰਾ ਸਿਰਸਾ ਜਾਣ ਵਾਲੇ ਉਮੀਦਵਾਰਾਂ ਦਾ ਸਿਆਸੀ ਬਾਈਕਾਟ ਕਰਨਾ ਚਾਹੀਦਾ ਹੈ।

ਹਮਾਇਤ ਮੰਗਣ ਵਾਲੇ ਸਿੱਖ ਸਿਆਸਤਦਾਨਾਂ ਖਿਲਾਫ਼ ਅਕਾਲ ਤਖਤ ਵੱਲੋਂ ਵੀ ਕਾਰਵਾਈ ਕੀਤੀ ਜਾ ਸਕਦੀ ਹੈ। ਅਕਾਲ ਤਖਤ ਵੱਲੋਂ ਡੇਰਾ ਸਿਰਸਾ ਦੇ ਮੁਖੀ ਖਿਲਾਫ਼ ਮਈ 2002 ਵਿਚ ਇਕ ਹੁਕਮਨਾਮਾ ਜਾਰੀ ਕਰ ਕੇ ਉਸ ਨਾਲ ਕਿਸੇ ਵੀ ਤਰ੍ਹਾਂ ਦੀ ਸਾਂਝ ਨਾ ਰੱਖਣ ਦਾ ਹੁਕਮ ਦਿੱਤਾ ਗਿਆ ਸੀ। ਸਿੱਖ ਆਗੂਆਂ ਦਾ ਡੇਰਾ ਸਿਰਸਾ ਦੇ ਮੁਖੀ ਕੋਲ ਜਾਣਾ ਅਕਾਲ ਤਖਤ ਦੇ ਹੁਕਮਨਾਮੇ ਦੀ ਉਲੰਘਣਾ ਹੈ। ਪੰਜਾਬ ਵਿਧਾਨ ਸਭਾ ਲਈ 4 ਫਰਵਰੀ ਨੂੰ ਪੈ ਰਹੀਆਂ ਵੋਟਾਂ ਵਿਚ ਡੇਰੇ ਦੀ ਹਮਾਇਤ ਹਾਸਲ ਕਰਨ ਦੇ ਮੰਤਵ ਨਾਲ ਕਈ ਸਿਆਸਤਦਾਨਾਂ ਨੇ ਡੇਰਾ ਸਿਰਸਾ ਮੁਖੀ ਨਾਲ ਮੁਲਾਕਾਤ ਕੀਤੀ ਸੀ। ਮੁਲਾਕਾਤ ਕਰਨ ਵਾਲਿਆਂ ਵਿਚ ਸ਼੍ਰੋਮਣੀ ਅਕਾਲੀ ਦਲ, ਭਾਜਪਾ, ਕਾਂਗਰਸ ਅਤੇ 'ਆਪ' ਨਾਲ ਸਬੰਧਤ ਸਿਆਸਤਦਾਨ ਸ਼ਾਮਲ ਸਨ। ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਦੱਸਿਆ ਕਿ ਫਿਲਹਾਲ ਇਸ ਸਬੰਧੀ ਕੋਈ ਸ਼ਿਕਾਇਤ ਨਹੀਂ ਆਈ ਹੈ ਅਤੇ ਨਾ ਹੀ ਉਨ੍ਹਾਂ ਨੂੰ ਸਿੱਖ ਸਿਆਸਤਦਾਨਾਂ ਵੱਲੋਂ ਡੇਰਾ ਸਿਰਸਾ ਜਾਣ ਬਾਰੇ ਕੋਈ ਜਾਣਕਾਰੀ ਹੈ।

ਦੱਸਣਯੋਗ ਹੈ ਕਿ ਸ਼੍ਰੋਮਣੀ ਅਕਾਲੀ ਦਲ, ਭਾਜਪਾ ਤੇ ਕਾਂਗਰਸ ਨਾਲ ਸਬੰਧਤ 80 ਉਮੀਦਵਾਰਾਂ ਨੇ ਡੇਰਾ ਮੁਖੀ ਨਾਲ ਮੁਲਾਕਾਤ ਕਰ ਕੇ ਸਿਆਸੀ ਆਸ਼ੀਰਵਾਦ ਮੰਗਿਆ ਸੀ। ਉਮੀਦਵਾਰ ਪਿਛਲੇ ਕਈ ਦਿਨਾਂ ਤੋਂ ਡੇਰਾ ਮੁਖੀ ਤੋਂ ਮਿਲਣ ਲਈ ਸਮਾਂ ਮੰਗਿਆ ਜਾ ਰਿਹਾ ਸੀ। ਡੇਰਾ ਸਿਰਸਾ ਵਿਚ ਦੋ ਦਿਨ ਮੁੱਖ ਭੰਡਾਰਾ ਸੀ। ਡੇਰਾ ਮੁਖੀ ਨੇ ਕਰੀਬ ਪੌਣਾ ਘੰਟਾ ਇਨ੍ਹਾਂ ਨੂੰ ਮਿਲਣ ਦਾ ਸਮਾਂ ਦਿੱਤਾ। ਅਕਾਲ ਤਖ਼ਤ ਤੋਂ ਡੇਰਾ ਮੁਖੀ ਨੂੰ ਦਿੱਤੀ ਮੁਆਫੀ ਸਬੰਧੀ ਹੁਕਮਨਾਮਾ ਵਾਪਸ ਲੈਣ ਮਗਰੋਂ ਅਕਾਲੀ ਉਮੀਦਵਾਰ ਪਹਿਲੀ ਦਫ਼ਾ ਡੇਰਾ ਸਿਰਸਾ ਗਏ।

ਜਾਣਕਾਰੀ ਅਨੁਸਾਰ ਕੈਬਨਿਟ ਮੰਤਰੀ ਅਤੇ ਰਾਮਪੁਰਾ ਹਲਕੇ ਤੋਂ ਅਕਾਲੀ ਉਮੀਦਵਾਰ ਸਿਕੰਦਰ ਸਿੰਘ ਮਲੂਕਾ, ਮੌੜ ਹਲਕੇ ਤੋਂ ਅਕਾਲੀ ਉਮੀਦਵਾਰ ਤੇ ਮੰਤਰੀ ਜਨਮੇਜਾ ਸਿੰਘ ਸੇਖੋਂ ਅਤੇ ਫਾਜ਼ਿਲਕਾ ਤੋਂ ਭਾਜਪਾ ਉਮੀਦਵਾਰ ਤੇ ਮੰਤਰੀ ਸੁਰਜੀਤ ਕੁਮਾਰ ਜਿਆਣੀ ਡੇਰਾ ਮੁਖੀ ਨਾਲ ਮੁਲਾਕਾਤ ਕਰਨ ਵਾਲਿਆਂ ਵਿਚ ਪ੍ਰਮੁੱਖ ਸਨ।

# ਪਾਰਟੀਆਂ ਨੇ ਮੁਲਾਜ਼ਮਾਂ ਨੂੰ ਪਲੋਸਣ 'ਤੇ ਲਾਇਆ ਜ਼ੋਰ



**ਚੰਡੀਗੜ੍ਹ:** ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਸਾਰੀਆਂ ਸਿਆਸੀ ਧਿਰਾਂ ਵੱਖ-ਵੱਖ ਵਰਗਾਂ ਨਾਲ ਲੁਭਾਉਣੇ ਵਾਅਦੇ ਕਰ ਕੇ ਆਪਣੇ ਵੱਲ ਖਿੱਚਣ ਦੀ ਕੋਸ਼ਿਸ਼ ਕਰ ਰਹੀਆਂ ਹਨ। ਇਨ੍ਹਾਂ ਵਿਚ ਇਕ ਸੰਗਠਿਤ ਤੇ ਪੜ੍ਹਿਆ-ਲਿਖਿਆ ਵਰਗ ਸਰਕਾਰੀ ਮੁਲਾਜ਼ਮ ਹਨ। ਸਾਰੀਆਂ ਧਿਰਾਂ ਦੀ ਇਨ੍ਹਾਂ ਉਤੇ ਅੱਖ ਹੈ। ਸਭ ਤੋਂ ਪਹਿਲਾਂ ਅਕਾਲੀ ਦਲ-ਭਾਜਪਾ ਸਰਕਾਰ ਨੇ ਆਖਰੀ ਸਮੇਂ ਦੌਰਾਨ ਕਈ ਅਜਿਹੇ ਫੈਸਲੇ ਲਏ ਜਿਨ੍ਹਾਂ ਨਾਲ ਮੁਲਾਜ਼ਮਾਂ ਨੂੰ ਖੁਸ਼ ਕੀਤਾ ਜਾ ਸਕੇ। ਇਨ੍ਹਾਂ ਵਿਚ ਇਕ ਫੈਸਲਾ 40 ਹਜ਼ਾਰ ਦੇ ਕਰੀਬ ਠੇਕਾ ਮੁਲਾਜ਼ਮਾਂ ਨੂੰ ਪੱਕਾ ਕਰਨਾ ਸੀ। ਕਾਹਲੀ ਵਿਚ ਲਏ ਕਈ ਫੈਸਲਿਆਂ ਨੂੰ ਅਮਲੀ ਰੂਪ ਨਹੀਂ ਦਿੱਤਾ ਜਾ ਸਕਿਆ, ਜਿਸ ਕਰ ਕੇ ਮੁਲਾਜ਼ਮ ਅਕਾਲੀ ਸਰਕਾਰ ਤੋਂ ਖੁਸ਼ ਨਹੀਂ।

ਦੂਜੇ ਪਾਸੇ ਆਮ ਆਦਮੀ ਪਾਰਟੀ ਨੇ ਮੁਲਾਜ਼ਮਾਂ ਲਈ ਚੋਣ ਮਨੋਰਥ ਪੱਤਰ ਜਾਰੀ ਕੀਤਾ। ਇਸ ਮੈਨੀਫੈਸਟੋ ਵਿਚ ਮੁਲਾਜ਼ਮਾਂ ਦੀਆਂ ਸਾਰੀਆਂ ਸਮੱਸਿਆਵਾਂ ਦੇ ਹੱਲ ਦਾ ਦਾਅਵਾ ਕੀਤਾ ਗਿਆ ਹੈ। ਦਿਲਚਸਪ ਗੱਲ ਹੈ ਕਿ ਇਕ ਪਾਸੇ 'ਆਪ' ਦਾ ਮੈਨੀਫੈਸਟੋ ਜਾਰੀ ਹੋ ਰਿਹਾ ਸੀ ਤੇ ਦੂਜੇ ਪਾਸੇ ਕੁਝ ਇਸੇ ਤਰ੍ਹਾਂ ਦੇ ਵਾਅਦੇ ਕਾਂਗਰਸ ਵੱਲੋਂ ਕੀਤੇ ਜਾ ਰਹੇ ਸਨ। ਗੱਲ ਇਥੇ ਹੀ ਨਹੀਂ ਰੁਕੀ, ਦੋਵਾਂ ਪਾਰਟੀਆਂ ਨੇ ਇਕ-ਦੂਜੇ ਉਤੇ ਨਿਸ਼ਾਨੇ ਵੀ ਸਾਧਣੇ ਸ਼ੁਰੂ ਕਰ ਦਿੱਤੇ।

ਪੰਜਾਬ ਕਾਂਗਰਸ ਦੇ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਨੇ ਆਮ ਆਦਮੀ ਪਾਰਟੀ ਦੇ ਮੁਲਾਜ਼ਮਾਂ ਲਈ ਤਾਜ਼ਾ ਮਨੋਰਥ ਪੱਤਰ ਨੂੰ ਇਕ ਹੋਰ ਝੂਠ ਕਰਾਰ ਦਿੱਤਾ ਹੈ। ਉਨ੍ਹਾਂ ਨੇ ਅਰਵਿੰਦ ਕੇਜਰੀਵਾਲ ਤੋਂ ਪੁੱਛਿਆ ਹੈ ਕਿ ਬੀਤੇ ਢਾਈ ਵਰ੍ਹਿਆਂ ਦੌਰਾਨ ਉਨ੍ਹਾਂ ਨੇ ਦਿੱਲੀ ਅੰਦਰ ਕਿੰਨੇ ਚੋਣਾਂ ਦੇ ਵਾਅਦੇ ਪੂਰੇ ਕੀਤੇ ਹਨ।

ਦੂਜੇ ਪਾਸੇ ਆਮ ਆਦਮੀ ਪਾਰਟੀ ਨੇ ਕਿਹਾ ਹੈ ਕਿ ਪਿਛਲੀਆਂ ਅਕਾਲੀ-ਭਾਜਪਾ ਤੇ ਕਾਂਗਰਸ ਦੀਆਂ ਸਰਕਾਰਾਂ ਨੇ ਕਦੇ ਵੀ ਮੁਲਾਜ਼ਮਾਂ ਦੀ ਸਾਰ ਨਹੀਂ ਲਈ। ਸਗੋਂ ਕਾਂਗਰਸ ਨੇ ਤਾਂ ਆਪਣੇ ਕਾਰਜਕਾਲ ਵਿਚ ਭਰਤੀ ਉਤੇ ਹੀ ਪਾਬੰਦੀ ਲਾ ਦਿੱਤੀ ਸੀ। ਆਮ ਆਦਮੀ ਪਾਰਟੀ ਨੇ ਦਾਅਵਾ ਕੀਤਾ ਹੈ ਕਿ ਉਨ੍ਹਾਂ ਦੀ ਸਰਕਾਰ ਆਉਣ 'ਤੇ ਮੁਲਾਜ਼ਮਾਂ ਦੇ ਸਾਰੇ ਮਸਲੇ ਹੱਲ ਕਰ ਦਿੱਤੇ ਜਾਣਗੇ।

### ਕਾਂਗਰਸ ਵੱਲੋਂ ਠੇਕਾ ਮੁਲਾਜ਼ਮਾਂ ਨਾਲ ਵਾਅਦਾ

**ਸ਼ਾਹਕੋਟ:** ਪੰਜਾਬ ਕਾਂਗਰਸ ਦੇ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਨੇ ਐਲਾਨ ਕੀਤਾ ਹੈ ਕਿ ਸੱਤਾ ਵਿਚ ਆਉਣ ਤੋਂ ਬਾਅਦ ਪਹਿਲ ਦੇ ਅਧਾਰ ਉਤੇ ਠੇਕੇ 'ਤੇ ਕੰਮ ਕਰ ਰਹੇ ਸਾਰੇ ਮੁਲਾਜ਼ਮਾਂ ਨੂੰ ਪੱਕਾ ਕੀਤਾ ਜਾਏਗਾ। ਪੰਜਾਬ ਵਿਚ ਸਵਾ ਲੱਖ ਤੋਂ ਉਪਰ ਮੁਲਾਜ਼ਮ ਠੇਕੇ ਉਤੇ ਕੰਮ ਕਰ ਰਹੇ ਹਨ। ਅਕਾਲੀ-ਭਾਜਪਾ ਸਰਕਾਰ ਨੇ ਵੀ ਜਾਂਦੇ-ਜਾਂਦੇ ਮੁਲਾਜ਼ਮਾਂ ਨੂੰ ਪੱਕਾ ਕਰਨ ਦਾ ਪੱਤਾ ਖੇਡਿਆ ਸੀ, ਪਰ ਚੋਣ ਜ਼ਾਬਤਾ ਲੱਗਣ ਕਾਰਨ ਕੰਮ ਅੱਧ-ਵਿਚਾਲੇ ਹੀ ਅੜ ਗਿਆ। ਹੁਣ ਕਾਂਗਰਸ ਨੇ ਮੁਲਾਜ਼ਮਾਂ ਨੂੰ ਭਰਮਾਉਣ ਦੀ ਕੋਸ਼ਿਸ਼ ਕੀਤੀ ਹੈ।

# ਚੋਣ ਪ੍ਰਚਾਰ ਲਈ ਆਪ ਦੀ ਰਣਨੀਤੀ ਤੋਂ ਰਵਾਇਤੀ ਸਿਆਸੀ ਧਿਰਾਂ ਦੰਗ

**ਚੰਡੀਗੜ੍ਹ:** ਚੋਣ ਰਣਨੀਤੀ ਪੱਖੋਂ ਆਮ ਆਦਮੀ ਪਾਰਟੀ ਨੇ ਸਾਰੀਆਂ ਸਿਆਸੀ ਧਿਰਾਂ ਨੂੰ ਮਾਤ ਪਾ ਦਿੱਤੀ ਹੈ। ਪੰਜਾਬ ਦੇ ਢਾਈ ਦਰਜਨ ਦੇ ਕਰੀਬ ਗਾਇਕ ਆਪ ਦੇ ਹੱਕ ਵਿਚ ਪੰਜਾਬ ਦੇ ਚੌਕਾਂ ਤੇ ਬਾਜ਼ਾਰਾਂ ਵਿਚ ਅਖਾੜੇ ਲਾ ਕੇ ਵੋਟਾਂ ਦੀ ਅਪੀਲ ਕਰ ਰਹੇ ਹਨ। ਦੂਜੇ ਪਾਸੇ 'ਆਪ' ਵਾਲੰਟੀਅਰਾਂ ਨੇ ਪੰਜਾਬ ਭਰ ਦੇ ਟੋਲ ਪਲਾਜ਼ਿਆਂ ਤੇ ਭੀੜ ਵਾਲੀਆਂ ਟਰੈਫਿਕ ਲਾਈਟਾਂ ਨੇੜੇ ਵੱਖਰੇ ਢੰਗ ਨਾਲ ਚੋਣ ਪ੍ਰਚਾਰ ਵਿੱਢ ਦਿੱਤਾ ਹੈ।



ਸੂਤਰਾਂ ਅਨੁਸਾਰ 'ਆਪ' ਵੱਲੋਂ ਅਜਿਹੇ ਹੋਰ ਕਈ ਪ੍ਰੋਗਰਾਮ ਉਲੀਕੇ ਗਏ ਹਨ ਜੋ 4 ਫਰਵਰੀ ਤੱਕ ਖਾਸ ਕਰ ਕੇ ਜਨਤਕ ਅਤੇ ਭੀੜ-ਭੜੱਕੇ ਵਾਲੀਆਂ ਥਾਵਾਂ ਉਤੇ ਕਰਨ ਦੀ ਰਣਨੀਤੀ ਬਣਾਈ ਹੈ। 'ਆਪ' ਨੇ ਢਾਈ ਦਰਜਨ ਦੇ ਕਰੀਬ ਗਾਇਕਾਂ ਨੂੰ ਚੋਣ ਪ੍ਰਚਾਰ ਲਈ ਲਾਇਆ ਹੈ। ਇਸ ਤਹਿਤ ਕਈ ਸ਼ਹਿਰਾਂ ਵਿਚ ਪੰਜਾਬੀ ਗਾਇਕਾਂ ਨੇ ਭੀੜ-ਭੜੱਕੇ ਵਾਲੇ ਚੌਕਾਂ ਅਤੇ ਬਾਜ਼ਾਰਾਂ ਵਿਚ ਚੱਲਦਿਆਂ-ਫਿਰਦਿਆਂ ਅਖਾੜੇ ਲਾ ਕੇ 'ਆਪ' ਦੇ ਗੁਣਗਾਣ ਕੀਤੇ ਅਤੇ ਪੰਜਾਬ ਵਿਚ ਸਿਆਸੀ ਬਦਲਾਅ ਲਿਆਉਣ ਲਈ ਅਰਵਿੰਦ ਕੇਜਰੀਵਾਲ ਦੀ ਸੋਚ ਉਪਰ ਪਹਿਰਾ ਦੇਣ ਦਾ ਹੋਕਾ ਦਿੱਤਾ। ਗਾਇਕਾਂ ਵੱਲੋਂ 'ਆਪ' ਲਈ ਵੋਟਾਂ ਮੰਗਣ ਲਈ ਵਿਸ਼ੇਸ਼ ਸ਼ਬਦਾਵਲੀ ਵਾਲੇ ਗੀਤ ਤਿਆਰ ਕੀਤੇ ਹਨ। ਇਸ ਪ੍ਰੋਗਰਾਮ ਤਹਿਤ ਗਾਇਕ ਮੰਗੀ ਮਾਹਲ ਨੇ ਪਠਾਨਕੋਟ, ਗਾਇਕ ਲਾਡੀ ਨੇ ਜਲੰਧਰ, ਗਾਇਕ ਮਨਜੀਤ ਰੂਪੋਵਾਲੀਆ ਨੇ ਪਟਿਆਲਾ ਤੇ ਬੰਸੀ ਬਰਨਾਲਾ ਨੇ ਗੁਰਦਾਸਪੁਰ ਸ਼ਹਿਰਾਂ ਦੇ ਚੌਕਾਂ ਅਤੇ ਬਾਜ਼ਾਰਾਂ ਵਿਚ ਅਖਾੜੇ ਲਾਏ।

ਦੂਜੇ ਪਾਸੇ 'ਆਪ' ਨੇ ਟੋਲ ਪਲਾਜ਼ਿਆਂ ਅਤੇ ਟਰੈਫਿਕ ਲਾਈਟਾਂ ਉਤੇ ਲੱਗਦੀਆਂ ਭੀੜਾਂ ਦਾ ਸਿਆਸੀ ਲਾਹਾ ਉਠਾਉਣ ਲਈ ਨਵੇਂ ਕਿਸਮ ਦਾ ਚੋਣ ਪ੍ਰਚਾਰ ਵਿੱਢਿਆ ਹੈ। 'ਆਪ' ਦੇ ਵਾਲੰਟੀਅਰਾਂ ਨੇ ਅਜਿਹੇ 36 ਟੋਲ ਪਲਾਜ਼ਿਆਂ ਦੀ ਚੋਣ ਕੀਤੀ ਹੈ, ਜਿਥੇ ਭੀੜ-ਭੜੱਕਾ ਹੁੰਦਾ ਹੈ। ਵਾਲੰਟੀਅਰ ਚੁੱਪ-ਚੁਪੀਤੇ ਇਨ੍ਹਾਂ ਟੋਲ ਪਲਾਜ਼ਿਆਂ ਨੇੜੇ 'ਆਪ' ਦੇ ਹੱਕ ਵਿਚ ਆਏ ਚੋਣ ਸਰਵੇਖਣਾਂ ਦੇ ਅੰਕੜਿਆਂ ਵਾਲੇ ਕੱਪੜੇ ਪਾ ਕੇ ਚੋਣ ਪ੍ਰਚਾਰ ਕਰ ਰਹੇ ਹਨ। ਵਾਲੰਟੀਅਰਾਂ ਵੱਲੋਂ ਟੋਲ ਪਲਾਜ਼ਿਆਂ 'ਤੇ ਲੱਗਦੀਆਂ ਭੀੜਾਂ ਵਾਲੇ ਸਮੇਂ ਸਵੇਰੇ 8.00 ਵਜੇ ਤੋਂ 11.00 ਵਜੇ ਤੱਕ ਅਤੇ ਸ਼ਾਮ ਵੇਲੇ 3.00 ਤੋਂ 5.00 ਵਜੇ ਤੱਕ ਚੋਣ ਪ੍ਰਚਾਰ ਕੀਤਾ ਜਾ ਰਿਹਾ ਹੈ। ਇਸ ਤੋਂ ਇਲਾਵਾ 'ਆਪ' ਦੇ ਹੱਕ ਵਿਚ ਵੱਖ-ਵੱਖ ਦੇਸ਼ਾਂ ਤੋਂ ਪੁੱਜੇ ਪਰਵਾਸੀ ਪੰਜਾਬੀਆਂ ਵੱਲੋਂ 100 ਦੇ ਕਰੀਬ ਗੱਡੀਆਂ ਦੇ ਕਾਫਲਿਆਂ ਸਮੇਤ ਵੱਖ-ਵੱਖ ਵਿਧਾਨ ਸਭਾ ਹਲਕਿਆਂ ਵਿਚ ਜਾ ਕੇ ਝਾੜੂ ਦਾ ਪ੍ਰਚਾਰ ਕੀਤਾ ਜਾ ਰਿਹਾ ਹੈ।

'ਆਪ' ਦੇ ਵਲੰਟੀਅਰਾਂ ਨੇ ਜਿਥੇ ਚੋਣ ਪ੍ਰਚਾਰ ਨੂੰ ਨਵਾਂ ਰੂਪ ਦਿੱਤਾ ਹੈ, ਉਥੇ ਅਰਵਿੰਦ ਕੇਜਰੀਵਾਲ ਵੱਲੋਂ ਵੀ ਹੁਣ ਵੱਡੀਆਂ ਰੈਲੀਆਂ ਕਰਨ ਦਾ ਦੌਰ ਛੱਡ ਕੇ ਵਿਧਾਨ ਸਭਾ ਹਲਕਿਆਂ ਵਿਚ ਰੋਡ ਸ਼ੋਅ ਕਰ ਕੇ ਅਤੇ ਨੁੱਕੜ ਮੀਟਿੰਗਾਂ ਨੂੰ ਸੰਬੋਧਨ ਕਰ ਕੇ ਪ੍ਰਚਾਰ ਕੀਤਾ ਜਾ ਰਿਹਾ ਹੈ। ਸ੍ਰੀ ਕੇਜਰੀਵਾਲ ਨੇ 2 ਫਰਵਰੀ ਤੱਕ 20 ਹਲਕਿਆਂ ਵਿਚ ਅਜਿਹੇ ਪ੍ਰੋਗਰਾਮ ਕਰਨ ਦਾ ਟੀਚਾ ਮਿਥਿਆ ਹੈ।

# ਸਥਾਪਤੀ ਵਿਰੋਧੀ ਲਹਿਰ ਬਣੀ ਅਕਾਲੀ ਦਲ ਲਈ ਚੁਣੌਤੀ

## ਦਿਹਾਤੀ ਖੇਤਰ ਵਿਚ ਵੋਟ ਬੈਂਕ ਨੂੰ ਵੱਡਾ ਖੋਰਾ

**ਚੰਡੀਗੜ੍ਹ:** ਪੰਜਾਬ ਦੀ ਸੱਤਾ ਉਤੇ ਪਿਛਲੇ ਇਕ ਦਹਾਕੇ ਤੋਂ ਕਾਬਜ਼ ਸ਼੍ਰੋਮਣੀ ਅਕਾਲੀ ਦਲ ਲਈ ਰਵਾਇਤੀ ਵੋਟ ਬੈਂਕ ਬਚਾਉਣਾ ਵੱਡੀ ਚੁਣੌਤੀ ਬਣਿਆ ਹੋਇਆ ਹੈ। ਸੂਬਾਈ ਵਿਧਾਨ ਸਭਾ ਚੋਣਾਂ ਦੇ ਐਲਾਨ ਤੋਂ ਬਾਅਦ ਸਥਾਪਤੀ ਵਿਰੋਧੀ ਲਹਿਰ ਇੰਨੀ ਜ਼ਿਆਦਾ ਪ੍ਰਚੰਡ ਹੋਈ ਹੈ ਕਿ ਸੂਬੇ ਦੇ ਸਭ ਤੋਂ ਵੱਡੇ ਖਿੱਤੇ ਮਾਲਵੇ ਵਿਚ ਪਾਰਟੀ ਨੂੰ ਪਹਿਲਾਂ ਵਾਲੀ ਸਥਿਤੀ ਬਰਕਰਾਰ ਰੱਖਣੀ ਮੁਸ਼ਕਲ ਹੋ ਗਈ ਹੈ। ਦਿਹਾਤੀ ਖੇਤਰ ਵਿਚੋਂ ਕਿਸਾਨੀ ਅਤੇ ਨੌਜਵਾਨ ਵਰਗ ਪਾਰਟੀ ਤੋਂ ਦੂਰ ਹੁੰਦਾ ਦਿਖਾਈ ਦੇ ਰਿਹਾ ਹੈ। ਮਾਝੇ ਅਤੇ ਦੁਆਬੇ ਵਿਚ ਅਕਾਲੀ ਦਲ ਸੌਖ ਮਹਿਸੂਸ ਕਰ ਰਿਹਾ ਹੈ, ਪਰ ਆਮ ਆਦਮੀ ਪਾਰਟੀ (ਆਪ) ਨੇ ਮਾਲਵੇ ਦੇ ਦਿਹਾਤੀ ਖੇਤਰ ਵਿਚ ਅਕਾਲੀਆਂ ਦੀ ਵੋਟ ਨੂੰ ਵੱਡਾ ਖੋਰਾ ਲਾਇਆ ਹੈ।



2012 ਦੀਆਂ ਵਿਧਾਨ ਸਭਾ ਚੋਣਾਂ ਦੌਰਾਨ ਦਲ ਨੂੰ ਮਾਲਵੇ ਵਿਚੋਂ ਮਿਲੇ ਹੁੰਗਾਰੇ ਨੇ ਸੱਤਾ ਤੱਕ ਪਹੁੰਚਾਇਆ ਸੀ, ਹਾਲਾਂਕਿ 2007 ਦੀਆਂ ਵਿਧਾਨ ਸਭਾ ਚੋਣਾਂ ਦੌਰਾਨ ਅਕਾਲੀ ਦਲ ਨੂੰ ਮਾਲਵੇ ਵਿਚੋਂ ਨਮੋਸ਼ੀ ਮਿਲੀ ਸੀ ਤੇ ਮਾਝੇ-ਦੁਆਬੇ ਦੇ ਸਹਾਰੇ ਹੀ ਸਰਕਾਰ ਹੋਂਦ ਵਿਚ ਆਈ ਸੀ। ਉਸ ਵੇਲੇ ਮਾਲਵੇ ਵਿਚ ਕੈਪਟਨ ਅਮਰਿੰਦਰ ਸਿੰਘ ਨੇ ਅਕਾਲੀਆਂ ਦੇ ਵੋਟ ਬੈਂਕ ਨੂੰ ਜ਼ਬਰਦਸਤ ਖੋਰਾ ਲਾਇਆ ਸੀ। 2014 ਦੀਆਂ ਲੋਕ ਸਭਾ ਚੋਣਾਂ ਨੇ ਖਤਰੇ ਦੇ ਸੰਕੇਤ ਦੇ ਦਿੱਤੇ ਸਨ, ਜਦੋਂਕਿ 'ਆਪ' ਦੇ ਚਾਰ ਸੰਸਦ ਮੈਂਬਰ ਸਿਰਫ ਮਾਲਵੇ ਵਿਚੋਂ ਹੀ ਜਿੱਤਣ ਵਿਚ ਕਾਮਯਾਬ ਰਹੇ ਤੇ ਇਕ ਸੀਟ ਕਾਂਗਰਸ ਦੀ ਝੋਲੀ ਪੈ ਗਈ। ਪੌਣੇ ਤਿੰਨ ਸਾਲ ਪਹਿਲਾਂ ਚੱਲੀ ਸੱਤਾ ਵਿਰੋਧੀ ਹਵਾ ਦੇ ਰੁਖ ਨੂੰ ਠੱਲ੍ਹਣ ਵਿਚ ਅਕਾਲੀ ਕਾਮਯਾਬ ਹੁੰਦੇ ਦਿਖਾਈ ਨਹੀਂ ਦੇ ਰਹੇ। ਅਕਾਲੀ ਦਲ ਲਈ 2012 ਦੀਆਂ ਚੋਣਾਂ ਦਾ ਮਾਹੌਲ ਖੁਸ਼ਗਵਾਰ ਸੀ। ਵਿਧਾਨ ਸਭਾ ਚੋਣਾਂ ਦੌਰਾਨ ਉਪਜੇ ਤਾਜ਼ਾ ਮਾਹੌਲ ਨੇ ਸਾਬਤ ਕਰ ਦਿੱਤਾ ਹੈ ਕਿ ਅਕਾਲੀ ਦਲ ਆਪਣੇ ਰਵਾਇਤੀ ਪਿੜ ਮਾਲਵੇ ਦੇ ਲੋਕਾਂ ਦਾ ਦਿਲ ਜਿੱਤਣ ਵਿਚ ਕਾਮਯਾਬ ਨਹੀਂ ਹੋ ਸਕਿਆ। ਮਾਲਵੇ ਦੇ ਪਿੰਡਾਂ ਵਿਚ ਹੀ ਅਕਾਲੀਆਂ ਨੂੰ ਦੁਸ਼ਵਾਰੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਮਾਲਵਾ ਖਿੱਤਾ (ਜਿਸ ਵਿਚ ਪੁਆਧ ਦੇ ਜ਼ਿਲ੍ਹੇ ਵੀ ਸ਼ਾਮਲ ਹਨ) ਵਿਚ ਕੁੱਲ 69 ਵਿਧਾਨ ਸਭਾ ਹਲਕੇ ਪੈਂਦੇ ਹਨ। ਇਸ ਕਰ ਕੇ ਤਿੰਨਾਂ ਪਾਰਟੀਆਂ ਸ਼੍ਰੋਮਣੀ ਅਕਾਲੀ ਦਲ, ਕਾਂਗਰਸ ਤੇ 'ਆਪ' ਦਾ ਇਸ ਖਿੱਤੇ ਨੂੰ ਸਰ ਕਰਨ ਲਈ ਅੱਡੀ ਚੋਟੀ ਦਾ ਜ਼ੋਰ ਲੱਗਿਆ ਹੋਇਆ ਹੈ। ਅਕਾਲੀ ਆਗੂ ਖੁਦ ਮੰਨਦੇ ਹਨ ਕਿ ਮਾਲਵੇ ਦੇ ਕੁਝ ਜ਼ਿਲ੍ਹਿਆਂ ਖਾਸ ਕਰਕੇ ਸੰਗਰੂਰ, ਬਰਨਾਲਾ, ਮੋਗਾ, ਫਰੀਦਕੋਟ, ਮੁਕਤਸਰ, ਬਠਿੰਡਾ, ਮਾਨਸਾ ਤੇ ਲੁਧਿਆਣੇ ਦੇ ਦਿਹਾਤੀ ਵਿਚ ਪਾਰਟੀ ਉਮੀਦਵਾਰਾਂ ਨੂੰ ਵੱਡੀਆਂ ਚੁਣੌਤੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਨ੍ਹਾਂ ਜ਼ਿਲ੍ਹਿਆਂ ਵਿਚੋਂ ਜਿੱਤ ਹਾਸਲ ਕਰਨਾ ਕਾਂਗਰਸ ਲਈ ਵੀ ਚੁਣੌਤੀ ਬਣਿਆ ਹੋਇਆ ਹੈ। ਅਹਿਮ ਤੱਥ ਇਹ ਵੀ ਹੈ ਕਿ ਪਿਛਲੇ ਪੰਜਾਂ ਸਾਲਾਂ ਦੌਰਾਨ ਪੰਜਾਬ ਦੀ ਸੱਤਾ ਵਿਚ ਸਭ ਤੋਂ ਵੱਡਾ ਹਿੱਸਾ ਮਲਵਈਆਂ ਦੇ ਹਿੱਸੇ ਆਇਆ ਸੀ।

## ਚੋਣ ਰੈਲੀਆਂ 'ਚ ਬਾਦਲਾਂ ਦੇ ਵਿਰੋਧ ਦਾ ਸਿਲਸਲਾ ਜਾਰੀ

**ਮੁਹਾਲੀ:** ਸ਼੍ਰੋਮਣੀ ਅਕਾਲੀ ਦਲ ਦਾ ਪੰਜਾਬ ਵਿਚ ਥਾਂ-ਥਾਂ ਵਿਰੋਧ ਹੋ ਰਿਹਾ ਹੈ। ਸੰਗਰੂਰ ਵਿਚ ਮੁੱਖ ਮੰਤਰੀ ਪ੍ਰਕਾਸ਼ ਸਿੰਘ ਨੂੰ ਕਾਲੀਆਂ ਝੰਡੀਆਂ ਵਿਖਾਈਆਂ ਗਈਆਂ, ਉਥੇ ਖਰੜ ਵਿਚ ਉਪ ਮੁੱਖ ਮੰਤਰੀ ਸੁਖਬੀਰ ਬਾਦਲ ਦੀ ਚੋਣ ਰੈਲੀ ਵਿਚ ਹੰਗਾਮਾ ਹੋ ਗਿਆ। ਖਰੜ ਵਿਚ ਸੁਖਬੀਰ ਬਾਦਲ ਵਿਕਾਸ ਕਾਰਜਾਂ ਦੇ ਦਮਗਜੇ ਮਾਰ ਰਹੇ ਸਨ। ਇਸ ਦੌਰਾਨ ਹੀ ਇਕ 62 ਸਾਲਾ ਬਜ਼ੁਰਗ ਰੋਹ ਵਿਚ ਆ ਗਿਆ। ਉਸ ਨੇ ਰੈਲੀ ਵਿਚ ਹੀ ਕਿਹਾ ਕਿ ਇਹ ਸਭ ਬਕਵਾਸ ਹੈ। ਕੋਈ ਵਿਕਾਸ ਨਹੀਂ ਹੋਇਆ। ਸੜਕਾਂ ਟੁੱਟੀਆਂ ਪਈਆਂ ਹਨ। ਘਰਾਂ ਵਿਚ ਪੀਣ ਵਾਲਾ ਪਾਣੀ ਨਹੀਂ ਆਉਂਦਾ।

ਸੁਖਬੀਰ ਬਾਦਲ ਨੂੰ ਖਰੀਆਂ-ਖਰੀਆਂ ਸੁਣਾਉਣ ਵਾਲਾ ਬਜ਼ੁਰਗ ਮਨਸੂਰ ਅਹਿਮਦ ਪੰਜਾਬ ਸਕੂਲ ਸਿੱਖਿਆ ਬੋਰਡ ਤੋਂ ਸੀਨੀਅਰ ਅਸਿਸਟੈਂਟ ਸੇਵਾ ਮੁਕਤ ਹੋਇਆ ਹੈ। ਰੈਲੀ ਵਿਚ ਅਹਿਮਦ ਦੇ ਬੋਲਦੇ ਸਾਰ ਹੜਕੰਪ ਮੱਚ ਗਿਆ। ਪੁਲਿਸ ਨੂੰ ਹੱਥਾਂ-ਪੈਰਾਂ ਦੀ ਪੈ ਗਈ। ਸੁਰੱਖਿਆ ਮੁਲਾਜ਼ਮ ਬਜ਼ੁਰਗ ਦਾ ਮੂੰਹ ਬੰਦ ਕਰ ਕੇ ਉਸ ਨੂੰ ਰੈਲੀ ਵਿਚੋਂ ਬਾਹਰ ਲੈ ਗਏ। ਇਸ ਤੋਂ ਇਲਾਵਾ ਫਰੀਦਕੋਟ ਦੇ ਪਿੰਡ ਚੰਦਬਾਜਾ ਵਿਚ ਚੋਣ ਪ੍ਰਚਾਰ ਕਰਨ ਆਏ ਅਕਾਲੀ ਦਲ ਦੇ ਸ਼੍ਰੋਮਣੀ ਕਮੇਟੀ ਮੈਂਬਰ ਸ਼ੇਰ ਸਿੰਘ ਮੰਡ ਨੂੰ ਪਿੰਡ ਵਾਸੀਆਂ ਵੇ ਬੰਦੀ ਬਣਾ ਲਿਆ। ਪਿੰਡ ਵਾਸੀਆਂ ਮੰਡ ਨੂੰ ਤਕਰੀਬਨ 4 ਘੰਟੇ ਬੰਦੀ ਬਣਾਈ ਰੱਖਿਆ।

## ਬਾਦਲ ਦੀ ਰੈਲੀ ਵਿਚ ਵਿਰੋਧ ਕਰਨ ਵਾਲੇ ਪੰਥਕ ਕਾਰਕੁਨ ਦੀ ਕੁੱਟਮਾਰ

**ਸੰਗਰੂਰ:** ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੀ ਰੈਲੀ ਵਿਚ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੀਆਂ ਘਟਨਾਵਾਂ ਦੇ ਰੋਸ ਵਜੋਂ ਕਾਲੀਆਂ ਝੰਡੀਆਂ ਨਾਲ ਵਿਰੋਧ ਕਰ ਰਹੇ ਸਿੱਖ ਜਥੇਬੰਦੀਆਂ ਦੇ ਕਾਰਕੁਨਾਂ ਉਪਰ ਅਕਾਲੀ ਵਰਕਰਾਂ ਨੇ ਹਮਲਾ ਕਰ ਦਿੱਤਾ। ਇਸ ਦੌਰਾਨ ਇਕ ਗੁਰਸਿੱਖ ਦੀ ਕੁੱਟਮਾਰ ਕੀਤੀ ਗਈ ਅਤੇ ਦਸਤਾਰ ਉਤਾਰ ਦਿੱਤੀ ਗਈ, ਜਦੋਂ ਕਿ ਬਾਕੀਆਂ ਨੇ ਭੱਜ ਕੇ ਬਚਾਅ ਕੀਤਾ। ਅਕਾਲੀ ਵਰਕਰਾਂ ਨੇ ਮੀਡੀਆ ਕਰਮੀਆਂ ਨਾਲ ਵੀ ਬਦਸਲੂਕੀ ਕੀਤੀ। ਸ. ਬਾਦਲ ਪਾਰਟੀ ਉਮੀਦਵਾਰ ਪ੍ਰਕਾਸ਼ ਚੰਦ ਗਰਗ ਦੇ ਹੱਕ ਵਿਚ ਰੈਲੀ ਨੂੰ ਸੰਬੋਧਨ ਕਰਨ ਪੁੱਜੇ ਸਨ। ਜਿਉਂ ਹੀ ਉਨ੍ਹਾਂ ਸੰਬੋਧਨ ਕਰਨਾ ਸ਼ੁਰੂ ਕੀਤਾ ਤਾਂ ਪੰਡਾਲ ਵਿਚ ਵੱਖ ਵੱਖ ਥਾਵਾਂ ਉਪਰ ਬੈਠੇ ਸਿੱਖ ਜਥੇਬੰਦੀਆਂ ਦੇ ਕਰੀਬ ਦਰਜਨ ਕਾਰਕੁਨਾਂ ਨੇ



ਕਾਲੀਆਂ ਝੰਡੀਆਂ ਲਹਿਰਾਉਂਦਿਆਂ ਨਾਅਰੇਬਾਜ਼ੀ ਸ਼ੁਰੂ ਕਰ ਦਿੱਤੀ, ਜਿਸ ਕਾਰਨ ਭਾਸ਼ਣ ਰੋਕਣਾ ਪਿਆ। ਵ ਅਕਾਲੀ ਵਰਕਰਾਂ ਦੀ ਭੀੜ ਨੇ ਕਰੀਬ ਚਾਰ-ਪੰਜ ਸਿੱਖ ਕਾਰਕੁਨਾਂ 'ਤੇ ਹਮਲਾ ਕਰ ਦਿੱਤਾ। ਇਸ ਦੌਰਾਨ ਅਕਾਲੀ ਵਰਕਰਾਂ ਨੇ ਬਾਬਾ ਬੁੱਢਾ ਜੀ ਗੁੰਥੀ ਸਭਾ ਦੇ ਆਗੂ ਦਰਸ਼ਨ ਸਿੰਘ ਕੋਹਰੀਆਂ ਨੂੰ ਹੇਠਾਂ ਸੁੱਟ ਲਿਆ ਅਤੇ ਕੁੱਟਮਾਰ ਕੀਤੀ ਗਈ। ਦਰਸ਼ਨ ਸਿੰਘ ਦੀ ਦਸਤਾਰ ਵੀ ਲੱਥ ਗਈ। ਬਾਅਦ ਵਿੱਚ ਸ੍ਰੀ ਕੋਹਰੀਆਂ ਨੂੰ ਸਿਵਲ ਹਸਪਤਾਲ ਦਾਖਲ ਕਰਵਾਇਆ ਗਿਆ।

# ਬਾਦਲ ਦੇ ਹਲਕੇ ਲੰਬੀ ਦੇ ਲੋਕ ਇਸ ਵਾਰ ਤਬਦੀਲੀ ਦੇ ਰੌਂਅ ਵਿਚ

**ਲੰਬੀ:** ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਇਸ ਵਾਰ ਆਪਣੇ ਜੀਵਨ ਦੀ ਸਭ ਤੋਂ ਮੁਸ਼ਕਲ ਚੋਣ ਲੜਾਈ ਲੜ ਰਹੇ ਹਨ। ਲੰਬੀ ਹਲਕੇ ਵਿਚ ਅਰਬਾਂ ਰੁਪਏ ਖਰਚ ਕੇ ਤਿਆਰ ਬੁਨਿਆਦੀ ਢਾਂਚੇ ਅਤੇ ਪਿੰਡਾਂ ਨੂੰ ਦਿੱਤਾ ਕਰੋੜਾਂ ਰੁਪਇਆ ਹੀ ਸ. ਬਾਦਲ ਲਈ ਸਭ ਤੋਂ ਵੱਡੀ ਚੁਣੌਤੀ ਬਣਿਆ ਹੋਇਆ ਹੈ ਕਿਉਂਕਿ ਬਹੁਤ ਸਾਰੇ ਪੈਸੇ ਦੇ ਗਾਇਬ ਹੋਣ ਦੀਆਂ ਸ਼ਿਕਾਇਤਾਂ ਬਾਰੇ ਉਨ੍ਹਾਂ ਨੇ ਖੁਦ ਵੀ ਚੁੱਪੀ ਧਾਰ ਰੱਖੀ ਹੈ।

ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਵੱਲੋਂ ਸ. ਬਾਦਲ ਅਤੇ ਆਮ ਆਦਮੀ ਪਾਰਟੀ ਦੇ ਆਗੂ ਜਰਨੈਲ ਸਿੰਘ ਖਿਲਾਫ਼ ਚੋਣ ਮੈਦਾਨ ਵਿਚ ਉਤਰਨ ਤੋਂ ਬਾਅਦ ਸਥਿਤੀ ਹੋਰ ਉਲਝ ਗਈ ਹੈ। ਕੈਪਟਨ ਦੀ ਆਮਦ ਨਾਲ ਹਲਕੇ ਵਿਚ ਤਿਕੋਣੀ ਅਤੇ ਫਸਵੀਂ ਲੜਾਈ ਹੋ ਗਈ ਹੈ। ਲੰਬੀ ਦੇ ਲੋਕ ਇਸ ਵਾਰ ਤਬਦੀਲੀ ਦੇ ਰੌਂਅ ਵਿਚ ਹਨ। ਹਰ ਪਾਰਟੀ ਦਾ ਸਿਆਸੀ ਕਾਰਕੁਨ ਇਹ ਮੰਨ ਰਿਹਾ ਹੈ ਕਿ ਬਾਦਲਾਂ ਦੇ ਕਾਰਕੁਨਾਂ ਵੱਲੋਂ ਫੰਡਾਂ ਦਾ ਦੁਰਉਪਯੋਗ ਕੀਤਾ ਗਿਆ, ਪੁਲਿਸ ਰਾਹੀਂ ਜ਼ਿਆਦਤੀਆਂ ਕਰਵਾਈਆਂ ਗਈਆਂ ਅਤੇ ਆਮ ਲੋਕਾਂ ਨੂੰ ਜੀ-ਹਜ਼ੂਰੀ ਕਰਨ



ਲਈ ਮਜਬੂਰ ਕੀਤਾ ਗਿਆ।

ਲੋਕਾਂ ਦੀ ਨਫਰਤ ਵਿਚ ਬਦਲ ਚੁੱਕੀ ਨਾਰਾਜ਼ਗੀ ਦੀ ਗੱਲ ਹਰ ਘਰ ਅਤੇ ਸੱਥ ਵਿਚ ਹੋ ਰਹੀ ਹੈ। ਕਾਂਗਰਸ ਅਤੇ 'ਆਪ' ਦੇ ਦਫਤਰਾਂ ਦਾ ਮਾਹੌਲ ਦੇਖਦਿਆਂ ਹੀ ਸਮਝ ਆਉਣਾ ਸ਼ੁਰੂ ਹੋ ਜਾਂਦਾ ਹੈ ਕਿ ਲੰਬੀ ਵਿਚ ਨਵੀਂ ਸਫਬੰਦੀ ਜਨਮ ਲੈ ਰਹੀ ਹੈ। ਦਲਿਤ ਵੋਟਰ 'ਆਪ' ਵੱਲ ਅਤੇ ਅਕਾਲੀ ਦਲ ਤੋਂ ਨਾਰਾਜ਼ ਜੱਟ ਵੋਟਾਂ ਦਾ ਕਾਂਗਰਸ ਵੱਲ ਜਾਣ ਦਾ ਰੁਝਾਨ ਵਧ ਰਿਹਾ ਹੈ। ਕੈਪਟਨ ਦੇ ਆਉਣ ਨਾਲ ਨਾ ਸਿਰਫ ਕਾਂਗਰਸ ਦਾ ਆਪਣਾ ਵੋਟ ਬੈਂਕ ਇੱਕਜੁਟ ਹੋਇਆ ਹੈ ਬਲਕਿ ਮਾਹੌਲ ਤਬਦੀਲ ਕਰਨ ਦੇ ਨਾਂ 'ਤੇ ਅਕਾਲੀ ਦਲ ਦੇ ਨਾਰਾਜ਼ ਗੁੱਟ ਵੀ ਉਨ੍ਹਾਂ ਦੇ ਖੇਮੇ ਵਿਚ ਜਾਣ ਲੱਗੇ ਹਨ। 'ਆਪ' ਦੇ ਇਕ ਆਗੂ ਨੇ ਮੰਨਿਆ ਕਿ ਪਹਿਲਾਂ ਲੜਾਈ ਆਸਾਨ ਸੀ। ਜਰਨੈਲ ਸਿੰਘ ਦੇ ਬਾਹਰੀ ਹੋਣ ਅਤੇ ਗੈਰ-ਜੱਟ ਹੋਣ ਦਾ ਮਾਮਲਾ ਵੀ ਕਿਸੇ ਹੱਦ ਤੱਕ ਅਸਰ ਕਰ ਰਿਹਾ ਹੈ।

## ਸਟਾਰ ਪ੍ਰਚਾਰਕ ਆਪੋ-ਆਪਣੇ ਹਲਕਿਆਂ ਤੱਕ ਹੀ ਸੀਮਤ

**ਚੰਡੀਗੜ੍ਹ:** ਪੰਜਾਬ ਵਿਧਾਨ ਸਭਾ ਚੋਣਾਂ ਦਾ ਅਮਲ ਸ਼ੁਰੂ ਹੋਣ ਤੋਂ ਬਾਅਦ ਸ਼੍ਰੋਮਣੀ ਅਕਾਲੀ ਦਲ ਨੂੰ ਸਮੁੱਚੇ ਵਿਧਾਨ ਸਭਾ ਹਲਕਿਆਂ ਵਿਚ ਵਿਰੋਧੀ ਪਾਰਟੀਆਂ ਵੱਲੋਂ ਮਿਲੀ ਤਕੜੀ ਟੱਕਰ ਕਾਰਨ ਪਾਰਟੀ ਦੇ ਸਟਾਰ ਪ੍ਰਚਾਰਕ ਆਪੋ-ਆਪਣੇ ਵਿਧਾਨ ਸਭਾ ਹਲਕਿਆਂ ਤੱਕ ਹੀ ਸੀਮਤ ਹੋ ਕੇ ਰਹਿ ਗਏ ਹਨ। ਸ਼੍ਰੋਮਣੀ ਅਕਾਲੀ ਦਲ ਵੱਲੋਂ ਲਗਾਤਾਰ ਤੀਜੀ ਵਾਰੀ ਸੱਤਾ ਪ੍ਰਾਪਤੀ ਦਾ ਸੁਪਨਾ ਦੇਖਣ ਲਈ ਭਾਵੇਂ ਟੇਕ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਉਤੇ ਰੱਖੀ ਗਈ ਹੈ, ਪਰ ਚੋਣ ਪ੍ਰਚਾਰ ਦੌਰਾਨ ਵੱਡੇ ਬਾਦਲ ਦੀਆਂ ਗਤੀਵਿਧੀਆਂ ਵਿਚ ਵੀ 'ਉਮਰ ਦਾ ਤਕਾਜ਼ਾ' ਅੜਿੱਕਾ ਬਣਨ ਲੱਗਿਆ ਹੈ। ਪਾਰਟੀ ਦਫਤਰ ਵੱਲੋਂ ਮਿਲੀ ਜਾਣਕਾਰੀ ਮੁਤਾਬਕ ਵੱਡੇ ਬਾਦਲ ਰੋਜ਼ਾਨਾ ਦੋ ਵਿਧਾਨ ਸਭਾ ਹਲਕਿਆਂ ਵਿਚ ਦੋ ਹੀ ਚੋਣ ਜਲਸਿਆਂ ਨੂੰ ਸੰਬੋਧਨ ਕਰਦੇ ਹਨ ਜਦਕਿ ਸੁਖਬੀਰ ਸਿੰਘ ਬਾਦਲ (ਛੋਟੇ ਬਾਦਲ) ਦਿਨ ਵਿਚ 6 ਤੋਂ 8 ਰੈਲੀਆਂ ਨੂੰ ਸੰਬੋਧਨ ਕਰਦੇ ਹਨ। ਚੋਣ ਪ੍ਰਚਾਰ ਲਈ ਇਸ ਵਾਰੀ ਇਕੋ ਹੈਲੀਕਾਪਟਰ ਵਰਤਿਆ ਜਾ ਰਿਹਾ ਹੈ ਜਿਸ ਦੀ ਵਰਤੋਂ ਛੋਟੇ ਬਾਦਲ ਕਰਦੇ ਹਨ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਕਿਰਪਾਲ ਸਿੰਘ ਬਡੂੰਗਰ ਨੇ ਸੁਪਰੀਮ ਕੋਰਟ ਦਾ ਫੈਸਲਾ ਆਉਣ ਤੋਂ ਬਾਅਦ ਆਪਣੇ ਆਪ ਨੂੰ ਪਾਰਟੀ ਦੇ ਪ੍ਰਚਾਰ ਤੋਂ ਪਿਛਾਂਹ ਖਿੱਚ ਲਿਆ ਹੈ।

'ਆਪ' ਨੂੰ ਲਾਹੌਰੀਆਂ ਦੇ ਪਿੰਡਾਂ ਵਿਚ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੇ ਮੁੱਦੇ ਕਰ ਕੇ ਸਰਕਾਰ ਖਿਲਾਫ਼ ਗੁੱਸੇ ਦਾ ਲਾਭ ਵੀ ਮਿਲਦਾ ਦਿਖਾਈ ਦੇ ਰਿਹਾ ਹੈ। ਅਕਾਲੀ ਦਲ ਵੱਲੋਂ ਆਖਰੀ ਮੌਕੇ ਧਨ ਅਤੇ ਬਾਹੂਬਲ ਦੇ ਜ਼ੋਰ ਜਿੱਤ ਹਾਸਲ ਕਰਨ ਦੀ ਸ਼ੰਕਾ ਦੇ ਚੱਲਦਿਆਂ ਕਾਂਗਰਸ ਆਗੂ ਵੀ 'ਆਪ' ਵਾਂਗ ਲੋਕਾਂ ਨੂੰ ਪੈਸਾ ਲੈ ਕੇ ਵੋਟ ਮਰਜ਼ੀ ਅਨੁਸਾਰ ਵੋਟ ਪਾਉਣ ਦੀਆਂ ਅਪੀਲਾਂ ਕਰ ਰਹੇ ਹਨ।

# ਨਸ਼ਿਆਂ ਦੇ ਮੁੱਦੇ ਉਤੇ 'ਆਪ' ਨੇ ਮਜੀਠੀਆ ਘੇਰਿਆ

**ਅੰਮ੍ਰਿਤਸਰ:** ਆਮ ਆਦਮੀ ਪਾਰਟੀ ਦੇ ਉਮੀਦਵਾਰਾਂ ਨੇ ਕੈਬਨਿਟ ਮੰਤਰੀ ਬਿਕਰਮ ਸਿੰਘ ਮਜੀਠੀਆ ਦੀਆਂ ਨਸ਼ਾ ਤਸਕਰ ਸਤਪ੍ਰੀਤ ਸਿੰਘ ਸੱਤਾ ਨਾਲ ਤਸਵੀਰਾਂ ਜਾਰੀ ਕੀਤੀਆਂ ਹਨ। 'ਆਪ' ਆਗੂਆਂ ਦਾ ਦਾਅਵਾ ਹੈ ਕਿ ਸੱਤਾ ਨਸ਼ਿਆਂ ਦੇ ਕਾਰੋਬਾਰ ਨਾਲ ਜੁੜਿਆ ਹੋਇਆ ਹੈ। ਇਹ ਤਸਵੀਰਾਂ 'ਆਪ' ਦੇ ਲੋਕ ਸਭਾ ਹਲਕੇ ਤੋਂ ਜ਼ਿਮਨੀ ਚੋਣ ਵਾਸਤੇ ਉਮੀਦਵਾਰ ਉਪਕਾਰ ਸਿੰਘ ਸੰਧੂ ਅਤੇ ਮਜੀਠਾ ਹਲਕੇ ਤੋਂ ਉਮੀਦਵਾਰ ਹਿੰਮਤ ਸਿੰਘ ਸ਼ੇਰਗਿੱਲ ਨੇ ਜਾਰੀ ਕੀਤੀਆਂ ਹਨ।



ਦੱਸਣਯੋਗ ਹੈ ਕਿ ਉਪਕਾਰ ਸਿੰਘ ਸੰਧੂ ਪਹਿਲਾਂ ਸ਼੍ਰੋਮਣੀ ਅਕਾਲੀ ਦਲ ਦੇ ਜ਼ਿਲ੍ਹਾ ਪ੍ਰਧਾਨ ਸਨ ਤੇ ਉਨ੍ਹਾਂ ਦੇ ਸ੍ਰੀ ਮਜੀਠੀਆ ਨਾਲ ਨੇੜਲੇ ਸਬੰਧ ਸਨ। 'ਆਪ' ਆਗੂ ਸ਼ੇਰਗਿੱਲ ਨੇ ਦਾਅਵਾ ਕੀਤਾ ਕਿ ਕੈਬਨਿਟ ਮੰਤਰੀ ਬਿਕਰਮ ਸਿੰਘ ਮਜੀਠੀਆ ਦੇ ਨਸ਼ਿਆਂ ਦੇ ਕਾਰੋਬਾਰੀਆਂ ਨਾਲ ਨੇੜਲੇ ਸਬੰਧ ਸਾਬਤ ਕਰਨ ਲਈ ਇਹ ਤਸਵੀਰਾਂ ਵੱਡਾ ਸਬੂਤ ਹਨ, ਜਿਸ ਦੇ ਆਧਾਰ 'ਤੇ ਮਜੀਠੀਆ ਖਿਲਾਫ ਅਦਾਲਤੀ ਕਾਰਵਾਈ ਹੋ ਸਕਦੀ ਹੈ। ਉਨ੍ਹਾਂ ਦਾਅਵਾ ਕੀਤਾ ਕਿ ਉਹ ਪਹਿਲਾਂ ਵੀ ਕਈ ਵਾਰ ਆਖ ਚੁੱਕੇ ਹਨ ਕਿ ਮਜੀਠੀਆ ਦੇ ਨਸ਼ਿਆਂ ਦੇ ਕਾਰੋਬਾਰੀਆਂ ਨਾਲ ਸਬੰਧ ਹਨ। ਨਸ਼ਿਆਂ ਦੇ ਕਾਰੋਬਾਰ ਦੇ ਕੇਸ ਵਿਚ ਗ੍ਰਿਫਤਾਰ ਬਿੱਟੂ ਔਲਖ ਵੱਲੋਂ ਈ.ਡੀ. ਸਾਹਮਣੇ ਇਸ ਸਬੰਧੀ ਬਿਆਨ ਦਰਜ ਕਰਾਏ ਜਾ ਚੁੱਕੇ ਹਨ, ਜਿਸ ਵਿਚ ਉਸ ਨੇ ਮਜੀਠੀਆ ਖਿਲਾਫ ਵੀ ਉਂਗਲ ਚੁੱਕੀ ਸੀ। ਉਨ੍ਹਾਂ ਆਖਿਆ ਕਿ ਮਜੀਠੀਆ ਭਾਵੇਂ ਇਨ੍ਹਾਂ ਦੋਸ਼ਾਂ ਤੋਂ ਪੱਲਾ ਝਾੜਦੇ ਰਹੇ ਹਨ, ਪਰ ਇਹ ਤਸਵੀਰਾਂ ਸੱਚ ਸਾਬਤ ਕਰਦੀਆਂ ਹਨ। ਉਨ੍ਹਾਂ ਦੋਸ਼ ਲਾਇਆ ਕਿ ਸਤਪ੍ਰੀਤ ਸਿੰਘ ਸੱਤਾ 2007 ਵਿਚ ਸ੍ਰੀ ਮਜੀਠੀਆ ਦੇ ਚੋਣ ਏਜੰਟ ਵਜੋਂ ਕੰਮ ਕਰਦਾ ਰਿਹਾ ਹੈ ਤੇ ਉਨ੍ਹਾਂ ਦੇ ਘਰ ਰਹਿੰਦਾ ਰਿਹਾ ਹੈ। ਇਸ ਮੌਕੇ ਉਨ੍ਹਾਂ ਈ.ਡੀ. ਦੀ ਰਿਪੋਰਟ ਵੀ ਪੜ੍ਹ ਕੇ ਮੀਡੀਆ ਨੂੰ ਸੁਣਾਈ ਗਈ।


## ਕਿਚਨ ਹੈਲਪਰ ਅਤੇ ਡਿਸ਼ ਵਾਸ਼ਰ ਦੀ ਲੋੜ ਹੈ

ਅਟਲਾਂਟਾ, ਜਾਰਜੀਆ 'ਚ ਵਧੀਆ ਚਲਦੇ ਇੰਡੀਅਨ ਰੈਸਟੋਰੈਂਟ ਲਈ ਤਜ਼ਰਬੇਕਾਰ ਕਿਚਨ ਹੈਲਪਰ ਤੇ ਡਿਸ਼ ਵਾਸ਼ਰ ਦੀ ਫੌਰੀ ਲੋੜ ਹੈ। ਜੋੜੇ ਨੂੰ ਤਰਜੀਹ। ਚੰਗੀ ਤਨਖਾਹ, ਮੁਫਤ ਰਿਹਾਇਸ਼

ਸੰਪਰਕ ਕਰੋ: ਜਸਵੀਰ ਸਿੰਘ ਢੀਂਡਸਾ

ਫੋਨ: 757-240-9348

5-6

**Punjab Times**

**Established in 2000**
**18th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018

**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Editor:**
Amolak Singh Jammu
**Astt. Editors:**
Jaspreet Kaur
Kuljeet Singh

**Our Columnists**
Ashok Bhaura
Tarlochan Singh Dupalpur
Baljit Basi
Major Kular

**California:**
Shiara Dhindsa
Photographer
661-703-6664

**Bay Area**
Charanjit Singh Pannu
408-608-4961

**Sacramento**
Gurbarinder Singh Raja
916-533-2678

**Distributed in:**
California, Illinois, Indiana, Ohio, Michigan, Wisconsin, Missisipi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 100 ਡਾਲਰ**
**ਪੰਜ ਸਾਲ ਲਈ: 450 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਟਰੰਪ ਦੀ ਇਮੀਗ੍ਰੇਸ਼ਨ ਨੀਤੀ ਵਿਰੁਧ ਆਵਾਜ਼ ਬੁਲੰਦ

**ਵਾਸ਼ਿੰਗਟਨ:** ਟਰੰਪ ਦੀ ਇਮੀਗ੍ਰੇਸ਼ਨ ਨੀਤੀ ਖਿਲਾਫ ਆਵਾਜ਼ ਬੁਲੰਦ ਹੋਣੀ ਸ਼ੁਰੂ ਹੋ ਗਈ ਹੈ। ਅਮਰੀਕਾ ਵਿਚ ਮਨੁੱਖੀ ਅਧਿਕਾਰਾਂ ਬਾਰੇ ਸੰਗਠਨਾਂ ਨੇ ਰਾਸ਼ਟਰਪਤੀ ਟਰੰਪ ਦੇ ਫੈਸਲੇ ਨੂੰ ਕਾਨੂੰਨੀ ਚੁਣੌਤੀ ਦਿੰਦਿਆਂ ਮੁਕੱਦਮਾ ਦਾਇਰ ਕੀਤਾ ਹੈ। ਇਸਲਾਮਿਕ ਮੁਲਕਾਂ ਦੇ ਨਾਗਰਿਕਾਂ ਦੇ ਅਮਰੀਕਾ ਵਿਚ ਰਾਹ ਡੱਕੇ ਜਾਣ ਦੇ ਫੈਸਲੇ ਦੀ ਡੈਮੋਕਰੈਟਾਂ, ਕਈ ਜਥੇਬੰਦੀਆਂ ਅਤੇ ਨਾਮਵਰ ਹਸਤੀਆਂ ਨੇ ਤਿੱਖੀ ਆਲੋਚਨਾ ਕੀਤੀ ਹੈ। ਭਾਰਤੀ ਮੂਲ ਦੇ ਅਮਰੀਕੀ ਸੰਸਦ ਮੈਂਬਰ ਮੈਂਬਰਾਂ ਨੇ ਰਾਸ਼ਟਰਪਤੀ ਟਰੰਪ ਦੀ ਇਮੀਗ੍ਰੇਸ਼ਨ ਨੀਤੀ ਦੀ ਅਲੋਚਨਾ ਕੀਤੀ ਹੈ।




ਸੈਨੇਟਰ ਕਮਲਾ ਹੈਰਿਸ ਨੇ ਆਖਿਆ ਕਿ ਟਰੰਪ ਦੀ ਨੀਤੀ ਪਰਿਵਾਰਾਂ ਨੂੰ ਇਕ-ਦੂਜੇ ਤੋਂ ਵੱਖਰਾ ਕਰ ਦੇਵੇਗੀ। ਕਮਲਾ ਹੈਰਿਸ ਅਮਰੀਕਾ ਦੇ ਉਪਰ ਸਦਨ ਵਿਚ ਚੁਣੇ ਜਾਣ ਵਾਲੀ ਭਾਰਤੀ ਮੂਲ ਦੀ ਪਹਿਲੀ ਅਮਰੀਕੀ ਮਹਿਲਾ ਹੈ। ਸੰਯੁਕਤ ਰਾਸ਼ਟਰ ਨੇ ਟਰੰਪ ਨੂੰ ਅਪੀਲ ਕੀਤੀ ਕਿ ਉਹ ਸ਼ਰਨਾਰਥੀਆਂ ਦੇ ਸਵਾਗਤ ਵਾਲੀ ਆਪਣੇ ਦੇਸ਼ ਦੀ ਲੰਮੇ ਸਮੇਂ ਤੋਂ ਚਲੀ ਆ ਰਹੀ ਪਰੰਪਰਾ ਨੂੰ ਜਾਰੀ ਰੱਖਣ। ਨੋਬਲ ਸ਼ਾਂਤੀ ਪੁਰਸਕਾਰ ਹਾਸਲ ਕਰਨ ਵਾਲੀ ਮਲਾਲਾ ਯੂਸਫ਼ਜ਼ਈ ਨੇ ਕਿਹਾ ਕਿ ਸ਼ਰਨਾਰਥੀਆਂ ਬਾਰੇ ਡੋਨਲਡ ਟਰੰਪ ਦੇ ਹੁਕਮਾਂ ਨਾਲ ਉਸ ਨੂੰ ਬੇਹੱਦ ਦੁੱਖ ਪਹੁੰਚਿਆ ਹੈ। ਮਲਾਲਾ ਨੇ ਟਰੰਪ ਨੂੰ ਬੇਨਤੀ ਕੀਤੀ ਹੈ ਕਿ ਉਹ ਦੁਨੀਆ ਦੇ ਸਭ ਤੋਂ ਅਸੁਰੱਖਿਅਤ ਲੋਕਾਂ ਨੂੰ ਇਕੱਲੇ ਨਾ ਛੱਡਣ।

**ਫਰਾਂਸ ਤੇ ਜਰਮਨੀ ਟਰੰਪ ਦੇ ਫੈਸਲਿਆਂ ਤੋਂ ਚਿੰਤਤ:** ਫਰਾਂਸ ਤੇ ਜਰਮਨੀ ਨੇ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਵੱਲੋਂ ਕੀਤੇ ਕਈ ਫੈਸਲਿਆਂ, ਖਾਸਕਰ ਸ਼ਰਨਾਰਥੀਆਂ ਦੇ ਦਾਖਲ ਹੋਣ 'ਤੇ ਪਾਬੰਦੀਆਂ ਲਾਉਣ ਉਤੇ ਚਿੰਤਾ ਜ਼ਾਹਿਰ ਕੀਤੀ ਹੈ। ਫਰਾਂਸ ਦੇ ਵਿਦੇਸ਼ ਮੰਤਰੀ ਜੀਨ-ਮਾਰਕ ਅਈਰੌਤ ਨੇ ਆਪਣੇ ਜਰਮਨੀ ਹਮਰੁਤਬਾ ਸਿਗਮਰ ਗੈਬਰੀਅਲ ਨਾਲ ਮੀਟਿੰਗ ਕਰਨ ਪਿਛੋਂ ਕਿਹਾ ਕਿ ਜੰਗ ਵਾਲੇ ਖੇਤਰਾਂ 'ਚੋਂ ਦੌੜ ਰਹੇ ਸ਼ਰਨਾਰਥੀਆਂ ਦਾ ਸਵਾਗਤ ਕਰਨਾ ਉਨ੍ਹਾਂ ਦਾ ਫਰਜ਼ ਹੈ।

**ਕੈਨੇਡਾ ਨੇ ਪਰਵਾਸੀਆਂ ਲਈ ਦਰ ਖੋਲ੍ਹੇ:** ਟਰੰਪ ਜਿਥੇ ਸ਼ਰਨਾਰਥੀਆਂ ਦੇ ਅਮਰੀਕਾ ਵਿਚ ਦਾਖਲੇ 'ਤੇ ਪਾਬੰਦੀ ਵਾਲੇ ਹੁਕਮਾਂ ਤੋਂ ਬਾਅਦ ਆਲੋਚਨਾ ਖੱਟ ਰਹੇ ਹਨ, ਉਥੇ ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਪਰਵਾਸੀਆਂ ਦਾ ਕੈਨੇਡਾ ਵਿਚ ਸਵਾਗਤ ਕਰ ਕੇ ਵਾਹ-ਵਾਹ ਖੱਟਣ ਵਾਲਾ ਕੰਮ ਕੀਤਾ ਹੈ। ਟਰੂਡੋ ਨੇ ਟਵਿੱਟਰ ਉਤੇ ਸੁਨੇਹੇ ਰਾਹੀਂ ਲਿਖਿਆ ਹੈ- "ਕੈਨੇਡਾ ਦੇ ਲੋਕ ਅੱਤਿਆਚਾਰ, ਦਹਿਸ਼ਤਗਰਦੀ ਤੇ ਯੁੱਧ ਤੋਂ ਪੀੜਤ ਪਰਵਾਸੀਆਂ ਦਾ ਸਵਾਗਤ ਕਰਨਗੇ। ਵੰਨ-ਸੁਵੰਨਤਾ ਸਾਡੇ ਦੇਸ਼ ਦੀ ਤਾਕਤ ਹੈ, ਅਸੀਂ ਤੁਹਾਡਾ ਸਵਾਗਤ ਕਰਦੇ ਹਾਂ।"

## ਤਿੰਨ ਪੱਤਰਕਾਰਾਂ ਨੂੰ ਕੈਦ ਤੇ ਜੁਰਮਾਨਾ

**ਸੰਗਰੂਰ:** ਅਦਾਲਤ ਨੇ ਤਿੰਨ ਪੱਤਰਕਾਰਾਂ ਨੂੰ ਚਾਰ-ਚਾਰ ਸਾਲ ਦੀ ਕੈਦ ਤੇ ਇਕੀ-ਇਕੀ ਹਜ਼ਾਰ ਰੁਪਏ ਜੁਰਮਾਨਾ ਕੀਤਾ ਹੈ। ਪੁਲਿਸ ਕੇਸ ਅਨੁਸਾਰ ਸੰਦੀਪ ਕੁਮਾਰ ਮਟਕਨ ਵੱਲੋਂ ਥਾਣਾ ਸਿਟੀ ਮਾਲੇਰਕੋਟਲਾ 'ਚ ਬਿਆਨ ਦਰਜ ਕਰਾਇਆ ਸੀ ਕਿ ਉਸ ਦੇ ਪਿਤਾ ਹਰਮੇਸ਼ ਕੁਮਾਰ ਮਟਕਨ ਮਾਲੇਰਕੋਟਲਾ ਦੇ ਐਸ.ਐਸ. ਜੈਨ ਸੀਨੀਅਰ ਸੈਕੰਡਰੀ ਸਕੂਲ ਦੇ ਪ੍ਰੀਖਿਆ ਕੇਂਦਰ 'ਚ ਬਤੌਰ ਸੁਪਰਡੈਂਟ ਡਿਊਟੀ ਦੇ ਰਹੇ ਸਨ। ਇਸ ਦੌਰਾਨ ਉੱਡਣ ਦਸਤੇ ਵੱਲੋਂ ਚੈਕਿੰਗ ਕੀਤੀ ਗਈ।

ਚੈਕਿੰਗ ਬਾਅਦ ਪੱਤਰਕਾਰ ਪ੍ਰਦੀਪ ਕੁਮਾਰ ਸਿੰਗਲਾ, ਸੁੱਖਾ ਖਾਂ ਅਤੇ ਅਸ਼ੋਕ ਕੁਮਾਰ ਜੋਸ਼ੀ ਉਸ ਦੇ ਪਿਤਾ ਨੂੰ ਫੋਨ ਕਰ ਕੇ ਦੋਸ਼ ਲਗਾ ਰਹੇ ਸਨ ਕਿ ਉਸ ਵੱਲੋਂ ਇਕ ਅਧਿਆਪਕ ਨੂੰ ਬਗੈਰ ਡਿਊਟੀ ਦੇ ਪ੍ਰੀਖਿਆ ਕੇਂਦਰ ਵਿਚ ਤਾਇਨਾਤ ਕੀਤਾ ਹੈ। ਪੱਤਰਕਾਰ ਉਸ ਦੇ ਪਿਤਾ ਨੂੰ ਚਾਰ ਦਿਨ ਫੋਨ ਕਰ ਕੇ ਡਰਾਉਂਦੇ ਧਮਕਾਉਂਦੇ ਰਹੇ, ਜਿਸ ਤੋਂ ਤੰਗ ਆ ਕੇ ਉਸ ਦੇ ਪਿਤਾ ਨੇ 24 ਸਤੰਬਰ, 2010 ਨੂੰ ਜ਼ਹਿਰੀਲੀ ਦਵਾਈ ਨਿਗਲ ਕੇ ਖੁਦਕੁਸ਼ੀ ਕਰ ਲਈ ਸੀ। ਪੁਲਿਸ ਵੱਲੋਂ 26 ਸਤੰਬਰ 2010 ਨੂੰ ਆਈ.ਪੀ.ਸੀ. ਦੀ ਧਾਰਾ 306 ਤਹਿਤ ਕੇਸ ਦਰਜ ਕੀਤਾ ਸੀ। ਅਦਾਲਤ ਨੇ ਹੁਣ ਤਿੰਨੇ ਪੱਤਰਕਾਰਾਂ ਨੂੰ ਇਹ ਸਜ਼ਾ ਸੁਣਾਈ ਹੈ। ਇਨ੍ਹਾਂ ਵਿਚੋਂ ਦੋ ਪੱਤਰਕਾਰ ਇਲੈਕਟ੍ਰਾਨਿਕ ਮੀਡੀਆ ਤੇ ਇਕ ਪ੍ਰਿੰਟ ਮੀਡੀਆ ਨਾਲ ਸਬੰਧਤ ਸੀ।

# ਟਰੰਪ ਨੇ ਪਰਵਾਸੀਆਂ ਦਾ ਰਾਹ ਡੱਕਿਆ

*(ਸਫਾ ਇਕ ਦੀ ਬਾਕੀ)*

ਸ਼ਰਨਾਰਥੀਆਂ ਦੇ ਆਉਣ 'ਤੇ ਰੋਕ ਲੱਗੀ ਰਹੇਗੀ। ਉਨ੍ਹਾਂ ਅਮਰੀਕਾ ਆਉਣ ਵਾਲੇ ਪਰਵਾਸੀਆਂ ਦੀ ਸਖਤ ਜਾਂਚ ਦੇ ਹੁਕਮਾਂ 'ਤੇ ਵੀ ਦਸਤਖਤ ਕੀਤੇ ਹਨ। ਦੱਸਣਯੋਗ ਹੈ ਕਿ ਬੀਤੇ ਵਰ੍ਹੇ ਓਬਾਮਾ ਪ੍ਰਸ਼ਾਸਨ ਨੇ 10,000 ਸੀਰੀਆਈ ਸ਼ਰਨਾਰਥੀਆਂ ਨੂੰ ਅਮਰੀਕਾ ਆਉਣ ਦਿੱਤਾ ਸੀ।

ਅਮਰੀਕਾ ਦੇ ਗੁਆਂਢੀ ਮੁਲਕ ਕੈਨੇਡਾ ਨੇ 35,000 ਸੀਰੀਆਈ ਲੋਕਾਂ ਨੂੰ ਸ਼ਰਨ ਦਿੱਤੀ ਸੀ ਜਿਸ ਦੀ ਆਬਾਦੀ ਅਮਰੀਕਾ ਤੋਂ ਤਕਰੀਬਨ ਨੌਂ ਗੁਣਾ ਘੱਟ ਹੈ। ਡੋਨਲਡ ਟਰੰਪ ਨੇ ਚੋਣਾਂ ਮੌਕੇ ਅਜਿਹਾ ਸੁਝਾਅ ਦਿੱਤਾ ਸੀ ਕਿ ਮੁਸਲਮਾਨਾਂ ਦੇ ਅਮਰੀਕਾ ਆਉਣ 'ਤੇ ਉਦੋਂ ਤੱਕ ਪੂਰੀ ਤਰ੍ਹਾਂ ਰੋਕ ਲੱਗਣੀ ਚਾਹੀਦੀ ਹੈ ਜਦ ਤੱਕ ਇਹ ਪਤਾ ਨਹੀਂ ਲੱਗ ਜਾਂਦਾ ਕਿ ਅਸਲ 'ਚ ਹੋ ਕੀ ਰਿਹਾ ਹੈ। ਉਨ੍ਹਾਂ ਵਾਅਦਾ ਕੀਤਾ ਸੀ ਕਿ ਉਹ ਫੈਸਲਾਕੁਨ ਨਤੀਜੇ ਦੇਣ ਵਾਲੇ ਕੰਮ ਕਰਨਗੇ। ਰਾਸ਼ਟਰਪਤੀ ਬਣਦਿਆਂ ਹੀ ਉਨ੍ਹਾਂ ਪਹਿਲੇ ਰਾਸ਼ਟਰਪਤੀ ਬਰਾਕ ਓਬਾਮਾ ਦੀਆਂ ਕਈ ਨੀਤੀਆਂ ਰੱਦ ਕਰ ਦਿੱਤੀਆਂ। ਓਬਾਮਾ ਨੇ ਆਪਣੇ ਪ੍ਰਸ਼ਾਸਨ ਸਮੇਂ ਕੁਝ ਅਜਿਹੀਆਂ ਯੋਜਨਾਵਾਂ ਬਣਾਈਆਂ ਸਨ ਜਿਨ੍ਹਾਂ ਦਾ ਸਿੱਧਾ ਸਬੰਧ ਆਮ ਨਾਗਰਿਕਾਂ ਨਾਲ ਸੀ।

ਇਸ ਦੇ ਨਾਲ ਹੀ ਭਾਰਤ ਲਈ ਫਿਕਰਮੰਦੀ ਵਾਲੀ ਗੱਲ ਇਹ ਹੈ ਕਿ ਜਿਹੜੀਆਂ ਅਮਰੀਕੀ ਕੰਪਨੀਆਂ ਵਿਦੇਸ਼ਾਂ ਨਾਲ ਕੀਤੇ ਸਮਝੌਤਿਆਂ ਅਧੀਨ ਬਾਹਰੋਂ ਕਾਮੇ ਮੰਗਵਾਉਂਦੀਆਂ ਹਨ, ਉਨ੍ਹਾਂ 'ਤੇ ਟਰੰਪ ਇਸ ਲਈ ਨਕੇਲ ਕੱਸਣ ਦੀ ਤਿਆਰੀ ਵਿਚ ਹਨ, ਕਿਉਂਕਿ ਉਹ ਨੌਕਰੀਆਂ ਦੇ ਸਵਾਲ ਉਤੇ ਆਪਣੇ ਮੁਲਕ ਵਾਸੀਆਂ ਨੂੰ ਤਰਜੀਹ ਦੇਣੀ ਚਾਹੁੰਦੇ ਹਨ।

### ਪਾਕਿਸਤਾਨ ਦਾ ਵੀ ਆ ਸਕਦੈ ਨੰਬਰ

**ਵਾਸ਼ਿੰਗਟਨ:** ਵ੍ਹਾਈਟ ਹਾਊਸ ਨੇ ਸੰਕੇਤ ਦਿੱਤਾ ਕਿ ਭਵਿੱਖ ਵਿਚ ਪਾਕਿਸਤਾਨ ਦਾ ਨਾਂ ਉਨ੍ਹਾਂ ਮੁਲਕਾਂ ਦੀ ਸੂਚੀ ਵਿਚ ਸ਼ਾਮਲ ਕੀਤਾ ਜਾ ਸਕਦਾ ਹੈ, ਜਿਥੋਂ ਦੇ ਨਾਗਰਿਕਾਂ ਦੇ ਅਮਰੀਕਾ ਆਉਣ ਉਤੇ ਪਾਬੰਦੀ ਲਾਈ ਗਈ ਹੈ। ਪਾਕਿਸਤਾਨ ਦਾ ਨਾਂ ਇਨ੍ਹਾਂ ਦੇਸ਼ਾਂ ਦੀ ਸੂਚੀ 'ਚ ਰੱਖਣ ਉਤੇ ਵਿਚਾਰ ਕੀਤਾ ਜਾ ਰਿਹਾ ਹੈ। ਵ੍ਹਾਈਟ ਹਾਊਸ ਦੇ ਚੀਫ ਆਫ ਸਟਾਫ ਰੇਂਸ ਪ੍ਰਿਬਸ ਨੇ ਸੰਕੇਤ ਦਿੰਦਿਆਂ ਕਿਹਾ ਹੈ ਕਿ ਭਵਿੱਖ 'ਚ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਪਾਕਿਸਤਾਨ ਨੂੰ ਵੀ ਪਾਬੰਦੀ ਵਾਲੀ ਸੂਚੀ ਵਿਚ ਪਾ ਸਕਦੇ ਹਨ।

# ਬਰਫ ਦੇ ਤੋਦਿਆਂ ਕਾਰਨ 20 ਜਵਾਨਾਂ ਦੀ ਮੌਤ

**ਸ੍ਰੀਨਗਰ:** ਕਸ਼ਮੀਰ ਵਿਚ ਬਰਫ ਦੇ ਤੋਦਿਆਂ ਕਾਰਨ ਮਰਨ ਵਾਲੇ ਸੈਨਿਕਾਂ ਦੀ ਗਿਣਤੀ 20 ਹੋ ਗਈ ਹੈ। ਥਲ ਸੈਨਾ ਦੇ ਇਕ ਅਧਿਕਾਰੀ ਨੇ ਕਿਹਾ ਕਿ ਖਰਾਬ ਮੌਸਮ ਦੇ ਬਾਵਜੂਦ ਫੌਜ ਦੇ ਪਾਇਲਟਾਂ ਨੇ ਜ਼ਖਮੀ ਪੰਜ ਸੈਨਿਕਾਂ ਨੂੰ ਇਲਾਜ ਲਈ ਜਹਾਜ਼ ਰਾਹੀਂ ਮਛੀਲ ਤੋਂ ਸ੍ਰੀਨਗਰ ਲਿਆਂਦਾ, ਪਰ ਇਨ੍ਹਾਂ ਸਾਰੇ ਬਹਾਦਰ ਜਵਾਨਾਂ ਨੂੰ ਬਚਾਇਆ ਨਹੀਂ ਜਾ ਸਕਿਆ। ਇਹ ਪੰਜ ਸੈਨਿਕ ਮਛੀਲ ਵਿਚ ਇਕ ਸਰਹੱਦੀ ਚੌਕੀ ਉਤੇ ਬਰਫ ਹੇਠ ਫਸ ਗਏ ਸਨ, ਪਰ ਉਨ੍ਹਾਂ ਨੂੰ ਰਾਹਤ ਟੀਮਾਂ ਨੇ ਕੱਢ ਲਿਆ ਸੀ।

ਜ਼ਿਕਰਯੋਗ ਹੈ ਕਿ ਪਿਛਲੇ ਕਸ਼ਮੀਰ ਵਿਚ ਬਰਫ ਦੇ ਤੋਦਿਆਂ ਕਾਰਨ ਇਕ ਅਫਸਰ ਸਮੇਤ 20 ਸੈਨਿਕ ਮਾਰੇ ਜਾ ਚੁੱਕੇ ਹਨ। ਇਸ ਕਾਰਨ ਪੰਜ ਨਾਗਰਿਕਾਂ ਨੂੰ ਵੀ ਜਾਨ ਗਵਾਉਣੀ ਪਈ। ਵਾਦੀ ਵਿਚ ਪਿਛਲੇ ਹਫਤੇ ਭਾਰੀ ਬਰਫਬਾਰੀ ਹੋਈ, ਜਿਸ ਕਾਰਨ ਸੈਨਿਕਾਂ ਨੂੰ ਛੇਤੀ ਸ੍ਰੀਨਗਰ ਨਹੀਂ ਲਿਆਂਦਾ ਜਾ ਸਕਿਆ। ਯਾਦ ਰਹੇ ਕਿ ਇਸ ਵਾਰ ਭਾਰਤ ਵਿਚ ਹੀ ਨਹੀਂ, ਸੰਸਾਰ ਭਰ ਵਿਚ ਬਰਫਬਾਰੀ ਆਮ ਨਾਲੋਂ ਕਿਤੇ ਵੱਧ ਹੋਈ ਹੈ। ਪਹਾੜੀ ਖੇਤਰਾਂ ਵਿਚ ਠੰਢ ਖੂਬ ਵਧੀ ਹੈ ਅਤੇ ਮੈਦਾਨੀ ਇਲਾਕੇ ਵੀ ਠੰਢ ਦੀ ਮਾਰ ਹੇਠ ਆਏ ਹੋਏ ਹਨ। ਕਈ ਥਾਂਈਂ ਠੰਢ ਦੇ ਰਿਕਾਰਡ ਤੱਕ ਟੁੱਟ ਗਏ ਹਨ।

# ਆਮ ਆਦਮੀ ਪਾਰਟੀ ਨੂੰ ਰਾਸ ਆਇਆ ਪੰਥਕ ਏਜੰਡਾ

*(ਸਫਾ ਇਕ ਦੀ ਬਾਕੀ)*

ਗੁੱਸੇ ਦਾ ਸ਼ਿਕਾਰ ਹੋਏ ਭਾਈ ਬਲਬੀਰ ਸਿੰਘ ਅਰਦਾਸੀਆ 'ਆਪ' ਵਿਚ ਸ਼ਾਮਲ ਹੋ ਗਏ। ਯਾਦ ਰਹੇ, ਪਾਰਟੀ ਨੇ ਚੋਣਾਂ ਦੇ ਐਲਾਨ ਤੋਂ ਪਹਿਲਾਂ ਪੰਥਕ ਜਥੇਬੰਦੀਆਂ ਦੀ ਹਮਾਇਤ ਲੈਣ ਲਈ ਇਨ੍ਹਾਂ ਆਗੂਆਂ ਨਾਲ ਮੀਟਿੰਗਾਂ ਦਾ ਸਿਲਸਲਾ ਸ਼ੁਰੂ ਕੀਤਾ ਸੀ। ਸਰਬੱਤ ਖਾਲਸਾ ਵੱਲੋਂ ਥਾਪੇ ਜਥੇਦਾਰਾਂ ਨਾਲ ਵੀ ਪਾਰਟੀ ਕਨਵੀਨਰ ਅਰਵਿੰਦ ਕੇਜਰੀਵਾਲ ਨੇ ਕਈ ਮੀਟਿੰਗਾਂ ਕੀਤੀਆਂ, ਪਰ ਗੱਲ ਨਹੀਂ ਸੀ ਬਣੀ। ਹੁਣ ਇਨ੍ਹਾਂ ਵਿਚੋਂ ਬਹੁਤੇ ਆਗੂ 'ਆਪ' ਦੇ ਨੇੜੇ ਲੱਗ ਰਹੇ ਹਨ।

ਪੰਥਕ ਏਜੰਡਿਆਂ ਤੋਂ ਕੋਰੀ ਮੰਨੀ ਜਾਣ ਵਾਲੀ 'ਆਪ' ਨੇ ਪੰਜਾਬ ਚੋਣਾਂ ਦਾ ਮੁੱਖ ਮੁੱਦਾ ਪੰਜਾਬ ਵਾਸੀਆਂ ਦੀਆਂ ਧਾਰਮਿਕ ਭਾਵਨਾਵਾਂ ਉਤੇ ਹੀ ਕੇਂਦਰਿਤ ਕੀਤਾ ਸੀ। ਪਾਰਟੀ ਨੇ ਪਿਛਲੇ ਸਮੇਂ ਦੌਰਾਨ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੇ ਮੁੱਦੇ ਨੂੰ ਜ਼ੋਰ-ਸ਼ੋਰ ਨਾਲ ਚੁੱਕਿਆ। ਪਾਰਟੀ ਦੇ ਕਨਵੀਨਰ ਅਰਵਿੰਦ ਕੇਜਰੀਵਾਲ ਨੇ ਇਸ ਸਬੰਧੀ ਇਕ ਮੋਬਾਈਲ ਸੁਨੇਹਾ ਵੀ ਰਿਕਾਰਡ ਕਰਵਾਇਆ। ਇਸ ਤਹਿਤ ਪੰਜਾਬ ਦੇ ਲੋਕਾਂ ਨੂੰ ਇਕ ਨੰਬਰ ਤੋਂ ਫੋਨ ਆਉਂਦਾ ਹੈ, ਫੋਨ ਚੁੱਕਣ 'ਤੇ ਅਰਵਿੰਦ ਕੇਜਰੀਵਾਲ 'ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਿਹ' ਬੁਲਾਉਂਦੇ ਹਨ ਅਤੇ ਇਸ ਤੋਂ ਬਾਅਦ ਉਹ ਪੂਰੀ ਗੱਲ ਪੰਜਾਬੀ ਵਿਚ ਹੀ ਕਰਦੇ ਹਨ। ਇਹ ਗੱਲਬਾਤ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਸਮੇਤ ਸਾਰੇ ਧਰਮ ਗ੍ਰੰਥਾਂ 'ਤੇ ਆਧਾਰਤ ਹੈ।

'ਆਪ' ਦੇ ਹੋਰ ਏਜੰਡੇ ਕਿਸਾਨਾਂ ਦੀਆਂ ਖੁਦਕੁਸ਼ੀਆਂ, ਸਿਹਤ ਤੇ ਸਿਖਿਆ, ਪੈਨਸ਼ਨਾਂ ਅਤੇ ਭ੍ਰਿਸ਼ਟਾਚਾਰ ਵੀ ਧਾਰਮਿਕ ਏਜੰਡੇ ਥੱਲੇ ਦਬ ਗਏ ਨਜ਼ਰ ਆ ਰਹੇ ਹਨ। ਆਪ ਦੀਆਂ ਰੈਲੀਆਂ ਦਾ ਇਕੱਠ ਅਤੇ ਹਮਾਇਤੀਆਂ ਦੇ ਚਿਹਰਿਆਂ ਵਿਚ ਵੀ ਬਹੁਗਿਣਤੀ ਸਿੱਖ ਨਜ਼ਰ ਆਉਂਦੇ ਹਨ।

ਦੱਸਣਯੋਗ ਹੈ ਕਿ ਡੇਰਾ ਸਿਰਸਾ ਮੁਖੀ ਨੂੰ ਅਕਾਲ ਤਖਤ ਵੱਲੋਂ ਮੁਆਫੀ ਦਿਵਾਉਣ, ਪੰਜਾਬ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੀਆਂ ਵਾਪਰੀਆਂ ਘਟਨਾਵਾਂ ਕਾਰਨ ਸਿੱਖਾਂ ਵਿਚ ਪੰਜਾਬ ਸਰਕਾਰ ਪ੍ਰਤੀ ਰੋਹ ਅਤੇ ਰੋਸ ਹੈ। ਬੇਅਦਬੀ ਦੇ ਦੋਸ਼ੀਆਂ ਨੂੰ ਕਾਬੂ ਨਾ ਕਰਨ ਉਤੇ ਅਕਾਲੀ ਆਗੂਆਂ ਦਾ ਥਾਂ-ਥਾਂ ਵਿਰੋਧ ਹੋ ਰਿਹਾ ਹੈ। 'ਆਪ' ਨੇ ਮੌਕਾ ਸਾਂਭਦਿਆਂ ਇਸ ਮੁੱਦੇ ਨੂੰ ਅਕਾਲੀਆਂ ਖਿਲਾਫ ਖੁੱਲ੍ਹ ਕੇ ਵਰਤਿਆ। ਦਰਅਸਲ, ਪੰਜਾਬੀਆਂ ਨੂੰ ਇਸ ਨਵੀਂ ਪਾਰਟੀ ਤੋਂ ਵੱਡੀਆਂ ਆਸਾਂ ਹਨ। ਲੋਕ ਸਭਾ ਚੋਣਾਂ ਵਿਚ ਪੂਰੇ ਦੇਸ਼ ਵਿਚੋਂ ਸਿਰਫ ਪੰਜਾਬ ਵਿਚ ਹੀ 'ਆਪ' ਨੂੰ ਚਾਰ ਸੀਟਾਂ ਮਿਲੀਆਂ ਸਨ। ਇਸ ਵਿਚ ਪਰਵਾਸੀ ਭਾਈਚਾਰੇ ਨੇ ਵੱਡੀ ਭੂਮਿਕਾ ਨਿਭਾਈ ਸੀ।

ਸਿਆਸੀ ਮਾਹਰਾਂ ਦਾ ਕਹਿਣਾ ਹੈ ਕਿ ਵਿਧਾਨ ਸਭਾ ਚੋਣਾਂ ਵਿਚ ਇਸ ਵਾਰ ਇਹ ਨਵੀਂ ਪਾਰਟੀ ਸਭ ਤੋਂ ਵੱਧ ਸਿੱਖ ਵੋਟ ਨੂੰ ਪ੍ਰਭਾਵਿਤ ਕਰਨ ਵਿਚ ਸਫਲ ਰਹੀ ਹੈ। ਇਹ ਪਹਿਲੀ ਵਾਰ ਨਹੀਂ ਜਦੋਂ 'ਆਪ' ਨੇ ਸਿੱਖ ਵੋਟ 'ਤੇ ਟੇਕ ਰੱਖੀ ਹੈ। ਦਿੱਲੀ ਅਤੇ ਲੋਕ ਸਭਾ ਚੋਣਾਂ ਵੇਲੇ ਵੀ ਪਾਰਟੀ ਨੇ ਖੁੱਲ੍ਹ ਕੇ ਸਿੱਖਾਂ ਨਾਲ ਜੁੜੇ ਮੁੱਦੇ ਉਠਾਏ ਸਨ। ਜ਼ਿਕਰਯੋਗ ਹੈ ਕਿ 1984 ਦੇ ਸਿੱਖ ਕਤਲੇਆਮ ਦੇ ਪੀੜਤਾਂ ਨੂੰ ਇਨਸਾਫ ਦਿਵਾਉਣ ਲਈ ਬਾਕਾਇਦਾ ਐਲਾਨ ਕੀਤੇ ਗਏ ਸਨ। ਪੀੜਤਾਂ ਨੂੰ ਮੁਆਵਜ਼ਾ ਵੰਡਣ ਵਿਚ ਵੀ 'ਆਪ' ਨੇ ਪਹਿਲ ਕੀਤੀ ਸੀ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਵਰਿੰਦਰ ਕੌਰ ਗਿੱਲ
ਪ੍ਰੋ. ਜੋਗਿੰਦਰ ਸਿੰਘ ਰਮਦੇਵ
ਸਵਰਨਜੀਤ ਸਿੰਘ ਢਿਲੋਂ
ਅਮੋਲਕ ਸਿੰਘ ਗਾਖਲ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਉਲ
ਡਾ. ਗੁਰਦਿਆਲ ਸਿੰਘ ਬਸਰਾਨ
ਬਲਵਿੰਦਰ ਸਿੰਘ ਸੰਧੂ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਜਸਵਿੰਦਰ ਸਿੰਘ (ਜੱਸੀ) ਗਿੱਲ
ਡਾ. ਹਰਗੁਰਮੁਖਪਾਲ ਸਿੰਘ
ਅਯੁਧਿਆ ਸਲਵਾਨ
ਡਾ. ਤੇਜਿੰਦਰ ਸਿੰਘ ਮੰਡੇਰ
ਜਗਦੀਸ਼ਰ ਸਿੰਘ ਕਲੇਰ
ਰਘਬੀਰ ਸਿੰਘ ਘੁੰਨ
ਦਰਸ਼ਨ ਸਿੰਘ ਦਰੜ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ

**Reliable and Experienced Real Estate Professional**

ਘਰ ਅਤੇ ਹੋਰ ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ

ਗੁਰਬੰਸ ਸਿੰਘ ਗਿੱਲ, ਫੋਨ: 209-815-1869

*Bay Area *Tracy *Manteca * Lathrop * Weston Ranch *Stockton *Lodi *Elk Grove *Sacramento *Modesto *Turlock *Brentwood *Antioch *Oakley *Discovery Bay *Mountainhouse

ਮਾਊਂਟਨਹਾਊਸ, ਟਰੇਸੀ, ਮਨਟੀਕਾ, ਲੈਥਰੂਪ ਵਿਚ ਨਵਾਂ/ਪੁਰਾਣਾ ਘਰ ਲੈਣਾ ਜਾਂ ਵੇਚਣਾ ਹੋਵੇ ਤਾਂ ਜ਼ਰੂਰ ਸੰਪਰਕ ਕਰੋ

ਲੋਨ ਦਾ ਪ੍ਰਬੰਧ ਕਰਨ ਵਿਚ ਵੀ ਤੁਹਾਡੀ ਮਦਦ ਕਰ ਸਕਦੇ ਹਾਂ

Rent 'ਤੇ ਘਰ ਲੈਣਾ ਹੋਵੇ ਜਾਂ ਦੇਣਾ ਹੋਵੇ



Gurbans Singh Gill
Realtor
BRE#01227109

COLDWELL BANKER VALLEY CENTRAL

EQUAL HOUSING OPPORTUNITY

REALTOR®

**Gurbans Gill**
**Office 209-835-4545**
**Direct 209-815-1869**

18 Years Experiance in Real Estate
e-mail: gurbans@gotracy.com
Fax: 209-836-0706
www.gotracy.com

1486 W 11th Street, Tracy, CA 95376


# ਮੋਦੀ ਵੱਲੋਂ ਕੇਜਰੀਵਾਲ ਨੂੰ ਪੰਜਾਬ ਦੀ ਥਾਂ ਦਿੱਲੀ ਸੰਭਾਲਣ ਦੀ ਸਲਾਹ

**ਕੋਟਕਪੂਰਾ**: ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਕਿਹਾ ਹੈ ਕਿ ਪੰਜਾਬ ਦੇ ਸੂਝਵਾਨ ਵੋਟਰ ਚਾਰ ਫਰਵਰੀ ਨੂੰ ਇਕੱਲੇ ਸੂਬੇ ਦਾ ਨਹੀਂ, ਸਗੋਂ ਪੂਰੇ ਦੇਸ਼ ਦਾ ਭਵਿੱਖ ਤੈਅ ਕਰਨਗੇ। ਆਮ ਆਦਮੀ ਪਾਰਟੀ (ਆਪ) ਅਤੇ ਕਾਂਗਰਸ ਦੀ ਆਲੋਚਨਾ ਕਰਦਿਆਂ ਉਨ੍ਹਾਂ ਕਿਹਾ ਕਿ ਜੇ ਪੰਜਾਬ ਵਿਚ ਬਾਹਰੀ ਤੇ ਆਰਾਮ ਪਸੰਦ ਲੋਕਾਂ ਦੀ ਸਰਕਾਰ ਬਣਦੀ ਹੈ ਤਾਂ ਸਰਹੱਦ ਉਤੇ ਪੈਂਦੇ ਇਸ ਸੂਬੇ ਦੀ ਸਥਿਤੀ ਦਾ ਲਾਹਾ ਲੈ ਕੇ ਪਾਕਿਸਤਾਨ, ਭਾਰਤ ਨੂੰ ਨੁਕਸਾਨ ਪਹੁੰਚਾ ਸਕਦਾ ਹੈ। ਦੇਸ਼ ਹਿੱਤ ਲਈ ਪੰਜਾਬ ਵਿਚ ਅਜਿਹੀ ਸਰਕਾਰ ਬਣਨੀ ਚਾਹੀਦੀ ਹੈ, ਜੋ ਦੇਸ਼ ਦੀ ਸੁਰੱਖਿਆ ਦੀ ਗਾਰੰਟੀ ਦੇਵੇ।

ਨਵੀਂ ਅਨਾਜ ਮੰਡੀ ਕੋਟਕਪੂਰਾ ਵਿਚ ਚੋਣ ਰੈਲੀ ਦੌਰਾਨ ਸ੍ਰੀ ਮੋਦੀ ਨੇ ਆਖਿਆ ਕਿ ਪੰਜਾਬ ਦਾ ਇਤਿਹਾਸ ਗਵਾਹ ਹੈ ਕਿ ਇਥੇ ਪਹਿਲਾਂ ਜਿੰਨੇ ਵੀ ਮੁੱਖ ਮੰਤਰੀ ਰਹੇ, ਉਹ ਦਸਤਾਰਧਾਰੀ ਸਨ, ਪਰ ਕੇਜਰੀਵਾਲ ਟੋਪੀ ਵਾਲਾ ਹੈ। ਉਨ੍ਹਾਂ ਕਿਹਾ ਕਿ ਕੁਝ ਸਿਆਸੀ ਪਾਰਟੀਆਂ ਆਪਣੇ ਹਿੱਤਾਂ ਲਈ ਪੰਜਾਬ ਦੇ ਨੌਜਵਾਨਾਂ ਨੂੰ ਨਸ਼ੇੜੀ ਕਹਿ ਕੇ ਬਦਨਾਮ ਕਰ ਰਹੀਆਂ ਹਨ। ਪੰਜਾਬ ਵਿਚ ਅਤਿਵਾਦ ਦੇ ਕਾਲੇ ਦੌਰ ਦਾ ਜ਼ਿਕਰ ਕਰਦਿਆਂ ਉਨ੍ਹਾਂ ਆਖਿਆ ਕਿ ਉਸ ਵੇਲੇ ਵੀ ਕਾਂਗਰਸ ਨੇ ਪੰਜਾਬੀ ਨੌਜਵਾਨਾਂ ਨੂੰ ਅਤਿਵਾਦੀ ਕਹਿ ਕੇ ਬਦਨਾਮ ਕੀਤਾ ਸੀ।

ਸੀ ਮੋਦੀ ਨੇ ਕਿਹਾ ਕਿ ਦਸ ਸਾਲ ਤੱਕ ਕੇਂਦਰ ਵਿਚ ਕਾਂਗਰਸ ਸਰਕਾਰ ਰਹੀ ਅਤੇ ਇਕ ਸਿੱਖ ਪ੍ਰਧਾਨ ਮੰਤਰੀ ਸੀ, ਪਰ ਜਦੋਂ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਸੂਬੇ ਦੇ ਕੰਮਾਂ ਲਈ ਕੇਂਦਰ ਕੋਲ ਜਾਂਦੇ ਤਾਂ ਕੰਮਾਂ ਵਿਚ ਅੜਿੱਕਾ ਖੜ੍ਹਾ ਕੀਤਾ ਜਾਂਦਾ ਸੀ। ਐਨ.ਡੀ.ਏ. ਸਰਕਾਰ ਨੇ ਆਉਂਦਿਆਂ ਹੀ ਪੰਜਾਬ ਦੇ ਸਾਰੇ ਪੁਰਾਣੇ ਮਸਲੇ ਹੱਲ ਕਰ ਦਿੱਤੇ ਹਨ ਤੇ ਕੇਂਦਰ ਸਰਕਾਰ ਕਿਸਾਨਾਂ ਦੀ ਆਮਦਨ ਦੁੱਗਣੀ ਕਰਨ ਲਈ ਯਤਨਸ਼ੀਲ ਹੈ।


**ਕਿਸੇ ਵੀ ਉਮਰ ਵਿਚ ਕਿਸੇ ਵੀ ਬਿਮਾਰੀ ਦਾ ਇਲਾਜ ਕਰਵਾਉਂਦੇ ਜੇ ਥੱਕ ਗਏ ਹੋ ਤਾਂ ਕਾਲ ਕਰੋ**

ਫੋਨ (408) 687-1899

**Gurdip Singh Sandhu**
Homeopathic Practitioner/Consultant Since 1973
DHMS-Gold Medalist, BAMS, MDEh.- India

**Well Experienced as:**
Director, Principal, Professor and Chief Medical Officer in Medical Colleges and Hospitals of Punjab (India)
Practice Under State of California Act SB 577
**EX Member:** The California Homeopathic Society
National Center For Homeopathy- USA



*Gurdip Singh Sandhu*

**7021 Village Park Way, Dublin, CA 94568**

Email:
Homeomedicine@yahoo.com



**Satwant Singh Insurance Services**

*We serve all over California*

**Auto, Home, Life, Business, Workers Comp.**

*See how much you can save. Get free quote for Auto, Home, Life and Business.*

*Compare Auto, Home quotes online at our website: www.satwantins.com*

Visit our web page and you'll find an online tool that helps you compare different policies in just minutes. All you have to do is type in your name and a few details about your home or vehicle, and within a few minutes you'll have several price quotes waiting for you to review.



Satwant Singh, CLCS, MBA
*(CA Lic # 0H11256)*

**Now we have 3 locations:**

**San Jose:** 2774 Aborn Road
San Jose, CA 95121

**Sunnyvale:** 830 Stewart Dr Ste #126
Sunnyvale, CA 94085

**Fremont:** 44790 S Grimmer Blvd,
Fremont, CA 94538

ਸੱਤੇ ਦਿਨ ਖੁੱਲ੍ਹਾ, ਅਸੀਂ ਸੱਤੇ ਦਿਨ 24 ਘੰਟੇ ਫੋਨ 'ਤੇ ਜਵਾਬ ਦਿੰਦੇ ਹਾਂ

***Call today for your FREE, no-obligation quote:***

**1-408-771-2438**

satwant@satwantins.com

Allied Insurance
a Nationwide Insurance® company

# ਦਲਿਤਾਂ ਦੇ ਬਦਲੇ ਮਨ ਨੇ ਵਧਾਈ ਸਿਆਸੀ ਧਿਰਾਂ ਦੀ ਚਿੰਤਾ

**ਸੰਗਰੂਰ:** ਵਿਧਾਨ ਸਭਾ ਚੋਣਾਂ ਵਿਚ ਜਮਾਤੀ ਲੜਾਈ ਖੁੱਲ੍ਹ ਕੇ ਸਾਹਮਣੇ ਆਈ ਹੈ। ਇਸੇ ਖਿੱਚੋਤਾਣ ਕਰ ਕੇ ਮਾਲਵੇ ਵਿਚ ਰਵਾਇਤੀ ਪਾਰਟੀਆਂ ਸ਼੍ਰੋਮਣੀ ਅਕਾਲੀ ਦਲ ਅਤੇ ਕਾਂਗਰਸ ਹੈਰਾਨ ਹਨ, ਜਦੋਂਕਿ ਨਵੀਂ ਬਣੀ ਆਮ ਆਦਮੀ ਪਾਰਟੀ ਨੂੰ ਸਮਰਥਨ ਮਿਲ ਰਿਹਾ ਹੈ।

ਪੰਜਾਬ ਦੀਆਂ 69 ਵਿਧਾਨ ਸਭਾ ਸੀਟਾਂ ਵਾਲੇ ਮਾਲਵਾ ਖੇਤਰ ਵਿਚ ਜਾਤ-ਆਧਾਰਤ ਵਿਤਕਰੇ, ਦਲਿਤ ਆਗੂਆਂ ਨੂੰ ਸਿਆਸੀ ਨੁਮਾਇੰਦਗੀ ਨਾ ਮਿਲਣਾ ਤੇ ਆਰਥਿਕ ਤੌਰ ਉਤੇ ਗਰੀਬ ਤੇ ਦਲਿਤ ਲੋਕਾਂ ਦੀ ਸਿਆਸਤਦਾਨਾਂ ਤੱਕ ਪਹੁੰਚ ਨਾ ਹੋਣਾ ਇਲਾਕੇ ਵਿਚ ਚਰਚਾ ਬਣੇ ਹੋਏ ਹਨ। ਇਨ੍ਹਾਂ ਮੁੱਦਿਆਂ ਦੇ ਨਾਲ-ਨਾਲ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੀਆਂ ਘਟਨਾਵਾਂ ਨੂੰ ਹੱਲ ਕਰਨ ਵਿਚ ਅਸਫਲ ਰਹੀ ਗਠਜੋੜ ਸਰਕਾਰ ਅਤੇ ਇਸ ਮਸਲੇ 'ਤੇ ਕਾਂਗਰਸ ਵੱਲੋਂ ਅਕਾਲੀਆਂ ਨੂੰ ਕਰੜੇ ਹੱਥੀਂ ਨਾ ਲੈਣ ਕਰ ਕੇ ਇਨ੍ਹਾਂ ਰਵਾਇਤੀ ਪਾਰਟੀਆਂ ਦੇ ਬਹੁਤੇ ਦਲਿਤ ਵੋਟਰ ਅਕਾਲੀ ਦਲ ਅਤੇ ਕਾਂਗਰਸ ਖਿਲਾਫ਼ ਹੋ ਗਏ ਹਨ।

'ਆਪ' ਨੇ ਸੂਬੇ ਦੇ ਇਸ ਵਰਗ ਦੇ ਮੁੱਦਿਆਂ ਨੂੰ ਛੂਹਣ ਅਤੇ ਇਸ ਵਰਗ ਪੱਖੀ ਚੋਣ ਵਾਅਦੇ

### 'ਆਪ' ਵੱਲ ਝੁਕਾਅ ਤੋਂ ਰਵਾਇਤੀ ਸਿਆਸਤ ਸਦਮੇ 'ਚ



ਕਰਨ ਦੇ ਨਾਲ-ਨਾਲ ਪੰਜਾਬ ਦਾ ਉਪ ਮੁੱਖ ਮੰਤਰੀ ਵੀ ਕਿਸੇ ਦਲਿਤ ਨੂੰ ਹੀ ਬਣਾਏ ਜਾਣ ਦਾ ਵਾਅਦਾ ਕਰ ਕੇ ਅਕਾਲੀ ਦਲ ਅਤੇ ਕਾਂਗਰਸ ਨੂੰ ਕਰੜੀ ਚੁਣੌਤੀ ਦਿੱਤੀ ਹੈ। ਇਸ ਖੇਤਰ ਦੇ ਜ਼ਿਆਦਾਤਰ ਨੌਜਵਾਨ ਵੋਟਰ (ਕਰੀਬ 50 ਫੀਸਦੀ) ਸਿਆਸੀ ਅਤੇ ਸਮਾਜਿਕ ਪਛਾਣ ਲੋਚਦੇ ਹਨ, ਜੋ ਪਰਿਵਾਰਵਾਦ ਕਾਰਨ ਰਵਾਇਤੀ ਪਾਰਟੀਆਂ ਦੇਣ ਤੋਂ ਅਸਮਰਥ ਹਨ ਅਤੇ ਹੁਣ 'ਆਪ' ਨੇ ਨੌਜਵਾਨ ਵੋਟਰਾਂ ਨੂੰ ਇਹ ਪਛਾਣ ਦਿੱਤੀ ਜਾਪਦੀ ਹੈ। ਦਿੜ੍ਹਬਾ ਹਲਕੇ ਦੇ ਪਿੰਡ ਮਹਿਲਾਂ ਚੌਕ ਦੇ ਆਜੜੀ ਮੁਸ਼ੱਰਫ ਖਾਨ ਨੇ ਦੱਸਿਆ ਕਿ ਕਿਵੇਂ ਉਹ ਤੇ ਪਿੰਡ ਦੇ ਹੋਰ ਨੌਜਵਾਨ ਹਲਕੇ ਵਿਚ 'ਆਪ' ਦੀ ਹਰ ਸਿਆਸੀ ਮੀਟਿੰਗ ਵਿਚ ਸ਼ਾਮਲ ਹੁੰਦੇ ਹਨ।

ਉਸ ਦਾ ਕਹਿਣਾ ਹੈ ਕਿ ਬਾਕੀ ਪਾਰਟੀਆਂ ਉਨ੍ਹਾਂ ਨੂੰ ਕਦੇ ਅੱਗੇ ਨਹੀਂ ਆਉਣ ਦਿੰਦੀਆਂ, ਕਿਉਂਕਿ ਅਮੀਰ ਅਤੇ ਉਚੀਆਂ ਜਾਤਾਂ ਦੇ 'ਕਾਕੇ' ਆਗੂਆਂ ਦੇ ਨਾਲ ਹੁੰਦੇ ਹਨ। ਨਵੀਂ ਪਾਰਟੀ ਦੇ ਆਗੂ ਘੱਟੋ-ਘੱਟ ਸਾਡੇ ਵਰਗੇ ਹੀ ਆਮ ਲੋਕ ਹਨ ਤੇ ਸਾਡੀ ਗੱਲ ਸੁਣਦੇ ਹਨ।

ਮਰਦ ਖੇੜਾ ਪਿੰਡ ਦੇ ਦੁਕਾਨਦਾਰ ਗੁਰਤੇਜ ਸਿੰਘ ਨੇ ਵੀ ਬਦਲਾਅ ਦੀ ਲਹਿਰ ਹੋਣ ਦਾ ਸੰਕੇਤ ਦਿੰਦਿਆਂ ਕਿਹਾ ਕਿ ਰਵਾਇਤੀ ਪਾਰਟੀਆਂ ਉਨ੍ਹਾਂ ਦੀ ਗੱਲ ਨਹੀਂ ਸੁਣਦੀਆਂ। ਅਜਿਹੇ ਹੀ ਵਿਚਾਰ ਹਲਕਾ ਮਾਨਸਾ ਦੇ ਪਿੰਡ ਭਿੱਖੀ ਵਿਚ ਵੋਟਰਾਂ ਨੇ ਪ੍ਰਗਟਾਏ। ਹਲਕਾ ਲੰਬੀ ਦੇ ਦਲਿਤ ਵੋਟਰ ਵੀ ਮੁੱਖ ਮੰਤਰੀ ਦੇ ਹਲਕੇ ਵਿਚ 'ਅਮੀਰ' ਹਲਕਾ ਇੰਚਾਰਜਾਂ ਦੀਆਂ ਵਧੀਕੀਆਂ ਤੋਂ ਖ਼ਫ਼ਾ ਹਨ। ਪਿੰਡ ਪੰਨੀਵਾਲਾ ਫੱਤਾ ਦੇ ਜਸਕਰਨ ਸਿੰਘ ਨੇ ਝੂਠੇ ਕੇਸ ਵਿਚ ਫਸਾਏ ਜਾਣ ਅਤੇ ਬਿਨਾਂ ਦੋਸ਼ ਤੋਂ ਕੁੱਟਮਾਰ ਕੀਤੇ ਜਾਣ ਦੀ ਗੱਲ ਕਰਦਿਆਂ ਕਿਹਾ ਕਿ ਆਮ ਆਦਮੀ ਨੂੰ ਬਿਨਾਂ ਕਸੂਰ ਤੋਂ ਸਲਾਖਾਂ ਪਿੱਛੇ ਡੱਕ ਦਿੱਤਾ ਜਾਂਦਾ ਹੈ, ਜਦੋਂਕਿ ਬੇਅਦਬੀ ਦੇ ਕਸੂਰਵਾਰ ਸ਼ਰੇਆਮ ਘੁੰਮ ਰਹੇ ਹਨ।

### ਪਰਵਾਸੀਆਂ ਦਾ ਮੁੱਦਾ ਮੰਤਰਾਲੇ ਕੋਲ ਪੁੱਜਾ

**ਚੰਡੀਗੜ੍ਹ:** ਚੋਣ ਕਮਿਸ਼ਨ ਵੱਲੋਂ ਵਿਦੇਸ਼ ਮੰਤਰਾਲੇ ਤੋਂ ਸਪਸ਼ਟੀਕਰਨ ਲਿਆ ਗਿਆ ਹੈ ਕਿ ਕੀ ਭਾਰਤੀ ਵੀਜ਼ਾ ਪ੍ਰਾਪਤ ਕਰਨ ਵਾਲੇ ਪਰਵਾਸੀ ਭਾਰਤੀਆਂ ਨੂੰ ਵੀਜ਼ਾ ਜਾਰੀ ਕਰਨ ਮੌਕੇ ਭਾਰਤ ਵਿਚ ਸਿਆਸੀ ਸਰਗਰਮੀਆਂ 'ਚ ਹਿੱਸਾ ਨਾ ਲੈਣ ਸਬੰਧੀ ਕੋਈ ਸ਼ਰਤ ਲਗਾਈ ਜਾਂਦੀ ਹੈ। ਕਮਿਸ਼ਨ ਵੱਲੋਂ ਉਕਤ ਸਪਸ਼ਟੀਕਰਨ ਪੰਜਾਬ ਦੇ ਮੁੱਖ ਚੋਣ ਅਧਿਕਾਰੀ ਵੱਲੋਂ ਇਸ ਮੁੱਦੇ ਉਤੇ ਪਰਵਾਸੀ ਭਾਰਤੀਆਂ ਦੀ ਚੋਣ ਪ੍ਰਕਿਰਿਆ ਵਿਚ ਵੱਡੇ ਪੱਧਰ ਉਤੇ ਸ਼ਮੂਲੀਅਤ ਸਬੰਧੀ ਪ੍ਰਾਪਤ ਹੋਈਆਂ ਸ਼ਿਕਾਇਤਾਂ ਤੋਂ ਬਾਅਦ ਮੰਗੇ ਗਏ ਦਿਸ਼ਾ ਨਿਰਦੇਸ਼ਾਂ ਕਾਰਨ ਪ੍ਰਾਪਤ ਕੀਤਾ ਜਾ ਰਿਹਾ ਹੈ। ਰਾਜ ਦੇ ਵਧੀਕ ਮੁੱਖ ਚੋਣ ਅਧਿਕਾਰੀ ਸ੍ਰੀ ਸ਼ਿਬਨ ਸੀ. ਨੇ ਇਸ ਗੱਲ ਦਾ ਖੁਲਾਸਾ ਕਰਦਿਆਂ ਦੱਸਿਆ ਕਿ ਉਨ੍ਹਾਂ ਦੇ ਦਫਤਰ ਵੱਲੋਂ ਕਮਿਸ਼ਨ ਦੇ ਦਿਸ਼ਾ ਨਿਰਦੇਸ਼ਾਂ ਦੀ ਪ੍ਰਾਪਤੀ ਤੋਂ ਤੁਰਤ ਬਾਅਦ ਅੱਗੋਂ ਕੋਈ ਕਾਰਵਾਈ ਕੀਤੀ ਗਈ ਹੈ।

# ਬਰਨਾਲਾ ਪਰਿਵਾਰ ਸਮਰਥਕਾਂ ਸਮੇਤ ਅਕਾਲੀ ਦਲ ਵਿਚ ਪਰਤਿਆ




**ਸੰਗਰੂਰ:** ਸੂਬੇ ਦੀ ਸਿਆਸਤ ਵਿਚ ਮਜ਼ਬੂਤ ਧੜੇ ਵਜੋਂ ਜਾਣੇ ਜਾਂਦੇ ਸਵਰਗੀ ਸੁਰਜੀਤ ਸਿੰਘ ਬਰਨਾਲਾ ਦੇ ਪਰਿਵਾਰ ਨੇ ਆਪਣੇ ਸਮਰਥਕਾਂ ਸਮੇਤ ਸ਼੍ਰੋਮਣੀ ਅਕਾਲੀ ਦਲ ਵਿਚ ਵਾਪਸੀ ਕਰਦੇ ਹੋਏ ਅਕਾਲੀ-ਭਾਜਪਾ ਗੱਠਜੋੜ ਦੇ ਉਮੀਦਵਾਰਾਂ ਨੂੰ ਪੂਰਨ ਹਮਾਇਤ ਦੇਣ ਦਾ ਐਲਾਨ ਕਰ ਦਿੱਤਾ।

ਸਮਾਗਮ ਦੌਰਾਨ ਬੀਬੀ ਸੁਰਜੀਤ ਕੌਰ ਬਰਨਾਲਾ, ਸਾਬਕਾ ਵਿਧਾਇਕ ਗਗਨਜੀਤ ਸਿੰਘ ਬਰਨਾਲਾ ਅਤੇ ਸਿਮਰਪ੍ਰਤਾਪ ਸਿੰਘ ਬਰਨਾਲਾ ਅਤੇ ਬਲਦੇਵ ਸਿੰਘ ਮਾਨ ਆਪਣੇ ਸੈਂਕੜੇ ਸਮਰਥਕਾਂ ਸਮੇਤ ਸੁਖਬੀਰ ਸਿੰਘ ਬਾਦਲ ਅਤੇ ਸੁਖਦੇਵ ਸਿੰਘ ਢੀਂਡਸਾ ਦੀ ਹਾਜ਼ਰੀ ਵਿਚ ਸਾਰੇ ਗਿਲੇ ਸ਼ਿਕਵੇ ਭੁਲਾ ਕੇ ਸੂਬੇ ਦੇ ਹਿੱਤ ਲਈ ਸ਼੍ਰੋਮਣੀ ਅਕਾਲੀ ਦਲ ਵਿਚ ਸ਼ਾਮਲ ਹੋ ਗਏ।

ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਬਰਨਾਲਾ ਪਰਿਵਾਰ ਦੀ ਘਰ ਵਾਪਸੀ ਦਾ ਸਵਾਗਤ ਕਰਦਿਆਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਬਹੁਤ ਵੱਡਾ ਪਰਿਵਾਰ ਹੈ ਅਤੇ ਪਰਿਵਾਰਾਂ ਵਿਚ ਅਕਸਰ ਗਿਲੇ ਸ਼ਿਕਵੇ ਹੋ ਜਾਂਦੇ ਹਨ, ਪਰ ਜਦੋਂ ਗੱਲ ਪੰਜਾਬ ਦੇ ਹਿੱਤਾਂ ਦੀ ਹੋਵੇ ਤਾਂ ਸਮੂਹ ਅਕਾਲੀ ਆਗੂ ਅਤੇ ਵਰਕਰ ਸ਼੍ਰੋਮਣੀ ਅਕਾਲੀ ਦਲ ਦੇ ਝੰਡੇ ਹੇਠ ਇਕਜੁਟ ਹੋ ਜਾਂਦੇ ਹਨ।

ਉਨ੍ਹਾਂ ਕਿਹਾ ਕਿ ਸੂਬੇ ਨੂੰ ਲੋਕ ਵਿਰੋਧੀ ਪਾਰਟੀਆਂ ਕਾਂਗਰਸ ਅਤੇ 'ਆਪ' ਤੋਂ ਬਚਾਉਣਾ ਵੀ ਸਮੇਂ ਦੀ ਅਹਿਮ ਲੋੜ ਹੈ। ਇਤਿਹਾਸ ਇਸ ਗੱਲ ਦਾ ਗਵਾਹ ਹੈ ਕਿ ਇਕਜੁਟ ਹੋਏ ਅਕਾਲੀ-ਭਾਜਪਾ ਗੱਠਜੋੜ ਨੂੰ ਹਰਾਉਣਾ ਮੁਸ਼ਕਲ ਹੀ ਨਹੀਂ ਸਗੋਂ ਨਾਮੁਮਕਿਨ ਹੈ।

ਇਸ ਦੌਰਾਨ ਰਾਜ ਸਭਾ ਮੈਂਬਰ ਸੁਖਦੇਵ ਸਿੰਘ ਢੀਂਡਸਾ ਨੇ ਕਿਹਾ ਕਿ 'ਆਪ' ਕਨਵੀਨਰ ਅਰਵਿੰਦ ਕੇਜਰੀਵਾਲ ਦਾ ਪੰਜਾਬ ਅਤੇ ਪੰਜਾਬੀਆਂ ਦੇ ਹਿੱਤਾਂ ਨਾਲ ਕੋਈ ਸਰੋਕਾਰ ਨਹੀਂ ਹੈ ਅਤੇ ਨਾ ਹੀ ਉਨ੍ਹਾਂ ਨੂੰ ਪੰਜਾਬੀਆਂ ਉਪਰ ਕੋਈ ਭਰੋਸਾ ਹੈ।

# ਐਤਕੀਂ ਕੈਰੋਂ ਤੇ ਮਜੀਠੀਆ ਦਾ ਵੱਕਾਰ ਲੱਗਿਆ ਦਾਅ ਉਤੇ

**ਅੰਮ੍ਰਿਤਸਰ:** ਪੱਟੀ ਅਤੇ ਮਜੀਠਾ ਵਿਧਾਨ ਸਭਾ ਹਲਕਿਆਂ ਵਿਚ ਅਕਾਲੀ-ਭਾਜਪਾ ਸਰਕਾਰ ਦੇ ਦੋ ਸ਼ਕਤੀਸ਼ਾਲੀ ਮੰਤਰੀਆਂ ਆਦੇਸ਼ ਪ੍ਰਤਾਪ ਸਿੰਘ ਕੈਰੋਂ ਅਤੇ ਬਿਕਰਮ ਸਿੰਘ ਮਜੀਠੀਆ ਦਾ ਵੱਕਾਰ ਦਾਅ ਉਤੇ ਲੱਗਿਆ ਹੋਇਆ ਹੈ। ਦੋਵੇਂ ਮੰਤਰੀ ਵਿਕਾਸ ਦੇ ਨਾਂ ਉਤੇ ਵੋਟਾਂ ਮੰਗ ਰਹੇ ਹਨ, ਪਰ ਦੋਵਾਂ ਨੂੰ ਹਲਕਿਆਂ ਵਿਚ ਸਥਾਪਤੀ ਵਿਰੋਧੀ ਲਹਿਰ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

ਮਜੀਠੀਆ ਦੇ ਹਮਾਇਤੀਆਂ ਦਾ ਕਹਿਣਾ ਹੈ ਕਿ ਮੰਤਰੀ ਨੇ ਹਲਕੇ ਵਿਚ 500 ਕਰੋੜ ਰੁਪਏ ਦੇ ਵਿਕਾਸ ਕੰਮ ਕਰਵਾਏ ਹਨ ਅਤੇ ਇਸ ਲਈ ਜਿੱਤ-ਹਾਰ ਦਾ ਫੈਸਲਾ ਵਿਕਾਸ ਦੇ ਮੁੱਦੇ ਉਤੇ ਹੋਵੇਗਾ। ਕਾਂਗਰਸ ਦੇ ਉਮੀਦਵਾਰ ਸੁਖਜਿੰਦਰ ਰਾਜ ਸਿੰਘ ਲਾਲੀ ਮਜੀਠੀਆ ਦੀ ਬਾਦਲ ਸਰਕਾਰ ਦੇ ਮੰਤਰੀ ਮਜੀਠੀਆ ਨਾਲ ਫਸਵੀਂ ਟੱਕਰ ਹੈ। ਇਸ ਹਲਕੇ ਤੋਂ ਆਮ ਆਦਮੀ ਪਾਰਟੀ ਦੇ ਉਮੀਦਵਾਰ ਹਿੰਮਤ ਸਿੰਘ ਸ਼ੇਰਗਿੱਲ ਦੀਆਂ ਸਰਗਰਮੀਆਂ ਵਿਚ ਵੀ ਤੇਜ਼ੀ ਆਈ ਹੈ।

ਹਲਕੇ ਦੇ ਪਿੰਡਾਂ ਆਮਦ, ਅੱਠਵਾਲ, ਸ਼ਾਮਨਗਰ ਦੇ ਲੋਕਾਂ ਦਾ ਕਹਿਣਾ ਹੈ ਕਿ ਵਿਕਾਸ ਦਾ ਫਾਇਦਾ ਉਨ੍ਹਾਂ ਤੱਕ ਘੱਟ ਪਹੁੰਚਿਆ ਹੈ ਅਤੇ ਨੀਲੇ ਕਾਰਡਾਂ ਦਾ ਫਾਇਦਾ ਵੀ ਵੱਡੇ ਲੋਕ ਲੈ ਗਏ ਹਨ। ਹਲਕੇ ਦੇ ਪਿੰਡ ਮਰੜੀ ਕਲਾਂ, ਭੰਗਾਲੀ ਦੇ ਲੋਕਾਂ ਨੇ ਕਿਹਾ ਕਿ ਹਲਕੇ ਵਿਚ ਸਟੇਡੀਅਮ ਬਣੇ ਹਨ ਅਤੇ ਕਈ ਹੋਰ ਸਹੂਲਤਾਂ ਮਿਲੀਆਂ ਹਨ, ਇਸ ਲਈ ਉਹ ਅਕਾਲੀ ਉਮੀਦਵਾਰ ਦੇ ਹੱਕ ਵਿਚ ਹਨ। ਪਿੰਡਾਂ ਵਿਚ ਕਿਤੇ-ਕਿਤੇ ਆਮ ਆਦਮੀ ਪਾਰਟੀ ਦੇ ਹਮਾਇਤੀ ਵੀ ਮਿਲੇ, ਜਿਨ੍ਹਾਂ ਕਿਹਾ ਕਿ

### ਵਿਕਾਸ ਦਾ ਮੁੱਦਾ ਬਣਿਆ ਵੱਡੀ ਚੁਣੌਤੀ



ਨੌਜਵਾਨਾਂ ਵਰਗ ਉਨ੍ਹਾਂ ਦੇ ਹੱਕ 'ਚ ਹੈ ਤੇ ਉਨ੍ਹਾਂ ਨੂੰ ਕਾਫੀ ਉਮੀਦਾਂ ਹਨ।

ਪੱਟੀ ਹਲਕੇ ਤੋਂ ਕੈਬਨਿਟ ਮੰਤਰੀ ਆਦੇਸ਼ ਪ੍ਰਤਾਪ ਸਿੰਘ ਕੈਰੋਂ ਨੂੰ ਕਾਂਗਰਸ ਦੇ ਹਰਮਿੰਦਰ ਸਿੰਘ ਗਿੱਲ ਫਸਵੀਂ ਟੱਕਰ ਦੇ ਰਹੇ ਹਨ। ਗਿੱਲ ਪਿਛਲੀਆਂ ਵਿਧਾਨ ਸਭਾ ਚੋਣਾਂ ਵਿਚ ਸਿਰਫ 59 ਵੋਟਾਂ ਦੇ ਫਰਕ ਨਾਲ ਹਾਰ ਗਏ ਸਨ। ਇਸ ਵਾਰ ਉਹ ਜਿੱਤ ਦੇ ਦਾਅਵੇ ਕਰ ਰਹੇ ਹਨ। ਸਿਆਸੀ ਜਾਣਕਾਰਾਂ ਦਾ ਕਹਿਣਾ ਹੈ ਕਿ ਇਸ ਹਲਕੇ ਵਿਚ ਜਿੱਤ-ਹਾਰ ਲਈ ਹਲਕੇ ਤੋਂ ਬਾਹਰਲੇ ਇਕ-ਦੋ ਆਗੂ ਆਖਰੀ ਸਮੇਂ ਸਮੀਕਰਨ ਬਦਲਣ ਵਿਚ ਭੂਮਿਕਾ ਨਿਭਾਉਂਦੇ ਰਹੇ ਹਨ ਅਤੇ ਇਸ ਵਾਰ ਵੀ ਉਨ੍ਹਾਂ ਦੀ ਭੂਮਿਕਾ ਉਤੇ ਨਿਗ੍ਹਾ ਰੱਖੀ ਜਾ ਰਹੀ ਹੈ। ਇਸ ਹਲਕੇ ਤੋਂ 'ਆਪ' ਦੇ ਰਣਜੀਤ ਸਿੰਘ ਚੀਮਾ ਕਿਸਮਤ ਅਜ਼ਮਾ ਰਹੇ ਹਨ। ਸਿਆਸੀ ਮਾਹਿਰਾਂ ਦਾ ਕਹਿਣਾ ਹੈ ਕਿ 'ਆਪ' ਨੇ ਹਲਕੇ ਵਿਚ ਪੈਰ ਲਾਉਣ ਵਾਲੇ ਆਗੂ ਨੂੰ ਚੋਣ ਮੈਦਾਨ 'ਚ ਉਤਾਰਿਆ ਹੁੰਦਾ ਤਾਂ ਸਥਿਤੀ ਕੁਝ ਹੋਰ ਹੋਣੀ ਸੀ। ਇਸ ਹਲਕੇ ਦੇ ਤਿੰਨ-ਚਾਰ ਅਕਾਲੀ ਆਗੂ ਕਾਂਗਰਸ ਵਿਚ ਸ਼ਾਮਲ ਹੋ ਗਏ ਹਨ ਤੇ ਸੱਤਾ ਤਬਦੀਲੀ ਦੇ ਦਾਅਵੇ ਕਰ ਰਹੇ ਹਨ। ਪੱਟੀ ਕਸਬੇ ਦੇ ਲੋਕਾਂ ਦਾ ਕਹਿਣਾ ਹੈ ਕਿ ਹਲਕੇ ਵਿਚ ਨਸ਼ੀਲੇ ਪਦਾਰਥ ਆਮ ਹਨ ਤੇ ਨਸ਼ਿਆਂ ਦੇ ਤੰਦੂਆ ਜਾਲ ਨੂੰ ਤੋੜਨ ਲਈ ਵਿਸ਼ੇਸ਼ ਯਤਨ ਕਰਨ ਦੀ ਲੋੜ ਹੈ।

# ਬਰਗਾੜੀ ਕਾਂਡ 'ਚ ਕਾਬੂ ਨੌਜਵਾਨ ਵੱਲੋਂ ਆਪ ਉਮੀਦਵਾਰ ਫੂਲਕਾ ਨੂੰ ਹਮਾਇਤ

**ਮੁੱਲਾਂਪੁਰ ਦਾਖਾ:** ਬਰਗਾੜੀ ਕਾਂਡ ਵਿਚ ਬੇਦੋਸ਼ੇ ਫੜੇ ਗਏ ਪਿੰਡ ਪੰਜਗਰਾਈਆਂ ਦੇ ਰੁਪਿੰਦਰ ਸਿੰਘ ਵੱਲੋਂ 'ਆਪ' ਦੇ ਇਥੇ ਸਥਿਤ ਦਫਤਰ ਵਿਚ ਵਿਧਾਨ ਸਭਾ ਹਲਕਾ ਦਾਖਾ ਤੋਂ ਆਮ ਆਦਮੀ ਪਾਰਟੀ ਦੇ ਉਮੀਦਵਾਰ ਹਰਵਿੰਦਰ ਸਿੰਘ ਫੂਲਕਾ ਦੀ ਹਮਾਇਤ ਦਾ ਐਲਾਨ ਕੀਤਾ ਗਿਆ। ਰੁਪਿੰਦਰ ਨੇ ਕਿਹਾ ਕਿ ਸ੍ਰੀ ਫੂਲਕਾ ਦੀ ਕੁਰਬਾਨੀ ਨੂੰ ਦੇਖਦਿਆਂ ਚਾਹੀਦਾ ਤਾਂ ਇਹ ਸੀ ਕਿ ਉਨ੍ਹਾਂ ਮੁਕਾਬਲੇ ਕੋਈ ਵੀ ਪਾਰਟੀ ਆਪਣਾ ਉਮੀਦਵਾਰ ਖੜ੍ਹਾ ਹੀ ਨਾ ਕਰਦੀ, ਪਰ ਜੇ ਹੁਣ ਹੋਰ ਉਮੀਦਵਾਰ ਮੈਦਾਨ 'ਚ ਆ ਹੀ ਚੁੱਕੇ ਹਨ ਤਾਂ ਸ੍ਰੀ ਫੂਲਕਾ ਨੂੰ ਵੱਡੇ ਪੱਧਰ ਉਤੇ ਵੋਟਾਂ ਪਾ ਕੇ ਜਤਾਇਆ ਜਾਵੇਗਾ।

ਰੁਪਿੰਦਰ ਸਿੰਘ ਨੇ ਕਿਹਾ ਕਿ ਜਦੋਂ ਉਸ ਨੂੰ ਬਰਗਾੜੀ ਕਾਂਡ ਵਿਚ ਗ੍ਰਿਫਤਾਰ ਕੀਤਾ ਗਿਆ ਤਾਂ ਸ੍ਰੀ ਫੂਲਕਾ ਤੁਰਤ ਦਿੱਲੀ ਤੋਂ ਇਥੇ ਪੁੱਜੇ ਸਨ। ਉਨ੍ਹਾਂ ਸਦਕਾ ਹੀ ਰੁਪਿੰਦਰ ਤੇ ਉਸ ਦੇ ਭਰਾ ਦੀ ਰਿਹਾਈ ਹੋਈ ਸੀ। ਉਸ ਨੇ ਕਿਹਾ ਕਿ ਸ੍ਰੀ ਫੂਲਕਾ ਨੇ ਕੌਮ ਲਈ ਆਪਣਾ ਫਰਜ਼ ਨਿਭਾਇਆ, ਹੁਣ ਕੌਮ ਦੀ ਵਾਰੀ ਹੈ ਕਿ ਉਨ੍ਹਾਂ ਨੂੰ ਜਿਤਾ ਕੇ ਵਿਧਾਨ ਸਭਾ ਭੇਜਿਆ ਜਾਵੇ ਤਾਂ ਜੋ ਉਹ ਪੰਜਾਬ ਦੇ ਲੋਕਾਂ ਦੀ ਆਵਾਜ਼ ਉਠਾਉਣ। ਉਸ ਨੇ ਦੱਸਿਆ ਕਿ ਉਹ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ ਜਥੇਬੰਦੀ ਪੰਜਗਰਾਈਆਂ ਦੇ ਸਰਗਰਮ ਮੈਂਬਰ ਹੈ ਅਤੇ ਸਾਰੀ ਜਥੇਬੰਦੀ ਸ੍ਰੀ ਫੂਲਕਾ ਦੇ ਨਾਲ ਹੈ। ਇਹ ਜਥੇਬੰਦੀ ਸ੍ਰੀ ਫੂਲਕਾ ਲਈ ਚੋਣ ਪ੍ਰਚਾਰ ਵੀ ਕਰੇਗੀ।



### ਸਿਰੋਪਾਉ ਨਾ ਦੇਣ ਵਾਲਾ ਅਰਦਾਸੀਆ 'ਆਪ' ਵਿਚ

**ਚੰਡੀਗੜ੍ਹ:** ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੂੰ ਸਿਰੋਪਾਉ ਨਾ ਦੇਣ ਕਾਰਨ ਸ਼੍ਰੋਮਣੀ ਕਮੇਟੀ ਦੇ ਗੁੱਸੇ ਦਾ ਸ਼ਿਕਾਰ ਹੋਏ ਭਾਈ ਬਲਬੀਰ ਸਿੰਘ ਅਰਦਾਸੀਆ ਆਮ ਆਦਮੀ ਪਾਰਟੀ ਵਿਚ ਸ਼ਾਮਲ ਹੋ ਗਏ ਹਨ। ਪਾਰਟੀ ਦੇ ਪੰਜਾਬ ਕਨਵੀਨਰ ਗੁਰਪ੍ਰੀਤ ਸਿੰਘ ਵੜੈਚ ਤੇ ਪੰਜਾਬ ਮਾਮਲਿਆਂ ਦੇ ਇੰਚਾਰਜ ਸੰਜੇ ਸਿੰਘ ਨੇ ਭਾਈ ਬਲਬੀਰ ਸਿੰਘ ਨੂੰ ਪਾਰਟੀ ਵਿਚ ਸ਼ਾਮਲ ਹੋਣ ਉਤੇ ਜੀ ਆਇਆਂ ਆਖਿਆ। ਇਸ ਦੌਰਾਨ ਭਾਈ ਬਲਬੀਰ ਸਿੰਘ ਨੇ ਆਖਿਆ ਕਿ ਆਮ ਆਦਮੀ ਪਾਰਟੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਕਰਨ ਵਾਲਿਆਂ ਨੂੰ ਸਖਤ ਸਜ਼ਾਵਾਂ ਦੇਣ ਦੀ ਗੱਲ ਆਖੀ ਹੈ। ਇਸ ਕਰ ਕੇ ਉਹ ਪਾਰਟੀ ਵਿਚ ਸ਼ਾਮਲ ਹਨ। ਪਾਰਟੀ ਵਿਚ ਸ਼ਾਮਲ ਤੋਂ ਪਹਿਲਾਂ ਭਾਈ ਬਲਬੀਰ ਸਿੰਘ ਨੇ ਲੰਬੀ ਤੋਂ ਚੋਣ ਲੜ ਰਹੇ ਜਰਨਲ ਸਿੰਘ ਦੀ ਹਮਾਇਤ ਕਰਨ ਦਾ ਐਲਾਨ ਵੀ ਕੀਤਾ ਸੀ। ਯਾਦ ਰਹੇ ਕਿ 12 ਦਸੰਬਰ, 2016 ਭਾਈ ਬਲਬੀਰ ਸਿੰਘ ਨੇ ਦਰਬਾਰ ਸਾਹਿਬ ਵਿਖੇ ਡਿਊਟੀ ਦੌਰਾਨ ਮੱਥਾ ਟੇਕਣ ਲਈ ਆਏ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੂੰ ਸਿਰੋਪਾਉ ਦੇਣ ਤੋਂ ਇਨਕਾਰ ਕਰ ਦਿੱਤਾ ਸੀ। ਇਸ ਤੋਂ ਬਾਅਦ ਸ਼੍ਰੋਮਣੀ ਕਮੇਟੀ ਨੇ ਬਲਵੀਰ ਸਿੰਘ ਦੀ ਬਦਲੀ ਕਿਸੇ ਹੋਰ ਥਾਂ ਉੱਤੇ ਕਰ ਦਿੱਤੀ ਸੀ।

# ਨਾਵਲਕਾਰ ਦਰਸ਼ਨ ਸਿੰਘ ਦਾ ਦੇਹਾਂਤ

**ਨਵੀਂ ਦਿੱਲੀ:** ਉਘੇ ਨਾਵਲਕਾਰ ਦਰਸ਼ਨ ਸਿੰਘ ਦਾ ਦੇਹਾਂਤ ਹੋ ਗਿਆ। ਉਹ 88 ਵਰ੍ਹਿਆਂ ਦੇ ਸਨ। ਉਹ ਕੁਝ ਸਮੇਂ ਤੋਂ ਬਿਮਾਰ ਸਨ ਅਤੇ ਇਕ ਪ੍ਰਾਈਵੇਟ ਹਸਪਤਾਲ ਵਿਚ ਦਾਖਲ ਸਨ। ਦਰਸ਼ਨ ਸਿੰਘ ਦਾ ਜਨਮ ਜੈ ਸਿੰਘ ਤੇ ਵੀਰਾਂਵਾਲੀ ਦੇ ਘਰ, ਸਾਂਗਲਾ ਹਿੱਲ




ਸ਼ੇਖੂਪੁਰਾ (ਹੁਣ ਪਾਕਿਸਤਾਨ) ਵਿਚ ਹੋਇਆ ਸੀ। ਉਨ੍ਹਾਂ ਦਾ ਵਿਆਹ ਉਮਦਾ ਗਾਇਕਾ ਤਰਲੋਚਨ ਕੌਰ ਨਾਲ ਹੋਇਆ, ਜਿਨ੍ਹਾਂ ਦਾ ਗਾਇਆ ਫ਼ੈਜ਼ (ਫ਼ੈਜ਼ ਅਹਿਮਦ ਫ਼ੈਜ਼) ਲੋਕਾਂ ਦੇ ਦਿਲਾਂ ਵਿਚ ਅੱਜ ਵੀ ਵਸਿਆ ਹੋਇਆ ਹੈ। ਉਨ੍ਹਾਂ ਦੇ ਘਰ ਇਕ ਧੀ ਪ੍ਰੀਤੀ ਸਿੰਘ ਅਤੇ ਇਕ ਪੁੱਤਰ ਨਵਰੂਪ ਸਿੰਘ ਨੇ ਜਨਮ ਲਿਆ। ਮੁਲਕ ਦੀ ਵੰਡ ਵੇਲੇ ਉਹ ਪਰਿਵਾਰ ਸਮੇਤ ਦਿੱਲੀ ਆਣ ਵਸੇ ਸਨ। ਉਨ੍ਹਾਂ ਰੂਸੀ ਦੂਤਘਰ ਦੇ ਸੂਚਨਾ ਵਿਭਾਗ ਵਿਚ ਨੌਕਰੀ ਕੀਤੀ। ਪੌਣੇ ਕੁ ਚਾਰ ਸਾਲ ਉਨ੍ਹਾਂ ਮਾਸਕੋ ਵੀ ਗੁਜ਼ਾਰੇ। ਉਨ੍ਹਾਂ ਦਾ ਮੁੱਖ ਕੰਮ ਅਨੁਵਾਦਕ ਦਾ ਹੁੰਦਾ ਸੀ। ਉਹ ਪਹਿਲੇ ਵਿਅਕਤੀ ਸਨ ਜੋ ਭਾਰਤ ਵਿਚਲੇ ਇਸ ਵਿਭਾਗ ਤੋਂ ਉਥੇ ਗਏ ਸਨ। ਉਨ੍ਹਾਂ 70 ਸਾਲ ਦੀ ਉਮਰੇ ਲਿਖਣਾ ਆਰੰਭ ਕੀਤਾ ਅਤੇ ਕੁਝ ਹੀ ਸਮੇਂ ਅੰਦਰ ਪੰਜਾਬੀ ਸਾਹਿਤ ਜਗਤ ਅੰਦਰ ਛਾ ਗਏ। ਹੁਣ ਤੱਕ ਉਨ੍ਹਾਂ ਦੇ 11 ਨਾਵਲ, ਇਕ ਕਹਾਣੀ ਸੰਗ੍ਰਹਿ 'ਹਨੇਰੀ' ਅਤੇ ਰੇਖਾ ਚਿੱਤਰਾਂ ਦੀ ਕਿਤਾਬ 'ਅੱਧ ਚਾਨਣਾ' ਛਪ ਚੁੱਕੇ ਹਨ। ਨਾਵਲਾਂ ਵਿਚੋਂ 'ਲੋਟਾ' ਨੂੰ ਸਾਲ 2015 ਦਾ 25 ਹਜ਼ਾਰ ਕੈਨੇਡੀਅਨ ਡਾਲਰਾਂ ਵਾਲਾ ਢਾਹਾਂ ਕੌਮਾਂਤਰੀ ਇਨਾਮ ਮਿਲਿਆ।

# ਵਿਦੇਸ਼ਾਂ ਵਿਚ ਪਿਆ ਹੈ ਕਾਲਾ ਧਨ: ਸ਼ੋਰੀ

**ਹੈਦਰਾਬਾਦ:** ਭਾਜਪਾ ਸਰਕਾਰ ਵੱਲੋਂ ਕੀਤੀ ਨੋਟਬੰਦੀ ਦੀ ਨਿੰਦਾ ਕਰਦਿਆਂ ਸਾਬਕਾ ਕੇਂਦਰੀ ਮੰਤਰੀ ਅਤੇ ਉਘੇ ਪੱਤਰਕਾਰ ਅਰੁਣ ਸ਼ੋਰੀ ਨੇ ਕਿਹਾ ਕਿ ਉਨ੍ਹਾਂ ਦੀ ਸਮਝ ਤੋਂ ਪਰ੍ਹੇ ਹੈ ਕਿ ਇਸ ਕਦਮ ਨਾਲ ਵਿਦੇਸ਼ਾਂ ਵਿਚ ਪਏ ਕਾਲੇ ਧਨ ਨੂੰ ਕਿਵੇਂ ਨੱਥ ਪਵੇਗੀ। ਸ੍ਰੀ ਸ਼ੋਰੀ ਨੇ ਕਿਹਾ ਕਿ ਜੇ ਕਿਸੇ ਕੋਲ ਕਾਲਾ ਧਨ ਹੈ, ਤਾਂ ਕੀ ਉਹ ਉਸ ਨੂੰ ਭਾਰਤ ਵਿਚ ਕਰੰਸੀ ਨੋਟਾਂ ਦੀ ਸ਼ਕਲ ਵਿਚ ਰੱਖ ਕੇ ਬੈਠੇ ਹੋਵੇਗਾ?


# ਰੈਸਟੋਰੈਂਟ ਲਈ ਲੋੜ ਹੈ



ਵਿਸਕਾਨਸਿਨ ਵਿਚ ਇਕ ਇੰਡੀਅਨ ਰੈਸਟੋਰੈਂਟ ਲਈ ਤੰਦੂਰੀਏ, ਕਿਚਨ ਹੈਲਪਰ ਤੇ ਡਿਸ਼ਵਾਸ਼ਰ ਦੀ ਲੋੜ ਹੈ

ਸੰਪਰਕ ਕਰੋ

ਫੋਨ: 262-391-7666

4-6


# ਹਰਿਆਣਵੀ ਜਾਟਾਂ ਦਾ ਘੋਲ ਮੁੜ ਸ਼ੁਰੂ, ਸੁਰੱਖਿਆ ਵਧਾਈ

**ਚੰਡੀਗੜ੍ਹ:** ਹਰਿਆਣਾ ਦੇ ਜਾਟਾਂ ਨੇ ਆਪਣੀਆਂ ਮੰਗਾਂ ਦੇ ਹੱਕ ਵਿੱਚ ਵੱਖ-ਵੱਖ ਜ਼ਿਲ੍ਹਿਆਂ ਵਿਚ ਅੰਦੋਲਨ ਸ਼ੁਰੂ ਕਰ ਦਿੱਤਾ ਹੈ। ਜਾਟਾਂ ਨੇ ਧਰਨੇ ਲਾ ਕੇ ਸੂਬਾ ਸਰਕਾਰ ਨੂੰ ਵਖਤ



ਪਾ ਦਿੱਤਾ। ਹਰਿਆਣਾ ਪੁਲਿਸ ਨੇ ਹਾਲਾਤ ਨਾਲ ਨਜਿੱਠਣ ਲਈ ਸਖਤ ਸੁਰੱਖਿਆ ਪ੍ਰਬੰਧ ਕੀਤੇ ਹਨ ਅਤੇ ਵੱਡੀ ਗਿਣਤੀ ਵਿੱਚ ਸੁਰੱਖਿਆ ਬਲ ਤਾਇਨਾਤ ਕੀਤੇ ਗਏ ਹਨ।

ਅੰਦੋਲਨਕਾਰੀਆਂ ਨੇ ਲੋਕਾਂ ਨੂੰ ਨਾਲ ਜੋੜੀ ਰੱਖਣ ਲਈ ਲੰਗਰ ਲਾ ਦਿੱਤੇ ਹਨ। ਅੰਦੋਲਨਕਾਰੀਆਂ ਨੇ ਖਾਸ ਕਰ ਕੇ ਰੋਹਤਕ ਦੇ ਨਾਲ ਪੈਂਦੇ ਜਾਸੀਆ ਵਿਚ ਖਾਣ-ਪੀਣ ਦਾ ਪ੍ਰਬੰਧ ਕੀਤਾ ਹੋਇਆ ਹੈ। ਪਿਛਲੀ ਵਾਰ ਅੰਦੋਲਨ ਦੌਰਾਨ ਇਸੇ ਥਾਂ ਉਤੇ ਵੱਡਾ ਧਰਨਾ ਲਾਇਆ ਗਿਆ ਸੀ ਅਤੇ ਰੋਹਤਕ ਜ਼ਿਲ੍ਹੇ ਵਿਚ ਸਭ ਤੋਂ ਵੱਧ ਹਿੰਸਾ ਫੈਲੀ ਸੀ। ਪੁਲਿਸ ਵੱਲੋਂ ਅੰਦੋਲਨ ਵਿਚ ਹਿੱਸਾ ਲੈਣ ਵਾਲਿਆਂ ਦਾ ਪੂਰਾ ਰਿਕਾਰਡ ਰੱਖਿਆ ਜਾ ਰਿਹਾ ਹੈ। ਜਾਣਕਾਰੀ ਅਨੁਸਾਰ ਅੰਦੋਲਨ ਦੇ ਪਹਿਲੇ ਦਿਨ ਧਰਨਿਆਂ ਵਿਚ ਘੱਟ ਹੀ ਲੋਕ ਆਏ ਅਤੇ ਇਕ ਧੜਾ ਅੰਦੋਲਨ ਸ਼ੁਰੂ ਕਰਨ ਦਾ ਵਿਰੋਧ ਕਰ ਰਿਹਾ ਹੈ। ਮੰਨਿਆ ਜਾ ਰਿਹਾ ਹੈ ਕਿ ਜਾਟ ਆਗੂ ਅਗਲੇ ਕੁਝ ਦਿਨਾਂ ਵਿਚ ਅੰਦੋਲਨ ਨੂੰ ਮਘਾਉਣ ਦੇ ਯਤਨ ਕਰਨਗੇ।

ਦੂਜੇ ਪਾਸੇ ਸਰਕਾਰ ਅਤੇ ਅੰਦੋਲਨਕਾਰੀ ਜਾਟਾਂ ਦਰਮਿਆਨ ਇਕ ਗੇੜ ਦੀ ਗੱਲਬਾਤ ਹੋ ਚੁੱਕੀ ਹੈ। ਸਰਕਾਰ ਨੇ ਪਿਛਲੀ ਵਾਰ ਅੰਦੋਲਨ ਵਿਚ ਮਾਰੇ ਗਏ ਲੋਕਾਂ ਦੇ ਵਾਰਸਾਂ ਨੂੰ ਨੌਕਰੀਆਂ ਦੇਣ ਦਾ ਭਰੋਸਾ ਦਿੱਤਾ ਹੈ, ਪਰ ਭਾਜਪਾ ਦੇ ਲੋਕ ਸਭਾ ਮੈਂਬਰ ਰਾਜ ਕੁਮਾਰ ਸੈਣੀ ਨੇ ਇਸ ਫੈਸਲੇ ਦਾ ਵਿਰੋਧ ਕੀਤਾ ਹੈ ਜਿਸ ਕਰ ਕੇ ਨੌਕਰੀਆਂ ਦੇਣ ਦੇ ਮੁੱਦੇ ਨੂੰ ਲੈ ਕੇ ਸ਼ੰਕੇ ਖੜ੍ਹੇ ਹੋ ਗਏ ਹਨ।

### -ਕਿਸਾਨ ਖੁਦਕੁਸ਼ੀਆਂ-

# ਸੁਪਰੀਮ ਕੋਰਟ ਨੇ ਮੰਗਿਆ ਜਵਾਬ

**ਨਵੀਂ ਦਿੱਲੀ:** ਸੁਪਰੀਮ ਕੋਰਟ ਨੇ ਕੇਂਦਰ ਸਰਕਾਰ, ਰਾਜ ਸਰਕਾਰਾਂ, ਕੇਂਦਰੀ ਸ਼ਾਸਿਤ ਪ੍ਰਦੇਸ਼ ਅਤੇ ਆਰ.ਬੀ.ਆਈ. ਨੂੰ ਕਿਸਾਨ ਖੁਦਕੁਸ਼ੀਆਂ ਦੇ ਕਾਰਨ ਦੱਸਣ ਲਈ ਕਿਹਾ ਹੈ।

ਜਸਟਿਸ ਜੇ.ਐਸ. ਖੇਹਰ ਅਤੇ ਜਸਟਿਸ ਐਨ.ਵੀ. ਰਾਮੰਨਾ ਉਤੇ ਆਧਾਰਿਤ ਬੈਂਚ ਨੇ ਇਕ ਐਨ.ਜੀ.ਓ. ਵੱਲੋਂ ਦਾਇਰ ਪਟੀਸ਼ਨ ਚਾਰ ਹਫਤਿਆਂ ਵਿਚ ਜਵਾਬ ਦਾਇਰ ਕਰਨ ਦਾ ਆਦੇਸ਼ ਦਿੱਤਾ ਹੈ। ਬੈਂਚ ਨੇ ਕਿਹਾ ਕਿ ਇਹ ਦੇਸ਼ ਭਰ ਦੇ ਕਿਸਾਨਾਂ ਨਾਲ ਜੁੜਿਆ ਨਾਜ਼ੁਕ ਮੁੱਦਾ ਹੈ।


## Matrimonial

ਕੰਨਿਆ ਦੀ ਲੋੜ ਹੈ

Wanted suitable match for Ramgarhia Sikh boy 25yrs, 5'-10". Holding Civil Engineering & Architecture Degree, currently pursing Post Graduate studies in Canada. Have 10yrs multiple visa for USA. US Citizen preferred. Contact: 734-377-5135 (USA) or 91-85287-00081 (India). 1-4

Wanted traditional, simple & sincere girl for a boy in 40s, 5, 6" teacher having legal US status. Only serious enquiries. No bars. Email full details & recent photo @ singh.millionaire@gmail.com or Call, Ph: 323-351-5737 4-6

**Punjab Times**
*Ph: 847-359-0746*
*Visit us on the web:*
***punjabtimesusa.com***

## Prince's Barber Shop

**37477 Fremont Blvd, suite C, Fremont, CA 94536**

***Men & Children's Hair Cut***

*Threading *Custom Text
*Men's Facials *Hair Coler
*Custom Designing *Shave &
*Line-ups *Head Massage

ਇੰਡੀਆ ਅਤੇ ਅਮਰੀਕਾ ਦਾ 13 ਸਾਲ ਦਾ ਤਜ਼ਰਬਾ

**Business hours:**
**Mon thru Thursday 9am to 6pm (Appointment only)**
**Friday, Sat- Sunday- 9am to 6pm (Walk in only)**
**(Tuesday Closed)**



**Cell: (510)-677-9942**
**Shop: (510)-505-9605**
*www.princebarbershop.com*



# ਗਲੋਬਲ ਮਲਟੀ ਸਰਵਿਸਿਜ਼, ਲੈਥਰੋਪ

ਪਿਛਲੇ 9 ਸਾਲਾਂ ਤੋਂ ਤੁਹਾਡੀ ਸੇਵਾ ਵਿਚ

ਟਰੱਕਾਂ ਵਾਲੇ ਵੀਰਾਂ ਦੀਆਂ ਮੁਸ਼ਕਿਲਾਂ ਦਾ ਹੱਲ ਇੱਕੋ ਛੱਤ ਥੱਲੇ

SAME DAY ਲਾਇਸੰਸ ਪਲੇਟ ਲੈਣ ਵਾਸਤੇ ਸਾਨੂੰ ਸੰਪਰਕ ਕਰੋ।

ਹੁਣ ਅਸੀਂ DPF Cleaning ਅਤੇ Baking ਵੀ ਕਰਦੇ ਹਾਂ।

STOCKTON ਵਿੱਚ ਪੰਜਾਬੀ ਭਰਾਂਵਾਂ ਦੀ ਇੱਕੋ ਇੱਕ ALIGNMENT SHOP
• 3 Axle Alignment $199
• Trailer Alignment $150

Special Price for Truck Wash Grand Opening
• 8 Drive Tires For $3300 Kelly KDA
• Two Steer Tire Michelin $1150 Including Balancing (22.5 LP)

**ਗਲੋਬਲ ਮਲਟੀ ਸਰਵਿਸਿਜ਼ ਦੀ ਨਵੀਂ ਲੋਕੇਸ਼ਨ STOCKTON ਵਿਚ HIGHWAY 4 ਦੇ ਬਿਲਕੁਲ ਨਜ਼ਦੀਕ**
1950 E Miner Ave.
Stockton, CA 95205

**Ph: 209.547.9210**
FAX: 209.547.9211
www.gfbontime.com, raj@gfbontime.com

## REPAIR SHOP

ਟਰੱਕ ਤੇ ਟਰੇਲਰ ਦੇ ਹਰ ਤਰ੍ਹਾਂ ਦੇ ਟਾਇਰਾਂ ਤੋਂ ਇਲਾਵਾ Oil Change, Brakes, Engine Work, Tune Up, Transmission & Clutch ਆਦਿ ਦੀ ਮੁਰੰਮਤ ਅਤੇ Truck Alignment ਦਾ ਕੰਮ ਤਸੱਲੀਬਖਸ਼ ਢੰਗ ਨਾਲ ਕੀਤਾ ਜਾਂਦਾ ਹੈ। 50 ਟਰੱਕਾਂ ਦੀ ਖੁੱਲ੍ਹੀ-ਡੁੱਲ੍ਹੀ ਪਾਰਕਿੰਗ ਦੇ ਨਾਲ, ਟਰੱਕ-ਟਰੇਲਰ Wash ਕਰਨ ਦਾ ਵੀ ਵਧੀਆ ਪ੍ਰਬੰਧ ਹੈ।

**TEL: 209.547.9210**
FAX: 209.547.9211

## REGISTRATION SERVICES

ਟਰੱਕਿੰਗ ਨਾਲ ਸਬੰਧਤ ਹਰ ਤਰ੍ਹਾਂ ਦੇ ਪਰਮਿਟ ਜਿਵੇਂ IFTA, CA#, MCP, 2290, ICC, BOC III, NM & Kentucky Permit, DOT Fuel Tax, Corporation Filling ਅਤੇ ਟਰੱਕਾਂ ਦੀਆਂ ਲਾਇਸੈਂਸ ਪਲੇਟਾਂ Same Day Service ਵੀ ਦਿੰਦੇ ਹਾਂ। ਤੁਸੀਂ ਸਾਡੇ ਕੋਲੋਂ ਪਲੇਟਾਂ ਲੈ ਕੇ ਆਪਣਾ ਕੰਮ ਤੁਰੰਤ ਸ਼ੁਰੂ ਕਰ ਸਕਦੇ ਹੋ। ਅਸੀਂ DOT Compliance, DOT Audit ਵਿਚ ਵੀ ਟਰੱਕਿੰਗ ਕੰਪਨੀਆਂ ਦੀ ਮਦਦ ਕਰਦੇ ਹਾਂ।

**TEL: 209.982.9996**
FAX: 209.982.9997

# ਐਤਕੀਂ ਸੋਸ਼ਲ ਮੀਡੀਆ ਬਣਿਆ ਸਿਆਸੀ ਜੰਗ ਦਾ ਮੈਦਾਨ

**ਚੰਡੀਗੜ੍ਹ:** ਪੰਜਾਬ ਵਿਧਾਨ ਸਭਾ ਚੋਣਾਂ ਦੇ ਇਤਿਹਾਸ ਵਿਚ ਪਹਿਲੀ ਵਾਰ ਹੈ ਜਦੋਂ ਚੋਣ ਪ੍ਰਚਾਰ ਦਾ ਮੁੱਖ ਜ਼ਰੀਆ ਸੋਸ਼ਲ ਮੀਡੀਆ ਬਣਿਆ ਹੈ। 2012 ਦੀਆਂ ਚੋਣਾਂ ਵੇਲੇ ਤੱਕ ਟੈਲੀਵਿਜ਼ਨ ਤੇ ਅਖਬਾਰਾਂ ਜ਼ਰੀਏ ਚੋਣ ਪ੍ਰਚਾਰ ਕੀਤਾ ਜਾਂਦਾ ਸੀ, ਪਰ ਇਸ ਵਾਰ ਮਾਹੌਲ ਬਿਲਕੁਲ ਵੱਖਰਾ ਹੈ। ਸੋਸ਼ਲ ਮੀਡੀਆ ਇਸ ਵਾਰ ਲੋਕਾਂ ਤੱਕ ਪਹੁੰਚਣ ਦਾ ਸਭ ਤੋਂ ਵੱਡਾ ਜ਼ਰੀਆ ਬਣਿਆ ਹੋਇਆ ਹੈ। ਸੋਸ਼ਲ ਮੀਡੀਆ ਦਾ ਸਭ ਤੋਂ ਵੱਡਾ ਮੈਸੇਂਜਰ ਫੇਸਬੁਕ ਹੈ ਕਿਉਂਕਿ ਫੇਸਬੁਕ ਯੂਜ਼ਰ ਨੂੰ ਲੋਕਾਂ ਤੱਕ ਆਪਣੀ ਗੱਲ ਪਹੁੰਚਾਉਣ ਦੇ ਵੱਖ-ਵੱਖ ਵਿਕਲਪ ਦਿੰਦੀ ਹੈ।




ਫੇਸਬੁਕ ਦੀ ਸਭ ਤੋਂ ਵੱਡੀ ਦੇਣ ਫੇਸਬੁਕ ਲਾਈਵ ਹੈ ਜੋ ਲੋਕਾਂ ਤੱਕ ਪਹੁੰਚਣ ਦਾ ਸਭ ਤੋਂ ਸੌਖਾ, ਸਸਤਾ ਤੇ ਵਧੀਆ ਤਰੀਕਾ ਹੈ। ਸੋਸ਼ਲ ਮੀਡੀਆ ਜ਼ਰੀਏ ਚੋਣ ਪ੍ਰਚਾਰ ਕਰਨ ਦੀ ਰਵਾਇਤ ਨਵੀਂ ਉਭਰੀ ਆਮ ਆਦਮੀ ਪਾਰਟੀ ਨੇ ਸ਼ੁਰੂ ਕੀਤੀ ਹੈ। 'ਆਪ' ਨੇ ਦਿੱਲੀ ਚੋਣਾਂ ਵੇਲੇ ਲੋਕਾਂ ਤੱਕ ਆਪਣੀ ਗੱਲ ਪਹੁੰਚਾਉਣ ਦਾ ਸਾਧਨ ਸੋਸ਼ਲ ਮੀਡੀਆ ਨੂੰ ਚੁਣਿਆ ਸੀ, ਕਿਉਂਕਿ ਇਕ ਤਾਂ ਨਵੀਂ ਪਾਰਟੀ ਕੋਲ ਫੰਡਾਂ ਦੀ ਘਾਟ ਹੋਣ ਕਾਰਨ ਹੋਰ ਮਹਿੰਗੇ ਸਾਧਨਾਂ ਤੱਕ ਪਹੁੰਚਣਾ ਮੁਸ਼ਕਲ ਹੁੰਦਾ ਹੈ। ਦੂਜਾ, ਆਧੁਨਿਕ ਨੌਜਵਾਨ ਤਕਨਾਲੋਜੀ ਪ੍ਰਤੀ ਜਾਗਰੂਕ ਹੋਣ ਕਾਰਨ ਉਨ੍ਹਾਂ ਨੂੰ ਨਵੇਂ ਤਰੀਕੇ ਨਾਲ ਆਪਣੀ ਪਾਰਟੀ ਨਾਲ ਜੋੜਨਾ ਸੀ। ਇਸ ਤਰੀਕੇ ਨਾਲ ਆਮ ਆਦਮੀ ਪਾਰਟੀ ਨੂੰ ਕਾਮਯਾਬੀ ਵੀ ਹਾਸਲ ਹੋਈ।


ਮੌਜੂਦਾ ਸਮੇਂ ਪੰਜਾਬ ਵਿਧਾਨ ਸਭਾ ਚੋਣ ਪ੍ਰਚਾਰ ਵੀ ਪਹਿਲੀ ਵਾਰ ਸੋਸ਼ਲ ਮੀਡੀਆ ਦੇ ਰੰਗ ਵਿਚ ਰੰਗਿਆ ਨਜ਼ਰ ਆ ਰਿਹਾ ਹੈ। ਆਮ ਆਦਮੀ ਪਾਰਟੀ ਦੇ ਪ੍ਰਚਾਰ ਲੀਹ ਉਤੇ ਚੱਲਦਿਆਂ ਦੋਵੇਂ ਰਵਾਇਤੀ ਪਾਰਟੀਆਂ ਸ਼੍ਰੋਮਣੀ ਅਕਾਲੀ ਦਲ ਤੇ ਕਾਂਗਰਸ ਨੇ ਵੀ ਸੋਸ਼ਲ ਮੀਡੀਆ ਜ਼ਰੀਏ ਪ੍ਰਚਾਰ ਕਰਨ ਵਿਚ ਕੋਈ ਕਸਰ ਬਾਕੀ ਨਹੀਂ ਛੱਡੀ। ਹਰ ਪਾਰਟੀ ਵੱਲੋਂ ਫੇਸਬੁਕ, ਟਵਿੱਟਰ, ਇੰਸਟਾ ਤੇ ਯੂ-ਟਿਊਬ ਅਕਾਊਂਟ ਬਣਾਏ ਗਏ ਹਨ ਜਿਨ੍ਹਾਂ 'ਤੇ ਜ਼ਬਰਦਸਤ ਚੋਣ ਪ੍ਰਚਾਰ ਕੀਤਾ ਜਾ ਰਿਹਾ ਹੈ। ਹਰ ਪਾਰਟੀ ਦੇ ਉਮੀਦਵਾਰ ਜਾਂ ਸੀਨੀਅਰ ਆਗੂ ਜਦੋਂ ਪੰਜਾਬ ਵਿਚ ਚੋਣ ਰੈਲੀਆਂ ਕਰਦੇ ਹਨ ਤਾਂ ਹਰ ਰੈਲੀ ਜਾਂ ਪਾਰਟੀ ਦੀ ਹੋਰ ਛੋਟੀ-ਵੱਡੀ ਗਤੀਵਿਧੀ ਨੂੰ ਫੇਸਬੁਕ 'ਤੇ ਲਾਈਵ ਦਿਖਾਇਆ ਜਾਂਦਾ ਹੈ।

ਯੂ-ਟਿਊਬ ਜਾਂ ਕੋਈ ਵੈੱਬਸਾਈਟ ਖੋਲ੍ਹਣ ਉਤੇ ਕੈਪਟਨ ਜਾਂ ਅਕਾਲੀ ਦਲ ਦੇ ਵਾਅਦਿਆਂ ਤੇ ਕੰਮਾਂ ਦੇ ਇਸ਼ਤਿਹਾਰ ਤੁਹਾਨੂੰ ਆਮ ਹੀ ਦਿਖਾਈ ਦੇਣਗੇ। ਪਾਰਟੀਆਂ ਦੇ ਫੇਸਬੁਕ ਪੇਜਾਂ ਨੂੰ ਵਰਕਰਾਂ ਵੱਲੋਂ ਰੱਜ ਕੇ ਲਾਈਕ ਤੇ ਸ਼ੇਅਰ ਕਰ ਕੇ ਹਮਾਇਤ ਦਿੱਤੀ ਜਾਂਦੀ ਹੈ। ਫੇਸਬੁਕ ਦੀ ਪੋਸਟ ਨੂੰ ਪਸੰਦ ਕਰਨ ਤੇ ਫਿਰ ਸ਼ੇਅਰ ਕਰਨ ਦੀ ਫੀਚਰ ਲੋਕਾਂ ਲਈ ਕਾਫੀ ਵੱਡੀ ਸਹੂਲਤ ਹੈ, ਕਿਉਂਕਿ ਸ਼ੇਅਰ ਦੇ ਜ਼ਰੀਏ ਇਕ ਜਾਣਕਾਰੀ ਨੂੰ ਹਜ਼ਾਰਾਂ, ਲੱਖਾਂ ਜਾਂ ਕਰੋੜਾਂ ਲੋਕਾਂ ਤੱਕ ਪਹੁੰਚਾਇਆ ਜਾ ਸਕਦਾ ਹੈ। ਇਸ ਉਤੇ ਖਰਚਾ ਸਿਰਫ ਇੰਟਰਨੈੱਟ ਦਾ ਭੁਗਤਾਨ ਹੀ ਹੁੰਦਾ ਹੈ।

ਅੱਜਕੱਲ ਤਾਂ ਕਈ ਮੀਡੀਆ ਹਾਊਸ ਫੇਸਬੁਕ 'ਤੇ ਹੀ ਪੰਜਾਬ ਦਾ ਚੋਣ ਸਰਵੇ ਵੀ ਕਰ ਰਹੇ ਹਨ। ਲੋਕਾਂ ਦਾ ਝੁਕਾਅ ਕਿਸ ਪਾਰਟੀ ਵੱਲ ਜ਼ਿਆਦਾ ਹੈ, ਕਿਹੜੀ ਪਾਰਟੀ ਕਿਥੇ ਜ਼ਿਆਦਾ ਮਜ਼ਬੂਤ ਹੈ, ਕਿਸ ਪਾਰਟੀ ਨੇ ਕੀ ਗਲਤੀ ਕੀਤੀ ਹੈ, ਕਿਸ ਪਾਰਟੀ ਦਾ ਕਿਹੜਾ ਲੀਡਰ ਕਿਥੇ ਪਹੁੰਚ ਕੇ ਲੋਕਾਂ ਨੂੰ ਸੰਬੋਧਨ ਕਰ ਰਿਹਾ ਹੈ, ਇਹ ਸਾਰੀਆਂ ਜਾਣਕਾਰੀਆਂ ਸੋਸ਼ਲ ਮੀਡੀਆ ਦੇ ਜ਼ਰੀਏ ਅੱਜ ਬਹੁਤ ਆਸਾਨੀ ਨਾਲ ਹਾਸਲ ਹੋ ਜਾਂਦੀਆਂ ਹਨ।

## ਭਗਵੰਤ ਮਾਨ ਦਾ ਬਾਦਲ ਨੂੰ ਸਵਾਲ

**ਚੰਡੀਗੜ੍ਹ:** ਆਮ ਆਦਮੀ ਪਾਰਟੀ ਨੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੂੰ ਸ਼੍ਰੋਮਣੀ ਅਕਾਲੀ ਦਲ ਵੱਲੋਂ ਆਮ ਆਦਮੀ ਪਾਰਟੀ ਦੇ ਉਮੀਦਵਾਰਾਂ ਨੂੰ ਹਰਾਉਣ ਲਈ ਕਾਂਗਰਸ ਨੂੰ ਸਮਰਥਨ ਦੇਣ ਬਾਰੇ ਸਵਾਲ ਕੀਤਾ ਹੈ। ਉਨ੍ਹਾਂ ਪ੍ਰਕਾਸ਼ ਬਾਦਲ ਤੋਂ ਅਕਾਲੀ ਦਲ ਵੱਲੋਂ ਕਮਜ਼ੋਰ ਸੀਟਾਂ ਉਤੇ ਕਾਂਗਰਸ ਨੂੰ ਸਮਰਥਨ ਦੇਣ ਬਾਰੇ ਸਪਸ਼ਟੀਕਰਨ ਦੀ ਮੰਗ ਕੀਤੀ। ਆਮ ਆਦਮੀ ਪਾਰਟੀ ਦੀ ਚੋਣ ਪ੍ਰਚਾਰ ਕਮੇਟੀ ਦੇ ਚੇਅਰਮੈਨ ਭਗਵੰਤ ਮਾਨ ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਜ਼ਮੀਨੀ ਆਧਾਰ ਗੁਆ ਚੁੱਕਾ ਹੈ। ਹੁਣ ਸੱਤਾ ਕਾਂਗਰਸ ਦੇ ਹੱਥਾਂ ਵਿਚ ਦੇਣਾ ਚਾਹੁੰਦਾ ਹੈ। ਉਨ੍ਹਾਂ ਕਿਹਾ ਕਾਂਗਰਸ ਤੇ ਅਕਾਲੀ ਦਲ ਵੱਲੋਂ ਬਹੁਤ ਸਾਰੀਆਂ ਚੋਣਾਂ ਮਿਲ ਕੇ ਲੜੀਆਂ ਗਈਆਂ ਹਨ। ਦੋਵਾਂ ਪਾਰਟੀਆਂ ਨੂੰ ਆਮ ਆਦਮੀ ਪਾਰਟੀ ਦਾ ਡਰ ਸਤਾ ਰਿਹਾ ਹੈ ਕਿ ਆਮ ਆਦਮੀ ਪਾਰਟੀ ਦੇ ਸੱਤਾ ਵਿਚ ਆਉਣ ਨਾਲ ਦੋਹਾਂ ਪਾਰਟੀਆਂ ਦੇ ਗਠਜੋੜ ਦਾ ਭੇਤ ਖੁੱਲ੍ਹ ਜਾਵੇਗਾ। ਮਾਨ ਨੇ ਪ੍ਰਕਾਸ਼ ਸਿੰਘ ਬਾਦਲ ਤੇ ਸੁਖਬੀਰ ਸਿੰਘ ਬਾਦਲ ਉਤੇ ਵਰ੍ਹਦਿਆਂ ਕਾਂਗਰਸ ਨਾਲ ਮਿਲ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੀਆਂ ਘਟਨਾਵਾਂ ਲਈ ਆਮ ਆਦਮੀ ਪਾਰਟੀ ਨੂੰ ਨਿਸ਼ਾਨਾ ਬਣਾਏ ਜਾਣ ਦੀ ਕਰੜੀ ਨਿੰਦਾ ਕੀਤੀ। ਉਨ੍ਹਾਂ ਕਿਹਾ ਕਿ ਸੁਖਬੀਰ ਸਿੰਘ ਬਾਦਲ ਸੂਬੇ ਦੇ ਗ੍ਰਹਿ ਮੰਤਰੀ ਸਨ ਤੇ ਬੇਅਦਬੀ ਦੀਆਂ ਘਟਨਾਵਾਂ ਲਈ ਸਿੱਧੇ ਤੌਰ ਉਤੇ ਜ਼ਿੰਮੇਵਾਰ ਹਨ। ਆਮ ਆਦਮੀ ਪਾਰਟੀ ਉਤੇ ਇਲਜ਼ਾਮ ਲਾਉਣ ਤੋਂ ਪਹਿਲਾਂ ਉਹ ਸਪਸ਼ਟ ਕਿਉਂ ਨਹੀਂ ਕਰਦੇ ਕਿ ਦੋਸ਼ੀਆਂ ਨੂੰ ਹਾਲੇ ਤੱਕ ਕਿਉਂ ਨਹੀਂ ਫੜਿਆ ਗਿਆ। ਭਗਵੰਤ ਮਾਨ ਨੇ ਕਿਹਾ ਕਿ ਚੋਣ ਮੀਟਿੰਗਾਂ ਦੌਰਾਨ ਸੱਚ ਨੂੰ ਛੁਪਾਉਂਦਿਆਂ ਉਨ੍ਹਾਂ ਦੀ ਜ਼ੁਬਾਨ ਫਿਸਲ ਜਾਂਦੀ ਹੈ। ਮੋਗਾ ਵਿਚ ਸੁਖਬੀਰ ਬਾਦਲ ਨੇ ਕਿਹਾ ਸੀ ਕਿ ਸ਼੍ਰੋਮਣੀ ਅਕਾਲੀ ਦਲ ਬੇਅਦਬੀ ਦੀਆਂ ਘਟਨਾਵਾਂ ਵਿਚ ਸ਼ਾਮਲ ਸੀ। ਪੰਜਾਬ ਦੀ ਸ਼ਾਂਤੀ ਨੂੰ ਭੰਗ ਕਰਨ ਲਈ ਜ਼ਿੰਮੇਵਾਰ ਸੀ। ਪਿਛਲੇ ਹਫਤੇ ਅੰਮ੍ਰਿਤਸਰ ਵਿਚ ਉਨ੍ਹਾਂ ਕਿਹਾ ਸੀ ਕਿ ਉਹ ਅੰਮ੍ਰਿਤਸਰ ਨੂੰ ਸਭ ਤੋਂ ਬਦਸੂਰਤ ਸ਼ਹਿਰ ਬਣਾਉਣਾ ਚਾਹੁੰਦੇ ਹਨ। ਮਾਨ ਨੇ ਕਿਹਾ ਕਿ ਜਦੋਂ ਬੇਅਦਬੀ ਦੀ ਪਹਿਲੀ ਘਟਨਾ ਵਾਪਰੀ ਸੀ ਤਾਂ ਉਦੋਂ ਸੁਖਬੀਰ ਬਾਦਲ ਨੇ ਪਾਕਿਸਤਾਨ ਦੀ ਆਈ.ਐਸ.ਆਈ. ਤੇ ਜਰਮਨ ਦੀ ਇੰਟੈਲੀਜੈਂਸ ਏਜੰਸੀ ਨੂੰ ਜ਼ਿੰਮੇਵਾਰ ਦੱਸਿਆ ਸੀ। ਕਈ ਵਾਰ ਉਨ੍ਹਾਂ ਨੇ ਕਿਹਾ ਕਿ ਬੇਅਦਬੀ ਦੀਆਂ ਘਟਨਾਵਾਂ ਪਿੱਛੇ ਰੂਸ ਦਾ ਹੱਥ ਹੋ ਸਕਦਾ ਹੈ। ਹਾਲ ਹੀ ਵਿਚ ਉਸ ਨੂੰ ਅਹਿਸਾਸ ਹੋਇਆ ਕਿ ਆਮ ਆਦਮੀ ਪਾਰਟੀ ਅਸਲ ਦੋਸ਼ੀ ਹੈ। ਮਾਨ ਨੇ ਕਿਹਾ ਕਿ ਸੁਖਬੀਰ ਬਾਦਲ ਆਪਣੀ ਸਹੂਲਤ ਦੇ ਨਾਲ ਬਿਆਨ ਬਦਲਦੇ ਰਹਿੰਦੇ ਹਨ। ਹਾਲ ਹੀ ਵਿਚ ਉਸ ਨੇ ਕਾਂਗਰਸ ਨਾਲ ਆਪਣੇ ਰਿਸ਼ਤਿਆਂ ਨੂੰ ਛੁਪਾਉਣ ਲਈ ਆਮ ਆਦਮੀ ਪਾਰਟੀ ਦੇ ਕਾਂਗਰਸ ਨਾਲ ਮਿਲੇ ਹੋਣ ਦੇ ਇਲਜ਼ਾਮ ਲਾਏ ਸਨ।



# ਇਸਾਈ ਘਰਾਂ ਉਤੇ ਹਮਲਾ ਕਰਨ ਦੇ 115 ਦੋਸ਼ੀ ਬਰੀ

**ਲਾਹੌਰ:** ਪਾਕਿਸਤਾਨ ਦੀ ਇਕ ਅਤਿਵਾਦ ਵਿਰੋਧੀ ਅਦਾਲਤ ਨੇ ਸਬੂਤਾਂ ਦੀ ਘਾਟ ਕਾਰਨ ਇਸਾਈਆਂ ਦੇ ਘਰਾਂ 'ਤੇ ਹਮਲਾ ਕਰਨ ਦੇ 115 ਮੁਲਜ਼ਮਾਂ ਨੂੰ ਬਰੀ ਕਰ ਦਿੱਤਾ ਹੈ।


ਸੂਤਰਾਂ ਮੁਤਾਬਕ ਜੱਜ ਚੌਧਰੀ ਮੁਹੰਮਦ ਆਜ਼ਮ ਨੇ ਬਚਾਅ ਪੱਖ ਦੀਆਂ ਦਲੀਲਾਂ ਨਾਲ ਇਤਿਫਾਕ ਰੱਖਦੇ ਹੋਏ ਤੇ ਸਬੂਤਾਂ ਦੀ ਘਾਟ ਕਾਰਨ ਦੋਸ਼ੀਆਂ ਨੂੰ ਬਰੀ ਕੀਤਾ। ਜਾਣਕਾਰੀ ਅਨੁਸਾਰ 8 ਮਾਰਚ, 2013 ਦੇ ਦਿਨ ਸ਼ਹਿਰ ਦੀ ਜੋਸਫ ਕਾਲੋਨੀ ਵਿਚ ਇਸਾਈਆਂ ਦੇ ਤਕਰੀਬਨ 100 ਘਰਾਂ ਤੇ ਦੁਕਾਨਾਂ 'ਤੇ ਦੋਸ਼ੀਆਂ ਨੇ ਡਾਂਗਾਂ ਤੇ ਪੱਥਰਾਂ ਨਾਲ ਹਮਲਾ ਕਰਦੇ ਹੋਏ ਉਨ੍ਹਾਂ ਦਾ ਭਾਰੀ ਨੁਕਸਾਨ ਕਰ ਦਿੱਤਾ ਸੀ।

ਹਮਲਾਵਰਾਂ ਨੂੰ ਰੋਕਣ ਲਈ ਪੁਲਿਸ ਨਾਲ ਹੋਈ ਮੁੱਠਭੇੜ 'ਚ ਦਰਜਨਾਂ ਲੋਕ ਜ਼ਖਮੀ ਹੋਏ ਸਨ। ਮਾਮਲੇ ਉਤੇ ਕਾਰਵਾਈ ਕਰਦਿਆਂ ਉਸ ਵਕਤ 1000 ਦੇ ਕਰੀਬ ਮੁਸਲਿਮ ਦੋਸ਼ੀਆਂ ਨੂੰ ਗ੍ਰਿਫਤਾਰ ਕੀਤਾ ਗਿਆ ਸੀ, ਜਿਨ੍ਹਾਂ 'ਚ 80 ਹੋਰ ਫਿਰ ਨਾਮਜ਼ਦ ਕੀਤੇ ਗਏ ਸਨ।

# ਰਾਜੀਵ ਦੇ ਕਤਲ ਬਾਰੇ ਪਹਿਲਾਂ ਹੀ ਲੱਗ ਗਿਆ ਸੀ ਕਿਆਸ

**ਨਵੀਂ ਦਿੱਲੀ:** ਰਾਜੀਵ ਗਾਂਧੀ ਦੀ ਹੱਤਿਆ ਤੋਂ ਪੰਜ ਸਾਲ ਪਹਿਲਾਂ ਅਮਰੀਕਾ ਦੀ ਖੁਫੀਆ ਏਜੰਸੀ ਸੀ.ਆਈ.ਏ. ਨੇ ਇਸ ਬਾਰੇ ਵਿਸਥਾਰ ਨਾਲ ਰਿਪੋਰਟ ਤਿਆਰ ਕੀਤੀ ਸੀ ਕਿ ਜੇ ਉਨ੍ਹਾਂ ਦੀ ਹੱਤਿਆ ਹੋ ਜਾਂਦੀ ਹੈ ਜਾਂ ਉਹ ਭਾਰਤੀ ਸਿਆਸੀ ਦ੍ਰਿਸ਼ ਤੋਂ ਯਕਲਖ਼ਤ ਲਾਂਭੇ ਹੋ ਜਾਂਦੇ ਹਨ ਤਾਂ ਕੀ ਹੋਵੇਗਾ। 23 ਪੰਨਿਆਂ ਦੀ ਇਹ ਰਿਪੋਰਟ ਮਾਰਚ 1986 ਵਿਚ ਤਿਆਰ ਕੀਤੀ ਗਈ ਸੀ ਅਤੇ ਇਸ ਉਤੇ ਸੀ.ਆਈ.ਏ. ਦੇ ਸੀਨੀਅਰ ਅਧਿਕਾਰੀਆਂ ਦੀਆਂ ਟਿੱਪਣੀਆਂ ਹਨ। ਇਹ ਰਿਪੋਰਟ ਸੀ.ਆਈ.ਏ. ਨੇ ਹਾਲ ਹੀ ਵਿਚ ਨਸ਼ਰ ਕੀਤੀ ਹੈ।

ਜਨਵਰੀ 1986 ਤੱਕ ਸੀ.ਆਈ.ਏ. ਕੋਲ ਮੌਜੂਦ ਸੂਚਨਾ ਦੇ ਆਧਾਰ ਉਤੇ ਤਿਆਰ ਇਸ ਰਿਪੋਰਟ ਦੇ ਸਿਰਲੇਖ ਦਾ ਇਕ ਹਿੱਸਾ ਕੱਟਿਆ ਜਾ ਚੁੱਕਾ ਹੈ। ਰਿਪੋਰਟ ਦਾ ਪਹਿਲਾ ਵਾਕ ਹੀ ਇਹ ਹੈ ਕਿ ਰਾਜੀਵ ਗਾਂਧੀ ਦੀ 1989 ਵਿਚ ਆਪਣਾ ਕਾਰਜਕਾਲ ਖਤਮ ਹੋਣ ਤੋਂ ਪਹਿਲਾਂ ਹੀ ਹੱਤਿਆ ਹੋ ਸਕਦੀ ਹੈ। ਇਸ ਰਿਪੋਰਟ ਤੋਂ ਪੰਜ ਸਾਲ ਮਗਰੋਂ ਰਾਜੀਵ ਗਾਂਧੀ ਦੀ 21 ਮਈ 1991 ਨੂੰ ਤਾਮਿਲਨਾਡੂ ਵਿਚ ਹੱਤਿਆ ਕਰ ਦਿੱਤੀ ਗਈ ਸੀ।



'ਅਹਿਮ ਫੈਸਲਿਆਂ' ਦੇ ਸਿਰਲੇਖ ਵਾਲੇ ਰਿਪੋਰਟ ਦੇ ਪਹਿਲੇ ਹਿੱਸੇ ਵਿਚ ਰਾਜੀਵ ਗਾਂਧੀ ਦੀ ਅਗਵਾਈ ਅਚਾਨਕ ਮਨਫੀ ਹੋਣ ਤੋਂ ਬਾਅਦ ਸੰਭਾਵੀ ਘਰੇਲੂ ਤੇ ਕੌਮਾਂਤਰੀ ਸਿਆਸੀ ਦ੍ਰਿਸ਼ ਅਤੇ ਅਮਰੀਕਾ, ਤਤਕਾਲੀ ਸੋਵੀਅਤ ਯੂਨੀਅਨ ਅਤੇ ਇਸ ਖਿੱਤੇ ਨਾਲ ਭਾਰਤ ਦੇ ਸਬੰਧਾਂ 'ਤੇ ਸੰਭਾਵੀ ਪ੍ਰਭਾਵ ਬਾਰੇ ਚਰਚਾ ਕੀਤੀ ਗਈ। ਰਿਪੋਰਟ ਵਿਚ ਵੱਖ-ਵੱਖ ਅਤਿਵਾਦੀ ਗਰੁੱਪਾਂ ਤੋਂ ਰਾਜੀਵ ਦੇ ਜੀਵਨ ਨੂੰ ਖਤਰੇ ਨਾਲ ਸਿੱਝਣ ਬਾਰੇ ਵੀ ਦੱਸਿਆ ਗਿਆ। ਉਨ੍ਹਾਂ ਕਿਹਾ ਕਿ ਜੇ ਰਾਜੀਵ, ਸਿੱਖ ਜਾਂ ਕਸ਼ਮੀਰੀ ਮੁਸਲਮਾਨਾਂ ਹੱਥੋਂ ਮਾਰਿਆ ਜਾਂਦਾ ਹੈ ਤਾਂ ਇਹਤਿਆਤੀ ਸੁਰੱਖਿਆ ਪ੍ਰਬੰਧਾਂ ਦੇ ਬਾਵਜੂਦ ਫਿਰਕੂ ਹਿੰਸਾ ਭੜਕਣ ਦੀ ਸੰਭਾਵਨਾ ਹੈ। ਦਿਲਚਸਪ ਗੱਲ ਇਹ ਹੈ ਕਿ ਰਿਪੋਰਟ ਵਿਚ ਰਾਜੀਵ ਦੇ ਆਰਜ਼ੀ ਜਾਨਸ਼ੀਨ ਵਜੋਂ ਪੀ.ਵੀ. ਨਰਸਿਮਹਾ ਰਾਓ ਤੇ ਵੀ.ਪੀ. ਸਿੰਘ ਦਾ ਨਾਂ ਲਿਖਿਆ ਗਿਆ ਹੈ। ਰਾਜੀਵ ਗਾਂਧੀ ਦੀ ਹੱਤਿਆ ਮਗਰੋਂ ਨਰਸਿਮਹਾ ਰਾਓ ਨੇ 1991 ਵਿਚ ਪ੍ਰਧਾਨ ਮੰਤਰੀ ਦਾ ਅਹੁਦਾ ਸੰਭਾਲਿਆ ਸੀ।

# ਪੰਜਾਬੀ ਨੂੰ ਖਰਾਬ ਭਾਸ਼ਾ ਦੱਸਣ ਵਾਲੇ ਪ੍ਰਬੰਧਕਾਂ ਨੇ ਮੰਗੀ ਲਿਖਤੀ ਮੁਆਫੀ

**ਲਾਹੌਰ:** ਪਾਕਿਸਤਾਨ ਦੇ ਬਿਕਨਹਾਊਸ ਸਕੂਲ ਸਿਸਟਮ ਸਾਹੀਵਾਲ ਵੱਲੋਂ ਪੰਜਾਬੀ ਭਾਸ਼ਾ ਨੂੰ ਗਲਤ ਤੇ ਖਰਾਬ ਭਾਸ਼ਾ ਦੱਸਦਿਆਂ ਲਾਈ ਪਾਬੰਦੀ ਬਾਰੇ ਸੰਸਥਾ ਦੇ ਪ੍ਰਬੰਧਕਾਂ ਨੂੰ ਲਾਹੌਰ ਹਾਈ ਕੋਰਟ ਵੱਲੋਂ ਤਲਬ ਕੀਤਾ ਗਿਆ। ਲਾਹੌਰ ਤੋਂ ਪੰਜਾਬੀ ਭਾਸ਼ਾ ਦੇ ਕਾਰਕੁਨਾਂ ਅਹਿਮਦ ਰਜ਼ਾ ਤੇ ਪ੍ਰੋ. ਜ਼ਮੀਲ ਪਾਲ ਨੇ ਦੱਸਿਆ ਕਿ ਬਿਕਨਹਾਊਸ ਸਕੂਲ ਦੀ ਸਾਹੀਵਾਲ ਬ੍ਰਾਂਚ ਦੇ ਹੈੱਡਮਾਸਟਰ ਨੇ ਉਕਤ ਮਾਮਲਾ ਜਨਤਕ ਹੋਣ 'ਤੇ ਸਪਸ਼ਟੀਕਰਨ ਦਿੰਦਿਆਂ ਕਿਹਾ ਸੀ ਕਿ ਉਸ ਨੇ ਪੰਜਾਬੀ ਭਾਸ਼ਾ ਉਤੇ ਨਹੀਂ, ਸਗੋਂ ਸਕੂਲ ਦੇ ਅੰਦਰ, ਬਾਹਰ ਤੇ ਘਰਾਂ 'ਚ ਪੰਜਾਬੀ ਭਾਸ਼ਾ ਵਿਚ ਗਾਲ੍ਹਾਂ ਤੇ ਭੈੜੀ ਸ਼ਬਦਾਵਲੀ ਵਰਤੇ ਜਾਣ ਉਤੇ ਪਾਬੰਦੀ ਲਗਾਈ ਸੀ। ਪੰਜਾਬੀ ਪ੍ਰਚਾਰ ਤੇ ਪਾਕਿਸਤਾਨ ਪੰਜਾਬੀ ਅਦਬੀ ਬੋਰਡ ਸੰਸਥਾ ਵੱਲੋਂ ਲਾਹੌਰ ਹਾਈ ਕੋਰਟ ਵਿਚ ਕੇਸ ਦਾਇਰ ਕਰਨ ਉਤੇ ਜਸਟਿਸ ਮਨਸੂਰ ਅਲੀ ਸ਼ਾਹ ਨੇ ਸਕੂਲ ਸਿਸਟਮ ਵੱਲੋਂ ਦਿੱਤੇ ਸਪਸ਼ਟੀਕਰਨ ਨੂੰ ਗ਼ੈਰ-ਤਸੱਲੀਬਖ਼ਸ਼ ਦੱਸਦਿਆਂ ਸਰਕੂਲਰ ਜਾਰੀ ਕਰਨ ਵਾਲੇ ਹੈੱਡਮਾਸਟਰ ਸਹਿਤ ਪ੍ਰਬੰਧਕਾਂ ਨੂੰ ਅਦਾਲਤ 'ਚ ਲਿਖਤੀ ਮੁਆਫੀ ਮੰਗਣ ਦੇ ਹੁਕਮ ਜਾਰੀ ਕੀਤੇ।

ਉਧਰ, ਪੰਜਾਬੀ ਭਾਸ਼ਾ ਕਾਰਕੁਨਾਂ ਇਕਬਾਲ ਕੈਸਰ, ਤਾਰਿਕ ਜਟਾਲਾ, ਰਾਣਾ ਮਜੀਦ ਖਾਂ ਨੇ ਸਪਸ਼ਟ ਤੌਰ ਉਤੇ ਕਿਹਾ ਕਿ ਮਾਂ ਬੋਲੀ ਪੰਜਾਬੀ ਨੂੰ ਉਸ ਦਾ ਬਣਦਾ ਹੱਕ ਦਿਵਾਉਣ ਲਈ 'ਪੰਜਾਬੀ ਪੜ੍ਹਾਓ ਤਹਿਰੀਕ' ਬੈਨਰ ਹੇਠ ਉਨ੍ਹਾਂ ਦੀ ਜੱਦੋ-ਜਹਿਦ ਉਸ ਵਕਤ ਤੱਕ ਜਾਰੀ ਰਹੇਗੀ ਜਦੋਂ ਤੱਕ ਸੂਬਾ ਸਰਕਾਰ ਵੱਲੋਂ ਪੰਜਾਬ ਦੇ ਸਕੂਲਾਂ ਦੇ ਸਿਲੇਬਸ 'ਚ ਪੰਜਾਬੀ ਭਾਸ਼ਾ ਨੂੰ ਲਾਜ਼ਮੀ ਤੌਰ ਉਤੇ ਸ਼ਾਮਲ ਨਹੀਂ ਕੀਤਾ ਜਾਂਦਾ।

## ਹਿੰਦੂ ਸੰਸਦ ਮੈਂਬਰ ਨੇ ਕੀਤੀ ਸਿੰਧ ਵਿਧਾਨ ਸਭਾ ਦੀ ਪ੍ਰਧਾਨਗੀ

**ਅੰਮ੍ਰਿਤਸਰ:** ਪਾਕਿਸਤਾਨ ਦੇ ਇਤਿਹਾਸ ਵਿਚ ਪਹਿਲੀ ਵਾਰ ਕਿਸੇ ਹਿੰਦੂ ਸੰਸਦ ਮੈਂਬਰ ਨੂੰ ਸਿੰਧ ਵਿਧਾਨ ਸਭਾ ਦੀ ਬੈਠਕ ਦੀ ਪ੍ਰਧਾਨਗੀ ਕਰਨ ਦਾ ਮੌਕਾ ਮਿਲਿਆ ਹੈ। ਪਾਕਿਸਤਾਨ ਪੀਪਲਜ਼ ਪਾਰਟੀ (ਪੀ.ਪੀ.ਪੀ.) ਦੇ ਹਿੰਦੂ ਐਮ.ਪੀ.ਏ. ਡਾ. ਮਹੇਸ਼ ਕੁਮਾਰ ਮਲਾਨੀ ਨੇ ਸਿੰਧ ਵਿਧਾਨ ਸਭਾ ਦੀ ਬੈਠਕ ਦੀ ਪ੍ਰਧਾਨਗੀ ਕੀਤੀ।



ਪੀ.ਪੀ.ਪੀ. ਸਹਿਤ ਹੋਰਨਾਂ ਰਾਜਨੀਤਕ ਪਾਰਟੀਆਂ ਦੇ ਵੀ ਘੱਟ-ਗਿਣਤੀ ਭਾਈਚਾਰੇ ਨਾਲ ਸਬੰਧਤ ਕਈ ਮੈਂਬਰ ਚੋਣ ਜਿੱਤ ਕੇ ਸਿੰਧ ਵਿਧਾਨ ਸਭਾ ਪਹੁੰਚੇ ਹਨ। ਦੱਸਣਯੋਗ ਹੈ ਕਿ ਇਸ ਤੋਂ ਪਹਿਲਾਂ ਸਿੰਧ ਵਿਧਾਨ ਸਭਾ ਦੇ ਪ੍ਰਧਾਨ ਜਾਂ ਡਿਪਟੀ ਸਪੀਕਰ ਦੀ ਗੈਰ-ਹਾਜ਼ਰੀ 'ਚ ਸੱਤਾਧਾਰੀ ਪਾਰਟੀ ਦੇ ਮੁਸਲਿਮ ਮੈਂਬਰ ਹੀ ਬੈਠਕ ਦੀ ਪ੍ਰਧਾਨਗੀ ਕਰਦੇ ਸਨ, ਪਰ ਪਾਕਿ ਦੇ ਘੱਟ ਗਿਣਤੀ ਭਾਈਚਾਰੇ ਨਾਲ ਸਬੰਧਤ ਕਿਸੇ ਹਿੰਦੂ ਮੈਂਬਰ ਨੂੰ ਪਹਿਲੀ ਵਾਰ ਪ੍ਰਧਾਨਗੀ ਕਰਨ ਦਾ ਮੌਕਾ ਮਿਲਿਆ ਹੈ। ਜ਼ਿਕਰਯੋਗ ਹੈ ਕਿ ਪਾਕਿਸਤਾਨ ਦੀ ਸਥਾਪਨਾ ਤੋਂ ਪਹਿਲਾਂ ਸਿੰਧ ਦੀ ਕਾਨੂੰਨ ਅਸੈਂਬਲੀ ਦੀ ਡਿਪਟੀ ਸਪੀਕਰ ਹਿੰਦੂ ਮਹਿਲਾ ਰਹੀ, ਜਿਸ ਨੇ 1942 ਤੋਂ 1943 ਤੱਕ ਵਿਧਾਨ ਸਭਾ ਦੇ ਡਿਪਟੀ ਸਪੀਕਰ ਵਜੋਂ ਸੇਵਾਵਾਂ ਦਿੱਤੀਆਂ ਤੇ ਵੰਡ ਦੇ ਬਾਅਦ ਹੋਰਨਾਂ ਸਿੰਧੀ ਹਿੰਦੂ ਪਰਿਵਾਰਾਂ ਨਾਲ ਉਹ ਭਾਰਤ ਪਰਤ ਆਈ।

# ਕਾਂਗਰਸ ਵੱਲੋਂ ਡੇਰਿਆਂ ਲਈ ਐਲਾਨ


**ਪਟਿਆਲਾ:** ਕਾਂਗਰਸ ਨੇ ਡੇਰਿਆਂ ਨੂੰ ਖੁਸ਼ ਕਰਨ ਲਈ ਨਵਾਂ ਵਾਅਦਾ ਕੀਤਾ ਹੈ। ਪੰਜਾਬ ਕਾਂਗਰਸ ਦੇ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਨੇ ਪੈਪਸੂ ਦੀਆਂ ਡੇਰਿਆਂ ਨਾਲ ਸਬੰਧਤ ਜਾਇਦਾਦਾਂ ਨੂੰ ਠੇਕੇ ਉਤੇ ਲੈਣ ਵਾਲਿਆਂ ਨੂੰ ਭਰੋਸਾ ਦਿੱਤਾ ਹੈ ਕਿ ਉਨ੍ਹਾਂ ਨੂੰ ਜ਼ਮੀਨਾਂ ਤੋਂ ਨਹੀਂ ਹਟਾਉਣ ਦਿੱਤਾ ਜਾਏਗਾ। ਉਨ੍ਹਾਂ ਨੇ ਇਹ ਵੀ ਕਿਹਾ ਕਿ ਸਰਕਾਰ ਬਣਨ 'ਤੇ ਉਹ ਲੋੜ ਪੈਣ ਉਤੇ ਕਾਨੂੰਨ ਵੀ ਲੈ ਕੇ ਆਉਣਗੇ। ਕੈਪਟਨ ਨੇ ਕਿਹਾ ਕਿ ਅਜਿਹੀਆਂ ਜਾਇਦਾਦਾਂ ਬਾਰੇ ਹਾਈ ਕੋਰਟ ਦੇ ਫੈਸਲੇ ਦੇ ਮੱਦੇਨਜ਼ਰ ਪੇਸ਼ ਆ ਰਹੀ ਸਮੱਸਿਆ ਦਾ ਸ਼ਾਂਤਮਈ ਤੇ ਪੱਕਾ ਹੱਲ ਕੱਢਿਆ ਜਾਵੇਗਾ।

ਉਨ੍ਹਾਂ ਡੇਰਿਆਂ ਦੇ ਮਹੰਤਾਂ ਨੂੰ ਭਰੋਸੇ ਵਿਚ ਲੈ ਕੇ ਹੱਲ ਕੱਢਣ ਦਾ ਵਾਅਦਾ ਕਰਦਿਆਂ ਕਿਹਾ ਕਿ ਉਹ ਪੁਖਤਾ ਕਰਨਗੇ ਕਿ ਠੇਕੇ ਉਪਰ ਜ਼ਮੀਨ ਲੈਣ ਵਾਲਿਆਂ ਨੂੰ ਉਨ੍ਹਾਂ ਦੇ ਘਰਾਂ ਤੋਂ ਨਾ ਵਾਂਝਾ ਕੀਤਾ ਜਾਵੇ, ਜਿਨ੍ਹਾਂ ਦੀ ਕੋਈ ਗਲਤੀ ਨਹੀਂ। ਉਨ੍ਹਾਂ ਨੇ ਭਰੋਸਾ ਦਿੱਤਾ ਕਿ ਸੂਬੇ ਅੰਦਰ ਕਾਂਗਰਸ ਦੀ ਸਰਕਾਰ ਆਉਣ ਤੋਂ ਬਾਅਦ ਉਨ੍ਹਾਂ ਲਈ ਡਰਨ ਦੀ ਕੋਈ ਗੱਲ ਨਹੀਂ ਹੋਵੇਗੀ। ਬੀਤੇ ਸਮੇਂ ਦੌਰਾਨ ਪੰਜਾਬ ਦੇ ਪੈਪਸੂ ਖੇਤਰ 'ਚ ਰਾਜੇ ਜ਼ਮੀਨਾਂ ਨੂੰ ਸੰਤਾਂ-ਮਹੰਤਾਂ ਨੂੰ ਡੇਰਿਆਂ ਲਈ ਦਾਨ ਦੇ ਦਿੰਦੇ ਸਨ, ਜਿਨ੍ਹਾਂ ਨੇ ਬਾਅਦ ਵਿਚ ਡੇਰੇ ਚਲਾਉਣ ਵਾਸਤੇ ਫੰਡ ਇਕੱਠੇ ਕਰਨ ਲਈ ਉਕਤ ਥਾਵਾਂ ਅੱਗੇ ਆਮ ਲੋਕਾਂ ਨੂੰ ਠੇਕੇ ਉਪਰ ਦੇ ਦਿੱਤੀਆਂ ਸਨ। ਹਾਲਾਂਕਿ, ਪੰਜਾਬ ਸਰਕਾਰ ਵੱਲੋਂ 1980 'ਚ ਧਰਮ ਅਰਥ ਬੋਰਡ ਦਾ ਨਿਰਮਾਣ ਕਰ ਕੇ ਡੇਰਿਆਂ ਨੂੰ ਠੇਕੇ ਉਤੇ ਜ਼ਮੀਨ ਦੇਣ 'ਤੇ ਰੋਕ ਲਾ ਦਿੱਤੀ ਸੀ। ਕੈਪਟਨ ਅਮਰਿੰਦਰ ਨੇ ਕਿਹਾ ਕਿ ਹਾਈ ਕੋਰਟ ਵੱਲੋਂ ਸਾਰਿਆਂ ਡੇਰਿਆਂ ਦੀਆਂ ਜ਼ਮੀਨਾਂ ਦੇ ਠੇਕੇ ਗੈਰ ਕਾਨੂੰਨੀ ਕਰਾਰ ਦੇਣ ਨਾਲ, 1980 ਤੋਂ ਜ਼ਮੀਨ ਨੂੰ ਠੇਕੇ ਉਤੇ ਲੈਣ ਵਾਲੇ ਬਹੁਤ ਜ਼ਿਆਦਾ ਪ੍ਰਭਾਵਿਤ ਹੋਏ ਹਨ।



# ਸਿਆਸੀ ਧਿਰਾਂ ਦੇ ਚੋਣ ਪ੍ਰਚਾਰ 'ਚ ਬੇਅਦਬੀ ਦਾ ਮੁੱਦਾ ਰਿਹਾ ਭਾਰੂ

## ਇਕ-ਦੂਜੇ ਨੂੰ ਦੋਸ਼ੀ ਠਹਿਰਾਉਣ ਲਈ ਹੀ ਉਲਝੀ ਰਹੀ ਸਿਆਸਤ





**ਚੰਡੀਗੜ੍ਹ:** ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੀਆਂ ਘਟਨਾਵਾਂ ਜਾਰੀ ਹਨ। ਸੱਤਾਧਾਰੀ ਅਕਾਲੀ ਦਲ ਇਨ੍ਹਾਂ ਘਟਨਾਵਾਂ ਦੇ ਦੋਸ਼ੀਆਂ ਨੂੰ ਕਾਬੂ ਕਰਨ ਵਿਚ ਨਾਕਾਮ ਰਿਹਾ ਹੈ। ਇਹ ਨਾਕਾਮੀ ਵਿਧਾਨ ਸਭਾ ਚੋਣਾਂ ਵਿਚ ਸੱਤਾਧਿਰ ਨੂੰ ਕਾਫੀ ਨੁਕਸਾਨ ਪਹੁੰਚਾ ਰਹੀ ਹੈ। ਇਸ ਦਾ ਸਬੂਤ ਪੰਜਾਬ ਦੇ ਕਈ ਹਿੱਸਿਆਂ ਵਿਚੋਂ ਸਾਹਮਣੇ ਆਇਆ ਹੈ। ਮਾਲਵੇ ਦੇ ਜ਼ਿਲ੍ਹਾ ਫਰੀਦਕੋਟ ਦੇ ਜੈਤੋ ਵਿਧਾਨ ਸਭਾ ਹਲਕੇ ਦੀ ਗੱਲ ਕਰੀਏ ਤਾਂ ਇਥੇ ਵੀ ਲੋਕ ਹਾਲੇ ਬਰਗਾੜੀ ਦੇ ਬੇਅਦਬੀ ਕਾਂਡ ਤੇ ਬਹਿਬਲ ਕਲਾਂ ਗੋਲੀ ਕਾਂਡ ਨੂੰ ਨਹੀਂ ਭੁੱਲੇ।

ਜੈਤੋ ਦੇ ਦਰਜਨਾਂ ਪਿੰਡਾਂ ਵਿਚ ਬੇਅਦਬੀ ਨੂੰ ਲੈ ਕੇ ਅਕਾਲੀ-ਭਾਜਪਾ ਸਰਕਾਰ ਲਈ ਲੋਕਾਂ ਦੇ ਮਨਾਂ ਵਿਚ ਰੋਸ ਭਖ ਰਿਹਾ ਹੈ। ਹਰ ਪਾਰਟੀ ਦੇ ਉਮੀਦਵਾਰ ਨੂੰ ਲੋਕ ਬੇਅਦਬੀ ਮਾਮਲਿਆਂ ਬਾਰੇ ਹੀ ਸਵਾਲ ਪੁੱਛ ਰਹੇ ਹਨ। ਜੈਤੋ ਵਿਚ ਅਕਾਲੀ ਦਲ ਦੇ ਉਮੀਦਵਾਰ ਸੂਬਾ ਸਿੰਘ ਬਾਦਲ, ਕਾਂਗਰਸ ਵੱਲੋਂ ਮੁਹੰਮਦ ਸਦੀਕ ਤੇ ਆਮ ਆਦਮੀ ਪਾਰਟੀ ਵੱਲੋਂ ਮਾਸਟਰ ਬਲਦੇਵ ਸਿੰਘ ਚੋਣ ਮੈਦਾਨ ਵਿਚ ਹਨ। ਬਰਗਾੜੀ ਦੇ ਆਸ ਪਾਸ ਦੇ ਦਰਜਨਾਂ ਪਿੰਡਾਂ ਵਿਚ ਹਾਕਮ ਧਿਰ ਨੂੰ ਬੇਅਦਬੀ ਮਾਮਲੇ ਕਾਰਨ ਵੱਡੀ ਸਿਆਸੀ ਸੱਟ ਵੱਜ ਰਹੀ ਹੈ। ਲੋਕਾਂ ਦੀ ਰਾਏ ਮੁਤਾਬਕ ਲੰਬੀ ਵਿਚ ਮੁੱਖ ਮੰਤਰੀ ਬਾਦਲ ਉਤੇ ਜੁੱਤਾ ਸੁੱਟਣਾ ਕਿਤੇ ਨਾ ਕਿਤੇ ਇਸੇ ਰੋਸ ਦਾ ਨਤੀਜਾ ਹੈ।

ਲੋਕਾਂ ਦਾ ਕਹਿਣਾ ਹੈ ਬੇਅਦਬੀ ਦਾ ਮਸਲਾ ਕੋਈ ਛੋਟਾ ਨਹੀਂ। ਉਧਰ, ਆਮ ਆਦਮੀ ਪਾਰਟੀ ਇਸੇ ਮੁੱਦੇ ਨੂੰ ਵਰਤ ਕੇ ਵੋਟਾਂ ਬਟੋਰਨ ਦਾ ਪੂਰਾ ਲਾਹਾ ਲੈ ਰਹੀ ਹੈ ਤੇ ਕਾਮਯਾਬ ਹੁੰਦੀ ਵੀ ਨਜ਼ਰ ਆ ਰਹੀ ਹੈ। ਪੰਜਾਬ ਦੇ ਮਾਲਵਾ ਖੇਤਰ ਦੀਆਂ ਸਭ ਤੋਂ ਵੱਧ 69 ਸੀਟਾਂ ਹਨ ਤੇ ਮਾਲਵੇ ਵਿਚ ਹੀ ਗੁਰਬਾਣੀ ਬੇਅਦਬੀ ਦੀਆਂ ਜ਼ਿਆਦਾ ਘਟਨਾਵਾਂ ਵਾਪਰ ਰਹੀਆਂ ਹਨ। ਅੰਕੜਿਆਂ ਮੁਤਾਬਕ ਨਵੀਂ ਸਰਕਾਰ ਤੈਅ ਕਰਨ ਵਾਲੇ ਮਾਲਵਾ ਖੇਤਰ ਵਿਚ ਹੀ ਅਕਾਲੀ ਦਲ ਨੂੰ ਵਿਰੋਧ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

ਅਜਿਹੇ ਵਿਚ ਸਰਕਾਰ ਦੇ ਵਿਕਾਸ ਦਾ ਮੁੱਦਾ ਆਪਣਾ ਸਿਰ ਹੀ ਨਹੀਂ ਕੱਢ ਪਾ ਰਿਹਾ। ਜ਼ਾਹਿਰ ਤੌਰ ਉਤੇ ਜੇ ਇਨ੍ਹਾਂ ਘਿਨੌਣੀਆਂ ਘਟਨਾਵਾਂ ਦੇ ਦੋਸ਼ੀਆਂ ਨੂੰ ਲੱਭ ਕੇ ਸਖਤ ਸਜ਼ਾਵਾਂ ਦਿੱਤੀਆਂ ਜਾਂਦੀਆਂ ਤਾਂ ਅੱਜ ਸਮੀਕਰਨ ਸ਼ਾਇਦ ਕੁਝ ਹੋਰ ਹੁੰਦੇ।

## 'ਅਕਾਲੀ ਦਲ ਨੇ ਬੇਅਦਬੀ ਦੀ ਜ਼ਿੰਮੇਵਾਰੀ ਕਬੂਲੀ'



**ਅੰਮ੍ਰਿਤਸਰ:** ਆਮ ਆਦਮੀ ਪਾਰਟੀ ਦੇ ਕੌਮੀ ਕਨਵੀਨਰ ਅਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਕਿਹਾ ਕਿ ਬੇਅਦਬੀ ਦੀਆਂ ਘਟਨਾਵਾਂ ਪਿੱਛੇ ਸ਼੍ਰੋਮਣੀ ਅਕਾਲੀ ਦਲ ਹੈ ਅਤੇ ਹਾਕਮ ਧਿਰ ਨੇ ਇਸ ਨੂੰ ਕਬੂਲ ਵੀ ਕਰ ਲਿਆ ਹੈ। ਉਨ੍ਹਾਂ ਦੱਸਿਆ ਕਿ ਸ਼੍ਰੋਮਣੀ ਅਕਾਲੀ ਦਲ ਨੇ ਆਪਣੇ ਇਕ ਅਧਿਕਾਰਤ ਬਿਆਨ ਵਿਚ ਇਹ ਗੱਲ ਕਬੂਲ ਕੀਤੀ ਹੈ ਕਿ ਬੇਅਦਬੀ ਦੀਆਂ ਘਟਨਾਵਾਂ ਲਈ ਕਾਂਗਰਸ ਅਤੇ ਸ਼੍ਰੋਮਣੀ ਅਕਾਲੀ ਦਲ ਜ਼ਿੰਮੇਵਾਰ ਹਨ। ਦੱਸਣਯੋਗ ਹੈ ਕਿ ਸ਼੍ਰੋਮਣੀ ਅਕਾਲੀ ਦਲ ਦੇ ਮੀਡੀਆ ਸਲਾਹਕਾਰ ਵੱਲੋਂ ਭੁੱਚੋ ਮੰਡੀ ਤੋਂ ਜਾਰੀ ਇਕ ਬਿਆਨ ਦੇ ਸਿਰਲੇਖ ਵਿਚ ਉਪ ਮੁੱਖ ਮੰਤਰੀ ਸੁਖਬੀਰ ਬਾਦਲ ਦੇ ਹਵਾਲੇ ਨਾਲ ਆਖਿਆ ਗਿਆ ਹੈ ਕਿ ਪੰਜਾਬ ਵਿਚ ਬੇਅਦਬੀ ਦੀਆਂ ਘਟਨਾਵਾਂ ਲਈ ਕਾਂਗਰਸ ਅਤੇ ਸ਼੍ਰੋਮਣੀ ਅਕਾਲੀ ਦਲ ਜ਼ਿੰਮੇਵਾਰ ਹਨ।

## ਸਰਕਾਰ ਨੇ ਮੁਲਜ਼ਮ ਕੋਈ ਨਹੀਂ ਫੜਿਆ: ਭਗਵੰਤ

**ਲੰਬੀ:** ਸੰਗਰੂਰ ਤੋਂ 'ਆਪ' ਦੇ ਸੰਸਦ ਮੈਂਬਰ ਤੇ ਜਲਾਲਾਬਾਦ ਤੋਂ ਪਾਰਟੀ ਉਮੀਦਵਾਰ ਭਗਵੰਤ ਮਾਨ ਨੇ ਕਿਹਾ ਕਿ ਪੰਜਾਬ ਵਿਚ 95ਵੇਂ ਵਾਰ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਹੋਈ ਹੈ ਤੇ ਇਕ ਸਾਲ ਬੀਤਣ ਉਤੇ ਵੀ ਕੋਈ ਮੁਲਜ਼ਮ ਨਹੀਂ ਫੜਿਆ ਗਿਆ। ਉਨ੍ਹਾਂ ਕਿਹਾ ਕਿ ਕਾਂਗਰਸ ਦੋ ਵਾਰ ਹਾਰ ਚੁੱਕੀ ਹੈ ਤੇ ਇਸ ਵਾਰ ਹੈਟ੍ਰਿਕ ਲਗਾਏਗੀ।

## ਮੁੜ ਵਾਪਰੀਆਂ ਬੇਅਦਬੀ ਦੀਆਂ ਘਟਨਾਵਾਂ

**ਲੰਬੀ:** ਇਸ ਵਿਧਾਨ ਸਭਾ ਹਲਕੇ ਦੇ ਪਿੰਡ ਕੱਟਿਆਂਵਾਲੀ ਵਿਚ ਗੁਟਕੇ ਦੀ ਬੇਅਦਬੀ ਹੋ ਗਈ। ਗੁਟਕੇ ਦੇ ਪਾੜੇ ਹੋਏ ਅੰਗ ਇਕ ਦੁਕਾਨ ਮੂਹਰੋਂ ਮਿਲੇ ਹਨ। ਕਬਰਵਾਲਾ ਪੁਲਿਸ ਨੇ ਅਣਪਛਾਤੇ ਵਿਅਕਤੀ ਖਿਲਾਫ਼ ਧਾਰਾ 295ਏ ਤਹਿਤ ਕੇਸ ਦਰਜ ਕੀਤਾ ਹੈ।

ਜਾਣਕਾਰੀ ਅਨੁਸਾਰ ਪਿੰਡ ਕੱਟਿਆਂਵਾਲੀ ਵਿਚ ਦੁਕਾਨਦਾਰ ਗੁਰਦੇਵ ਸਿੰਘ ਨੇ ਵੇਖਿਆ ਕਿ ਦੁਕਾਨ ਅੱਗੇ ਗੁਟਕੇ ਦੇ ਅੰਗ ਪਾੜ ਕੇ ਸੁੱਟੇ ਹੋਏ ਹਨ। ਉਨ੍ਹਾਂ ਨੇ ਪਿੰਡ ਵਾਸੀਆਂ ਅਤੇ ਪੁਲਿਸ ਨੂੰ ਸੂਚਨਾ ਦਿੱਤੀ। ਪੁਲਿਸ ਨੇ ਗੁਟਕੇ ਦੇ ਅੰਗ ਇਕੱਠੇ ਕਰ ਕੇ ਸ਼੍ਰੋਮਣੀ ਕਮੇਟੀ ਦੇ ਮੈਂਬਰਾਂ ਨੂੰ ਸੌਂਪ ਦਿੱਤੇ।

# ਸ਼੍ਰੋਮਣੀ ਕਮੇਟੀ ਦੇ ਪ੍ਰਸ਼ਾਸਨਿਕ ਤੇ ਧਰਮ ਪ੍ਰਚਾਰ ਕਾਰਜਾਂ ਵਿਚ ਹੋਵੇਗੀ ਤਬਦੀਲੀ



**ਸਮਰਾਲਾ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ ਨੇ ਆਖਿਆ ਹੈ ਕਿ ਆਉਣ ਵਾਲੇ ਸਮੇਂ ਵਿਚ ਸ਼੍ਰੋਮਣੀ ਕਮੇਟੀ ਦੇ ਪ੍ਰਸ਼ਾਸਨਿਕ ਤੇ ਧਰਮ ਪ੍ਰਚਾਰ ਕਾਰਜਾਂ ਵਿਚ ਵੱਡੇ ਪੱਧਰ ਉਤੇ ਤਬਦੀਲੀ ਵੇਖਣ ਨੂੰ ਮਿਲੇਗੀ। ਇਸ ਤੋਂ ਇਲਾਵਾ ਸ਼੍ਰੋਮਣੀ ਕਮੇਟੀ ਦੇ 23 ਅਹਿਮ ਕਾਰਜ ਨਵੇਂ ਰੂਪ ਵਿਚ ਸਿੱਖ ਸੰਗਤਾਂ ਸਾਹਮਣੇ ਆਉਣਗੇ।

ਪ੍ਰੋ. ਬਡੂੰਗਰ ਨੇ ਜਾਣਕਾਰੀ ਦਿੱਤੀ ਕਿ ਜਿਥੇ ਨੌਜਵਾਨ ਵਰਗ ਵਿਚ ਸਿੱਖ ਧਰਮ ਪ੍ਰਚਾਰ ਸਬੰਧੀ ਜਾਗਰੂਕਤਾ ਪੈਦਾ ਕਰਨ ਲਈ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ 350 ਸਾਲਾ ਪ੍ਰਕਾਸ਼ ਪੁਰਬ ਨੂੰ ਸਮਰਪਤ ਸਾਰੇ ਵਿਦਿਅਕ ਅਦਾਰਿਆਂ ਵਿਚ ਸੈਮੀਨਾਰ ਕਰਵਾਏ ਜਾ ਰਹੇ ਹਨ, ਉਥੇ ਸ਼੍ਰੋਮਣੀ ਕਮੇਟੀ ਦੀ ਯੋਜਨਾ ਹੈ ਕਿ ਭਵਿੱਖ ਵਿਚ ਜਲਦ ਹੀ ਸਮੁੱਚੇ ਵਿਸ਼ਵ 'ਚ ਸਿੱਖ ਧਰਮ ਦਾ ਪ੍ਰਚਾਰ ਤੇ ਪਾਸਾਰ ਕਰਨ ਲਈ ਵਿਆਪਕ ਯੋਜਨਾ ਉਲੀਕੀ ਜਾਵੇ।

ਇਸ ਯੋਜਨਾ ਦੀ ਸ਼ੁਰੂਆਤ ਸ਼੍ਰੋਮਣੀ ਕਮੇਟੀ ਆਪਣੇ ਮੁਲਾਜ਼ਮਾਂ ਨੂੰ ਗੁਰਮਤਿ ਸਿਖਲਾਈ ਕੈਂਪਾਂ ਵਿਚ ਸ਼ਾਮਲ ਕਰ ਕੇ ਸਭ ਤੋਂ ਪਹਿਲਾਂ ਉਨ੍ਹਾਂ ਨੂੰ ਮੁਕੰਮਲ ਰੂਪ 'ਚ ਗੁਰਮਤਿ ਸਿਧਾਂਤਾਂ ਦੇ ਧਾਰਨੀ ਬਣਾਏਗੀ। ਨਿਤਨੇਮੀ, ਬੋਲਚਾਲ, ਇਤਿਹਾਸ ਤੋਂ ਵਾਕਿਫ਼ ਤੇ ਹਰ ਪੱਖੋਂ ਪਰਪੱਕ ਸ਼੍ਰੋਮਣੀ ਕਮੇਟੀ ਮੁਲਾਜ਼ਮਾਂ ਦਾ ਨਵਾਂ ਰੂਪ ਸਿੱਖ ਸੰਗਤਾਂ ਨੂੰ ਵੇਖਣ ਨੂੰ ਮਿਲੇਗਾ। ਪੰਜਾਬ ਦੇ ਸਾਰੇ ਪਿੰਡਾਂ ਤੇ ਸ਼ਹਿਰਾਂ ਨਾਲ ਸਬੰਧਤ ਸਾਰੇ ਗੁਰਦੁਆਰਿਆਂ ਦੇ ਪ੍ਰਬੰਧਕਾਂ ਲਈ ਗੁਰਮਤਿ ਕੈਂਪਾਂ ਦਾ ਪ੍ਰਬੰਧ ਕੀਤਾ ਜਾਵੇਗਾ, ਜਿਨ੍ਹਾਂ ਵਿਚ 50 ਹਜ਼ਾਰ ਤੋਂ ਵੱਧ ਪਿੰਡਾਂ ਦੀਆਂ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਤੇ 1 ਲੱਖ 50 ਹਜ਼ਾਰ ਤੋਂ ਵੱਧ ਗ੍ਰੰਥੀ ਸਿੰਘ, 1 ਲੱਖ ਤੋਂ ਜ਼ਿਆਦਾ ਰਾਗੀ-ਢਾਡੀ, ਕਥਾਵਾਚਕ ਤੇ ਕਵੀਸ਼ਰਾਂ ਨੂੰ ਇਕ ਸਾਰ ਇਤਿਹਾਸ ਦੀਆਂ ਪੇਸ਼ਕਾਰੀਆਂ, ਇਕਸਾਰ ਸਿੱਖ ਸਿਧਾਂਤ ਤੇ ਇਕਸਾਰ ਗੁਰਮਤਿ ਮਰਿਆਦਾ ਅਨੁਸਾਰ ਧਰਮ ਪ੍ਰਚਾਰ ਦਾ ਹਿੱਸਾ ਬਣਨ ਲਈ ਪ੍ਰੇਰਿਆ ਜਾਵੇਗਾ। ਪ੍ਰੋ. ਬਡੂੰਗਰ ਨੇ ਸਿੱਖ ਇਤਿਹਾਸ ਰਿਸਰਚ ਬੋਰਡ ਦੀ ਜ਼ਿੰਮੇਵਾਰੀ ਵਧਾਉਣ ਤੇ ਇਸ ਦਾ ਵਿਸਥਾਰ ਕਰਨ ਸਬੰਧੀ ਸੰਕੇਤ ਦਿੰਦਿਆਂ ਕਿਹਾ ਕਿ ਮੌਜੂਦਾ ਸਮੇਂ ਸਿੱਖ ਧਰਮ ਨੂੰ ਦਰਪੇਸ਼ ਚੁਣੌਤੀਆਂ ਤੋਂ ਬਚਾਉਣ ਲਈ ਵੱਡੇ ਸਿੱਖ ਵਿਦਵਾਨ ਸਾਹਮਣੇ ਲਿਆਂਦੇ ਜਾਣਗੇ ਤੇ ਜਲਦ ਹੀ ਸ਼੍ਰੋਮਣੀ ਕਮੇਟੀ ਵੱਲੋਂ ਧਰਮ ਪ੍ਰਚਾਰ ਲਹਿਰ ਨੂੰ ਪਿੰਡ ਪੱਧਰ ਤੱਕ ਪਹੁੰਚਾਇਆ ਜਾਵੇਗਾ।

ਪ੍ਰੋ. ਬਡੂੰਗਰ ਅਨੁਸਾਰ ਸ਼੍ਰੋਮਣੀ ਕਮੇਟੀ ਸਿੱਖ ਇਤਿਹਾਸ ਤੇ ਸਿਧਾਂਤਾਂ ਵਿਚ ਵਖਰੇਵਿਆਂ ਨੂੰ ਦੂਰ ਕਰਨ ਲਈ ਪ੍ਰੋੜ੍ਹ ਵਿਦਵਾਨਾਂ ਤੇ ਸਾਰੇ ਖੇਤਰਾਂ 'ਚੋਂ ਚੰਗੇ ਵਿਦਵਾਨ ਲੈ ਕੇ ਸਰਬ ਸਾਂਝੀ ਰਾਏ ਲਈ ਯਤਨਸ਼ੀਲ ਰਹੇਗੀ ਤੇ ਸਮੁੱਚਾ ਕਾਰਜ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦੀ ਸਰਵਉੱਚਤਾ ਤੇ ਛਤਰ-ਛਾਇਆ ਹੇਠ ਨੇਪਰੇ ਚਾੜ੍ਹਿਆ ਜਾਵੇਗਾ। 50 ਹਜ਼ਾਰ ਦੇ ਕਰੀਬ ਗੁਰੂ ਘਰਾਂ ਦੀ ਸੁਰੱਖਿਆ ਸਬੰਧੀ ਵੀ ਪਿੰਡਾਂ ਦੀਆਂ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਤੇ ਸ਼੍ਰੋਮਣੀ ਕਮੇਟੀ ਵਿਚ ਤਾਲਮੇਲ ਪੈਦਾ ਕਰਕੇ ਉਚੇਚੇ ਯਤਨ ਕੀਤੇ ਜਾਣਗੇ ਤੇ ਅਜਿਹੀਆਂ ਸਿਫ਼ਤੀ ਤਬਦੀਲੀਆਂ ਤੋਂ ਬਾਅਦ ਸਿੱਖ ਪੰਥ ਦੀ ਸ਼੍ਰੋਮਣੀ ਕਮੇਟੀ 'ਚ ਭਰੋਸੇਯੋਗਤਾ ਹੋਰ ਵਧੇਗੀ।


Liquor Store For Sale
ਲਿੱਕਰ ਸਟੋਰ ਵਿਕਾਊ ਹੈ
ਗੈਰੀ, ਇੰਡੀਆਨਾ ਵਿਚ ਬਰਾਡਵੇਅ ਤੇ ਰਿਜ ਰੋਡ ਦੇ ਚੌਰਾਹੇ ਵਿਚ ਬਹੁਤ ਵਧੀਆ ਚੱਲਦਾ ਲਿੱਕਰ ਸਟੋਰ ਵਿਕਾਊ ਹੈ
ਜਾਇਦਾਦ ਸਮੇਤ ਜਾਂ ਬਿਨਾ ਜਾਇਦਾਦ ਤੋਂ
With Or Without Property
ਸੇਲ (ਸਾਲਾਨਾ) $700,000 ਤੋਂ ਵੱਧ
ਹੋਰ ਜਾਣਕਾਰੀ ਲਈ ਸੰਪਰਕ ਕਰੋ
ਜਸਪਾਲ ਸਿੰਘ ਘੋਤੜਾ 765-337-5151
ਕੰਵਲਜੀਤ ਸਿੰਘ ਸਲੂਜਾ 630-696-8195
4-5



ਨੈਸ਼ਨਲ ਟਰੱਕ ਡਰਾਈਵਿੰਗ ਸਕੂਲ
National Truck Driving School
*ਟਰੱਕ ਡਰਾਇਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*ਲਾਇਸੈਂਸ ਲੈਣ ਉਪਰੰਤ ਕੰਮ/ਜੌਬ ਦੀ ਗਾਰੰਟੀ
*ਰਿਹਾਇਸ਼ ਅਤੇ ਏਅਰਪੋਰਟ ਤੋਂ ਚੁੱਕਣ ਤੇ ਛੱਡਣ ਦਾ ਖਾਸ ਪ੍ਰਬੰਧ
*2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ
ਸੈਕਰਾਮੈਂਟੋ ਅਤੇ ਯੂਬਾ ਸਿਟੀ ਕੈਲੀਫੋਰਨੀਆ
ਓਨਰ ਅਪਰੇਟਰ ਅਤੇ ਡਰਾਈਵਰ ਚਾਹੀਦੇ ਹਨ
ਕੰਪਨੀ ਡਰਾਈਵਰ ਨੂੰ 40 ਸੈਂਟ ਪ੍ਰਤੀ ਮੀਲ ਦਿੱਤੇ ਜਾਣਗੇ

Call For Special Price
Kashmir S. Thandi
Office: (866) 933-3038
Balhar S. Ranu Cell:916-502-7733
Yuba City Ph:530-419-5058
ਕੰਪਨੀ ਦੇ ਟਰੱਕ ਅਤੇ ਟਰੇਲਰ ਲੀਜ਼ ਜਾਂ ਕਿਰਾਏ 'ਤੇ ਲੈ ਸਕਦੇ ਹੋ
1816 Main Ave., Secramento CA, 95838

ਪੰਜਾਬ ਟਾਈਮਜ਼

*ਸਨਿਚਰਵਾਰ, 4 ਫਰਵਰੀ 2017*

## ਹੁਣ ਮਾਰਚ ਦੀ ਉਡੀਕ

ਪਿਛਲੇ ਤਕਰੀਬਨ ਦੋ ਸਾਲਾਂ ਤੋਂ ਪੰਜਾਬ ਵਿਚ ਚੱਲ ਰਹੀਆਂ ਚੋਣ ਸਰਗਰਮੀਆਂ ਥੰਮ੍ਹ ਗਈਆਂ ਹਨ। ਹੁਣ ਸਾਰਿਆਂ ਦੀ ਅੱਖ 11 ਮਾਰਚ ਉਤੇ ਹੈ ਜਿਸ ਦਿਨ ਇਨ੍ਹਾਂ ਚੋਣਾਂ ਦੇ ਨਤੀਜੇ ਨਸ਼ਰ ਹੋਣੇ ਹਨ। ਇਹ ਪਹਿਲੀ ਵਾਰ ਸੀ ਕਿ ਕਿਸੇ ਸੂਬੇ ਅੰਦਰ ਚੋਣ ਸਰਗਰਮੀਆਂ ਇੰਨੀਆਂ ਅਗੇਤੀਆਂ ਅਰੰਭ ਹੋ ਗਈਆਂ ਹੋਣ। ਅਸਲ ਵਿਚ ਸੱਤਾਧਾਰੀ ਸ਼੍ਰੋਮਣੀ ਅਕਾਲੀ ਦਲ ਜੋ ਭਾਰਤੀ ਜਨਤਾ ਪਾਰਟੀ ਨਾਲ ਰਲ ਕੇ ਦਸ ਸਾਲਾਂ ਤੋਂ ਰਾਜ-ਭਾਗ ਦਾ ਸੁਖ ਮਾਣ ਰਿਹਾ ਹੈ, ਨੂੰ ਇਸ ਵਾਰ ਇਕ ਨਹੀਂ, ਸਗੋਂ ਦੋ-ਦੋ ਤਕੜੀਆਂ ਧਿਰਾਂ ਨਾਲ ਜੂਝਣਾ ਪਿਆ ਹੈ। ਰਵਾਇਤੀ ਕਾਂਗਰਸ ਪਾਰਟੀ ਦੇ ਨਾਲ-ਨਾਲ ਇਸ ਵਾਰ ਆਮ ਆਦਮੀ ਪਾਰਟੀ ਵੀ ਇਕ ਧਿਰ ਸੀ। ਲੰਘੀਆਂ ਲੋਕ ਸਭਾ ਚੋਣਾਂ ਦੇ ਨਤੀਜਿਆਂ ਨੇ ਹੀ ਦਰਸਾ ਦਿੱਤਾ ਸੀ ਕਿ ਪੰਜਾਬ ਦੀ ਸਿਆਸਤ ਕਰਵਟ ਲਵੇਗੀ। ਉਦੋਂ ਆਮ ਆਦਮੀ ਪਾਰਟੀ ਨੇ ਸੂਬੇ ਦੀਆਂ 13 ਵਿਚੋਂ 4 ਸੀਟਾਂ ਉਤੇ ਜਿੱਤ ਹਾਸਲ ਕਰ ਕੇ ਅਤੇ ਹੋਰ ਸੀਟਾਂ ਉਤੇ ਵੀ ਵਾਹਵਾ ਵੋਟਾਂ ਖਿੱਚ ਕੇ ਮੈਦਾਨ ਮੱਲ ਲਿਆ ਸੀ। ਪਹਿਲਾਂ-ਪਹਿਲ ਦੋਹਾਂ ਰਵਾਇਤੀ ਧਿਰਾਂ-ਕਾਂਗਰਸ ਅਤੇ ਸ਼੍ਰੋਮਣੀ ਅਕਾਲੀ ਦਲ ਨੇ ਇਸ ਪਾਰਟੀ ਦੀ ਹੋਂਦ ਸਵੀਕਾਰ ਕਰਨ ਤੋਂ ਵੀ ਨਾਂਹ ਕਰ ਦਿੱਤੀ ਸੀ; ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਤਾਂ ਇਸ ਦੀ ਤੁਲਨਾ ਪਾਣੀ ਦੇ ਬੁਲਬੁਲੇ ਨਾਲ ਕੀਤੀ ਸੀ, ਪਰ ਜਿਉਂ-ਜਿਉਂ ਵਿਧਾਨ ਸਭਾ ਚੋਣਾਂ ਦਾ ਸਮਾਂ ਨੇੜੇ ਆਉਂਦਾ ਗਿਆ, ਇਨ੍ਹਾਂ ਧਿਰਾਂ ਨੇ ਮੰਨ ਲਿਆ ਕਿ ਇਹ ਪਾਰਟੀ ਸੂਬੇ ਦੀ ਸਿਆਸਤ ਵਿਚ ਜੜ੍ਹ ਲਾ ਚੁੱਕੀ ਹੈ। ਇਸ ਪਾਰਟੀ ਅੰਦਰ ਸਿਰੇ ਦੀ ਟੁੱਟ-ਭੱਜ ਅਤੇ ਕਈ ਹੋਰ ਮੁਸ਼ਕਿਲਾਂ ਦੇ ਬਾਵਜੂਦ ਲੋਕਾਂ ਨੇ ਇਸ ਪਾਰਟੀ ਨੂੰ ਹੁੰਗਾਰਾ ਭਰਿਆ। ਵਿਧਾਨ ਸਭਾ ਚੋਣਾਂ ਦੇ ਨਤੀਜੇ ਕੁਝ ਵੀ ਹੋਣ, ਪਰ ਇਕ ਗੱਲ ਸਪਸ਼ਟ ਹੈ ਕਿ 11 ਮਾਰਚ ਤੋਂ ਬਾਅਦ ਪੰਜਾਬ ਦੀ ਸਿਆਸਤ ਨਵਾਂ ਮੋੜ ਕੱਟੇਗੀ ਅਤੇ ਇਨ੍ਹਾਂ ਚੋਣਾਂ ਦਾ ਸਿੱਧਾ-ਅਸਿੱਧਾ ਅਸਰ ਸੂਬੇ ਦੀ ਸਿਆਸਤ ਉਤੇ ਚਿਰਾਂ ਤੱਕ ਪਵੇਗਾ। ਸਿਆਸੀ ਮਾਹਿਰ ਤਾਂ ਇਸ ਅਸਰ ਨੂੰ ਸਥਾਈ ਵੀ ਆਖ ਰਹੇ ਹਨ।

ਉਹ ਕਿਹੜੇ ਕਾਰਨ ਸਨ ਕਿ ਅਜਿਹੀ ਨਵੀਂ ਪਾਰਟੀ, ਜਿਸ ਦੇ ਆਗੂਆਂ ਨੂੰ ਸਿਆਸੀ ਮਾਹਿਰ ਅਜੇ ਤੱਕ ਸਿਖਾਂਦਰੂਆਂ ਵਿਚ ਸ਼ੁਮਾਰ ਕਰ ਰਹੇ ਹਨ, ਕੁਝ ਅਰਸੇ ਅੰਦਰ ਹੀ ਆਪਣੀ ਪੈਂਠ ਜਮਾਉਣ ਵਿਚ ਕਾਮਯਾਬ ਰਹੀ ਹੈ? ਰਤਾ ਕੁ ਪਿਛਾਂਹ ਝਾਤੀ ਮਾਰੀਏ, ਤਾਂ ਪਤਾ ਲੱਗਦਾ ਹੈ ਕਿ ਪਿਛਲੇ ਕੁਝ ਸਮੇਂ ਦੌਰਾਨ ਪੰਜਾਬ ਜਾਂ ਮੁਲਕ ਵਿਚ ਹੀ ਨਹੀਂ, ਸੰਸਾਰ ਪੱਧਰ ਉਤੇ ਵੱਡੇ ਪੱਧਰ 'ਤੇ ਤਬਦੀਲੀਆਂ ਵਾਪਰੀਆਂ ਹਨ। ਇਨ੍ਹਾਂ ਤਬਦੀਲੀਆਂ ਦੀ ਤੋਰ ਵੀ ਪਹਿਲਾਂ ਵੱਲੋਂ ਤਿੱਖੀ ਰਹੀ ਹੈ। ਇੰਟਰਨੈਟ ਵਾਲੇ ਯੁੱਗ ਵਿਚ ਸੋਸ਼ਲ ਮੀਡੀਆ ਦਾ ਜੋ ਰੋਲ ਰਿਹਾ ਹੈ, ਉਸ ਨੇ ਤਬਦੀਲੀ ਦੀ ਇਸ ਤੋਰ ਨੂੰ ਹੋਰ ਤੀਖਣ ਕੀਤਾ ਹੈ। ਸਰਕਾਰਾਂ ਜਾਂ ਸਰਕਾਰ ਦੇ ਕੰਮਾਂ-ਕਾਰਾਂ ਬਾਰੇ ਜਾਣਕਾਰੀ ਜਾਂ ਆਪਣੇ ਦੁੱਖ-ਸੁੱਖ ਫਰੋਲਣ ਲਈ ਇਹ ਵਡੇਰੇ ਮੰਚ ਵਜੋਂ ਸਾਹਮਣੇ ਆਇਆ। ਮੀਡੀਆ ਅਕਸਰ ਜਿਹੜੇ ਤੱਥ ਨਸ਼ਰ ਕਰਨ ਤੋਂ ਜ਼ਬਤ ਰੱਖਦਾ ਰਿਹਾ, ਉਸ ਤੋਂ ਸੋਸ਼ਲ ਮੀਡੀਆ ਦੀ ਆਮਦ ਨੇ ਕੁੰਡਾ ਚੁੱਕ ਦਿੱਤਾ। ਇਸ ਦੇ ਨਫੇ-ਨੁਕਸਾਨ ਦੀ ਚਰਚਾ ਅੱਜ ਵੀ ਬਥੇਰੀ ਹੋ ਰਹੀ ਹੈ ਅਤੇ ਆਉਣ ਵਾਲੇ ਸਮੇਂ ਵਿਚ ਵੀ ਹੁੰਦੀ ਰਹਿਣੀ ਹੈ, ਪਰ ਇਸ ਮੰਚ ਨੇ ਲੋਕਾਂ ਦਾ ਰਾਬਤਾ ਕੁਝ ਇਸ ਤਰੀਕੇ ਨਾਲ ਬਣਾ ਦਿੱਤਾ ਕਿ ਇਹ ਪ੍ਰਸਾਰ ਦਾ ਕਾਰਗਰ ਢੰਗ ਹੋ ਨਿਬੜਿਆ। ਜ਼ਾਹਰ ਹੈ ਕਿ ਇਸ ਨੇ ਲੋਕਾਂ ਦੀ ਹੋਰ ਸਾਧਨਾ 'ਤੇ ਨਿਰਭਰਤਾ ਘਟਾ ਦਿੱਤੀ। ਇਹ ਤੱਥ ਐਤਕੀਂ ਚੋਣਾਂ ਦੌਰਾਨ ਵੱਖ-ਵੱਖ ਸਿਆਸੀ ਧਿਰਾਂ ਦੀ ਸੋਸ਼ਲ ਮੀਡੀਆ ਉਤੇ ਸਰਗਰਮੀ ਤੋਂ ਹੀ ਜ਼ਾਹਰ ਹੋ ਜਾਂਦਾ ਹੈ। ਅਜਿਹੇ ਮਾਹੌਲ ਨੇ ਸੱਤਾਧਾਰੀ ਧਿਰ ਦੀਆਂ ਜ਼ਿਆਦਤੀਆਂ ਦਾ ਭਾਂਡਾ ਚੌਰਾਹੇ ਵਿਚ ਲਿਜਾ ਭੰਨਿਆ ਅਤੇ ਇਸ ਦੀ ਨਾ-ਅਹਿਲੀਅਤ ਨੂੰ ਛੱਜ ਵਿਚ ਪਾ ਕੇ ਛੱਟਿਆ। ਇਸੇ ਮਾਹੌਲ ਦਾ ਹੀ ਸਿੱਟਾ ਸੀ ਕਿ ਲੋਕਾਂ ਦਾ ਰੋਹ ਤੇ ਰੋਸ ਹਰ ਹੱਦ ਪਾਰ ਕਰ ਗਿਆ ਅਤੇ ਇਨ੍ਹਾਂ ਧਿਰਾਂ ਨੂੰ ਲੈਣੇ ਦੇ ਦੇਣੇ ਪੈ ਗਏ।

ਹੁਣ ਤੱਕ ਦੋਵੇਂ ਰਵਾਇਤੀਆਂ ਪਾਰਟੀਆਂ ਰਵਾਇਤੀ ਮੁੱਦਿਆਂ ਉਤੇ ਹੀ ਸਿਆਸਤ ਕਰਦੀਆਂ ਆ ਰਹੀਆਂ ਸਨ। ਇਸ ਵਾਰ ਇਨ੍ਹਾਂ ਧਿਰਾਂ ਦੀ ਪਹੁੰਚ ਬਾਰੇ ਗੱਲਾਂ ਖਾਸ ਤੌਰ 'ਤੇ ਚੱਲੀਆਂ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਅਤੇ ਨਸ਼ਿਆਂ ਦੀ ਪੈ ਰਹੀ ਮਾਰ ਨੇ ਪੰਜਾਬੀਆਂ ਨੂੰ ਸਭ ਤੋਂ ਵੱਧ ਝੰਜੋੜਿਆ। ਸੱਤਾਧਿਰ ਦੀ ਇਨ੍ਹਾਂ ਮਸਲਿਆਂ ਪ੍ਰਤੀ ਲਾਪ੍ਰਵਾਹੀ ਨੇ ਰੋਹ ਨੂੰ ਭਾਂਬੜ ਬਣਾ ਦਿੱਤਾ। ਇਸ ਤੋਂ ਇਲਾਵਾ ਬੇਰੁਜ਼ਗਾਰੀ ਦਾ ਝੰਬਿਆ ਨੌਜਵਾਨ ਤਬਕਾ ਖੰਭ ਤੋਲਣ ਲੱਗ ਪਿਆ। ਇਸ ਤਬਕੇ ਦਾ ਇਕ ਹੀ ਸਵਾਲ ਸੀ ਕਿ ਸਿਆਸੀ ਪਰਿਵਾਰ ਤਾਂ ਤੇਜ਼ੀ ਨਾਲ ਵਧ-ਫੁੱਲ ਰਹੇ ਹਨ, ਪਰ ਆਮ ਲੋਕਾਈ ਦੀਆਂ ਸਮੱਸਿਆਵਾਂ ਜਿਉਂ ਦੀਆਂ ਤਿਉਂ ਕਿਉਂ ਹਨ? ਸਿੱਖਿਆ ਅਤੇ ਸਿਹਤ ਦੇ ਖੇਤਰਾਂ ਵਿਚ ਆਏ ਨਿਘਾਰ ਨੇ ਲੋਕਾਂ ਦਾ ਭਰੋਸਾ ਹੀ ਤੋੜ ਕੇ ਰੱਖ ਦਿੱਤਾ। ਕਾਨੂੰਨ-ਵਿਵਸਥਾ ਦੇ ਮਾੜੇ ਪ੍ਰਬੰਧਾਂ ਨੇ ਬਲਦੀ ਉਤੇ ਤੇਲ ਪਾਇਆ। ਇਸ ਤੋਂ ਬਾਅਦ ਲੋਕ-ਰੋਹ ਦੀ ਚੰਗਿਆੜੀ ਜਦੋਂ ਭਾਂਬੜ ਹੋ ਨਿਬੜੀ ਤਾਂ ਇਸ ਨੂੰ ਕਾਬੂ ਕਰ ਸਕਣਾ ਇਨ੍ਹਾਂ ਸੱਤਾਵਾਦੀਆਂ ਦੇ ਵੱਸ ਵਿਚ ਨਾ ਰਿਹਾ। ਸਭ ਤੋਂ ਵੱਡੀ ਗੱਲ, ਇਸ ਵਾਰ ਸਿਆਸੀ ਪਿੜ ਵਿਚ ਤੀਜੀ ਧਿਰ ਦੀ ਆਮਦ ਨੇ ਸੀਨ ਮੁਕੰਮਲ ਤੌਰ 'ਤੇ ਬਦਲ ਦਿੱਤਾ। ਇਸ ਤਰ੍ਹਾਂ ਦੀਆਂ ਕੋਸ਼ਿਸ਼ਾਂ ਪਿਛਲੇ ਸਮੇਂ ਦੌਰਾਨ ਵੀ ਹੋਈਆਂ ਸਨ ਅਤੇ ਕੁਝ ਮੁੱਦਿਆਂ ਉਤੇ ਪੰਥਕ ਧਿਰਾਂ ਨੇ ਵੀ ਤਾਲਮੇਲ ਵਧਾਉਣ ਲਈ ਯਤਨ ਕੀਤੇ ਸਨ, ਪਰ ਇਨ੍ਹਾਂ ਧਿਰਾਂ ਦੀ ਸੀਮਤ ਸਰਗਰਮੀ ਨਾਲ ਰਵਾਇਤੀ ਸਿਆਸਤ ਦਾ ਗੜ੍ਹ ਭੰਨਿਆ ਨਹੀਂ ਜਾ ਸਕਿਆ। ਦਰਅਸਲ ਜਿੰਨੀ ਤਾਕਤ ਦੀ ਲੋੜ ਇਸ ਗੜ੍ਹ ਨੂੰ ਭੰਨਣ ਲਈ ਚਾਹੀਦੀ ਸੀ, ਇਨ੍ਹਾਂ ਧਿਰਾਂ ਦੀ ਉਤਨੀ ਪਾਇਆਂ ਹੈ ਹੀ ਨਹੀਂ ਸੀ। ਇਸੇ ਕਰ ਕੇ ਇਹ ਧਿਰਾਂ ਛੇਤੀ ਹੀ ਹਾਸ਼ੀਏ ਉਤੇ ਜਾ ਡਿੱਗੀਆਂ ਅਤੇ ਜਿਉਂ ਹੀ ਨਵੀਂ ਧਿਰ ਨੇ ਆਮ ਆਦਮੀ ਪਾਰਟੀ ਦੇ ਰੂਪ ਵਿਚ ਡੱਗੇ ਉਤੇ ਚੋਟ ਲਾਈ, ਲੋਕ ਨਾਲ ਜੁੜਦੇ ਗਏ ਅਤੇ ਇਕ ਅੱਛਾ-ਖਾਸਾ ਕਾਫਲਾ ਨਿਕਲ ਤੁਰਿਆ। ਹੁਣ ਇਸ ਕਾਫਲੇ ਦੀ ਮੜ੍ਹਕ ਦੇਖਣ ਦੀ ਵਾਰੀ ਹੈ।

### ਠਾਹ-ਸੋਟਾ

-ਚਾਚਾ ਬੇਲਿਹਾਜ਼

#### *ਲਿਖੋ ਆਪ ਇਤਿਹਾਸ !*

ਕਹਿਣ ਨੂੰ ਪੰਜਾਬ ਵਿਚ ਹੋ ਰਹੀਆਂ ਨੇ ਆਮ ਚੋਣਾਂ, ਹੋ ਰਿਹੈ ਅਸਲ ਵਿਚ ਯੁੱਧ ਆਮ-ਖਾਸ ਦਾ।
ਚਾਅਵਾਂ-ਰੀਝਾਂ ਨਾਲ ਲੋਕੀ ਕਾਫਲੇ ਬਣਾ ਕੇ ਤੁਰੇ, ਰਿਸ਼ਤਾ ਬਦਲ ਦੇਣਾ 'ਹਾਕਮ ਤੇ ਦਾਸ' ਦਾ।
ਪਿੰਡ-ਪਿੰਡ, ਸ਼ਹਿਰ-ਸ਼ਹਿਰ 'ਜਲਵਾ' ਦਿਖਾਈ ਦੇਵੇ, ਪੈਦਾ ਹੋਈ ਚੇਤਨਾ ਤੇ ਜਾਗੇ ਅਹਿਸਾਸ ਦਾ।
ਰਹੇ ਨੇ ਚਲਾਉਂਦੇ ਚੰਮ ਦੀਆਂ ਦਸ ਸਾਲ ਯਾਰੋ, ਹੁਣ ਸੇਕ ਲੱਗਾ 'ਲੋਕ-ਰੋਹ' ਦੀ ਭੜਾਸ ਦਾ।
ਮਾਰਦਾ ਫੁੰਕਾਰੇ ਗੁੱਸਾ ਬੀਰ-ਰਸ ਬਣਿਆ ਏ, ਕਰਜੇ ਸਤਾਏ ਵਲੋਂ ਖਾ ਲਈ ਸਲਫਾਸ ਦਾ।
ਵੋਟਾਂ ਵਾਲੇ ਦਿਨ ਪਹੁੰਚ ਪੋਲਿੰਗ ਬੂਥ ਉਤੇ, ਲਿਖਿਓ ਅਨੋਖਾ ਸਫਾ 'ਆਪ' ਇਤਿਹਾਸ ਦਾ।

# ਅੰਬੇਡਕਰ ਤੇ ਇਨਕਲਾਬ

***ਹਾਕਮ ਜਮਾਤਾਂ ਨੇ ਅੰਬੇਡਕਰ ਨੂੰ ਮੂਰਤੀ ਬਣਾ ਲਿਆ ਹੈ ਅਤੇ ਉਸ ਦੇ ਆਦਰਸ਼ਾਂ ਨੂੰ ਠੰਢੇ ਬਸਤੇ ਵਿਚ ਪਾ ਰੱਖਿਆ ਹੈ। ਉਹ ਚਾਹੁੰਦੇ ਹਨ ਕਿ ਅਸੀਂ ਬ੍ਰਾਹਮਣਵਾਦ ਦੀ ਉਸ ਵਹਿਸ਼ੀ ਹਕੀਕਤ ਤੋਂ ਅੱਖਾਂ ਮੀਟੀ ਰੱਖੀਏ ਜੋ ਬਹੁਤ ਖ਼ਤਰਨਾਕ ਅਤੇ ਘਿਨਾਉਣੀ ਹਿੰਸਾ ਤੇ ਵਿਤਕਰੇ ਦੀ ਸ਼ਕਲ ਵਿਚ ਲਗਾਤਾਰ ਸਾਹਮਣੇ ਆ ਰਹੀ ਹੈ। ਇਸ ਨੂੰ ਜੱਗ ਜ਼ਾਹਰ ਕੀਤੇ ਜਾਣ ਲਈ ਉਥਲ-ਪੁਥਲ ਜ਼ਰੂਰੀ ਹੈ। ਸੱਚੀ ਜਮਹੂਰੀਅਤ, ਸੱਚੀ ਧਰਮ ਨਿਰਲੇਪਤਾ, ਸੱਚੀ ਆਜ਼ਾਦੀ, ਸੱਚੇ ਸਮਾਜਵਾਦ ਅਤੇ ਨਿਸ਼ਚੇ ਹੀ ਸੱਚੇ ਗਣਰਾਜ ਲਈ ਅੱਜ ਸੱਚਾ ਇਨਕਲਾਬ ਦਰਕਾਰ ਹੈ।***

ਭਾਰਤ ਦੇ ਗਣਤੰਤਰ ਦਿਵਸ ਦੀ ਪਰੇਡ ਅਤੇ ਜਾਹੋ-ਜਲਾਲ ਖ਼ਤਮ ਹੋ ਚੁੱਕਾ ਹੈ। ਜਦੋਂ ਇਸ ਗਣਰਾਜ ਉਪਰ ਸਾਊਦੀ ਸ਼ਹਿਜ਼ਾਦੇ ਦੀਆਂ ਬਖ਼ਸ਼ਿਸ਼ਾਂ ਗਿਣੀਆਂ ਜਾ ਰਹੀਆਂ ਹਨ; ਜਦੋਂ ਹਰ ਸੂਬੇ ਦੀ ਅਮੀਰੀ ਦਾ ਗੁੱਡਾ ਬੰਨ੍ਹਣ ਲਈ ਲਿਆਂਦੇ ਕਲਾਕਾਰ ਆਪਣੀ ਉਸ ਹਕੀਕੀ ਜ਼ਿੰਦਗੀ ਦੀ ਅਗਲੇ ਸਾਲ ਦੀ ਲੜਾਈ ਲੜਨ ਲਈ ਆਪਣੇ ਘਰਾਂ ਨੂੰ ਰੁਖ਼ਸਤ ਹੋ ਚੁੱਕੇ ਹਨ (ਜੋ ਉਸ ਖੁਸ਼ਹਾਲੀ ਤੋਂ ਐਨ ਉਲਟ ਹੋਵੇਗੀ ਜਿਸ ਦੀ ਨੁਮਾਇਸ਼ ਲਗਾਈ ਗਈ), ਤਾਂ ਕੁਝ ਮੁਸ਼ਕਿਲ ਸਵਾਲ ਪੁੱਛਣੇ ਹੀ ਪੈਣਗੇ। ਸਾਨੂੰ ਦੱਸਿਆ ਜਾਂਦਾ ਹੈ ਕਿ 26 ਜਨਵਰੀ 1950 ਉਹ ਦਿਨ ਹੈ ਜਦੋਂ ਮੁਲਕ ਨੇ ਅੰਬੇਡਕਰ ਵਲੋਂ ਲਿਖਿਆ ਸੰਵਿਧਾਨ ਅਪਣਾਇਆ। ਇਹ ਉਹ ਦਿਨ ਹੈ ਜਦੋਂ ਸਾਨੂੰ ਸਾਬਕਾ ਬਸਤੀਵਾਦੀ ਪਰਜਾ ਨੂੰ ਕਾਇਆ ਪਲਟ ਕੇ ਆਜ਼ਾਦ ਗਣਰਾਜ ਦੇ ਆਜ਼ਾਦ ਨਾਗਰਿਕ ਬਣਾਉਣ ਦਾ ਵਾਅਦਾ ਕੀਤਾ ਗਿਆ। ਅੱਜ ਇਸ



**ਉਮਰ ਖ਼ਾਲਿਦ**
**ਅਨੁਵਾਦ: ਬੂਟਾ ਸਿੰਘ**

ਸੰਵਿਧਾਨ ਨੂੰ ਉਨ੍ਹਾਂ ਫਾਸ਼ੀਵਾਦੀ ਤਾਕਤਾਂ ਤੋਂ ਖ਼ਤਰਾ ਹੈ ਜਿਨ੍ਹਾਂ ਦਾ ਇਸ ਵਿਚ ਕਦੇ ਵੀ ਭਰੋਸਾ ਨਹੀਂ ਰਿਹਾ, ਲਿਹਾਜ਼ਾ ਸਾਨੂੰ ਇਸ ਨੂੰ ਉਨ੍ਹਾਂ ਤੋਂ ਬਚਾਉਣ ਦੀ ਲੋੜ ਹੈ; ਜਾਂ ਇਉਂ ਕਹਿ ਲਓ, ਅਕਸਰ ਹੀ ਉਦਾਰਵਾਦੀਆਂ, ਕਾਂਗਰਸੀਆਂ, ਅੰਬੇਡਕਰਵਾਦੀਆਂ ਅਤੇ ਖੱਬੇ ਪੱਖੀਆਂ ਵਲੋਂ ਇਹੋ ਕਥਾ ਵਾਰ-ਵਾਰ ਦੁਹਰਾਈ ਜਾਂਦੀ ਹੈ। ਐਪਰ, ਮੇਰਾ 'ਰਾਸ਼ਟਰ ਵਿਰੋਧੀ' ਸੋਚ ਅਮਲ ਜੋ ਸੁਧਰਨ ਵਾਲਾ ਨਹੀਂ ਹੈ, ਅਨੁਸਾਰ ਜੇ ਇਸ ਕਥਾ ਨੂੰ ਥੋੜ੍ਹਾ ਮਰੋੜ ਕੇ ਪੇਸ਼ ਕੀਤਾ ਜਾਵੇ ਤਾਂ ਕੀ ਹਰਜ ਹੈ?

ਕੀ ਸੰਵਿਧਾਨ ਇਕੱਲੇ ਅੰਬੇਡਕਰ ਨੇ ਲਿਖਿਆ? ਜਾਂ ਪੂਰੀ ਸੰਵਿਧਾਨ-ਘੜਨੀ ਸਭਾ ਕੰਮ ਕਰ ਰਹੀ ਸੀ? ਉਹ ਸਭਾ ਜੋ ਕਿਸੇ ਆਮ ਬਾਲਗ ਵੋਟ-ਹੱਕ ਦੇ ਆਧਾਰ 'ਤੇ ਚੁਣੀ ਹੋਈ ਨਹੀਂ ਸੀ, ਸਗੋਂ ਸਾਬਕਾ ਬਸਤੀਆਨਾ ਰਾਜ ਦੇ ਹਾਲਾਤ ਹੇਠ ਬਹੁਤ ਸੀਮਤ ਵੋਟ ਅਧਿਕਾਰ ਰਾਹੀਂ ਬਣਾਈ ਗਈ ਸੀ। ਸੰਵਿਧਾਨ-ਘੜਨੀ ਸਭਾ ਅੰਦਰ ਬਹੁਗਿਣਤੀ ਉਨ੍ਹਾਂ ਕਾਂਗਰਸੀਆਂ ਦੀ ਸੀ ਜਿਨ੍ਹਾਂ ਖ਼ਿਲਾਫ਼ ਅੰਬੇਡਕਰ ਨੂੰ ਤਾ-ਉਮਰ ਲੜਨਾ ਪਿਆ। ਰਜਵਾੜਾ ਰਿਆਸਤਾਂ ਦੇ ਰਾਜੇ, ਜਗੀਰਦਾਰ, ਸਨਅਤਕਾਰ, ਹਿੰਦੂ ਮੁੜ-ਸੁਰਜੀਤੀਵਾਦੀ, ਇਹ ਸਭ ਉਸ ਸੰਵਿਧਾਨ-ਘੜਨੀ ਸਭਾ ਦਾ ਹਿੱਸਾ ਸਨ। ਸੰਵਿਧਾਨ-ਘੜਨੀ ਸਭਾ ਦੀਆਂ ਬਹਿਸਾਂ ਉਪਰ ਮਾਮੂਲੀ ਝਾਤ ਮਾਰਨ 'ਤੇ ਵੀ ਇਹ ਪਤਾ ਲੱਗ ਜਾਂਦਾ ਹੈ ਕਿ ਇਨ੍ਹਾਂ ਤਾਕਤਾਂ ਵਲੋਂ ਉਨ੍ਹਾਂ ਬਹੁਤ ਸਾਰੇ ਅਗਾਂਹਵਧੂ ਕਦਮਾਂ ਦਾ ਡਟ ਕੇ ਵਿਰੋਧ ਕੀਤਾ ਗਿਆ ਜੋ ਅੰਬੇਡਕਰ ਅਤੇ ਉਨ੍ਹਾਂ ਵਰਗੇ ਕੁਝ ਹੋਰਾਂ ਵਲੋਂ ਸੰਵਿਧਾਨ ਵਿਚ ਸ਼ਾਮਲ ਲਈ ਜ਼ੋਰ ਦਿੱਤਾ ਜਾ ਰਿਹਾ ਸੀ।

ਸੰਵਿਧਾਨ-ਘੜਨੀ ਸਭਾ ਦੀ ਬਹੁਗਿਣਤੀ ਅੰਬੇਡਕਰ ਦੇ ਖ਼ਿਆਲਾਂ ਦੇ ਖਿਲਾਫ ਹੋਣ ਦੇ ਬਾਵਜੂਦ ਉਨ੍ਹਾਂ ਦੀ ਛਾਪ ਉਸ ਸੰਵਿਧਾਨ ਉਪਰ ਸਪਸ਼ਟ ਨਜ਼ਰ ਆਉਂਦੀ ਹੈ ਜੋ ਆਖ਼ਿਰਕਾਰ ਅਪਣਾਇਆ ਗਿਆ। ਛੂਆਛਾਤ ਨੂੰ ਜੁਰਮ ਕਰਾਰ ਦਿੱਤਾ ਗਿਆ, ਤੇ ਹੁਣ ਹਰ ਕੋਈ ਕਾਨੂੰਨ ਦੀਆਂ ਨਜ਼ਰਾਂ ਵਿਚ ਬਰਾਬਰ ਸੀ; ਪਰ ਕੀ ਇਸ ਦਸਤਾਵੇਜ਼ ਵਿਚ ਕੁਝ ਸ਼ਬਦ ਪਾਉਣ ਨਾਲ ਸਾਡਾ ਮੁਲਕ ਸੱਚੀ ਹੀ ਧਰਮ ਨਿਰਪੱਖ, ਜਮਹੂਰੀ, ਆਜ਼ਾਦ ਗਣਰਾਜ ਬਣ ਗਿਆ? ਬੀਤੇ 67 ਸਾਲਾਂ ਵਿਚ ਇਸ ਗਣਰਾਜ ਨੇ ਵਾਹਵਾ ਅਉਧ ਹੰਢਾ ਲਈ ਹੈ। ਕੁਝ ਤਾਂ ਇਹ ਵੀ ਕਹਿੰਦੇ ਹਨ ਕਿ ਇਹ ਹੋਰ ਵੀ ਪ੍ਰੌੜ ਹੋ ਗਿਆ ਹਾਂ, ਤੇ ਅੰਬੇਡਕਰ ਨੇ ਜਮਹੂਰੀਅਤ ਦੀ ਜੋ ਨੀਂਹ ਰੱਖੀ ਸੀ, ਉਹ ਹੋਰ ਡੂੰਘੀ ਹੋਈ ਹੈ।

ਉਂਜ, ਹੈਰਾਨੀ ਤਾਂ ਇਹ ਹੈ ਕਿ ਭਈਆ ਲਾਲ ਭੋਟਮਾਂਗੇ ਦਾ ਇਸ ਗਣਰਾਜ ਬਾਰੇ ਕੀ ਖ਼ਿਆਲ ਹੋਵੇਗਾ? ਭੋਟਮਾਂਗੇ ਪਰਿਵਾਰ ਦਾ ਇਕੋ-ਇਕ ਜਿਉਂਦਾ ਜੀਅ ਸੀ ਜਿਸ ਦੇ ਬਾਕੀ ਪਰਿਵਾਰਕ ਜੀਆਂ ਨਾਲ 2006 ਵਿਚ ਖ਼ੈਰਲਾਂਜੀ ਪਿੰਡ ਅੰਦਰ ਉਚਜਾਤੀ ਲੋਕਾਂ ਨੇ ਜਨਤਕ ਜਬਰ ਜਨਾਹ ਕਰ ਕੇ ਉਨ੍ਹਾਂ ਨੂੰ ਕਤਲ ਕਰ ਦਿੱਤਾ ਸੀ। ਜੇ ਗਣਰਾਜ ਅਤੇ ਜਮਹੂਰੀਅਤ ਦੇ ਸਵਾਲਾਂ ਨੂੰ ਨਿਆਂ ਦੀ ਐਨਕ ਨਾਲ ਦੇਖਿਆ ਜਾਵੇ ਤਾਂ ਬੀਤੇ 67 ਸਾਲਾਂ ਦਾ ਇਤਿਹਾਸ ਬਿਲਕੁਲ ਵੱਖਰੀ ਕਹਾਣੀ ਬਿਆਨ ਕਰਦਾ ਹੈ। ਜੇ ਕਾਨੂੰਨ ਦੀ ਨਜ਼ਰ ਵਿਚ ਹਰ ਕੋਈ ਬਰਾਬਰ ਹੈ ਤਾਂ ਜੋ ਭੋਟਮਾਂਗੇ ਪਿਛਲੇ ਹਫ਼ਤੇ ਦਿਲ ਫੇਲ੍ਹ ਹੋਣ ਨਾਲ ਇਸ ਦੁਨੀਆ ਤੋਂ ਰੁਖ਼ਸਤ ਹੋਇਆ, ਉਸ ਨੂੰ ਆਪਣੀ ਜ਼ਿੰਦਗੀ ਵਿਚ ਨਿਆਂ ਵਰਗੀ ਕੋਈ ਚੀਜ਼ ਕਿਉਂ ਨਸੀਬ ਨਹੀਂ ਹੋਈ? ਹੁਣ ਇਹ ਸਵਾਲ ਬਹੁਤ ਮੁਨਾਸਿਬ ਹੈ- ਕੀ ਕੋਈ ਦਸਤਾਵੇਜ਼ ਅਤੇ ਨਵਾਂ ਖਿਆਲ, ਪੁਰਾਣੀ ਹਕੀਕਤ ਨੂੰ ਬਦਲ ਸਕਦੇ ਹਨ, ਜੇ ਇਹ ਨਾਲ ਦੀ ਨਾਲ ਸਮਾਜਿਕ ਸਬੰਧਾਂ ਨੂੰ ਨਹੀਂ ਬਦਲਦੇ ਜੋ ਦਰਅਸਲ ਹਕੀਕਤ ਹੈ?

ਕਿਹਾ ਜਾ ਸਕਦਾ ਹੈ ਕਿ ਅੰਬੇਡਕਰ ਨੂੰ ਇਸ ਬਾਰੇ ਸੰਸੇ ਸਨ। ਉਨ੍ਹਾਂ ਉਸ ਯੁਗ ਦੀਆਂ ਵਿਰੋਧਤਾਈਆਂ ਦੀ ਗੱਲ ਕੀਤੀ ਜਿਸ ਵਿਚ ਇਹ ਮੁਲਕ ਦਾਖ਼ਲ ਹੋ ਰਿਹਾ ਸੀ। "ਸਿਆਸਤ ਵਿਚ ਤਾਂ ਅਸੀਂ ਇਕ ਮਨੁੱਖ, ਇਕ ਵੋਟ ਅਤੇ ਇਕ ਵੋਟ, ਇਕ-ਸਮਾਨ ਕਦਰ ਦੇ ਅਸੂਲ ਨੂੰ ਮੰਨ ਰਹੇ ਹੋਵਾਂਗੇ; ਪਰ ਸਮਾਜੀ ਅਤੇ ਆਰਥਿਕ ਜ਼ਿੰਦਗੀ ਵਿਚ, ਅਸੀਂ ਆਪਣੇ ਸਮਾਜੀ ਅਤੇ ਆਰਥਿਕ ਢਾਂਚੇ ਕਾਰਨ, ਇਕ ਵੋਟ ਇਕ-ਸਮਾਨ ਕਦਰ ਦੇ ਅਸੂਲ ਤੋਂ ਲਗਾਤਾਰ ਇਨਕਾਰੀ ਬਣੇ ਰਹਾਂਗੇ। ਅਸੀਂ ਵਿਰੋਧਾਂ ਵਾਲੀ ਇਹ ਜ਼ਿੰਦਗੀ ਕਦੋਂ ਤਕ ਜਾਰੀ ਰੱਖਾਂਗੇ? ਆਪਣੀ ਸਮਾਜੀ ਅਤੇ ਆਰਥਿਕ ਜ਼ਿੰਦਗੀ ਵਿਚ ਬਰਾਬਰੀ ਤੋਂ ਅਸੀਂ ਕਦੋਂ ਤਕ ਇਨਕਾਰੀ ਰਹਾਂਗੇ? ਜੇ ਅਸੀਂ ਇਹ ਲੰਮਾ ਵਕਤ ਜਾਰੀ ਰੱਖਦੇ ਹਾਂ, ਤਾਂ ਅਸੀਂ ਆਪਣੀ ਸਿਆਸੀ ਜਮਹੂਰੀਅਤ ਨੂੰ ਖ਼ਤਰੇ ਵਿਚ ਪਾ ਕੇ ਹੀ ਅਜਿਹਾ ਕਰਾਂਗੇ। ਹੁਣ ਜਾਂ ਤਾਂ ਸਾਨੂੰ ਛੇਤੀ ਤੋਂ ਛੇਤੀ ਇਸ ਵਿਰੋਧ ਨੂੰ ਲਾਜ਼ਮੀ ਤੌਰ 'ਤੇ ਖ਼ਤਮ ਕਰਨਾ ਪਵੇਗਾ, ਤੇ ਜਾਂ ਫਿਰ ਇਸ ਨਾਬਰਾਬਰੀ ਦਾ ਸ਼ਿਕਾਰ ਹੋਣ ਵਾਲੇ (ਲੋਕ) ਇਸ ਸਿਆਸੀ ਜਮਹੂਰੀ ਢਾਂਚੇ ਨੂੰ ਤਹਿਸ-ਨਹਿਸ ਕਰ ਦੇਣਗੇ ਜਿਸ ਨੂੰ ਸੰਵਿਧਾਨ-ਸਭਾ ਨੇ ਐਨੀ ਮਿਹਨਤ ਨਾਲ ਬਣਾਇਆ ਹੈ।"

ਅੱਜ ਕਈਆਂ ਨੂੰ ਇਹ ਗੱਲ ਆਪਾਵਿਰੋਧੀ ਲੱਗ ਸਕਦੀ ਹੈ ਕਿ ਹਿੰਦੂਤਵੀ ਫਾਸ਼ੀਵਾਦੀ, ਕਾਰਪੋਰੇਟ ਘੁਟਾਲੇਬਾਜ਼ ਅਤੇ ਮਨੂਵਾਦੀ ਸਾਡੇ ਉਪਰ ਉਸ ਸੰਵਿਧਾਨ ਦੀ ਸਹੁੰ ਖਾ ਕੇ ਰਾਜ ਕਰ ਰਹੇ ਹਨ ਜੋ ਆਜ਼ਾਦੀ, ਜਮਹੂਰੀਅਤ, ਧਰਮ ਨਿਰਲੇਪਤਾ ਦਾ ਵਾਅਦਾ ਕਰਦਾ ਹੈ ਜਿਸ ਵਿਚ ਪਿੱਛੋਂ ਸਮਾਜਵਾਦ ਵੀ ਸ਼ਾਮਲ ਕਰ ਲਿਆ ਗਿਆ ਸੀ; ਪਰ ਇਸ ਵਿਰੋਧਤਾਈ ਦਾ ਹੱਲ ਇਕ ਵਿਰੋਧਤਾਈ ਦੇ ਹੱਲ ਦੀ ਮੰਗ ਕਰਦਾ ਹੈ- ਸੰਵਿਧਾਨ ਕੀ ਵਾਅਦਾ ਕਰਦਾ ਹੈ ਅਤੇ ਸਾਡੇ ਮੁਲਕ ਦੀ ਜ਼ਮੀਨੀ ਹਕੀਕਤ ਕੀ ਹੈ!

ਸਾਨੂੰ ਇਹ ਨਹੀਂ ਭੁੱਲਣਾ ਚਾਹੀਦਾ ਕਿ ਇਹ ਸੰਵਿਧਾਨ ਲਿਖਣਾ ਨਹੀਂ, ਦਰਅਸਲ ਜਾਤ-ਪਾਤ ਦੇ ਬੀਜ ਨਾਸ ਲਈ ਲੜਾਈ ਸੀ ਜੋ ਅੰਬੇਡਕਰ ਦੀ ਜ਼ਿੰਦਗੀ ਦੀ ਕੇਂਦਰੀ ਲੜਾਈ ਸੀ। ਕਲਪਨਾ ਕਰੋ, ਜੇ ਪੂਰੇ ਮੁਲਕ ਵਿਚ ਹਜ਼ਾਰਾਂ ਦੀ ਤਾਦਾਦ ਵਿਚ ਲਗਾਏ ਅੰਬੇਡਕਰ ਦੇ ਬੁੱਤਾਂ ਦੇ ਹੱਥ ਵਿਚ ਸੰਵਿਧਾਨ ਦੀ ਪੋਥੀ ਦੀ ਥਾਂ ਉਨ੍ਹਾਂ ਦੀ 'ਜਾਤ-ਪਾਤ ਦਾ ਬੀਜ ਨਾਸ' ਕਿਤਾਬ ਦਿਖਾਈ ਗਈ ਹੁੰਦੀ ਤਾਂ ਇਸ ਦਾ ਸੁਨੇਹਾ ਕਿੰਨਾ ਗਜ਼ਬ ਹੁੰਦਾ। ਅੰਬੇਡਕਰ ਨੇ ਤਾ-ਉਮਰ ਜਾਤ-ਪਾਤ ਦੇ ਬੀਜ ਨਾਸ ਲਈ ਲੜਾਈ ਦਿੱਤੀ ਅਤੇ ਇਸ ਅਮਲ ਵਿਚ ਬਹੁਤ ਸਾਰੇ ਦਾਅ-ਪੇਚ ਅਖ਼ਤਿਆਰ ਕੀਤੇ। ਸੰਵਿਧਾਨ-ਘੜਨੀ ਸਭਾ ਦਾ ਡਰਾਫਟਿੰਗ ਚੇਅਰਮੈਨ ਬਣਨ ਨੂੰ ਸਹਿਮਤੀ ਦੇਣਾ ਉਨ੍ਹਾਂ ਬਹੁਤ ਸਾਰੇ ਦਾਅ-ਪੇਚਾਂ ਵਿਚੋਂ ਇਕ ਦਾਅਪੇਚ ਸੀ। ਇਸੇ ਤਰ੍ਹਾਂ ਇਹ ਦਲੀਲ ਵੀ ਦਿੱਤੀ ਜਾ ਸਕਦੀ ਹੈ ਕਿ ਇਹ ਉਸ ਵਕਤ ਕਾਂਗਰਸ ਦੀ ਅੰਬੇਡਕਰ (ਜੋ ਕਾਂਗਰਸ ਦੇ ਸਖ਼ਤ ਆਲੋਚਕਾਂ ਵਿਚੋਂ ਇਕ ਸੀ) ਨੂੰ ਆਪਣੀ ਵਾਜਬੀਅਤ ਲਈ ਸੱਤਾ ਦੇ ਚੋਟੀ ਦੇ ਪੱਧਰ 'ਤੇ ਆਪਣੇ ਨਾਲ ਰਲਾਉਣ ਦੀ ਚਾਲ ਸੀ।

ਇਤਿਹਾਸ ਵਿਚ ਦਰਜ ਤੱਥ ਹੈ ਕਿ ਸ਼ੁਰੂ ਵਿਚ ਕਾਂਗਰਸ ਨੇ 1946 ਵਿਚ ਹੋਰਾਂ ਨਾਲ ਮਿਲ ਕੇ ਇਹ ਯਕੀਨੀ ਬਣਾਉਣ ਦੀ ਕੋਸ਼ਿਸ਼ ਕੀਤੀ ਕਿ ਅੰਬੇਡਕਰ ਸੰਵਿਧਾਨ-ਘੜਨੀ ਸਭਾ ਲਈ ਚੁਣੇ ਹੀ ਨਾ ਜਾਣ। ਬੰਗਾਲ ਦੇ ਦਲਿਤ ਆਗੂ ਜੋਗਿੰਦਰਨਾਥ ਮੰਡਲ ਦੇ ਸੂਝਵਾਨ ਦਖ਼ਲ ਨਾਲ ਬੰਗਾਲ ਤੋਂ ਅੰਬੇਡਕਰ ਦੀ ਮਹਿਫੂਜ਼ ਜਿੱਤ ਯਕੀਨੀ ਬਣੀ ਸੀ। ਜਦੋਂ ਉਹੀ ਕਾਂਗਰਸ ਉਨ੍ਹਾਂ ਨੂੰ ਡਰਾਫਟਿੰਗ ਚੇਅਰਮੈਨ ਬਣਾਉਂਦੀ ਹੈ ਤਾਂ ਇਸ ਨੂੰ ਥੋੜ੍ਹਾ ਸ਼ੱਕ ਨਾਲ ਦੇਖਣ ਦੀ ਲੋੜ ਹੈ। ਥੋੜ੍ਹੇ ਸਾਲ ਪਹਿਲਾਂ ਐਨ.ਸੀ.ਈ.ਆਰ.ਟੀ. ਦੀ ਇਕ ਕਿਤਾਬ ਵਿਚ ਛਾਪੇ ਕਾਰਟੂਨ ਨੇ ਸਾਡੇ ਵਿਚੋਂ ਬਹੁਤਿਆਂ ਨੂੰ ਠੇਸ ਪਹੁੰਚਾਈ ਸੀ ਜਿਸ ਵਿਚ ਨਹਿਰੂ ਨੂੰ ਅੰਬੇਡਕਰ ਦੇ ਕੋਰੜੇ ਮਾਰਦੇ ਦਿਖਾਇਆ ਗਿਆ ਸੀ, ਪਰ ਜੇ ਤੀਬਰ ਮਨੋਭਾਵਾਂ ਨੂੰ ਪਾਸੇ ਰੱਖ ਦੇਈਏ, ਤਾਂ ਇਹ ਇਤਿਹਾਸ ਦੇ ਇਕ ਦੌਰ ਨੂੰ ਦਿਖਾਉਂਦਾ ਸੀ ਜਦੋਂ ਕਾਂਗਰਸ ਨੇ ਅੰਬੇਡਕਰ ਨੂੰ ਮਾਤ ਦਿੱਤੀ, ਉਸ ਦਾ ਲਾਹਾ ਲਿਆ ਅਤੇ ਜਦੋਂ ਦੇਖਿਆ ਕਿ ਉਹ ਹੱਦ ਟੱਪ ਰਹੇ ਹਨ, ਤਾਂ ਉਨ੍ਹਾਂ ਤੋਂ ਕਿਨਾਰਾ ਕਰ ਲਿਆ। ਜਦੋਂ ਅੰਬੇਡਕਰ ਨੇ ਹਿੰਦੂ ਕੋਡ ਬਿਲ ਲਿਆਉਣਾ ਚਾਹਿਆ ਤਾਂ ਕਾਂਗਰਸ ਨੇ ਨਹਿਰੂ ਦੀ ਅਗਵਾਈ ਵਿਚ ਜੋ ਕੀਤਾ, ਉਹ ਸਭ ਜਾਣਦੇ ਹਨ।

ਸੰਵਿਧਾਨ ਲਿਖਣ ਵਾਲੇ ਦੀ ਬੇਹੁਰਮਤੀ ਕਰਨ ਦਾ ਇਲਜ਼ਾਮ ਲਾਏ ਜਾਣ ਦਾ ਜੋਖ਼ਮ ਲੈ ਕੇ ਵੀ ਮੈਨੂੰ ਉਨ੍ਹਾਂ ਦੇ ਨਾਂ 'ਤੇ ਇਹ ਕਹਿਣ ਦੀ ਇਜਾਜ਼ਤ ਦਿਓ ਕਿ ਅੰਬੇਡਕਰ ਜਿਸ ਆਰਥਿਕ ਅਤੇ ਸਮਾਜੀ ਨਿਆਂ ਲਈ ਲੜਨ ਦੀ ਗੱਲ ਕਰਦੇ ਸਨ, ਉਹ ਹਮੇਸ਼ਾ ਸੰਵਿਧਾਨਕ ਹੱਦਾਂ ਤਕ ਮਹਿਦੂਦ ਨਹੀਂ ਹੋ ਸਕਦੀ। ਜਾਤ-ਪਾਤ ਵਿਚ ਗ੍ਰਸੇ ਸਮਾਜ ਵਿਚ ਦਿਨੋ-ਦਿਨ ਵਿਕਰਾਲ ਹੋ ਰਹੀਆਂ ਸਮਾਜੀ ਅਤੇ ਆਰਥਿਕ ਨਾਬਰਾਬਰੀਆਂ ਉਸ ਸਮਾਜੀ ਅਹਿਦਨਾਮੇ ਜ਼ਰੀਏ ਥੋਪੀਆਂ ਜਾਂਦੀਆਂ ਹਨ ਜੋ ਇਸ ਸਰਜ਼ਮੀਨ ਦਾ ਕਾਨੂੰਨ ਹੈ। ਜਿਹੜਾ ਕਾਨੂੰਨ ਜ਼ਮੀਨੀ ਸੁਧਾਰ ਜਾਂ ਬੇਜ਼ਮੀਨੇ ਦਲਿਤਾਂ ਦੀ ਬਹੁਗਿਣਤੀ ਨੂੰ ਵਸੀਲਿਆਂ ਤਕ ਬਰਾਬਰ ਪਹੁੰਚ ਕਦੇ ਵੀ ਯਕੀਨੀ ਨਹੀਂ ਬਣਾ ਸਕਿਆ, ਉਸੇ ਦਾ ਇਸਤੇਮਾਲ ਉਨ੍ਹਾਂ ਨੂੰ ਅਤਿਵਾਦੀਆਂ ਅਤੇ ਨਕਸਲੀਆਂ ਦੇ ਤੌਰ 'ਤੇ ਕੇਸਾਂ ਵਿਚ ਫਸਾਉਣ ਲਈ ਬਹੁਤ ਹੀ ਗ਼ਰੂਰ ਨਾਲ ਕੀਤਾ ਜਾਂਦਾ ਹੈ। ਜਾਤਪਾਤ ਦੇ ਬੀਜ ਨਾਸ ਬਾਰੇ ਜੇ ਅਰੁੰਧਤੀ ਰਾਏ ਦੇ ਹਵਾਲੇ ਨਾਲ ਕਹਿਣਾ ਹੋਵੇ ਤਾਂ ਨੁਕਤਾ ਇਹ ਹੈ ਕਿ ਆਰਥਿਕ ਅਤੇ ਸਮਾਜੀ ਜਮਹੂਰੀਅਤ ਦੀ ਲੜਾਈ ਲਈ ਅਮਨ ਵਿਚ ਖ਼ਲਲ ਪੈਣਾ ਹੀ ਪੈਣਾ ਹੈ।

ਸੰਵਿਧਾਨ ਦੀ ਆਦਿਕਾ ਸ਼ਾਨਦਾਰ ਅਤੇ ਵੱਡੇ-ਵੱਡੇ ਆਦਰਸ਼ਾਂ ਦੇ ਵਾਅਦੇ ਕਰਦੀ ਹੈ, ਪਰ ਇਹ ਉਦੋਂ ਤਕ ਭਰਮ ਬਣੇ ਰਹਿਣਗੇ ਜਦੋਂ ਤਕ ਅਸੀਂ ਉਨ੍ਹਾਂ ਦੇ ਨਾਲ ਦੀ ਨਾਲ ਉਨ੍ਹਾਂ ਸਮਾਜੀ ਸਬੰਧਾਂ ਦੀ ਕਾਇਆ ਪਲਟੀ ਲਈ ਨਹੀਂ ਲੜਦੇ ਜੋ ਸਾਡੇ ਮੁਲਕ ਦੀ ਹਕੀਕਤ ਬਣਦੇ ਹਨ। ਹਾਕਮ ਜਮਾਤਾਂ ਨੇ ਅੰਬੇਡਕਰ ਨੂੰ ਮੂਰਤੀ ਬਣਾ ਲਿਆ ਹੈ ਅਤੇ ਉਸ ਦੇ ਆਦਰਸ਼ਾਂ ਨੂੰ ਠੰਢੇ ਬਸਤੇ ਵਿਚ ਪਾ ਰੱਖਿਆ ਹੈ। ਉਹ ਚਾਹੁੰਦੇ ਹਨ ਕਿ ਅਸੀਂ ਬ੍ਰਾਹਮਣਵਾਦ ਦੀ ਉਸ ਵਹਿਸ਼ੀ ਹਕੀਕਤ ਤੋਂ ਅੱਖਾਂ ਮੀਟੀ ਰੱਖੀਏ ਜੋ ਬਹੁਤ ਖ਼ਤਰਨਾਕ ਅਤੇ ਘਿਨਾਉਣੀ ਹਿੰਸਾ ਤੇ ਵਿਤਕਰੇ ਦੀ ਸ਼ਕਲ ਵਿਚ ਲਗਾਤਾਰ ਸਾਹਮਣੇ ਆ ਰਹੀ ਹੈ। ਇਸ ਨੂੰ ਜੱਗ ਜ਼ਾਹਰ ਕੀਤੇ ਜਾਣ ਲਈ ਉਥਲ-ਪੁਥਲ ਜ਼ਰੂਰੀ ਹੈ। ਸੱਚੀ ਜਮਹੂਰੀਅਤ, ਸੱਚੀ ਧਰਮ ਨਿਰਲੇਪਤਾ, ਸੱਚੀ ਆਜ਼ਾਦੀ, ਸੱਚੇ ਸਮਾਜਵਾਦ ਅਤੇ ਨਿਸ਼ਚੇ ਹੀ ਸੱਚੇ ਗਣਰਾਜ ਲਈ ਅੱਜ ਸੱਚਾ ਇਨਕਲਾਬ ਦਰਕਾਰ ਹੈ।

***ਸੰਵਿਧਾਨ ਦੀ ਆਦਿਕਾ ਸ਼ਾਨਦਾਰ ਅਤੇ ਵੱਡੇ-ਵੱਡੇ ਆਦਰਸ਼ਾਂ ਦੇ ਵਾਅਦੇ ਕਰਦੀ ਹੈ, ਪਰ ਇਹ ਉਦੋਂ ਤਕ ਭਰਮ ਬਣੇ ਰਹਿਣਗੇ ਜਦੋਂ ਤਕ ਅਸੀਂ ਉਨ੍ਹਾਂ ਦੇ ਨਾਲ ਦੀ ਨਾਲ ਉਨ੍ਹਾਂ ਸਮਾਜੀ ਸਬੰਧਾਂ ਦੀ ਕਾਇਆ ਪਲਟੀ ਲਈ ਨਹੀਂ ਲੜਦੇ ਜੋ ਸਾਡੇ ਮੁਲਕ ਦੀ ਹਕੀਕਤ ਬਣਦੇ ਹਨ।***

# ਪੰਜਾਬ ਦੀਆਂ ਚੋਣਾਂ ਅਤੇ ਆਸ ਦੀ ਕਿਰਨ

*ਪੰਜਾਬ ਦੀ ਵਿਧਾਨ ਸਭਾ ਬਾਰੇ ਉਤਸ਼ਾਹ ਐਤਕੀਂ ਪਹਿਲਾਂ ਵਾਲੀ ਕਿਸੇ ਵੀ ਚੋਣ ਤੋਂ ਵੱਖਰਾ ਹੈ। ਇਸ ਵਾਰ ਦੋ ਸਥਾਪਿਤ ਰਵਾਇਤੀ ਧਿਰਾਂ- ਸ਼੍ਰੋਮਣੀ ਅਕਾਲੀ ਦਲ ਅਤੇ ਕਾਂਗਰਸ, ਤੋਂ ਇਲਾਵਾ ਆਮ ਆਦਮੀ ਪਾਰਟੀ ਦੇ ਰੂਪ ਵਿਚ ਤਕੜੀ ਧਿਰ ਚੋਣ ਪਿੜ ਵਿਚ ਪੂਰੀਆਂ ਡੰਡ-ਬੈਠਕਾਂ ਮਾਰ ਕੇ ਨਿੱਤਰੀ ਹੋਈ ਹੈ। ਹਰ ਸਿਆਸੀ ਮਾਹਿਰ ਦੀ ਰਾਏ ਹੈ ਕਿ ਇਸ ਵਾਰ ਨਤੀਜੇ ਵੱਖਰੇ ਹੋਣਗੇ ਅਤੇ ਇਨ੍ਹਾਂ ਚੋਣਾਂ ਦੇ ਨਤੀਜਿਆਂ ਤੋਂ ਪੰਜਾਬ ਦੀ ਸਿਆਸਤ ਪਹਿਲਾਂ ਨਾਲੋਂ ਵੱਖਰੀ ਜ਼ਰੂਰ ਹੋਵੇਗੀ। 'ਪੰਜਾਬ ਟਾਈਮਜ਼' ਦੇ ਮੱਦਾਹ ਗੁਰਦਿਆਲ ਸਿੰਘ ਬੱਲ ਨੇ ਪੰਜਾਬ ਦੇ ਹੁਣ ਦੇ ਹਾਲਾਤ ਬਾਰੇ ਇਹ ਲੇਖ ਸਾਨੂੰ ਭੇਜਿਆ ਹੈ ਜੋ ਅਸੀਂ ਆਪਣੇ ਪਾਠਕਾਂ ਨਾਲ ਸਾਂਝਾ ਕਰਨ ਦੀ ਖੁਸ਼ੀ ਲੈ ਰਹੇ ਹਾਂ। -ਸੰਪਾਦਕ*

ਪੰਜਾਬ ਦੇ ਇਤਿਹਾਸ ਵਿਚ ਸੰਕਟਮਈ ਦੌਰ ਅਤੇ ਡਰਾਮਈ ਮੋੜ ਅਕਸਰ 15-20 ਵਰ੍ਹਿਆਂ ਦੇ ਵਕਫੇ ਪਿਛੋਂ ਆਉਂਦੇ ਰਹੇ ਹਨ। ਪੰਜਾਬੀ ਸੰਕਟਾਂ ਨਾਲ ਜੂਝਦੇ ਰਹੇ ਹਨ ਅਤੇ ਹਰ ਸੰਕਟ 'ਚੋਂ ਪਹਿਲਾਂ ਨਾਲੋਂ ਵੱਧ ਤਾਜ਼ਾ ਦਮ ਹੋ ਕੇ ਬਾਹਰ ਆਉਂਦੇ ਰਹੇ ਹਨ। ਅੱਜ ਮੁੜ ਪੰਜਾਬੀ ਕਿਸੇ 'ਗੋਦੋ' ਦੀ ਉਡੀਕ ਵਿਚ ਆਪਣੇ ਇਤਿਹਾਸ ਦੇ ਅਜਿਹੇ 'ਸੁੰਨਸਾਨ ਚੌਰਸਤੇ' ਉਤੇ ਖੜ੍ਹੇ ਹਨ ਜਿਥੋਂ ਰਾਹ ਦਿਖਾਉਣ ਵਾਲਾ ਹਾਲ ਦੀ ਘੜੀ ਉਨ੍ਹਾਂ ਨੂੰ ਕੋਈ ਮਸੀਹਾ ਨਜ਼ਰ ਨਹੀਂ ਆਉਂਦਾ। ਪੰਜਾਬ ਅੰਦਰ ਵਿਧਾਨ ਸਭਾ




**ਗੁਰਦਿਆਲ ਸਿੰਘ ਬੱਲ**
ਫੋਨ: 001-647-982-6091

ਚੋਣਾਂ 4 ਫਰਵਰੀ ਨੂੰ ਪੈ ਗਈਆਂ ਹਨ ਜਿਸ ਦੀ ਉਡੀਕ ਪਿਛਲੇ ਦੋ ਵਰ੍ਹਿਆਂ ਤੋਂ ਬੇਹੱਦ ਬੇਸਬਰੀ ਅਤੇ ਤਾਂਘ ਨਾਲ ਕੀਤੀ ਜਾ ਰਹੀ ਸੀ। ਨਤੀਜੇ ਸਵਾ ਕੁ ਮਹੀਨੇ ਨੂੰ ਆਉਣੇ ਹਨ, ਪਰ ਇਕ ਵੱਡਾ ਸਵਾਲ ਹਰ ਕੋਈ ਪੁੱਛ ਰਿਹਾ ਹੈ ਕਿ ਕੋਈ ਮਸੀਹਾ ਉਭਰ ਕੇ ਸਾਹਮਣੇ ਆਵੇਗਾ ਜੋ ਉਨ੍ਹਾਂ ਦੇ ਦੁੱਖ ਨੂੰ ਸਮਝੇ ਅਤੇ ਉਸ ਦਾ ਦਾਰੂ ਕਰਨ ਦੇ ਸਮਰੱਥ ਹੋਵੇ?


ਪਿੰਡ ਪੱਧਰ 'ਤੇ ਪੰਚਾਇਤੀ ਅਤੇ ਦੇਸ਼ ਪੱਧਰ 'ਤੇ ਲੋਕ ਸਭਾ ਚੋਣਾਂ ਹੋਣ ਤਾਂ ਲੋਕਾਂ ਵਿਚ ਉਤਸ਼ਾਹ ਹੁੰਦਾ ਹੀ ਹੈ, ਪਰ ਐਤਕੀਂ ਵਿਧਾਨ ਸਭਾ ਚੋਣਾਂ ਲੋਕਾਂ ਅੰਦਰ ਉਸ ਕਿਸਮ ਦਾ ਉਤਸ਼ਾਹ ਅਤੇ ਜਲਵਾ ਨਜ਼ਰ ਆ ਰਿਹਾ ਹੈ ਜਿਸ ਕਿਸਮ ਦਾ ਉਤਸ਼ਾਹ ਚਾਰ ਦਹਾਕੇ ਪਹਿਲਾਂ 1977 ਦੀਆਂ ਲੋਕ ਸਭਾ ਚੋਣਾਂ ਮੌਕੇ ਸੀ। ਲੋਕਾਂ ਦੇ ਮਨਾਂ ਅੰਦਰ ਇੰਦਰਾ ਗਾਂਧੀ ਦੇ ਐਮਰਜੈਂਸੀ ਸ਼ਾਸਨ ਖਿਲਾਫ ਕਹਿਰਾਂ ਦਾ ਰੰਜ ਅਤੇ ਗੁੱਸਾ ਸੀ। ਕਸ਼ਮੀਰ ਤੋਂ ਲੈ ਕੇ ਨਾਗਾਲੈਂਡ-ਮਨੀਪੁਰ ਤੱਕ, ਸਾਰਾ ਦੇਸ਼ ਕਾਂਗਰਸ ਪਾਰਟੀ ਖਿਲਾਫ ਇੱਕੋ ਧੁਰੇ 'ਤੇ ਖੜ੍ਹਾ ਸੀ ਅਤੇ ਉਸ ਹਨ੍ਹੇਰੀ ਅੱਗੇ ਉਨ੍ਹਾਂ ਦਾ ਕੋਈ ਤਕੜੇ ਤੋਂ ਤਕੜਾ ਉਮੀਦਵਾਰ ਵੀ ਖੜ੍ਹਾ ਨਹੀਂ ਸੀ ਰਹਿ ਸਕਿਆ। ਪੰਜਾਬ ਦੀ ਸਥਾਪਤ ਰਾਜ ਸੱਤਾ ਵਿਰੁੱਧ ਲੋਕਾਂ ਅੰਦਰ ਰੋਹ ਅਤੇ ਰੋਸ ਇਸ ਵਾਰ ਵੀ ਉਸੇ ਤਰ੍ਹਾਂ ਦਾ ਨਜ਼ਰੀਂ ਆ ਰਿਹਾ ਹੈ, ਪਰ ਲੋਕਾਂ ਦੇ ਗੁੱਸੇ ਨੂੰ ਕੀ ਐਤਕੀਂ ਉਸ ਤਰ੍ਹਾਂ ਦਾ ਬੂਰ ਪਵੇਗਾ? ਇਹ ਹੈ ਸਵਾਲ ਜੋ ਕਰੀਬ ਇਕ ਮਹੀਨੇ ਤੋਂ ਪੰਜਾਬੀਆਂ ਦੀ ਹਰ ਮਹਿਫਿਲ, ਫੋਨ ਉਪਰ ਕੀਤੀ ਜਾਣ ਵਾਲੀ ਹਰ ਗੱਲਬਾਤ ਵਿਚ ਸਹਿਵਨ ਹੀ ਪੁੱਛਿਆ ਜਾ ਰਿਹਾ ਹੈ।

ਚੰਗੀ ਗੱਲ ਹੈ ਕਿ ਇਤਿਹਾਸ ਦੇ 'ਸੁੰਨਸਾਨ ਚੌਰਸਤੇ' ਉਤੇ ਖੜ੍ਹੇ ਹੋਣ ਦੇ ਬਾਵਜੂਦ ਲੋਕ ਨਿਰਾਸ਼ ਨਹੀਂ, ਬਲਕਿ ਪੂਰੇ ਉਤਸ਼ਾਹ ਵਿਚ ਹਨ। ਮਾਲਵਾ ਖੇਤਰ ਵਿਚ ਆਮ ਸਾਧਾਰਨ ਲੋਕ 'ਆਪ' ਆਗੂ ਅਰਵਿੰਦ ਕੇਜਰੀਵਾਲ ਦੀ ਆਮਦ ਨੂੰ ਚੁਫੇਰੇ ਪਸਰੇ ਭ੍ਰਿਸ਼ਟਾਚਾਰ ਦੇ ਜੰਜਾਲ ਵਿਚੋਂ ਮੁਕਤ ਕਰਵਾਉਣ ਵਾਲੇ ਮਸੀਹਾ ਦੇ ਰੂਪ ਵਿਚ ਤੱਕ ਰਹੇ ਹਨ। ਸਥਾਪਤੀ ਦੀਆਂ ਧਿਰਾਂ ਬਹੁਤ ਪਿੱਛੇ ਰਹਿ ਗਈਆਂ ਹਨ। ਇਨ੍ਹਾਂ ਦੇ ਉਮੀਦਵਾਰਾਂ ਦਾ ਨਾਂ ਸੁਣ ਕੇ ਵੀ ਕੋਈ ਰਾਜ਼ੀ ਨਹੀਂ। ਟੱਕਰ ਉਨ੍ਹਾਂ ਦੀ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਹੇਠਲੀ ਧਿਰ ਨਾਲ ਹੈ, ਪਰ ਕੇਜਰੀਵਾਲ ਰੂਪੀ ਕਾਂਗ ਜਿਵੇਂ ਚੜ੍ਹੀ ਹੋਈ ਹੈ, ਉਸ ਨੂੰ ਵਿੰਹਦਿਆਂ ਦੂਸਰਾ ਅਹਿਮ ਸਵਾਲ ਮਹਿਜ਼ ਇੰਨਾ ਹੈ ਕਿ ਉਹ ਮਾਲਵੇ ਤੋਂ ਇਲਾਵਾ ਮਾਝੇ ਦੇ ਲੋਕਾਂ ਦੇ ਦਿਲ ਜਿੱਤਣ ਵਿਚ ਵੀ ਸਫਲ ਹੋ ਜਾਵੇਗਾ; 'ਆਪ' ਰੂਪੀ ਉਤਸ਼ਾਹੀ ਕਾਂਗ ਮਾਝੇ-ਦੁਆਬੇ ਵਿਚਲੀ ਮੰਝਧਾਰ ਨੂੰ ਵੀ ਪਾਰ ਪਾ ਜਾਵੇਗੀ?


ਬਹੁਤੇ ਲੋਕਾਂ ਨੂੰ ਕੇਜਰੀਵਾਲ ਦੇ ਰੂਪ ਵਿਚ ਜੇ ਮਸੀਹਾ ਨਜ਼ਰ ਆ ਰਿਹਾ ਤਾਂ ਕੁਝ ਮਨਾਂ ਵਿਚ ਅਜੇ ਵੀ ਸੰਦੇਹ ਬਾਕੀ ਕਿਉਂ ਹੈ? ਇਸ ਖਦਸ਼ੇ ਦਾ ਪਿਛੋਕੜ ਵੀ ਸਮਝਣਾ ਪੈਣਾ ਹੈ ਅਤੇ ਇਹ ਵੀ ਕਿ ਕੁਝ ਲੋਕ ਕਿਉਂ ਵਾਰ-ਵਾਰ ਪੁੱਛੀ ਜਾਂਦੇ ਹਨ ਕਿ ਐਤਕੀਂ ਵੀ ਕਿਤੇ ਮੁੜ 2012 ਵਾਲੀ ਗੱਲ ਤਾਂ ਨਹੀਂ ਹੋ ਜਾਵੇਗੀ? ਨਾਰਾਜ਼ਗੀ ਤਾਂ ਲੋਕਾਂ ਦੇ ਮਨਾਂ ਅੰਦਰ ਉਦੋਂ ਵਾਲੀ ਸ. ਪ੍ਰਕਾਸ਼ ਸਿੰਘ ਬਾਦਲ ਦੀ ਅਗਵਾਈ ਹੇਠਲੀ ਅਕਾਲੀ-ਭਾਜਪਾ ਸਰਕਾਰ ਵਿਰੁੱਧ ਵੀ ਘੱਟ ਨਹੀਂ ਸੀ। ਪੰਜਾਬ ਹਿਤੈਸ਼ੀ ਬੜੀ ਬੇਸਬਰੀ ਨਾਲ ਇਹ ਸਵਾਲ ਕਰਦੇ ਹਨ ਅਤੇ ਉਸ ਦਾ ਸਪਸ਼ਟ ਜਵਾਬ ਭਾਲਦੇ ਹਨ, ਪਰ ਜਵਾਬ ਕਿਸੇ ਕੋਲ ਵੀ ਨਹੀਂ ਹੈ। ਕਾਰਨ ਬੜਾ ਸਪਸ਼ਟ ਹੈ। ਅਰਵਿੰਦ ਕੇਜਰੀਵਾਲ ਨੇ ਲੋਕਾਂ ਨੂੰ ਪ੍ਰੇਰਿਆ, ਉਨ੍ਹਾਂ ਦੇ ਮਨਾਂ ਅੰਦਰ ਆਸਾਂ ਤੇ ਉਮੀਦਾਂ ਵੀ ਜਗਾਈਆਂ। ਉਨ੍ਹਾਂ ਦੇਸ਼ ਦੀ ਰਾਜਧਾਨੀ ਅੰਦਰ ਕਾਂਗਰਸ ਤੇ ਭਾਜਪਾ ਨੂੰ ਕ੍ਰਿਸ਼ਮਈ ਅੰਦਾਜ਼ ਵਿਚ ਚੁਣੌਤੀ ਦਿੱਤੀ ਅਤੇ ਨਵੀਂ ਦਿੱਲੀ ਵਿਚ ਨਰੇਂਦਰ ਮੋਦੀ ਦੇ 'ਰੱਥ' ਨੂੰ ਉਸ ਸਮੇਂ ਨੇਸਤੋਨਬੂਦ ਕੀਤਾ, ਜਦੋਂ ਉਸ ਦਾ ਗਰੂਰ ਸੱਤਵੇਂ ਅਸਮਾਨ 'ਤੇ ਸੀ। ਉਸ ਨੇ ਸੁਪਨੇ ਵਿਚ ਵੀ ਨਹੀਂ ਸੋਚਿਆ ਹੋਣਾ ਕਿ 'ਗਰੀਬੜਾ' ਜਿਹਾ ਨਜ਼ਰ ਆਉਂਦਾ 'ਪਹਿਲਵਾਨ' ਅਛੋਪਲੇ ਜਿਹੇ ਇੰਨੀ ਅਸਾਨੀ ਨਾਲ ਲੱਕੋਂ ਲੈ



ਜੈ ਪ੍ਰਕਾਸ਼ ਨਰਾਇਣ



ਅਰਵਿੰਦ ਕੇਜਰੀਵਾਲ



ਪ੍ਰਕਾਸ਼ ਸਿੰਘ ਬਾਦਲ



ਕੈਪਟਨ ਅਮਰਿੰਦਰ ਸਿੰਘ

ਜਾਵੇਗਾ। ਕੇਜਰੀਵਾਲ ਭ੍ਰਿਸ਼ਟਾਚਾਰ ਨੂੰ ਜੜ੍ਹੋਂ ਪੁੱਟ ਸਕੇ ਜਾਂ ਨਾ; ਧਰਤੀ ਉਤੇ ਸਵਰਗ ਉਤਾਰ ਸਕੇ ਜਾਂ ਨਾ; ਅਸੀਂ ਇਸ ਬਹਿਸ ਵਿਚ ਨਹੀਂ ਪੈਣਾ, ਪਰ ਇੰਨੀ ਗੱਲ ਪੱਕੀ ਹੈ ਕਿ ਉਸ ਦੇ ਵਿਦਰੋਹ ਦਾ ਮਾਡਲ, ਉਸ ਦਾ ਪ੍ਰੇਰਨਾ ਸਰੋਤ 'ਸੰਤ' ਜੈ ਪ੍ਰਕਾਸ਼ ਨਰਾਇਣ ਹੀ ਸੀ। ਅਫਸੋਸ ਇਹ ਹੈ ਕਿ ਅਰਵਿੰਦ ਕੇਜਰੀਵਾਲ ਨੇ ਆਪਣੀ ਮੁਹਿੰਮ ਲਈ ਨਾਅਰੇ ਤਾਂ ਇਸ ਬਜ਼ੁਰਗ ਦਰਵੇਸ਼ ਦੀ ਕਿਤਾਬ ਵਿਚੋਂ ਲੈ ਲਏ, ਪਰ ਪੰਜਾਬ ਵਿਚ ਆਪਣੀ ਪਾਰਟੀ ਦੀ ਉਸਾਰੀ ਦੀ ਲੰਮੀ ਮੁਹਿੰਮ ਦੌਰਾਨ ਸਭ ਵਖਰੇਵਿਆਂ ਨੂੰ ਨਾਲ ਲੈ ਕੇ ਚੱਲਣ ਲਈ ਲੋੜੀਂਦੀ ਜੈ ਪ੍ਰਕਾਸ਼ ਨਰਾਇਣ ਵਾਲੀ ਸਹਿਣਸ਼ੀਲਤਾ ਕਿਧਰੇ ਵੀ ਨਹੀਂ ਦਿਖਾਈ। ਜੈ ਪ੍ਰਕਾਸ਼ ਨਰਾਇਣ ਨੇ ਇੰਦਰਾ ਗਾਂਧੀ ਖਿਲਾਫ ਆਪਣੀ ਮੁਹਿੰਮ ਜਦੋਂ ਵਿੱਢੀ, ਤਾਂ ਉਹਨੇ ਜਨ ਸੰਘ (ਹੁਣ ਭਾਜਪਾ), ਸੁਤੰਤਰ ਪਾਰਟੀ, ਸਿੰਡੀਕੇਟ ਕਾਂਗਰਸ ਅਤੇ ਰਾਮ ਨਰਾਇਣ ਲੋਹੀਆ, ਸਭ ਭਾਂਤ ਭਾਂਤ ਦੇ ਸਮਾਜਵਾਦੀ ਪੈਰੋਕਾਰਾਂ ਨੂੰ ਤਾਂ ਛੱਡੋ, ਮਾਰਕਸਵਾਦੀ ਕਮਿਊਨਿਸਟਾਂ ਨੂੰ ਵੀ ਆਪਣੇ ਛਕੜੇ ਵਿਚ ਬੜੇ ਸਹਿਜ ਨਾਲ ਹੀ ਚੜ੍ਹਾਅ ਲਿਆ ਸੀ। ਦੇਖਾ-ਦੇਖੀ ਇੰਦਰਾ ਗਾਂਧੀ ਦੇ ਬਾਬੂ ਜਗਜੀਵਨ ਰਾਮ, ਨੰਦਿਨੀ ਸਤਪਥੀ ਅਤੇ ਐਚ.ਐਨ. ਬਹੁਗੁਣਾ ਵਰਗੇ ਚੋਟੀ ਦੇ ਏਟੀਕਾਨ ਵੀ ਉਸ ਦੀ ਪਿੱਠ 'ਤੇ ਆ ਗਏ ਸਨ। ਇਸ ਦੇ ਐਨ ਉਲਟ ਅਰਵਿੰਦ ਕੇਜਰੀਵਾਲ ਨੇ ਅਜਿਹਾ ਮੁਹਾਜ਼ ਬਣਾਉਣ ਦੀ ਕੋਈ ਕੋਸ਼ਿਸ਼ ਹੀ ਨਹੀਂ ਕੀਤੀ, ਸਗੋਂ ਦਿੱਲੀ ਵਿਚ ਫਤਿਹ ਦੇ ਝੰਡੇ ਗੱਡਣ ਤੋਂ ਤੁਰੰਤ ਬਾਅਦ ਪ੍ਰਸ਼ਾਂਤ ਭੂਸ਼ਨ ਵਰਗੇ ਆਪਣੇ ਮੁਢਲੇ ਤੇ ਸੁਚੱਜੇ ਸਾਥੀਆਂ ਨੂੰ ਬਿਨਾ ਵਜ੍ਹਾ ਆਪਣੇ ਖੇਮੇ ਵਿਚੋਂ ਬਾਹਰ ਹੱਕ ਦਿੱਤਾ। ਫੇਰ ਪੰਜਾਬ ਦੀ ਸੁਣੋ- ਪੰਜਾਬ ਵਿਚ ਲੋਕ ਸਭਾ ਚੋਣਾਂ ਦੌਰਾਨ ਚਾਰ ਉਮੀਦਵਾਰ ਤਾਂ ਜਿਤਾਏ ਹੀ ਜਿਤਾਏ, ਇਹ ਗਿਣਤੀ ਜ਼ਰਾ ਕੁ ਜਿੰਨੀ ਹੋਰ ਕੋਸ਼ਿਸ਼ ਨਾਲ 7 ਤੱਕ ਵੀ ਜਾਂਦੀ ਨਜ਼ਰ ਆ ਰਹੀ ਸੀ। ਜ਼ਾਹਿਰ ਹੈ, ਬਾਬੂ ਕੇਜਰੀਵਾਲ ਨੂੰ ਪੰਜਾਬ ਵਿਚ ਬੇਮਿਸਾਲ ਹੁੰਗਾਰਾ ਮਿਲਿਆ। ਡਾ. ਦਲਜੀਤ ਸਿੰਘ, ਸੁਮੇਲ ਸਿੰਘ ਸਿੱਧੂ ਅਤੇ ਮਾਲਵੇ ਦੇ ਦਰਵੇਸ਼ ਸਮਾਜ ਸੇਵੀ ਮਾਸਟਰ ਖੇਤਾ ਸਿੰਘ ਵਰਗੇ ਦੋ-ਚਾਰ ਨਹੀਂ, ਬਲਕਿ ਅਣਗਿਣਤ ਉਤਸ਼ਾਹੀ ਉਸ ਦੀ ਮੁਹਿੰਮ ਨੂੰ ਮੋਢਾ ਦੇ ਰਹੇ ਸਨ। ਇਹ ਲੋਕ ਉਹ ਸਨ ਜਿਨ੍ਹਾਂ ਵਿਚ ਕਿਸੇ ਵੀ ਕਿਸਮ ਦੀ ਖੁਦਗਰਜ਼ੀ ਲੇਸ ਮਾਤਰ ਵੀ ਨਹੀਂ ਸੀ। ਰਾਜ ਭਾਗ ਸਾਂਭ ਕੇ ਮਾਇਆ ਇਕੱਠੀ ਕਰਨ ਦੇ ਮਾਮਲੇ ਵਿਚ ਡੰਡਾਂ ਲਾਹੁਣ ਦੀ ਤਾਂ ਛੱਡੋ, ਇਨ੍ਹਾਂ ਕਰਮਯੋਗੀਆਂ ਨੂੰ ਵਿਧਾਇਕ ਬਣਨ ਜਾਂ ਕਿਸੇ ਕਿਸਮ ਦੀ ਚੌਧਰ ਹਥਿਆਉਣ ਦੀ ਵੀ ਕੋਈ ਤਮ੍ਹਾ ਨਹੀਂ ਸੀ। ਇਹ ਗੱਲ ਕਿਸ ਨੂੰ ਨਹੀਂ ਪਤਾ ਕਿ ਕੋਈ ਲਹਿਰ ਭਾਵੇਂ ਕਿੰਨੀ ਵੀ ਤਕੜੀ ਕਿਉਂ ਨਾ ਹੋਵੇ, ਉਸ ਨੂੰ ਸੰਭਾਲਣ ਲਈ ਸਤਹ ਉਪਰ ਅਸਰਦਾਰ ਸੰਗਠਨ ਤੋਂ ਬਿਨਾ ਉਹ ਪਾਣੀ ਉਪਰ ਬੁਲਬੁਲੇ ਵਾਂਗ ਵਿੰਹਦਿਆਂ ਵਿੰਹਦਿਆਂ ਛਾਈਂ-ਮਾਈਂ ਹੋ ਜਾਂਦੀ ਹੈ। ਪੰਜਾਬ ਵਿਚ ਕਾਰਗਰ ਪਾਰਟੀ ਢਾਂਚਾ ਖੜ੍ਹਾ ਕਰਨ ਲਈ ਉਸ ਕੋਲ ਢੇਰ ਸਮਾਂ ਸੀ, ਕੋਈ ਰੌਲਾ ਹੀ ਨਹੀਂ ਸੀ, ਪਰ ਕਰੀਬ ਡੇਢ ਸਾਲ ਪਹਿਲਾਂ ਬਾਬੂ ਕੇਜਰੀਵਾਲ ਨੇ ਪਾਰਟੀ ਦੀ ਜ਼ਾਬਤਾ ਕਮੇਟੀ ਦੇ ਮੁਖੀ ਡਾ. ਦਲਜੀਤ ਸਿੰਘ ਨੂੰ ਬੇਲੋੜੀ ਹਕਾਰਤ ਨਾਲ ਛਾਂਗ ਕੇ ਅਜਿਹੀ ਕਿਸੇ ਵੀ ਸਿਹਤਮੰਦ ਸੰਭਾਵਨਾ 'ਤੇ ਲਕੀਰ ਫੇਰ ਦਿਤੀ; ਨਹੀਂ ਤਾਂ ਅਜਿਹੀ ਕਿਹੜੀ ਤੱਦੀ ਸੀ ਕਿ ਡਾ. ਧਰਮਵੀਰ ਗਾਂਧੀ ਜਾਂ ਯੋਗੇਂਦਰ ਯਾਦਵ ਵਰਗੇ ਸੱਜਣਾਂ ਨੂੰ ਨਾਲ ਨਹੀਂ ਸੀ ਰੱਖਿਆ ਜਾ ਸਕਦਾ। ਅਸੀਂ ਉਦੋਂ 'ਕੇਜਰੀਵਾਲ ਡਾ. ਦਲਜੀਤ ਸਿੰਘ ਦੀ ਗੱਲ ਸੁਣਦਾ ਕਿਉਂ ਨਹੀਂ" (1 ਅਗਸਤ 2015, ਪੰਜਾਬ ਟਾਈਮਜ਼) ਸਿਰਲੇਖ ਹੇਠ ਲੇਖ ਲਿਖਿਆ ਸੀ ਕਿ ਬਾਬੂ ਕੇਜਰੀਵਾਲ ਲੋਕਾਂ ਦੀਆਂ ਭਾਵਨਾਵਾਂ ਵੱਲ ਦੇਖੇ; ਦੀਪਕ ਠਾਕਰ (ਹੁਸ਼ਿਆਰਪੁਰ), ਭੁਪਿੰਦਰ ਬਾਂਸਲ (ਬਠਿੰਡਾ), ਪਰਮਿੰਦਰ ਗਿੱਲ (ਮੋਗਾ), ਸੁਰਿੰਦਰ ਸਿੰਘ ਘਰਿਆਲਾ ਵਰਗੇ ਨਿਸ਼ਕਾਮ, ਲੋਕ ਸੇਵਕ ਐਵੇਂ ਸਹਿਜ ਕੀਤਿਆਂ ਨਹੀਂ ਮਿਲਦੇ ਹੁੰਦੇ।

ਯਾਦ ਹੈ, ਬਾਬੂ ਕੇਜਰੀਵਾਲ ਨੇ ਜੂਨ 2015 ਵਿਚ ਪੰਜਾਬ ਵਿਚ ਆਪਣੀ ਮੁਹਿੰਮ ਦੇ ਦੂਸਰੇ ਪੜਾਅ ਦੀ ਸ਼ੁਰੂਆਤ ਆਪਣੇ ਵਿਸ਼ਵਾਸਪਾਤਰ ਸੰਜੇ ਸਿੰਘ ਦੀ ਰਹਿਨੁਮਾਈ ਹੇਠ 'ਬੇਈਮਾਨ ਭਜਾਉ, ਪੰਜਾਬ ਬਚਾਉ' ਦੇ ਉਸੇ ਤਰ੍ਹਾਂ ਦੇ ਬੁਲੰਦ ਨਾਅਰੇ ਨਾਲ ਕੀਤੀ ਸੀ ਜਿਸ ਤਰ੍ਹਾਂ ਮੁਕੰਮਲ ਇਨਕਲਾਬ ਦਾ ਨਾਅਰਾ ਉਸ ਦੇ ਪ੍ਰੇਰਕ ਜੈ ਪ੍ਰਕਾਸ਼ ਨਰਾਇਣ ਨੇ ਲਾਇਆ ਸੀ। ਬਿਹਤਰ ਸੀ ਕਿ ਕੇਜਰੀਵਾਲ ਨੂੰ ਉਸ ਦੀਆਂ ਸਫਲਤਾਵਾਂ ਅਤੇ ਸੀਮਾਵਾਂ ਦਾ ਪੂਰਾ ਪਤਾ ਹੁੰਦਾ। ਜੈ ਪ੍ਰਕਾਸ਼ ਨਰਾਇਣ ਨੇ ਸਭ ਵਖਰੇਵਿਆਂ ਨੂੰ ਨਾਲ ਲੈਣ ਲਈ ਮਹਿਜ਼ ਪੂਰਾ ਹੀ ਓਪਨ ਕਰ ਦਿਤਾ, ਵਿਚਾਰਧਾਰਕ ਐਕਸਿਜ਼ ਕੋਈ ਰੱਖਿਆ ਹੀ ਨਾ। ਨਤੀਜਾ ਸਾਫ ਸੀ- ਸਰਕਾਰ ਬਣਦਿਆਂ ਹੀ ਕਾਂਗਰਸੀ ਹਾਕਮਾਂ ਦੇ ਭ੍ਰਿਸ਼ਟਾਚਾਰ ਨੂੰ ਬੇਪਰਦ ਕਰਨ ਲਈ ਬਣੇ ਕਮਿਸ਼ਨ ਅਜੇ ਸ਼ੁਰੂਆਤੀ ਗੇੜਾਂ ਵਿਚ ਹੀ ਸਨ ਕਿ ਮੁਰਾਰ ਜੀ ਦੇਸਾਈ, ਚੌਧਰੀ ਚਰਨ ਸਿੰਘ ਅਤੇ ਰਾਜ ਨਰਾਇਣ ਵਰਗੇ ਮਹਾਂ ਨਾਇਕ ਆਪੋ ਵਿਚ ਝਜੂ ਪਾ ਕੇ ਬਹਿ ਗਏ। ਕੇਜਰੀਵਾਲ ਨੇ ਪਾਰਟੀ ਨੂੰ ਜ਼ਾਬਤੇ ਦੀ ਲੀਹ 'ਤੇ ਲਿਆਉਣ ਲਈ ਦਿਨੇਸ਼ ਵਿਘੇਲਾ, ਅਸ਼ੀਸ਼ ਖੇਤਾਨ ਅਤੇ ਪੰਕਜ ਗੁਪਤਾ 'ਤੇ ਆਧਾਰਤ ਜੋ ਕਮੇਟੀ ਬਣਾਈ, ਉਸ ਨੇ ਡਾ. ਦਲਜੀਤ ਸਿੰਘ ਦਾ ਮਤਾਸਾ ਕਰ ਕੇ ਹੋਰ ਹੀ ਚੰਦ ਚੜ੍ਹਾਅ ਦਿਤਾ। ਮਾਨੋ ਜੈ ਪ੍ਰਕਾਸ਼ ਨਰਾਇਣ ਮਾਰਕਾ ਹਰ ਤਰ੍ਹਾਂ ਦੀ ਵਿਚਾਰਧਾਰਕ ਵੰਨ-ਸੁਵੰਨਤਾ ਲਈ ਸਪੇਸ ਅਤੇ ਸਤਿਕਾਰ ਦੇ ਰਾਜਨੀਤਕ ਤਜਰਬੇ ਅੰਦਰ ਨਿਹਤ ਜੋ ਸੰਭਾਵੀ ਖਤਰੇ ਹੋ ਸਕਦੇ ਸਨ, ਉਨ੍ਹਾਂ ਵਿਰੁੱਧ ਪੱਕੀ ਹੀ 'ਪੇਸ਼ਬੰਦੀ' ਹੋ ਗਈ। ਹਾਸੇ ਵਾਲੀ ਗੱਲ ਹੈ ਕਿ ਕੇਜਰੀਵਾਲ ਨੇ ਆਪਣੇ ਬਜ਼ੁਰਗ ਬਾਬੂ, ਜੈ ਪ੍ਰਕਾਸ਼ ਨਰਾਇਣ ਵਾਲੇ ਤਜਰਬੇ ਤੋਂ ਸਬਕ ਤਾਂ ਲਿਆ, ਪਰ ਆਸ ਤੋਂ ਕੁਝ ਵਧੇਰੇ ਮਿਕਦਾਰ ਵਿਚ ਹੀ ਲੈ ਲਿਆ। ਭਲੇ ਲੋਕਾਂ ਨੂੰ ਮਾਮਲਾ ਤਾਨਾਸ਼ਾਹ ਰੁਝਾਨ ਵੱਲ ਜਾਂਦਾ ਨਜ਼ਰ ਆਇਆ। ਲੋਕ ਨਾਇਕ ਦਾ ਪ੍ਰੋਜੈਕਟ ਭਾਵਨਾ ਪੱਖੋਂ ਬਿਲਕੁਲ ਸਹੀ ਹੈ, ਪਰ ਸਵਾਲ ਤਾਂ ਇਹ ਸੀ ਕਿ ਇਸ ਨੂੰ ਅਮਲ ਵਿਚ ਪਾਉਣਾ ਕਿੰਝ ਹੈ!

**ਚੰਗੀ ਗੱਲ ਹੈ ਕਿ ਇਤਿਹਾਸ ਦੇ 'ਸੁੰਨਸਾਨ ਚੌਰਸਤੇ' ਉਤੇ ਖੜ੍ਹੇ ਹੋਣ ਦੇ ਬਾਵਜੂਦ ਲੋਕ ਨਿਰਾਸ਼ ਨਹੀਂ, ਬਲਕਿ ਪੂਰੇ ਉਤਸ਼ਾਹ ਵਿਚ ਹਨ। ਮਾਲਵਾ ਖੇਤਰ ਵਿਚ ਆਮ ਸਾਧਾਰਨ ਲੋਕ 'ਆਪ' ਆਗੂ ਅਰਵਿੰਦ ਕੇਜਰੀਵਾਲ ਦੀ ਆਮਦ ਨੂੰ ਚੁਫੇਰੇ ਪਸਰੇ ਭ੍ਰਿਸ਼ਟਾਚਾਰ ਦੇ ਜੰਜਾਲ ਵਿਚੋਂ ਮੁਕਤ ਕਰਵਾਉਣ ਵਾਲੇ ਮਸੀਹਾ ਦੇ ਰੂਪ ਵਿਚ ਤੱਕ ਰਹੇ ਹਨ। ਸਥਾਪਤੀ ਦੀਆਂ ਧਿਰਾਂ ਬਹੁਤ ਪਿੱਛੇ ਰਹਿ ਗਈਆਂ ਹਨ। ਇਨ੍ਹਾਂ ਦੇ ਉਮੀਦਵਾਰਾਂ ਦਾ ਨਾਂ ਸੁਣ ਕੇ ਵੀ ਕੋਈ ਰਾਜ਼ੀ ਨਹੀਂ।**

ਬਾਬੂ ਕੇਜਰੀਵਾਲ ਨੇ ਅਜਿਹਾ ਨਾ ਕੀਤਾ। ਡਾ. ਦਲਜੀਤ ਸਿੰਘ ਵਾਲਾ ਕੰਡਾ ਕੱਢ ਦੇਣ ਤੋਂ ਬਾਅਦ ਦੇ ਸਾਰੇ ਮਹੀਨਿਆਂ ਦੌਰਾਨ ਪਾਰਟੀ ਦੇ ਕੇਂਦਰੀ ਰਹਿਨੁਮਾਵਾਂ ਨੇ ਪੰਜਾਬ ਅੰਦਰ ਪਾਰਟੀ ਸੰਗਠਨ ਨੂੰ ਸਿਹਤਮੰਦ ਲੀਹਾਂ 'ਤੇ ਉਸਾਰਨ ਲਈ ਕਿਸੇ ਵੀ ਮੋੜ 'ਤੇ ਕਦੀ ਕੋਈ ਕੋਸ਼ਿਸ਼ ਨਾ ਕੀਤੀ। ਇਸੇ ਅਰਸੇ ਦੌਰਾਨ ਪੰਜਾਬ ਅੰਦਰ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੀਆਂ ਘਟਨਾਵਾਂ ਦੇ ਮੁੱਦੇ ਨੂੰ ਲੈ ਕੇ ਕੁਝ ਪੰਥਕ ਧਿਰਾਂ ਨੇ ਸਰਬੱਤ ਖਾਲਸਾ ਮਾਰਕਾ ਰਾਜਨੀਤੀ ਕਰਨ ਦੀ ਕੋਸ਼ਿਸ਼ ਕੀਤੀ, ਪਰ ਲੋਕ ਪਿਛਲੇ ਖਾੜਕੂ-ਹਿੰਸਕ ਦੌਰ ਦੇ ਤਜਰਬੇ ਤੋਂ ਸ਼ਾਇਦ ਏਨੇ ਖੌਫਜ਼ਦਾ ਸਨ ਕਿ ਉਨ੍ਹਾਂ ਧਿਰਾਂ ਨੂੰ ਕੋਈ ਹੁੰਗਾਰਾ ਨਾ ਮਿਲਿਆ। ਦੂਸਰੇ ਪਾਸੇ 'ਆਪ' ਦੀ ਹਾਈ ਕਮਾਂਡ ਨੇ ਪਾਰਟੀ ਸਫਾਂ ਵਿਚ ਸੁਮੇਲ ਸਿੰਘ ਸਿੱਧੂ, ਡਾ. ਦਲਜੀਤ ਸਿੰਘ ਅਤੇ ਧਰਮਵੀਰ ਗਾਂਧੀ ਦੇ ਰੂਪ ਵਿਚ ਅਨੇਕਾਂ ਸਮਰੱਥ ਆਵਾਜ਼ਾਂ ਨੂੰ ਹਮੇਸ਼ਾ ਲਈ ਚੁੱਪ ਕਰਵਾਉਣ ਪਿਛੋਂ ਅਗਲੀ ਸਨਸਨੀ ਸੁੱਚਾ ਸਿੰਘ ਛੋਟੇਪੁਰ ਨੂੰ ਅਚਾਨਕ ਭ੍ਰਿਸ਼ਟਾਚਾਰ ਦੇ ਦੋਸ਼ਾਂ ਹੇਠ ਪਾਰਟੀ ਵਿਚੋਂ ਕੱਢ ਕੇ ਫੈਲਾਈ। ਛੋਟੇਪੁਰ ਕੋਲੋਂ ਨਿਸਚੇ ਹੀ ਕੋਈ ਕੁਤਾਹੀ ਹੋ ਸਕਦੀ ਹੈ, ਪਰ ਭਰੋਸੇਯੋਗ ਜਾਣਕਾਰਾਂ ਅਨੁਸਾਰ, 'ਛੋਟੇਪੁਰ ਓਪਰੇਸ਼ਨ' ਲਈ ਜਿਸ ਕਿਸਮ ਦੀ ਭੂਮਿਕਾ ਮਾਨਸਾ ਦੇ ਗੁਰਲਾਲ ਸਿੰਘ ਮਾਹਲ ਨਾਂ ਦੇ ਅਨਾੜੀ ਵਕੀਲ ਅਤੇ ਉਸ ਦੇ ਨਾਲ ਹਿੰਮਤ ਸਿੰਘ ਸ਼ੇਰਗਿੱਲ ਨੇ ਨਿਭਾਈ, ਉਸ 'ਓਪਰੇਸ਼ਨ' ਦੇ ਸਾਰੇ ਵਿਸਥਾਰ ਸੁਣਦਿਆਂ ਉਨ੍ਹਾਂ ਦੀ ਅਕਲ 'ਤੇ ਰੋਣ ਆਉਂਦਾ ਹੈ। ਇਸੇ ਤਰ੍ਹਾਂ ਪ੍ਰਸ਼ਾਂਤ ਭੂਸ਼ਨ ਵਰਗੇ ਸੁਚੱਜੇ ਇਨਸਾਨ ਨੂੰ ਛਾਂਗਣ ਲਈ ਕੀਤਾ ਗਿਆ ਸੀ।... ਤੇ ਫਿਰ 'ਆਪ' ਦੇ ਨਿਕਾਸ ਅਤੇ ਵਿਕਾਸ ਦੇ ਕਰਮ ਵਿਚ ਅਜਿਹਾ ਹੀ ਇਕ ਹੋਰ ਮਜ਼ਾਹੀਆ ਕਾਂਡ ਛੋਟੇਪੁਰ ਦੀ ਜਗ੍ਹਾ ਗੁਰਪ੍ਰੀਤ ਸਿੰਘ ਵੜੈਚ (ਘੁੱਗੀ) ਨੂੰ ਕਨਵੀਨਰ ਬਣਾਏ ਜਾਣ ਦੇ ਰੂਪ ਵਿਚ ਸਾਹਮਣੇ ਆਇਆ। ਸਵਾਲ ਗੁਰਪ੍ਰੀਤ ਸਿੰਘ ਦੀ ਸਮਰੱਥਾ ਜਾਂ ਅਸਮਰੱਥਾ ਦਾ ਨਹੀਂ, ਸਵਾਲ ਇਹ ਹੈ ਕਿ ਆਖਰ ਉਹ ਮਾਪ-ਦੰਡ ਕਿਹੜੇ ਸਨ ਜਿਨ੍ਹਾਂ ਤਹਿਤ ਪੰਜਾਬੀ ਹਾਸ-ਰਸ ਦੇ ਇਸ ਸ਼ਹਿਨਸ਼ਾਹ ਨੂੰ ਅਜਿਹੀ ਅਹਿਮ ਜ਼ਿੰਮੇਵਾਰੀ ਸੰਭਾਈ ਗਈ। ਹਾਂ, ਇਕ ਫਾਇਦਾ ਪਾਰਟੀ ਨੂੰ ਜ਼ਰੂਰ ਹੋਇਆ ਕਿ ਕੰਵਰ ਸੰਧੂ, ਸੁਖਪਾਲ ਖਹਿਰਾ ਅਤੇ ਵਗਦੀ ਗੰਗਾ ਵਿਚ ਹੱਥ ਧੋਣ ਲਈ ਪਾਰਟੀ ਵਿਚ ਆਏ ਕੁਝ ਹੋਰ ਉਤਸ਼ਾਹੀ ਸੱਜਣਾਂ ਨੂੰ ਕੰਨ ਹੋ ਗਏ। ਫਿਰ ਕਿਸੇ ਨੇ ਜ਼ਾਬਤਾ-ਸ਼ਿਕਨੀ ਦੇ ਰੂਪ ਵਿਚ ਚੂੰ-ਪੈਂ ਕਰਨ ਦੀ ਜ਼ਰਾ ਜਿੰਨੀ ਜੁਅੱਰਤ ਵੀ ਨਾ ਕੀਤੀ। ਸ਼ੁਰੂਆਤੀ ਹਮਾਇਤ ਦੀ ਚੜ੍ਹੀ ਹੋਈ ਕਾਂਗ ਦੌਰਾਨ ਅਜਿਹੀਆਂ ਧੱਕੜ ਕਾਰਵਾਈਆਂ ਦੇ ਫਾਇਦੇ ਹੁੰਦੇ ਹਨ।

ਸੋ ਛੋਟੇਪੁਰ ਕਾਂਡ ਪਿੱਛੋਂ ਪਾਰਟੀ ਅੰਦਰ ਦਿੱਲੀਓਂ ਆ ਕੇ ਪੰਜਾਬ ਡੇਰੇ ਲਗਾਈ ਬੈਠੀ ਲੀਡਰਸ਼ਿਪ ਵਿਰੁੱਧ ਇਕ-ਦੋ ਵਾਰ ਬਗਾਵਤ ਦੀਆਂ ਤਕੜੀਆਂ ਸੁਰਾਂ ਉਭਰੀਆਂ, ਪਰ ਉਹ ਕੇਜਰੀਵਾਲ ਦੇ ਤਲਿਸਮ ਨੂੰ ਪੰਕਚਰ ਨਾ ਕਰ ਸਕੀਆਂ। ਧਰਮਵੀਰ ਗਾਂਧੀ, ਸੁਮੇਲ ਸਿੰਘ ਸਿੱਧੂ ਜਾਂ ਡਾ. ਦਲਜੀਤ ਸਿੰਘ ਨੂੰ ਵੀ ਛੱਡੋ, ਉਨ੍ਹਾਂ ਵਰਗੇ ਬਥੇਰੇ ਲੋਕਾਂ ਨੂੰ ਨਜ਼ਰਅੰਦਾਜ਼ ਨਾ ਕੀਤਾ ਗਿਆ ਹੁੰਦਾ, ਤਾਂ ਬਾਜ਼ੀ 100 ਦੇ ਅੰਕੜੇ 'ਤੋਂ ਪਾਰ ਹੋਣ ਤੱਕ ਚਲੀ ਗਈ ਹੋਣੀ ਸੀ। ਇਹ ਤਾਂ ਰੁਕਦੀ ਹੀ ਨਹੀਂ ਸੀ।


ਸਪਸ਼ਟ ਹੈ ਕਿ 'ਆਪ' ਨੂੰ ਅਸਲ ਚੁਣੌਤੀ ਕਾਂਗਰਸ ਪਾਰਟੀ ਤੋਂ ਹੈ। ਪਿਛਲੀ ਵਾਰ ਉਨ੍ਹਾਂ ਦੀ ਬੇੜੀ ਮਨਪ੍ਰੀਤ ਸਿੰਘ ਬਾਦਲ ਨੇ ਤਾਂ ਡੋਬੀ ਹੀ ਡੋਬੀ, 10 ਸੀਟਾਂ 'ਤੇ ਬਾਗੀ ਉਮੀਦਵਾਰ ਉਨ੍ਹਾਂ ਦੇ ਜੜ੍ਹੀਂ ਬਹਿ ਗਏ ਸਨ। ਇਸ ਵਾਰ ਮੁੜ 30 ਬਾਗੀ ਉਮੀਦਵਾਰ ਉਨ੍ਹਾਂ ਦੇ ਖੇਮੇ ਵਿਚ ਹੈਗੇ ਅਤੇ ਉਨ੍ਹਾਂ ਵਿਚੋਂ ਬੰਗਾ, ਪਠਾਨਕੋਟ, ਅੰਮ੍ਰਿਤਸਰ (ਦੱਖਣੀ), ਨਕੋਦਰ, ਗੜ੍ਹਸ਼ੰਕਰ ਸਮੇਤ ਘੱਟੋ-ਘੱਟ ਇਕ ਦਰਜਨ ਸੀਟਾਂ 'ਤੇ ਵੀ ਉਹੋ ਵਰਤਾਰਾ ਉਨ੍ਹਾਂ ਵਿਰੁੱਧ ਜਾ ਸਕਦਾ ਹੈ ਅਤੇ ਇਸ ਦਾ ਲਾਭ ਬਹੁਤ ਸੰਭਵ ਹੈ ਕਿ ਐਤਕੀਂ ਅਕਾਲੀਆਂ ਨੂੰ ਨਹੀਂ, ਕੇਜਰੀਵਾਲ ਦੀ ਮੁਹਿੰਮ ਨੂੰ ਹੀ ਪਹੁੰਚੇ।

ਕੁਲ ਮਿਲਾ ਕੇ ਹਾਲ ਦੀ ਘੜੀ ਮੁੱਖ ਟੱਕਰ ਆਮ ਆਦਮੀ ਪਾਰਟੀ ਅਤੇ ਕਾਂਗਰਸ ਵਿਚਾਲੇ ਸੁੰਗੜ ਗਈ ਹੈ। ਇਸ ਦੇ ਬਾਵਜੂਦ ਹਰ ਘਰ ਵਿਚ ਬਹਿਸ ਇਸ ਨੁਕਤੇ 'ਤੇ ਕੇਂਦਰਿਤ ਹੈ- ਕੀ ਕੇਜਰੀਵਾਲ ਦੇ ਨਾਂ 'ਤੇ ਬਣੀ ਲਹਿਰ ਕਿੰਨੀ ਕੁ ਤਕੜੀ ਹੈ? ਕੀ ਇਹ ਕੈਪਟਨ ਵਰਗੀ ਬਲਵਾਨ ਧਿਰ ਨੂੰ ਹੜ੍ਹਾ ਕੇ ਲਿਜਾ ਸਕਦੀ ਹੈ? ਜੇ ਇਸ ਪ੍ਰਸ਼ਨ ਦਾ ਜਵਾਬ ਨਾਂਹ ਵਿਚ ਹੈ ਅਤੇ ਕਾਂਗਰਸ ਤੇ 'ਆਪ' ਵੋਟਾਂ ਤਕਰੀਬਨ ਬਰਾਬਰ ਹੀ ਵੰਡ ਰਹੀਆਂ ਹਨ ਤਾਂ ਕੌਣ ਜਾਣਦਾ ਹੈ ਕਿ ਸੁਖਬੀਰ ਸਿੰਘ ਬਾਦਲ ਐਤਕੀਂ ਵੀ ਕੁਝ ਸੀਟਾਂ ਲਿਜਾਣ ਵਿਚ ਸਫਲ ਹੀ ਨਾ ਹੋ ਜਾਵੇ! ... ਜਾਂ ਫਿਰ ਜੇ ਹੰਗ ਅਸੈਂਬਲੀ ਬਣਦੀ ਹੈ ਤਾਂ ਉਹ ਕਿਹੜੇ ਕੰਮ ਆਵੇਗੀ? ਜ਼ਾਹਿਰ ਹੈ ਕਿ ਪਰਵਾਸੀ ਪੰਜਾਬੀਆਂ ਦੀਆਂ ਦੁਆਵਾਂ ਅਤੇ ਪੰਜਾਬੀ ਵੋਟਰਾਂ ਦੀ ਸਾਰੀ ਘਾਲ ਕਮਾਈ ਗੁੜ ਗੋਬਰ ਹੋ ਜਾਵੇਗੀ ਅਤੇ ਅਜਿਹੀ ਸਥਿਤੀ ਦੀ ਸਮੁੱਚੀ ਜ਼ਿੰਮੇਵਾਰੀ ਪਹਿਲੇ ਨੰਬਰ 'ਤੇ ਕੇਜਰੀਵਾਲ ਅਤੇ ਦੂਸਰੇ ਨੰਬਰ 'ਤੇ ਹਮੇਸ਼ਾ ਵਾਂਗੂ ਕਾਂਗਰਸ ਪਾਰਟੀ ਦੀ ਹਾਈ ਕਮਾਂਡ ਦੇ ਸਿਰ ਹੋਵੇਗੀ। ਕੇਜਰੀਵਾਲ ਦੇ ਸਿਰ 'ਤੇ ਇਸ ਲਈ ਕਿਉਂਕਿ ਉਸ ਨੇ ਪਾਰਟੀ ਵਿਚੋਂ ਆਗੂ ਬਾਹਰ ਕੱਢਣ ਲੱਗਿਆਂ ਇਸ ਗੱਲ ਦਾ ਜ਼ਰਾ ਜਿੰਨਾ ਵੀ ਖਿਆਲ ਨਾ ਰੱਖਿਆ ਕਿ ਪੰਜਾਬ ਦੇ ਜਜ਼ਬਾਤੀ ਅਤੇ ਅਣਖੀਲੇ ਲੋਕ ਕਿੱਡੀ ਵੱਡੀ ਤਵੱਕੋ ਕਰ ਕੇ ਉਨ੍ਹਾਂ ਨੂੰ ਲੀਡਰ ਮੰਨੀ ਬੈਠੇ ਹਨ ਅਤੇ ਉਨ੍ਹਾਂ ਵੱਲੋਂ ਬਦਕਾਰ ਕਿਸਮ ਦੀ ਰਾਜਨੀਤੀ ਖੇਡਣ ਦੀ ਸੂਰਤ ਵਿਚ ਉਨ੍ਹਾਂ ਦੇ ਦਿਲਾਂ 'ਤੇ ਕੀ ਬੀਤੇਗੀ! ਕਾਂਗਰਸ ਹਾਈ ਕਮਾਂਡ ਨੇ ਡੇਢ ਮਹੀਨੇ ਤੋਂ ਵੀ ਵੱਧ ਸਮੇਂ ਤੱਕ ਕੈਪਟਨ ਨੂੰ ਦਿੱਲੀ ਬਠਾਈ ਰੱਖਿਆ। ਇਹ ਰਾਜਨੀਤਕ ਬੇਹਯਾਈ ਦੀ ਸਿਖਰ ਹੀ ਤਾਂ ਸੀ।

ਪੰਜਾਬ ਦੇ ਲੋਕ ਪੰਜਾਬ ਅੰਦਰ ਕੇਰਾਂ ਕੇਜਰੀਵਾਲ ਦੀ ਪਾਰਟੀ ਦੀ ਸਰਕਾਰ ਦੇਖਣਾ ਚਾਹੁੰਦੇ ਹਨ। ਕੈਪਟਨ ਅਮਰਿੰਦਰ ਸਿੰਘ ਨਾਲ ਉਨ੍ਹਾਂ ਦਾ ਕੋਈ ਸ਼ਰੀਕਾ ਜਾਂ ਗਿਲਾ ਨਹੀਂ ਹੈ, ਉਹ ਉਸ ਨੂੰ ਵੀ ਰਤਾ ਕੁ ਘੱਟ ਚਾਅ ਨਾਲ ਸਹਿਣ ਕਰ ਸਕਦੇ ਹਨ। ਲੋਕ ਐਤਕੀਂ ਬਾਦਲਕਿਆਂ ਦਾ ਨਾਂ ਸੁਣ ਕੇ ਵੀ ਰਾਜ਼ੀ ਨਹੀਂ।

ਲੇਖ ਪੂਰਾ ਕਰਨ ਤੋਂ ਪਹਿਲਾਂ ਮਿੱਤਰ ਅਤੇ ਦਾਨਸ਼ਵਰ ਅਰਥ ਸ਼ਾਸਤਰੀ ਪ੍ਰੋ. ਸੁੱਚਾ ਸਿੰਘ ਗਿੱਲ ਨਾਲ ਗੱਲਬਾਤ ਕੀਤੀ। ਉਹ ਥੋੜ੍ਹਾ ਉਦਾਸ ਸਨ ਕਿ ਕੇਜਰੀਵਾਲ ਸਮੇਤ ਤਿੰਨੇ ਧਿਰਾਂ ਪਾਪੂਲਿਸਟ ਵਾਅਦੇ ਕਰ ਰਹੀਆਂ ਹਨ; ਲੋੜ ਤਾਂ ਪੰਜਾਬ ਦੀ ਪੇਂਡੂ ਆਰਥਿਕਤਾ ਦੀ ਮੂਲ ਸੰਰਚਨਾ ਬਦਲਣ ਦੀ ਹੈ; ਕਰਜ਼ੇ ਮੁਆਫ ਹੋਈ ਗਏ ਤਾਂ ਕਿਸਾਨਾਂ ਨੂੰ ਅਗਲੇ ਵਰ੍ਹੇ ਮੁੜ ਦੇਣੇ ਪੈ ਜਾਣੇ ਹਨ।

ਲਿਖਤੁਮ



ਤਰਲੋਚਨ ਸਿੰਘ ਦੁਪਾਲਪੁਰ
ਫੋਨ: 408-915-1268

# ਚੋਣ ਪਿੜ ਦਾ ਭੇੜ

ਪੰਜਾਬ ਦੀ ਸਿਆਸਤ ਨਾਲ ਜਮਾਂਦਰੂ ਤਿਹ-ਮੋਹ ਹੋਣ ਅਤੇ ਖੁਦ ਦੋ ਚੋਣਾਂ ਦੇ ਭੇੜ ਵਿਚ ਪਿਆ ਹੋਣ ਕਰ ਕੇ, ਲੂਹਰੀਆਂ ਤਾਂ ਮੇਰੇ ਉਦੋਂ ਤੋਂ ਹੀ ਉਠਣੀਆਂ ਸ਼ੁਰੂ ਹੋ ਗਈਆਂ ਸਨ, ਜਦੋਂ ਆਮ ਆਦਮੀ ਪਾਰਟੀ ਨੇ ਚੋਣ ਪਿੜ ਵਿਚ ਸਰਗਰਮੀਆਂ ਸ਼ੁਰੂ ਕਰ ਦਿੱਤੀਆਂ ਸਨ, ਪਰ ਪਰਿਵਾਰਕ ਮਜਬੂਰੀ ਕਾਰਨ ਲੱਖ ਚਾਹੁੰਦਿਆਂ ਵੀ ਪੰਜਾਬ ਜਾਣਾ ਮੁਲਤਵੀ ਕਰਨਾ ਪਿਆ। ਉਂਜ, ਅੰਦਰੋਂ ਉਠਦੀਆਂ ਹੁੱਲਾਂ ਸ਼ਾਂਤ ਕਰਨ ਲਈ ਸੋਸ਼ਲ ਸਾਈਟਾਂ, ਫੋਨ ਸੰਪਰਕ ਅਤੇ ਕਲਮ ਦੀ ਵਰਤੋਂ ਦਾ ਢੰਗ ਲੱਭ ਲਿਆ। ਹਰ ਚੜ੍ਹਦੇ ਸੂਰਜ ਨਵੀਂ 'ਪੋਸਟ' ਪਾਉਣੀ ਅਤੇ ਵਿਦੇਸ਼ਾਂ ਵਿਚ ਛਪਦੀਆਂ ਹਫਤਾਵਾਰੀ ਪੰਜਾਬੀ ਅਖਬਾਰਾਂ ਲਈ ਕੁਝ ਨਾ ਕੁਝ ਲਿਖਣ ਦਾ ਸਿਲਸਿਲਾ ਸ਼ੁਰੂ ਕਰ ਲਿਆ। ਇਸ ਤੋਂ ਇਲਾਵਾ ਦੇਸ਼ ਨੂੰ ਫੋਨ ਕਰਨ ਲਈ ਵਿਸ਼ੇਸ਼ 'ਅਨ ਲਿਮਟਿਡ ਕਾਲ ਪਲੈਨ' ਵੀ ਲੈ ਲਈ। ਮਰਹੂਮ ਜਥੇਦਾਰ ਗੁਰਚਰਨ ਸਿੰਘ ਟੌਹੜਾ ਦੀ ਮਿਹਰਬਾਨੀ ਸਦਕਾ ਆਪਣੇ ਜ਼ਿਲ੍ਹੇ ਨਵਾਂ ਸ਼ਹਿਰ ਤੋਂ ਇਲਾਵਾ ਜਲੰਧਰ, ਹੁਸ਼ਿਆਰਪੁਰ, ਲੁਧਿਆਣਾ ਅਤੇ ਰੋਪੜ ਜ਼ਿਲ੍ਹਿਆਂ ਦੇ ਕਈ ਵਿਦਿਅਕ ਅਦਾਰਿਆਂ ਦੀਆਂ ਪ੍ਰਬੰਧਕ ਕਮੇਟੀਆਂ ਵਿਚ ਸ਼ਾਮਲ ਰਿਹਾ ਹੋਣ ਦੀ ਬਦੌਲਤ, ਇਨ੍ਹਾਂ ਇਲਾਕਿਆਂ ਦੇ ਜਾਣੂ-ਪਛਾਣੂਆਂ ਨਾਲ 'ਹੈਲੋ-ਸ਼ੈਲੋ' ਸ਼ੁਰੂ ਕਰ ਦਿੱਤੀ।

ਪੁਰਾਣੀਆਂ ਡਾਇਰੀਆਂ ਅਤੇ ਪੱਤਰਕਾਰ ਦੋਸਤਾਂ ਦੀ ਮਦਦ ਨਾਲ ਚਿਰ ਪੁਰਾਣੇ ਮਿੱਤਰ ਲੱਭ-ਲੱਭ ਕੇ ਇਕ ਤਰ੍ਹਾਂ ਦਾ 'ਫੋਨ ਵਾਲਾ' ਚੋਣ ਪ੍ਰਚਾਰ ਅਰੰਭ ਦਿੱਤਾ। ਫਿਲੌਰ ਲਾਗੇ ਦੇ ਇਤਿਹਾਸਕ ਪਿੰਡ ਸੰਗ ਢੇਸੀਆਂ ਦੇ ਇਕ ਬਜ਼ੁਰਗ ਨੂੰ ਫਤਿਹ ਬੁਲਾਈ। ਨਾਂ ਦੱਸਣ 'ਤੇ ਪਹਿਲਾਂ ਤਾਂ ਉਸ ਨੇ ਇਹ ਕਹਿ ਕੇ ਹਿਰਖ ਛਾਂਟਿਆ ਕਿ ਅੱਜ ਕਿਧਰੋਂ ਚੇਤਾ ਆ ਗਿਆ ਸਾਡਾ ਤੈਨੂੰ? ਪਰ ਜਦੋਂ ਲੱਲੇ-ਭੱਬੇ ਲਾਉਣ ਤੋਂ ਬਾਅਦ ਮੈਂ ਆਪਣੀ 'ਅਸਲ ਗੱਲ' ਛੇੜੀ ਤਾਂ ਉਹ ਮੈਨੂੰ ਉਹੀ ਸੰਨ 96-97 ਦਾ ਟੌਹੜਾ ਸਾਹਿਬ ਵਾਲਾ 'ਅਕਾਲੀ ਦਲੀਆ' ਸਮਝ ਕੇ ਕੁਝ ਹਿਚਕਚਾਉਂਦਿਆਂ ਕਹਿਣ ਲੱਗਾ, "ਬਈ ਜਥੇਦਾਰਾ, ਹੁਣ ਤੂੰ ਐਵੇਂ ਆਪਣੇ ਮੂੰਹ ਦਾ ਸਵਾਦ ਤਾਂ ਖਰਾਬ ਨਾ ਕਰੀਂ', ਸਾਨੂੰ ਕੁਛ ਕਹਿ ਕੇ...! ਤੇਰਾ ਮੈਨੂੰ ਪਤਾ ਨੀਂ, ਪਰ ਸਾਡੇ ਇਥੇ ਸਾਰੇ ਅਕਾਲੀ, ਝਾੜੂ ਚੱਕੀ ਫਿਰਦੇ ਆ।" ਜੋਸ਼ ਵਿਚ ਆਏ ਨੇ ਤਬਦੀਲੀ ਦੀ ਗੱਲ ਦੱਸ ਕੇ ਫਿਰ ਮੈਨੂੰ ਕਿਹਾ, "ਹੁਣ ਤੂੰ ਹੁਕਮ ਕਰ।" ਜਦੋਂ ਮੈਂ ਉਸ ਨੂੰ ਦੱਸਿਆ ਕਿ ਮੈਂ ਤੁਹਾਨੂੰ ਇਹੀ ਬੇਨਤੀ ਕਰਨ ਲਈ ਫੋਨ ਕਰਿਆ ਹੈ, ਤਾਂ ਉਸ ਨੇ ਦੁਖੀ ਹੁੰਦਿਆਂ ਅਕਾਲੀ ਦਲ ਤੋਂ ਅਲਹਿਦਗੀ ਦੇ ਉਹ ਸਾਰੇ ਕਾਰਨ ਗਿਣਾਏ ਜਿਨ੍ਹਾਂ ਬਾਰੇ ਸਾਰਾ ਸਿੱਖ ਜਗਤ ਦੁਹਾਈਆਂ ਦੇ ਰਿਹਾ ਹੈ।

ਇਕ ਲਿਖਾਰੀ ਮਿੱਤਰ ਨਾਲ ਪੰਜਾਬ ਚੋਣਾਂ ਬਾਰੇ ਵਿਸਥਾਰ ਸਹਿਤ ਚਰਚਾ ਹੋਈ। ਬਾਦਲ ਸਰਕਾਰ ਦੀਆਂ ਪ੍ਰਸ਼ਾਸਕੀ ਅਤੇ ਸਿਆਸੀ ਨਾਕਾਮੀਆਂ ਤੋਂ ਇਲਾਵਾ ਸਿੱਖ ਸਿਧਾਂਤਾਂ ਨਾਲ ਖਿਲਵਾੜ ਦੀਆਂ ਇੰਨੀਆਂ ਸਪਸ਼ਟ ਤੇ ਠੋਸ ਮਿਸਾਲਾਂ ਉਸ ਨੇ ਅੱਧ-ਪਚੱਧੀਆਂ ਮੰਨ ਤਾਂ ਲਈਆਂ, ਪਰ ਉਸ ਸਵਾਲ ਕੀਤਾ ਕਿ ਆਮ ਲੋਕਾਂ ਨੂੰ ਇੰਨਾ ਜ਼ੋਰ ਕਿਉਂ ਲਾਉਣ ਪੈ ਰਿਹਾ ਹੈ; ਉਸ ਦੇ ਖਿਲਾਫ ਮੋਰਚਾਬੰਦੀ ਕਰਨ ਵਾਲੀਆਂ ਧਿਰਾਂ ਨੂੰ ਇੰਨਾ ਤੀਘੜਨਾ ਕਿਉਂ ਪੈ ਰਿਹਾ ਹੈ? ਮੈਂ ਦੱਸਿਆ ਕਿ ਪੁਰਾਣੇ ਬੋਹੜ ਪੁੱਟਣੇ ਸੌਖੇ ਨਹੀਂ ਹੁੰਦੇ ਭਰਾਵਾ! ਬੁੱਢੇ ਬੋਹੜ ਨੂੰ ਲੈ ਕੇ ਪੇਂਡੂ ਮਿੱਤਰ ਨੇ ਇਹ ਜਾਣਕਾਰੀ ਦੇਣੀ ਸ਼ੁਰੂ ਕਰ ਦਿੱਤੀ, "...ਇਸ ਵਿਚ ਕੋਈ ਸ਼ੱਕ ਨਹੀਂ ਕਿ ਪੁਰਾਣੇ ਬੋਹੜ ਦੀਆਂ ਜੜ੍ਹਾਂ ਕਾਫੀ ਫੈਲ ਜਾਂਦੀਆਂ ਨੇ, ਤੇ ਨਾਲ-ਨਾਲ ਇਹ ਵੀ ਸੱਚ ਹੈ ਕਿ ਘਣੇ-ਸੰਘਣੇ ਬੋਹੜਾਂ ਉਤੇ ਮਾਸ-ਖੋਰੀਆਂ ਇੱਲ੍ਹਾਂ, ਉਲੂ ਤੇ ਚਮਗਿੱਦੜ ਵੀ ਰਹਿਣ ਲੱਗ ਪੈਂਦੇ ਹਨ। ਅਜਿਹੇ ਬੋਹੜਾਂ ਬਾਰੇ ਲੋਕਾਂ ਵਿਚ ਇਹ ਵੀ ਮਨੌਤ ਹੈ ਕਿ ਇਨ੍ਹਾਂ ਉਤੇ ਭੂਤ-ਚੁੜੇਲਾਂ ਦਾ ਵੀ ਵਾਸਾ ਹੁੰਦਾ ਹੈ। ਡਰਾਕਲ ਲੋਕ ਰਾਤ-ਬਰਾਤੇ ਇਨ੍ਹਾਂ ਕੋਲੋਂ ਲੰਘਣੋਂ ਵੀ ਡਰਦੇ ਹਨ। ਜੇ ਕਿਤੇ ਇਨ੍ਹਾਂ ਨੂੰ ਪੁੱਟਣ ਦੀ ਨੌਬਤ ਆਵੇ ਤਾਂ ਲੋਕ ਡਰਦੇ ਮਾਰੇ ਅਜਿਹਾ ਨਹੀਂ ਕਰਦੇ, ਪਰ ਕਈ ਦਫਾ ਅਜਿਹਾ ਭਾਣਾ ਵੀ ਵਾਪਰ ਜਾਂਦਾ ਹੈ ਕਿ ਕਿਤੇ ਅਚਾਨਕ ਆਏ ਤੂਫਾਨ-ਹਨੇਰੀ ਦੀ ਮਾਰ ਨਾ ਸਹਿੰਦਿਆਂ, ਇਹ ਧਰਤੀ 'ਤੇ ਧੜੰਮ ਆ ਡਿਗਦੇ ਨੇ। ਉਦੋਂ ਲੋਕਾਂ ਨੂੰ ਹਕੀਕਤ ਦਾ ਪਤਾ ਲੱਗਦਾ ਹੈ ਕਿ ਜੁਗਾਂ ਪੁਰਾਣੇ ਬੋਹੜ ਬਾਹਰੋਂ ਦੇਖਣ ਨੂੰ ਭਾਵੇਂ ਮਜ਼ਬੂਤ ਵਿਖਾਈ ਦਿੰਦੇ ਹੋਣ, ਪਰ ਅੰਦਰਲੀਆਂ ਖੋੜਾਂ ਕਾਰਨ ਉਹ ਬੋਦੇ ਜਿਹੇ ਖੜ-ਸੁੱਕ ਹੋ ਚੁੱਕੇ ਹੁੰਦੇ ਹਨ। ਇਸੇ ਕਰ ਕੇ ਉਹ ਚਾਣਚੱਕ ਉਠੀ ਸ਼ੂਕਦੀ ਹਨੇਰੀ ਮੂਹਰੇ ਆਪਣਾ ਵਜੂਦ ਨਹੀਂ ਬਚਾਅ ਪਾਉਂਦੇ।"

ਲੁਧਿਆਣੇ ਲਾਗਿਓਂ ਆਲਮਗੀਰ ਦਾ ਸ਼੍ਰੋਮਣੀ ਕਮੇਟੀ ਦਾ ਸਾਬਕਾ ਮੁਲਾਜ਼ਮ ਮੇਰੀਆਂ ਸਾਰੀਆਂ ਅਪੀਲਾਂ ਦੇ ਬਾਵਜੂਦ ਬਾਦਲ ਦਲ ਨੂੰ ਕਸੂਰਵਾਰ ਨਹੀਂ ਸੀ ਕਹਿ ਰਿਹਾ। ਉਸ ਕਹਿਣਾ ਸੀ ਕਿ ਫੇਸਬੁੱਕ ਜਾਂ ਮੀਡੀਏ 'ਤੇ ਦਿਸਦੇ ਹਾਲਾਤ ਅਸਲੀਅਤ ਨਹੀਂ ਹਨ। ਜ਼ਮੀਨੀ ਹਕੀਕਤਾਂ ਹੋਰ ਹਨ, ਜਦਕਿ ਸੋਸ਼ਲ ਸਾਈਟਾਂ 'ਤੇ ਜ਼ਿਆਦਾਤਰ ਬੇ-ਮੁਹਾਰੀ ਮੁੰਡੀਹਰ ਭਾਫਾਂ ਕੱਢੀ ਜਾਂਦੀ ਹੈ। ਸ਼੍ਰੋਮਣੀ ਅਕਾਲੀ ਦਲ ਦੇ ਮਹਿਜ਼ 'ਬਾਦਲ ਦਲ' ਬਣਨ ਵਾਲੀ ਮੇਰੀ ਦਲੀਲ ਨਾਲ ਤਾਂ ਉਹ ਥੋੜ੍ਹਾ-ਬਹੁਤ ਸਹਿਮਤ ਹੋ ਗਿਆ, ਪਰ ਸ਼੍ਰੋਮਣੀ ਕਮੇਟੀ ਸਦਾ ਸਿਆਸੀ ਆਗੂਆਂ ਕੋਲ ਰਹਿਣ ਦੀ ਗੱਲ 'ਤੇ ਅੜਿਆ ਰਿਹਾ।

ਇਕ ਗੈਰ-ਸਿੱਖ ਅਧਿਆਪਕ ਨੂੰ ਮੈਂ ਸਵਾਲ ਕੀਤਾ ਕਿ ਆਖਰ ਅਰਵਿੰਦ ਕੇਜਰੀਵਾਲ ਕੋਲ ਕਿਹੜੀ ਮਮੀਰੇ ਦੀ ਗੱਠੀ ਹੈ ਕਿ ਉਸ ਨੇ ਪੰਜਾਬ ਦੀ ਸਿਆਸਤ ਵਿਚ ਇਕ ਕਿਸਮ ਦੀ ਭੁਚਾਲ ਵਰਗੀ ਸਥਿਤੀ ਬਣਾ ਦਿੱਤੀ ਹੈ? ਹਿੰਦੂ ਗ੍ਰੰਥਾਂ ਦੇ ਹਵਾਲੇ ਨਾਲ ਉਸ ਨੇ ਦੱਸਿਆ ਕਿ ਮਹਾਂ ਭਾਰਤ ਦੇ ਯੁੱਧ ਦੀ ਸਮਾਪਤੀ ਤੋਂ ਬਾਅਦ ਪੰਜੇ ਪਾਂਡਵ ਭਗਵਾਨ ਕ੍ਰਿਸ਼ਨ ਕੋਲ ਜਾ ਕੇ ਕਹਿਣ ਲੱਗੇ ਕਿ ਸਾਡੇ ਰਾਜ-ਸਮਾਜ ਦੇ ਭਵਿੱਖੀ ਨਕਸ਼ਾਂ ਬਾਰੇ ਕੁਝ ਫਰਮਾਓ, ਅਗਾਂਹ ਕਿਹੋ ਜਿਹੇ ਹਾਲਾਤ ਹੋਣਗੇ? ਕਹਿੰਦੇ, ਭਗਵਾਨ ਕ੍ਰਿਸ਼ਨ ਨੇ ਪੰਜਾਂ ਨੂੰ ਹੀ ਅਲੱਗ-ਅਲੱਗ ਦਿਸ਼ਾਵਾਂ ਵੱਲ ਚਲੇ ਜਾਣ ਦਾ ਹੁਕਮ ਕੀਤਾ ਅਤੇ ਆਖਿਆ ਕਿ ਆਪਣੀ ਯਾਤਰਾ ਦੌਰਾਨ ਜਦੋਂ ਵੀ ਉਹ ਕੋਈ ਅਨੋਖੀ ਜੱਗੋਂ ਤੇਰ੍ਹਵੀਂ ਘਟਨਾ ਦੇਖਣ, ਤਾਂ ਉਥੋਂ ਹੀ ਵਾਪਸੀ ਕਰ ਲੈਣ ਤੇ ਆ ਕੇ ਦੇਖੇ ਹੋਏ ਅਲੋਕਾਰੇ ਦ੍ਰਿਸ਼ ਮੈਨੂੰ ਦੱਸਣ।

ਕੁਝ ਅਰਸੇ ਬਾਅਦ ਉਹ ਪੰਜੇ ਵਾਪਸ ਆ ਗਏ। ਇਕ ਨੇ ਦੱਸਿਆ ਕਿ ਉਹ ਕਿਸੇ ਬੀਆਬਾਨ ਜੰਗਲ ਵਿਚੋਂ ਲੰਘ ਰਿਹਾ ਸੀ। ਅਚਾਨਕ ਕਾਲੀ-ਬੋਲੀ ਹਨੇਰੀ ਚੜ੍ਹ ਆਈ। ਤੂਫਾਨ ਵਿਚ ਉਸ ਦੇਖਿਆ ਕਿ ਵੱਡਾ ਭਾਰੀ ਪੱਥਰ ਉਡਦਾ ਆ ਰਿਹਾ ਹੈ। ਉਚੀਆਂ-ਤਿੱਖੀਆਂ ਪਹਾੜੀਆਂ ਨਾਲ ਟਕਰਾ ਕੇ ਚਕਨਾਚੂਰ ਕਰਦਾ ਹੋਇਆ ਉਹ ਸ਼ੂਕਦਾ ਮੇਰੀ ਤਰਫ ਆ ਰਿਹਾ ਸੀ। ਵੱਡੇ ਅਤੇ ਭਾਰੇ ਦਰਖਤਾਂ ਨੂੰ ਧਰਤੀ 'ਤੇ ਵਿਛਾਉਂਦਾ ਆ ਰਿਹਾ ਉਹ ਪੱਥਰ ਮੇਰੇ ਸਾਹਮਣੇ ਆ ਕੇ ਧਰਤੀ 'ਤੇ ਡਿੱਗਿਆ, ਪਰ ਉਹ ਇਹ ਦੇਖ ਕੇ ਹੈਰਾਨ ਰਹਿ ਗਿਆ ਕਿ ਤਬਾਹੀ ਮਚਾਉਂਦੇ ਆ ਰਹੇ ਉਸ ਭਾਰੀ-ਭਰਕਮ ਪੱਥਰ ਨੂੰ ਘਾਹ ਦੀ ਤਿੜ ਵਰਗੇ ਕੋਮਲ ਜਿਹੇ ਬੂਟੇ ਨੇ ਰੋਕ ਲਿਆ। ਬਿਨਾ ਕਿਸੇ ਪਾਸੇ ਨੂੰ ਲਿਫਿਆਂ ਉਸ ਬੂਟੇ ਨੇ ਭਾਰੇ ਪੱਥਰ ਨੂੰ ਇਉਂ ਰੋਕ ਲਿਆ, ਜਿਵੇਂ ਉਹ ਹਲਕਾ ਫੁੱਲ ਹੋਵੇ।

ਭਗਵਾਨ ਕ੍ਰਿਸ਼ਨ ਨੇ ਇਸ ਦ੍ਰਿਸ਼ਟਾਂਤ ਦੀ ਵਿਆਖਿਆ ਕਰਦਿਆਂ ਆਖਿਆ ਕਿ ਇਹ ਇਸ ਗੱਲ ਦਾ ਸੂਚਕ ਹੈ ਕਿ ਭਾਵੇਂ ਝੂਠ-ਫਰੇਬ ਦੇ ਤੂਫਾਨ ਵਿਚ ਬੇਈਮਾਨੀ ਅਤੇ ਮਕਾਰੀ ਦੇ ਭਾਰੇ ਪੱਥਰ ਸਭ ਕਾਸੇ ਨੂੰ ਫਨਾਹ ਕਰਦੇ ਆਉਣ, ਪਰ ਉਹ ਇਮਾਨਦਾਰੀ ਅਤੇ ਦਿਆਨਤਦਾਰੀ ਦੀ ਤਿੜ ਦਾ ਵੀ ਕੁਝ ਵਿਗਾੜ ਨਹੀਂ ਸਕਣਗੇ। ਸੱਚਾਈ ਦੀ ਤਿੜ ਵੀ ਇੰਨੀ ਬਲਵਾਨ ਹੋਵੇਗੀ।

ਇਕ ਮਖੌਲੀਏ ਪੱਤਰਕਾਰ ਨੇ ਅਨੋਖਾ 'ਡਰ' ਪ੍ਰਗਟਾਉਂਦਿਆਂ ਕਿਹਾ ਕਿ ਪੰਜਾਬੀਆਂ ਦਾ ਸੁਭਾਅ ਬਣਿਆ ਹੋਇਆ ਹੈ ਕਿ ਇਹ ਲਿਤਾੜੇ, ਲਾਚਾਰ ਤੇ ਮਾਰ ਸਹਿੰਦੇ ਮੂਹਰੇ-ਮੂਹਰੇ ਭੱਜੇ ਜਾਂਦੇ ਤਰਸ ਵੀ ਕਰਨ ਲੱਗ ਜਾਂਦੇ ਹਨ। ਸੋਸ਼ਲ ਸਾਈਟਾਂ ਉਤੇ ਬਾਦਲ ਪਰਿਵਾਰ ਤੇ ਉਸ ਦੇ ਦਲ ਦੀ ਹੋ ਰਹੀ ਚੁਤਰਫੀ ਬੇਇੱਜ਼ਤੀ ਵੱਲ ਇਸ਼ਾਰਾ ਕਰਦਿਆਂ ਉਸ ਇਹ ਤੌਖਲਾ ਜ਼ਾਹਰ ਕੀਤਾ ਕਿ ਹੱਦ ਸਿਰੇ ਦੀ ਦੁਰਗਤੀ ਹੁੰਦੀ ਦੇਖ ਕੇ ਕਿਤੇ ਪੰਜਾਬੀ ਭਰਾ ਇਸ ਟੱਬਰ 'ਤੇ ਤਰਸ ਨਾ ਕਰਨ ਲੱਗ ਪੈਣ! ਹੋਰ ਨਾ ਸਾਰੀ ਕੀਤੀ ਕਰਾਈ ਸਿਰ ਪਾਣੀ ਫਿਰ ਜਾਏ!

ਇਕ ਪੱਤਰਕਾਰ ਨੇ ਆਪਣੇ ਗੁਆਂਢ ਵਿਚ ਰਹਿੰਦੇ ਕਿਸੇ ਸਿੱਖ ਫੌਜੀ ਨੌਜਵਾਨ ਦਾ ਦਿਲਚਸਪ ਕਿੱਸਾ ਸੁਣਾਇਆ। ਦੋ ਮਹੀਨੇ ਦੀ ਛੁੱਟੀ ਆਏ ਦੀ ਮੰਗਣੀ ਹੋ ਗਈ। ਦੇਖ-ਦਿਖਾਈ ਦੌਰਾਨ ਇਹ ਆਪਣੇ ਸਹੁਰੇ ਘਰ ਵੀ ਜਾ ਆਇਆ। ਛੁੱਟੀ ਖਤਮ ਹੋਣ ਪਿਛੋਂ ਜਦੋਂ ਵਾਪਸ ਜਾਣ ਲੱਗਾ ਤਾਂ ਇਸ ਦੀ ਨਵੀਂ ਬਣੀ ਮੰਗੇਤਰ ਨੇ ਮੋਹ ਪਿਆਰ ਨਾਲ ਇਸ ਨੂੰ ਕੋਈ ਰੁਮਾਂਟਿਕ ਜਿਹਾ ਮੈਸੇਜ ਭੇਜਿਆ। ਆਪਣੇ ਗੁਰਸਿੱਖ ਸਹੁਰੇ ਪਰਿਵਾਰ ਦੇ ਮਾਹੌਲ ਤੋਂ ਜਾਣੂ ਇਸ ਫੌਜੀ ਨੇ 'ਵਟਸਐਪ' ਰਾਹੀਂ ਆਪਣੀ ਮੰਗੇਤਰ ਨੂੰ ਇਹ ਮੈਸੇਜ ਲਿਖ ਭੇਜਿਆ,

ਪੂਰਾ ਕੱਟੜ ਅਕਾਲੀ ਬੋਤਾ ਲਾਣਾ ਬੱਲੀਏ
ਨੀਲੀ ਬੰਨ੍ਹਦਾ ਨਿਆਣਾ ਕੀ ਸਿਆਣਾ ਬੱਲੀਏ।
ਰੱਖ ਲੱਗੀਆਂ ਦੀ ਲਾਜ
ਨੀ ਤੂੰ ਪੂਰ ਦਈਂ ਲਿਹਾਜ
ਕੁਝ ਮੰਗਣਾ ਨਾ ਤੇਰੇ ਕੋਲੋਂ ਹੋਰ ਜੱਟੀਏ
ਭਾਵੇਂ ਸ਼ਰ੍ਹੇਆਮ ਪਾ ਦਈਂ
ਭਾਵੇਂ ਪਰਦੇ ਨਾ' ਲਾ ਦਈਂ
ਨੀ ਤੂੰ ਝਾੜੂ 'ਤੇ ਸਕੂਲ ਵਿਚ ਮੋਹਰ ਜੱਟੀਏ।

ਪਿੰਡ ਵਿਚ ਬੈਠੇ ਕਿਸੇ ਆਰ.ਐਮ.ਪੀ. (ਡਾਕਟਰ) ਨੇ ਕਿਸੇ ਮਰੀਜ਼ ਕੋਲੋਂ ਤਾਜ਼ਾ ਸੁਣਿਆ ਚੁਟਕਲਾ ਸੁਣਾਇਆ: ਕੋਈ ਪੇਂਡੂ ਮੂੰਹ 'ਤੇ ਹੱਥ ਰੱਖੀ 'ਹਾਏ ਹਾਏ' ਕਰਦਾ ਤੁਰਿਆ ਜਾਵੇ। ਕਿਸੇ ਸਾਥੀ ਨੇ ਪੁੱਛ ਲਿਆ, ਕਿਥੇ ਚਲਿਐਂ? ਕਹਿੰਦੈ, ਦੰਦ ਪੁਟਾਉਣ ਸ਼ਹਿਰ ਚੱਲਿਆਂ। ਸਲਾਹੂ ਕਹਿੰਦਾ, ਸ਼ਹਿਰ ਜਾਏਂਗਾ, ਨਾਲੇ ਪੈਸੇ ਦੇ ਕੇ ਦੰਦ ਪੁਟਾਏਂਗਾ। ਇਥੇ ਈ ਮੁਫਤੀ ਪੁਟਾ ਲੈ। ਬੰਦੇ ਨੇ ਪੁੱਛਿਆ ਕਿ ਮੁਫਤ ਕਿਥੇ ਪੁੱਟਦੇ ਐ? ਪਿੰਡ ਵਿਚ ਜਾ ਕੇ ਇਕ ਵਾਰੀ ਕਹਿ ਕਿ ਫਲਾਣੀ ਪਾਰਟੀ ਜ਼ਿੰਦਾਬਾਦ...ਫਿਰ ਦੇਖੀਂ ਕੀ ਹੁੰਦੈ। 'ਫਲਾਣੀ ਪਾਰਟੀ' ਕਿਹੜੀ ਹੋਊ? ਅੰਦਾਜ਼ਾ ਤੁਸੀਂ ਆਪੇ ਲਾ ਲਓ ਜੀ!

## ਆਏ ਮਦਾਰੀ ਧਾਵਾ ਧਾਅ ਕੇ

**ਆਏ ਮਦਾਰੀ ਧਾਵਾ ਧਾਅ ਕੇ ਡੁਗਡੁਗੀ ਖੂਬ ਵਜਾਈ ਜਾਵਣ।**
**ਲੋਕਾਂ ਨੂੰ ਇਹ ਸਮਝ ਜਮੂਰਾ ਆਪਣੀ ਉਂਗਲ ਉਪਰ ਨਚਾਵਣ।**
**ਬੜੀ ਤਰ੍ਹਾਂ ਦੇ ਲਾਲਚ ਦੇਵਣ ਗੁੱਝੀ ਘੁਰਕੀ ਵੀ ਸੁਣਾਵਣ।**
**ਹੀਲਾ-ਵਸੀਲਾ ਵਰਤ ਕੇ ਸਾਰਾ, ਵਿਚ 'ਹਾਂ' ਦੇ ਸਿਰ ਮਰਵਾਵਣ।**
**ਤਰ੍ਹਾਂ ਤਰ੍ਹਾਂ ਦੇ ਬਾਣੇ ਪਾ ਕੇ ਝੰਡੀ ਕਾਰ ਦੇ ਉਤੇ ਲਾਵਣ।**
**ਪੰਜ ਸਾਲਾਂ ਦਾ ਲਿੰਘ ਮਾਣ ਕੇ ਸਾਡੇ ਵਿਹੜੇ ਫੇਰਾ ਪਾਵਣ।**
**ਧੂੜ ਪਾ ਜੋ ਲੰਘ ਜਾਂਦੇ ਸੀ ਪੈਰੀਂ ਹੁਣ ਉਹ ਹੱਥ ਲਗਾਵਣ।**
**ਦੋਵੇਂ ਹੱਥ ਨੇ ਜੋੜੀ ਰੱਖਦੇ ਸੱਠ ਡਿਗਰੀ 'ਤੇ ਸੀਸ ਝੁਕਾਵਣ।**
**ਆਖਣ ਅਸੀਂ ਹਾਂ ਸੇਵਕ ਥੋਡੇ ਵਾਂਗ ਛਲੇਡੇ ਰੂਪ ਵਟਾਵਣ।**
**ਆਪਦੀਆਂ ਕਰ ਤਾਰੀਫਾਂ ਆਪੇ ਚਮਚਿਆਂ ਤੋਂ ਤਾੜੀ ਮਰਵਾਵਣ।**
**ਇੱਕ ਦੂਜੇ ਦੀ ਵੱਢਵੀਂ ਕਰਦੇ ਨਵੇਂ ਨਵੇਂ ਫੇਰ ਦੂਸ਼ਣ ਲਾਵਣ।**
**ਲੋਕਾਂ ਵਿਚ ਵਿਖਾਵਾ ਕਰਦੇ ਅੰਦਰੋ ਅੰਦਰੀ ਜੱਫੀਆਂ ਪਾਵਣ।**
**ਚਾਲ ਇਨ੍ਹਾਂ ਦੀ ਸਮਝ ਲਵੋ ਹੁਣ ਮੂਰਖ ਕਿਵੇਂ ਬਣਾਈ ਜਾਵਣ।**
**ਐਸਾ ਸਬਕ ਸਿਖਾਊ ਲੋਕੋ ਫੇਰ ਨਾ ਥੋਨੂੰ ਮੂੰਹ ਦਿਖਾਵਣ।**

*-ਜਗਮੀਤ ਸਿੰਘ ਪੰਧੇਰ, ਫੋਨ: 91-98783-37222*

ਬਸੰਤ ਪੰਚਮੀ 'ਤੇ ਵਿਸ਼ੇਸ਼

# ਝੂਮ ਝਾਮ ਝੂਮਤੀ ਬਸੰਤ ਰਿਤੂ ਆਈ ਹੈ!



ਪ੍ਰੋ. ਹਰਗੁਣਪ੍ਰੀਤ ਸਿੰਘ
ਫੋਨ: 91-94636-19353

ਬਸੰਤ ਪੰਚਮੀ ਬਸੰਤ ਰੁੱਤ ਦਾ ਸਵਾਗਤੀ ਤਿਓਹਾਰ ਹੈ। ਸੰਸਕ੍ਰਿਤ ਵਿਚ 'ਬਸੰਤ' ਦਾ ਅਰਥ 'ਬਹਾਰ' ਹੈ ਕਿਉਂਕਿ ਇਸ ਰੁੱਤ ਵਿਚ ਫੁੱਲਾਂ ਉਤੇ ਬਹਾਰ ਆ ਜਾਂਦੀ ਹੈ ਅਤੇ ਖੇਤਾਂ ਵਿਚ ਦੂਰ-ਦੂਰ ਤੱਕ ਹਰਿਆਲੀ ਤੇ ਸਰ੍ਹੋਂ ਦੇ ਪੀਲੇ-ਪੀਲੇ ਫੂਲ ਅਲੌਕਿਕ ਨਜ਼ਾਰਾ ਪੇਸ਼ ਕਰਦੇ ਹਨ। ਬਸੰਤ ਰੁੱਤ ਦੇ ਆਉਣ ਨਾਲ ਕੜਕਦੀ ਸਰਦੀ ਤੋਂ ਰਾਹਤ ਮਿਲਦੀ ਹੈ ਅਤੇ ਮੌਸਮ ਬਹੁਤ ਖੁਸ਼ਨੁਮਾ ਅਤੇ ਉਲਾਸ ਭਰਿਆ ਹੋ ਜਾਂਦਾ ਹੈ। ਇਸੇ ਕਰਕੇ ਕਿਹਾ ਜਾਂਦਾ ਹੈ, 'ਆਈ ਬਸੰਤ ਪਾਲਾ ਉਡੰਤ।'

ਬਸੰਤ ਰੁੱਤ ਨੂੰ 'ਰਿਤੂ-ਰਾਜ' ਭਾਵ ਰੁੱਤਾਂ ਦੀ ਰਾਣੀ ਵੀ ਆਖਿਆ ਜਾਂਦਾ ਹੈ। ਇਸ ਨੂੰ ਬਸੰਤ ਪੰਚਮੀ ਇਸ ਕਰਕੇ ਕਿਹਾ ਜਾਂਦਾ ਹੈ ਕਿ ਇਹ ਮਾਘ ਮਹੀਨੇ ਦੀ ਪੰਜ ਤਰੀਕ ਨੂੰ ਆਉਂਦਾ ਹੈ ਜੋ ਜ਼ਿਆਦਾਤਰ ਫਰਵਰੀ ਦੇ ਮਹੀਨੇ ਆਉਂਦਾ ਹੈ। ਵੇਦਾਂ ਵਿਚ ਇਸ ਤਿਓਹਾਰ ਨੂੰ ਸਰਸਵਤੀ ਦੇਵੀ ਨਾਲ ਸਬੰਧਤ ਦੱਸਿਆ ਗਿਆ ਹੈ ਅਤੇ ਭਾਰਤ ਦੇ ਕੁਝ ਹਿੱਸਿਆਂ ਵਿਚ ਇਸ ਦਿਨ ਭਗਵਾਨ ਵਿਸ਼ਨੂੰ ਅਤੇ ਕਾਮ-ਦੇਵ ਦੀ ਵੀ ਪੂਜਾ ਕੀਤੀ ਜਾਂਦੀ ਹੈ।

ਬਸੰਤ ਪੰਚਮੀ ਦਾ ਦਿਨ ਇਤਿਹਾਸਕ ਪੱਖ ਤੋਂ ਵੀ ਬਹੁਤ ਮਹੱਤਤਾ ਵਾਲਾ ਹੈ। ਸਾਡੇ ਗੁਰੂਆਂ, ਪੀਰਾਂ, ਸੰਤਾਂ ਅਤੇ ਕਵੀਆਂ ਨੇ ਆਪਣੀਆਂ ਰਚਨਾਵਾਂ ਵਿਚ ਇਸ ਤਿਓਹਾਰ ਨੂੰ ਬਹੁਤ ਸਲਾਹਿਆ ਹੈ। ਗੁਰੂ ਨਾਨਕ ਦੇਵ, ਗੁਰੂ ਰਾਮ ਦਾਸ, ਗੁਰੂ ਅਮਰ ਦਾਸ, ਗੁਰੂ ਅਰਜਨ ਦੇਵ ਅਤੇ ਗੁਰੂ ਤੇਗ ਬਹਾਦਰ ਨੇ ਬਸੰਤ ਰਾਗ ਵਿਚ ਬਾਣੀ ਲਿਖੀ ਜੋ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ। ਭਗਤ ਕਬੀਰ ਬਸੰਤ ਰੁੱਤ ਬਾਰੇ ਆਪਣੀ ਬਾਣੀ ਵਿਚ ਫੁਰਮਾਉਂਦੇ ਹਨ:

ਮਉਲੀ ਧਰਤੀ ਮਉਲਿਆ ਅਕਾਸੁ॥
ਘਟਿ ਘਟਿ ਮਉਲਿਆ ਆਤਮ ਪ੍ਰਗਾਸੁ॥

ਮਹਾਰਾਜਾ ਰਣਜੀਤ ਸਿੰਘ ਇਸ ਦਿਨ ਵਿਸ਼ੇਸ਼ ਦਰਬਾਰ ਲਗਾਉਂਦੇ ਸਨ ਜਿਸ ਵਿਚ ਦੇਸ਼ ਭਰ ਤੋਂ ਲੋਕ ਪੀਲੇ ਕੱਪੜੇ ਪਾ ਕੇ ਪਹੁੰਚਦੇ ਸਨ। ਕੂਕਾ ਲਹਿਰ ਦੇ ਮੋਢੀ ਨਾਮਧਾਰੀ ਬਾਬਾ ਰਾਮ ਸਿੰਘ ਦਾ ਜਨਮ ਫਰਵਰੀ 1816 ਨੂੰ ਪਿੰਡ ਭੈਣੀ ਰਾਈਆਂ (ਲੁਧਿਆਣਾ) ਵਿਖੇ ਬਸੰਤ ਪੰਚਮੀ ਵਾਲੇ ਦਿਨ ਹੀ ਹੋਇਆ ਸੀ। 1735 ਨੂੰ ਵੀਰ ਹਕੀਕਤ ਰਾਏ ਨੇ ਵੀ 17 ਸਾਲ ਦੀ ਉਮਰ ਵਿਚ ਇਸੇ ਦਿਨ ਧਰਮ ਅਤੇ ਦੇਸ਼ ਖਾਤਰ ਸ਼ਹੀਦੀ ਜਾਮ ਪੀਤਾ ਸੀ। ਸੰਨ 1846 ਨੂੰ ਸਭਰਾਓਂ ਵਿਖੇ ਬਹਾਦਰ ਜਰਨੈਲ ਸ਼ਾਮ ਸਿੰਘ ਅਟਾਰੀਵਾਲਾ ਅੰਗਰੇਜ਼ਾਂ ਨਾਲ ਜੰਗ ਲੜਦਿਆਂ ਸ਼ਹੀਦ ਹੋ ਗਏ ਸਨ। ਬਸੰਤੀ ਰੰਗ ਦੇਸ਼ ਭਗਤੀ ਅਤੇ ਕੁਰਬਾਨੀ ਦਾ ਰੰਗ ਹੈ। ਦੇਸ਼ ਖਾਤਰ ਮਰ ਮਿਟਣ ਵਾਲੇ ਯੋਧੇ ਸ਼ਹੀਦ-ਏ-ਆਜ਼ਮ ਸਰਦਾਰ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਨੇ ਫਾਂਸੀ ਚੜ੍ਹਨ ਤੋਂ ਪਹਿਲਾਂ 'ਮੇਰਾ ਰੰਗ ਦੇ ਬਸੰਤੀ ਚੋਲਾ' ਗੀਤ ਗਾਇਆ ਸੀ ਜਿਸ ਨੇ ਦੇਸ਼ ਵਾਸੀਆਂ ਵਿਚ ਦੇਸ਼ ਖਾਤਰ ਮਰ ਮਿਟਣ ਦੀ ਭਾਵਨਾ ਪੈਦਾ ਕੀਤੀ ਸੀ।





ਪੂਰੇ ਦੇਸ਼, ਖਾਸ ਕਰ ਪੰਜਾਬ ਵਿਚ, ਬਸੰਤ ਪੰਚਮੀ ਮਨਾਉਣ ਦਾ ਜੋਸ਼ ਕੁਝ ਵੱਖਰਾ ਹੁੰਦਾ ਹੈ। ਮੌਸਮ ਵਿਚ ਕੁਦਰਤੀ ਰੰਗਾਂ ਨਾਲ ਘੁਲ-ਮਿਲ ਜਾਣ ਲਈ ਪੰਜਾਬੀ ਲੋਕ ਪੀਲੇ ਰੰਗ ਦੇ ਕੱਪੜੇ ਪਾਉਂਦੇ ਹਨ, ਪੀਲੀਆਂ ਦਸਤਾਰਾਂ ਸਜਾਉਂਦੇ ਹਨ ਅਤੇ ਪੰਜਾਬਣਾਂ ਪੀਲੇ ਦੁਪੱਟੇ ਲੈਂਦੀਆਂ ਹਨ। ਇਹ ਤਿਓਹਾਰ ਵਿਸ਼ੇਸ਼ ਤੌਰ 'ਤੇ ਅੰਮ੍ਰਿਤਸਰ ਦੇ ਗੁਰਦੁਆਰਾ ਛੇਹਰਟਾ ਅਤੇ ਪਟਿਆਲਾ ਦੇ ਗੁਰਦੁਆਰਾ ਦੂਖ ਨਿਵਾਰਨ ਵਿਖੇ ਬੜੀ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ ਜਾਂਦਾ ਹੈ। ਇਸ ਦਿਨ ਲੋਕ ਆਪਣੇ ਘਰਾਂ ਦੇ ਕੋਠਿਆਂ 'ਤੇ ਚੜ੍ਹ ਕੇ ਰੰਗ-ਬਰੰਗੇ ਪਤੰਗ ਉਡਾਉਂਦੇ ਹਨ ਅਤੇ ਉਨ੍ਹਾਂ ਦੇ ਮੁਕਾਬਲੇ ਕਰਵਾਉਂਦੇ ਹਨ। ਬਸੰਤ ਪੰਚਮੀ ਦਾ ਤਿਓਹਾਰ ਜਿੱਥੇ ਨਵੇਂ ਚਾਅ ਅਤੇ ਮਲਾਰ ਲੈ ਕੇ ਆਉਂਦਾ ਹੈ, ਉਥੇ ਆਪਸੀ ਪਿਆਰ ਅਤੇ ਭਾਈਚਾਰਕ ਏਕਤਾ ਨੂੰ ਵੀ ਪ੍ਰਫੁਲਿਤ ਕਰਦਾ ਹੈ। ਮੇਰੇ ਪੜਦਾਦਾ ਸ਼੍ਰੋਮਣੀ ਸਾਹਿਤਕਾਰ ਰਾਜ ਕਵੀ ਸ. ਬਲਵੰਤ ਸਿੰਘ ਗਜਰਾਜ ਦੀਆਂ ਬਸੰਤ ਰਿੱਤੂ ਦੀ ਖੂਬਸੂਰਤੀ ਬਾਰੇ ਬ੍ਰਜ ਭਾਸ਼ਾ ਵਿਚ ਕੁਝ ਸਤਰਾਂ ਇਸ ਪ੍ਰਕਾਰ ਹਨ:

ਫੈਲ ਰਹੀ, ਫਲ ਰਹੀ,
ਫੂਲ ਰਹੀ, ਫਬ ਰਹੀ,
ਝੂਮ ਝਾਮ ਝੂਮਤੀ
ਬਸੰਤ ਰਿਤੂ ਆਈ ਹੈ।
ਫੂਲ ਰਹੀ ਫੂਲਨ ਪੇ,
ਝੂਲਨੇ ਝੁਲਾਤ ਰਹੀ,
ਜਲ ਥਲ ਬਸੰਤ ਕੀ
ਅਨੰਤ ਛਬ ਛਾਈ ਹੈ।
ਮੋਲ ਰਹੇ ਧਰਤ ਆਕਾਸ਼
ਬਨਵਾਸ ਸਭ,
ਕੁਦਰਤ ਨੇ ਕੇਸਰੀ
ਪੋਸ਼ਾਕ ਪਹਿਨਾਈ ਹੈ।
ਸੁੰਦਰ ਸੁਹਾਗ ਭਰੀ,
ਪੀਤ ਪਟਵਾਰੇ ਪੈਣ,
'ਗਜਰਾਜ' ਸਪਤਮੀ
ਸ਼ਿੰਗਾਰ ਕਰ ਆਈ ਹੈ।

# ਚੋਣ ਸੁਧਾਰਾਂ ਦਾ ਅਸਲ ਮੁੱਦਾ ਤੇ ਸਿਆਸੀ ਤਿਕੜਮਬਾਜੀ

**ਸਿਆਸਤ ਦਾ ਪਿੜ**



ਜਤਿੰਦਰ ਪਨੂੰ
ਫੋਨ: 91-98140-68455

ਭਾਰਤ ਦੇ ਮੁੱਖ ਚੋਣ ਕਮਿਸ਼ਨਰ ਨਸੀਮ ਜ਼ੈਦੀ ਦੇ ਖਿਲਾਫ ਕਦੀ ਕੋਈ ਵਿਵਾਦਤ ਗੱਲ ਨਹੀਂ ਸੀ ਸੁਣੀ ਅਤੇ ਦੇਸ਼ ਦੇ ਰਾਸ਼ਟਰਪਤੀ ਪ੍ਰਣਬ ਮੁਖਰਜੀ ਨੂੰ ਵੀ ਉਤਮ ਇਨਸਾਨ ਭਾਵੇਂ ਨਾ ਕਿਹਾ ਜਾਵੇ, ਆਮ ਲੋਕਾਂ ਦੀ ਨਜ਼ਰ ਵਿਚ ਉਹ ਆਮ ਤੌਰ ਉਤੇ ਔਸਤ ਦਰਜੇ ਤੋਂ ਚੰਗੇ ਆਗੂ ਮੰਨੇ ਜਾਂਦੇ ਹਨ। ਉਨ੍ਹਾਂ ਦੋਵਾਂ ਨੇ ਇਸ ਹਫਤੇ ਭਾਰਤ ਦੇ ਲੋਕਾਂ ਲਈ ਬਹਿਸ ਦਾ ਇਹ ਮੁੱਦਾ ਛੇੜ ਦਿੱਤਾ ਹੈ ਕਿ ਪਾਰਲੀਮੈਂਟ ਦੇ ਹੇਠਲੇ ਸਦਨ, ਲੋਕ ਸਭਾ, ਤੇ ਰਾਜਾਂ ਦੀਆਂ ਵਿਧਾਨ ਸਭਾਵਾਂ ਦੀਆਂ ਚੋਣਾਂ ਇੱਕੋ ਵੇਲੇ ਕਰਾਉਣੀਆਂ ਚਾਹੀਦੀਆਂ ਹਨ। ਇਹ ਵਿਚਾਰ ਪਹਿਲਾਂ ਵੀ ਚੋਣਾਂ ਦੇ ਦਿਨਾਂ ਵਿਚ ਉਭਰਦਾ ਤੇ ਚਰਚਾ ਦਾ ਵਿਸ਼ਾ ਬਣਦਾ ਰਿਹਾ ਹੈ, ਹੁਣ ਇਹ ਫਿਰ ਪੇਸ਼ ਕਰ ਦਿੱਤਾ ਗਿਆ ਹੈ। ਚੋਣਾਂ ਦੇ ਕਈ ਮਾਹਰ ਇਸ ਮੁੱਦੇ ਉਤੇ ਇਹ ਗੱਲ ਬੜੀ ਸਾਦਗੀ ਨਾਲ ਕਹਿ ਦਿੰਦੇ ਹਨ ਕਿ ਚੋਣਾਂ ਇਕੱਠੀਆਂ ਕਰਵਾਈਆਂ ਜਾਣ ਤਾਂ ਸਮਾਂ ਅਤੇ ਪੈਸਾ ਦੋਵਾਂ ਦੀ ਬੱਚਤ ਹੋ ਸਕਦੀ ਹੈ ਤੇ ਚੁਣੇ ਗਏ ਅਦਾਰਿਆਂ ਦੀ ਮਿਆਦ ਵੀ ਪੱਕੀ ਹੋ ਜਾਵੇਗੀ। ਵੇਖਣ ਨੂੰ ਇਹ ਵਿਚਾਰ ਚੰਗਾ ਲਗਦਾ ਹੈ, ਪਰ ਅਮਲ ਵਿਚ ਇਹੋ ਜਿਹੀ ਸੋਚ ਉਤੇ ਸਿਰ ਖਪਾਉਣ ਵਲ ਲੋਕਾਂ ਨੂੰ ਰੁੱਝੇ ਰੱਖਣ ਦਾ ਲਾਭ ਸਿਰਫ ਇੰਨਾ ਹੋਵੇਗਾ ਕਿ ਚੋਣ ਸੁਧਾਰਾਂ ਦੇ ਅਸਲ ਮੁੱਦੇ ਤੋਂ ਲੋਕਾਂ ਦਾ ਧਿਆਨ ਪਾਸੇ ਪਿਆ ਰਹੇਗਾ।

ਚੋਣਾਂ ਇਕੱਠੀਆਂ ਕਰਾਉਣ ਦਾ ਵਿਚਾਰ ਇਕ ਖੇਖਣ ਤੋਂ ਵੱਧ ਕੁਝ ਨਹੀਂ ਜਾਪਦਾ। ਨਾ ਇਹ ਸੋਚ ਅਮਲ ਵਿਚ ਆ ਸਕਦੀ ਹੈ ਤੇ ਨਾ ਇਸ ਦਾ ਕੋਈ ਲਾਭ ਹੋ ਸਕਦਾ ਹੈ। ਕਿਸੇ ਵਿਕਸਤ ਲੋਕਤੰਤਰੀ ਦੇਸ਼ ਵਿਚ ਭਾਵੇਂ ਇਹ ਅਮਲ ਵਿਚ ਆ ਜਾਵੇ, ਭਾਰਤ ਦੇ ਹਾਲਾਤ ਇਸ ਦੇ ਲਾਇਕ ਨਹੀਂ। ਰਾਜਨੀਤਕ ਅਸਥਿਰਤਾ ਵਾਲੀਆਂ ਰਾਜ ਸਰਕਾਰਾਂ ਅਤੇ ਬੇਭਰੋਸਗੀ ਮਤੇ ਭੁਗਤਦੇ ਰਹਿਣ ਵਾਲੀ ਭਾਰਤ ਦੀ ਪਾਰਲੀਮੈਂਟ ਨੂੰ ਆਪੋ ਵਿਚ ਨੂੜਿਆ ਹੀ ਨਹੀਂ ਜਾ ਸਕਦਾ।

ਐਮਰਜੈਂਸੀ ਪਿੱਛੋਂ ਮੋਰਾਰਜੀ ਦੇਸਾਈ ਦੀ ਅਗਵਾਈ ਹੇਠ ਇਕ ਸਰਕਾਰ ਬਣੀ ਸੀ। ਦੇਸਾਈ ਤੇ ਚੌਧਰੀ ਚਰਨ ਸਿੰਘ ਆਪੋ ਵਿਚ ਲੜ ਪਏ ਤੇ ਚਰਨ ਸਿੰਘ ਨੇ ਇੰਦਰਾ ਗਾਂਧੀ ਦੀ ਮਦਦ ਨਾਲ ਦੇਸਾਈ ਦੀ ਕੁਰਸੀ ਖੋਹ ਲਈ। ਮਸਾਂ ਢਾਈ ਮਹੀਨੇ ਸਰਕਾਰ ਚੱਲੀ ਤੇ ਇੰਦਰਾ ਗਾਂਧੀ ਨੇ ਮਦਦ ਵਾਪਸ ਲੈ ਕੇ ਇਹ ਸਥਿਤੀ ਬਣਾ ਦਿੱਤੀ ਕਿ ਕੋਈ ਸਰਕਾਰ ਮੁੜ ਕੇ ਬਣ ਹੀ ਨਾ ਸਕੇ ਤੇ ਚੋਣਾਂ ਕਰਾਉਣੀਆਂ ਲਾਜ਼ਮੀ ਹੋ ਜਾਣ। ਉਸ ਦੇ ਬਾਅਦ ਜਦੋਂ ਰਾਜੀਵ ਗਾਂਧੀ ਹਾਰਿਆ ਅਤੇ ਵੀ.ਪੀ. ਸਿੰਘ ਸਰਕਾਰ ਬਣੀ ਤਾਂ ਉਸ ਦੇ ਖਿਲਾਫ ਉਸੇ ਪਾਰਟੀ ਦੇ ਚੰਦਰ ਸ਼ੇਖਰ ਨੇ ਬਗਾਵਤ ਕਰ ਕੇ ਰਾਜੀਵ ਗਾਂਧੀ ਦੀ ਹਮਾਇਤ ਨਾਲ ਸਰਕਾਰ ਬਣਾਈ ਸੀ, ਪਰ ਉਸ ਦਾ ਹਸ਼ਰ ਵੀ ਚੌਧਰੀ ਚਰਨ ਸਿੰਘ ਵਾਲਾ ਹੋਇਆ। ਇਸ ਕਾਰਨ ਫਿਰ ਨਵੀਂ ਪਾਰਲੀਮੈਂਟ ਚੁਣਨੀ ਪਈ।

ਦੇਵਗੌੜਾ ਤੇ ਇੰਦਰ ਕੁਮਾਰ ਗੁਜਰਾਲ ਸਰਕਾਰਾਂ ਦੀ ਹਮਾਇਤ ਕਾਂਗਰਸ ਨੇ ਵਾਪਸ ਲਈ ਤਾਂ ਉਦੋਂ ਵੀ ਇਹੋ ਹਾਲਾਤ ਬਣੇ ਤੇ ਲੋਕ ਸਭਾ ਚੋਣਾਂ ਹੋਈਆਂ ਸਨ। ਅਟਲ ਬਿਹਾਰੀ ਵਾਜਪਾਈ ਦੀ ਸਰਕਾਰ ਕੁੱਲ ਇੱਕ ਵੋਟ ਨਾਲ ਆਪਣੇ ਵਿਰੁਧ ਬੇਭਰੋਸਗੀ ਮਤਾ ਪਾਸ ਹੋਣ ਨਾਲ ਟੁੱਟ ਗਈ ਤੇ ਚੋਣਾਂ ਕਰਵਾਉਣ ਦੀ ਮਜਬੂਰੀ ਉਦੋਂ ਵੀ ਬਣ ਗਈ ਸੀ। ਇਨ੍ਹਾਂ ਚਾਰੇ ਮੌਕਿਆਂ ਉਤੇ ਕਿਸੇ ਵੀ ਰਾਜ ਵਿਚ ਇਦਾਂ ਦਾ ਸੰਕਟ ਨਹੀਂ ਸੀ। ਉਥੇ ਸਰਕਾਰਾਂ ਆਰਾਮ ਨਾਲ ਚੱਲ ਰਹੀਆਂ ਸਨ।

ਲੋਕ ਸਭਾ ਅਤੇ ਵਿਧਾਨ ਸਭਾ ਚੋਣਾਂ ਇਕੱਠੇ ਕਰਾਉਣ ਦੀ ਨੀਤੀ ਨਾਲ ਦੋ ਹੀ ਗੱਲਾਂ ਹੋਣੀਆਂ ਸਨ। ਪਹਿਲੀ ਇਹ ਕਿ ਕਿਸੇ ਘੱਟ-ਗਿਣਤੀ ਵਾਲੇ ਆਗੂ ਨੂੰ ਚਾਰ ਕੁ ਸਾਲ ਦੇਸ਼ ਚਲਾਈ ਜਾਣ ਦਾ ਹਾਸੋਹੀਣਾ ਮੌਕਾ ਦੇ ਦਿੱਤਾ ਜਾਂਦਾ ਤੇ ਦੂਜਾ ਇਹ ਕਿ ਸਾਰੀਆਂ ਰਾਜ ਵਿਧਾਨ ਸਭਾਵਾਂ ਨੂੰ ਤੋੜ ਕੇ ਇਕੱਠੇ ਚੋਣਾਂ ਕਰਵਾਉਣ ਦੀ ਜ਼ਿਦ ਪੂਰੀ ਕੀਤੀ ਜਾਂਦੀ। ਇਹ ਦੋਵੇਂ ਵਿਚਾਰ ਹੀ ਬੇਵਕੂਫੀ ਵਾਲੇ ਹਨ।

ਦੂਸਰੇ ਪਾਸੇ ਇਹੋ ਕੁਝ ਕਈ ਵਾਰ ਰਾਜਾਂ ਵਿਚ ਹੁੰਦਾ ਰਿਹਾ ਹੈ। ਲਛਮਣ ਸਿੰਘ ਗਿੱਲ ਨੇ ਕਾਂਗਰਸ ਪਾਰਟੀ ਨਾਲ ਮਿਲ ਕੇ ਪੰਜਾਬ ਦੀ ਜਸਟਿਸ ਗੁਰਨਾਮ ਸਿੰਘ ਵਾਲੀ ਸਰਕਾਰ ਦੀ ਜੜ੍ਹ ਵੱਢੀ ਸੀ, ਪਰ ਆਪ ਵੀ ਨਹੀਂ ਸੀ ਚਲਾ ਸਕਿਆ ਤੇ ਵਿਧਾਨ ਸਭਾ ਚੋਣਾਂ ਦਾ ਸਾਹਮਣਾ ਕਰਨਾ ਪਿਆ ਸੀ। ਕਈ ਹੋਰ ਰਾਜਾਂ ਵਿਚ ਵੀ ਇਦਾਂ ਹੋ ਚੁੱਕਾ ਹੈ। ਇਸ ਤਰ੍ਹਾਂ ਦੀ ਹਾਲਤ ਵਿਚ ਇਕੱਠੇ ਚੋਣਾਂ ਕਰਵਾਉਣ ਲਈ ਲੋਕ ਸਭਾ ਅਤੇ ਬਾਕੀ ਸਾਰੇ ਰਾਜਾਂ ਦੀਆਂ ਵਿਧਾਨ ਸਭਾਵਾਂ ਨੂੰ ਬਿਨਾ ਵਜ੍ਹਾ ਤੋੜਨਾ ਪਵੇਗਾ, ਜਿਨ੍ਹਾਂ ਦਾ ਕੋਈ ਕਸੂਰ ਨਹੀਂ ਹੋਵੇਗਾ। ਇਕੱਠੀਆਂ ਚੋਣਾਂ ਕਰਵਾਉਣ ਵਿਚ ਪੈਸੇ ਤੇ ਸਮੇਂ ਦੀ ਬੱਚਤ ਵੇਖਣ ਵਾਲੇ ਵਿਦਵਾਨਾਂ ਨੂੰ ਇਸ ਦਾ ਅਹਿਸਾਸ ਹੀ ਨਹੀਂ ਜਾਪਦਾ।

ਲੋੜ ਅਸਲ ਵਿਚ ਭਾਰਤ ਦਾ ਉਹ ਚੋਣ ਪ੍ਰਬੰਧ ਸੁਧਾਰਨ ਦੀ ਹੈ, ਜਿਸ ਵਿਚ ਕਈ ਵਾਰੀ ਥੋੜ੍ਹੀਆਂ ਵੋਟਾਂ ਵਾਲਾ ਲੀਡਰ ਜਾਂ ਪਾਰਟੀ ਚੁਣੀ ਜਾਵੇ ਤਾਂ ਆਪਣੇ ਆਪ ਨੂੰ ਬਹੁ-ਸੰਮਤੀ ਦਾ ਪ੍ਰਤੀਨਿਧ ਦੱਸਦੇ ਹਨ। ਇਸ ਸਿਸਟਮ ਦੇ ਬੜੇ ਨੁਕਸ ਹਨ। ਕਈ ਵਾਰੀ ਚੋਣਾਂ ਵਿਚ ਕਿਸੇ ਥਾਂ ਸਾਰੇ ਬਦਨਾਮ ਉਮੀਦਵਾਰ ਖੜੋਤੇ ਹੁੰਦੇ ਹਨ ਤੇ ਚੰਗਾ ਆਗੂ ਚੁਣਨ ਦਾ ਮੌਕਾ ਲੋਕਾਂ ਕੋਲ ਨਹੀਂ ਰਹਿੰਦਾ। ਇੱਕ ਵਾਰ ਉਤਰ ਪ੍ਰਦੇਸ਼ ਵਿਚ ਇੱਕ ਹਲਕੇ ਤੋਂ ਜਿਹੜਾ ਵਿਧਾਇਕ ਚੁਣਿਆ ਗਿਆ, ਉਹ ਕਤਲ ਦੇ ਕੇਸ ਵਿਚ ਜੇਲ੍ਹ ਵਿਚ ਸੀ ਤੇ ਉਸ ਤੋਂ ਦੂਸਰੇ ਅਤੇ ਤੀਸਰੇ ਨੰਬਰ ਵਾਲੇ ਦੋਵੇਂ ਉਮੀਦਵਾਰ ਵੀ ਕਤਲ ਕੇਸਾਂ ਵਿਚ ਉਸੇ ਜੇਲ੍ਹ ਵਿਚ ਦੂਸਰੀਆਂ ਬੈਰਕਾਂ ਵਿਚ ਬੈਠੇ ਹੋਏ ਸਨ। ਇਦਾਂ ਦੇ ਮੌਕੇ ਲਈ ਵੋਟਰਾਂ ਨੂੰ ਕਿਹਾ ਜਾਂਦਾ ਹੈ ਕਿ ਤੁਸੀਂ 'ਨੋਟਾ' (ਕਿਸੇ ਨੂੰ ਵੀ ਵੋਟ ਨਹੀਂ) ਦਾ ਬਟਨ ਦਬਾ ਸਕਦੇ ਹੋ। ਇਹ ਬਟਨ ਲੋਕ ਦੱਬ ਦੇਣਗੇ, ਪਰ ਇਸ ਨਾਲ ਕੋਈ ਫਰਕ ਨਹੀਂ ਪੈਣਾ। ਉਨ੍ਹਾਂ ਦੀਆਂ 'ਨੋਟਾ' ਵਾਲੇ ਖਾਤੇ ਦੀਆਂ ਵੋਟਾਂ ਦੀ ਸਿਰਫ ਗਿਣਤੀ ਕੀਤੀ ਜਾਵੇਗੀ, ਹਾਰ-ਜਿੱਤ ਲਈ ਉਸ ਦਾ ਕੋਈ ਅਰਥ ਨਹੀਂ।

ਮਹਾਰਾਸ਼ਟਰ ਵਿਚ ਪਿਛਲੀਆਂ ਵਿਧਾਨ ਸਭਾ ਚੋਣਾਂ ਦੌਰਾਨ ਗੜ੍ਹ ਚਿਰੌਲੀ ਹਲਕੇ ਤੋਂ ਭਾਜਪਾ ਉਮੀਦਵਾਰ ਜਿੱਤ ਗਿਆ। ਸ਼ਰਦ ਪਵਾਰ ਦੀ ਪਾਰਟੀ ਦਾ ਉਮੀਦਵਾਰ 18280 ਵੋਟਾਂ ਨਾਲ ਦੂਸਰੇ ਥਾਂ ਆਇਆ ਤੇ ਨੋਟਾ ਦੀਆਂ ਵੋਟਾਂ 17510 ਨਿਕਲੀਆਂ। ਕਾਂਗਰਸ ਉਮੀਦਵਾਰ ਦੀਆਂ ਉਸ ਹਲਕੇ ਵਿਚ ਨੋਟਾ ਤੋਂ ਘੱਟ ਮਸਾਂ 17208 ਵੋਟਾਂ, ਸ਼ਿਵ ਸੈਨਾ ਵਾਲੇ ਦੀਆਂ 14892 ਅਤੇ ਬਹੁਜਨ ਸਮਾਜ ਪਾਰਟੀ ਵਾਲੇ ਦੀਆਂ 13780 ਵੋਟਾਂ ਸਨ। ਇਸ ਤਰ੍ਹਾਂ ਨੋਟਾ ਵਾਲੇ ਖਾਤੇ ਦੀਆਂ ਵੋਟਾਂ ਤਿੰਨ ਪ੍ਰਮੁੱਖ ਪਾਰਟੀਆਂ ਤੋਂ ਵੱਧ ਨਿਕਲੀਆਂ, ਪਰ ਇਸ ਨਾਲ ਕਿਸੇ ਨੂੰ ਫਰਕ ਨਹੀਂ ਪਿਆ।

ਬਿਹਾਰ ਵਿਚ ਪਿਛਲੀਆਂ ਵਿਧਾਨ ਸਭਾ ਚੋਣਾਂ ਵਿਚ ਵੀਹ ਤੋਂ ਵੱਧ ਸੀਟਾਂ ਦੇ ਜੇਤੂ ਉਮੀਦਵਾਰ ਦਾ ਦੂਸਰੇ ਨੰਬਰ ਵਾਲੇ ਤੋਂ ਜਿੱਤ ਦਾ ਫਰਕ ਥੋੜ੍ਹਾ ਸੀ ਤੇ ਨੋਟਾ ਵਾਲੀਆਂ ਵੋਟਾਂ ਵੱਧ ਸਨ। ਮਿਸਾਲ ਵਜੋਂ ਭਾਜਪਾ ਉਮੀਦਵਾਰ ਚਿਨਪਾਟੀਆ ਤੋਂ ਮਸਾਂ 464 ਵੋਟਾਂ ਦੇ ਫਰਕ ਨਾਲ ਜਿੱਤ ਸਕਿਆ ਤੇ ਨੋਟਾ ਵੋਟਾਂ 4506 ਸਨ। ਕੁਚਾਈਕੋਟ ਤੋਂ ਲਾਲੂ ਪ੍ਰਸਾਦ ਦੀ ਪਾਰਟੀ ਦਾ ਉਮੀਦਵਾਰ 3562 ਦੇ ਫਰਕ ਨਾਲ ਜਿੱਤਿਆ ਤੇ ਨੋਟਾ ਵਾਲੀਆਂ 7512 ਵੋਟਾਂ ਨਿਕਲੀਆਂ। ਨਾਲੰਦਾ ਤੋਂ ਜਨਤਾ ਦਲ (ਯੂ) ਉਮੀਦਵਾਰ 2996 ਵੋਟਾਂ ਦੇ ਫਰਕ ਨਾਲ ਜਿੱਤਿਆ ਅਤੇ ਨੋਟਾ ਵਾਲੀਆਂ 6531 ਵੋਟਾਂ ਸਨ। ਗੋਬਿੰਦਪੁਰ ਤੋਂ ਕਾਂਗਰਸੀ ਬੀਬੀ 4399 ਵੋਟਾਂ ਦੇ ਫਰਕ ਨਾਲ ਜਿੱਤ ਗਈ ਅਤੇ ਸਭ ਨੂੰ ਰੱਦ ਕਰਨ ਵਾਲੇ ਨੋਟਾ ਦਾ ਬਟਨ 5411 ਵੋਟਰ ਦੱਬ ਕੇ ਗਏ ਸਨ। ਫਿਰ ਇਹਦਾ ਕਿਸੇ ਨੂੰ ਲਾਭ ਕੀ ਹੋ ਸਕਿਆ?

ਕਰਨ ਵਾਲਾ ਕੰਮ ਤਾਂ ਚੋਣ ਪ੍ਰਬੰਧ ਨੂੰ ਸੁਧਾਰਨ ਦਾ ਹੈ। ਸਾਡੇ ਚੋਣ ਪ੍ਰਬੰਧ ਵਿਚ ਪੰਜਾਹ ਫੀਸਦੀ ਤੋਂ ਵੱਧ ਵੋਟਾਂ ਨਾਲ ਬੜੇ ਘੱਟ ਲੋਕ ਜਿੱਤਦੇ ਹਨ। ਮਿਸਾਲ ਵਜੋਂ ਪਿਛਲੀਆਂ ਚੋਣਾਂ ਵੇਲੇ ਭਾਰਤੀ ਜਨਤਾ ਪਾਰਟੀ ਦੀਆਂ 282 ਸੀਟਾਂ ਆਈਆਂ ਤੇ ਇਹ ਲੋਕ ਸਭਾ ਵਿਚ ਅੱਧ 272 ਤੋਂ ਦਸ ਵੱਧ ਬਣਦੀਆਂ ਸਨ, ਪਰ ਸਾਰੇ ਦੇਸ਼ ਵਿਚੋਂ ਉਸ ਦੀਆਂ ਵੋਟਾਂ ਸਿਰਫ 31 ਫੀਸਦੀ ਸਨ। ਸੰਸਾਰ ਵਿਚ ਚੱਲਦੇ ਚੋਣ ਪ੍ਰਬੰਧਾਂ ਵਿਚ ਭਾਰਤ ਦਾ ਚੋਣ ਸਿਸਟਮ 'ਫਸਟ ਪਾਸ ਦ ਪੋਸਟ' (ਜਿਹੜਾ ਉਮੀਦਵਾਰ ਬਾਕੀਆਂ ਤੋਂ ਅੱਗੇ ਨਿਕਲ ਗਿਆ) ਦੀ ਕਿਸਮ ਦਾ ਹੈ। ਇਸ ਤੋਂ ਵੱਖ ਸਿਸਟਮ ਨਿਊਜ਼ੀਲੈਂਡ ਵਿਚ ਚੱਲਦਾ ਹੈ। ਉਥੇ ਪਾਰਲੀਮੈਂਟ ਦੀਆਂ ਕੁੱਲ 121 ਸੀਟਾਂ ਵਿਚੋਂ 70 ਦੀ ਚੋਣ ਹੁੰਦੀ ਹੈ। ਚੋਣਾਂ ਪਿੱਛੋਂ ਸਾਰੇ ਦੇਸ਼ ਵਿਚ ਪਾਰਟੀਆਂ ਦੀ ਵੋਟਾਂ ਦੀ ਫੀਸਦੀ ਵੇਖੀ ਜਾਂਦੀ ਹੈ ਤੇ ਜਿਸ ਪਾਰਟੀ ਦੀਆਂ ਜਿੰਨੇ ਫੀਸਦੀ ਵੋਟਾਂ ਹੋਣ, ਪਾਰਲੀਮੈਂਟ ਵਿਚ ਉਸ ਨੂੰ ਓਨੀਆਂ ਸੀਟਾਂ ਮਿਲ ਜਾਂਦੀਆਂ ਹਨ। ਚੋਣ ਵਾਲੀਆਂ 70 ਸੀਟਾਂ ਵਿਚੋਂ ਉਸ ਪਾਰਟੀ ਵੱਲੋਂ ਜਿੱਤੀਆਂ ਸੀਟਾਂ ਕੱਢ ਕੇ ਜਿੰਨੀਆਂ ਕੋਟੇ ਮੁਤਾਬਕ ਘਟਦੀਆਂ ਹੋਣ, ਓਨੀਆਂ ਲਈ ਉਸ ਨੂੰ ਆਪਣੇ ਮੈਂਬਰ ਨਾਮਜ਼ਦ ਕਰਨ ਦਾ ਅਧਿਕਾਰ ਹੁੰਦਾ ਹੈ। ਮਿਸਾਲ ਵਜੋਂ 70 ਚੁਣੀਆਂ ਜਾਣ ਵਾਲੀਆਂ ਸੀਟਾਂ ਵਿਚੋਂ ਇੱਕ ਪਾਰਟੀ ਨੇ 16 ਸੀਟਾਂ ਜਿੱਤੀਆਂ ਤੇ ਬੜੇ ਥੋੜ੍ਹੇ ਫਰਕ ਨਾਲ ਸੀਟਾਂ ਹਾਰਨ ਕਰ ਕੇ ਉਸ ਦੀਆਂ ਵੋਟਾਂ 35 ਫੀਸਦੀ ਸਨ। ਇੱਕ 121 ਸੀਟਾਂ ਦੀ ਪਾਰਲੀਮੈਂਟ ਵਿਚ ਫੀਸਦੀ ਦੇ ਹਿਸਾਬ ਉਸ ਦੀਆਂ 42 ਸੀਟਾਂ ਹਨ। 16 ਸੀਟਾਂ ਜਿੱਤ ਚੁੱਕੀ ਉਸ ਪਾਰਟੀ ਨੂੰ ਵੋਟ ਫੀਸਦੀ ਦੇ ਹਿਸਾਬ ਬਣਦੀਆਂ 42 ਸੀਟਾਂ ਵਿਚੋਂ ਬਾਕੀ ਦੀਆਂ 28 ਸੀਟਾਂ ਲਈ ਆਪਣੇ ਮੈਂਬਰ ਨਾਮਜ਼ਦ ਕਰਨ ਦਾ ਅਧਿਕਾਰ ਹੋਵੇਗਾ। ਇਸ ਦਾ ਲਾਭ ਇਹ ਹੋਵੇਗਾ ਕਿ ਦੇਸ਼ ਵਿਚ ਜਿਸ ਤਰ੍ਹਾਂ ਦੀ ਲੋਕਾਂ ਦੀ ਰਾਏ ਆਈ ਹੋਵੇਗੀ, ਉਨ੍ਹਾਂ ਦੀ ਆਮ ਰਾਏ ਦੀ ਫੀਸਦੀ ਦੇ ਹਿਸਾਬ ਨਾਲ ਪਾਰਲੀਮੈਂਟ ਵੀ ਲੋਕਾਂ ਦੇ ਮਨ ਮੁਤਾਬਕ ਹੀ ਬਣੇਗੀ। ਸਾਡੇ ਪ੍ਰਧਾਨ ਮੰਤਰੀ ਵਾਂਗ 31 ਫੀਸਦੀ ਲੈ ਕੇ ਕੋਈ ਬਹੁ-ਗਿਣਤੀ ਦਾ ਦਾਅਵਾ ਨਹੀਂ ਕਰੇਗਾ।

ਇਸ ਤਰ੍ਹਾਂ ਦੇ ਕਈ ਹੋਰ ਬਦਲ ਵੀ ਵਿਚਾਰੇ ਜਾ ਸਕਦੇ ਹਨ, ਪਰ ਉਸ ਦੀ ਥਾਂ ਸਾਨੂੰ ਪਾਰਲੀਮੈਂਟ ਤੇ ਵਿਧਾਨ ਸਭਾਵਾਂ ਦੀਆਂ ਚੋਣਾਂ ਇਕੱਠੀਆਂ ਕਰਨ ਦੇ ਉਸ ਵਿਚਾਰ ਵਲ ਉਲਝਾਇਆ ਜਾ ਰਿਹਾ ਹੈ, ਜਿਹੜਾ ਭਲਾ ਕਰਨ ਦੀ ਥਾਂ ਹੋਰ ਸਮੱਸਿਆਵਾਂ ਪੈਦਾ ਕਰਨ ਵਾਲਾ ਹੈ। ਅਗਲੀ ਵਾਰ ਕੋਈ ਚੋਣ ਆਈ ਤਾਂ ਇਦਾਂ ਦੀ ਨਵੀਂ ਸੁਰਲੀ ਛਡੀ ਜਾ ਸਕਦੀ ਹੈ, ਜਿਸ ਨਾਲ ਲੋਕ ਇੱਕ ਵਾਰ ਫਿਰ ਚੱਕਰ ਵਿਚ ਪਏ ਰਹਿਣਗੇ।

## ਹੁਣ ਐਚ-1ਬੀ ਵੀਜ਼ਿਆਂ ਲਈ ਰਾਹ ਬੰਦ ਕਰਨ ਦੀ ਤਿਆਰੀ

**ਵਾਸ਼ਿੰਗਟਨ:** ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਐਚ-1ਬੀ ਅਤੇ ਐਲ1 ਵਰਗੇ ਕੰਮਕਾਜੀ ਵੀਜ਼ਾ ਪ੍ਰੋਗਰਾਮਾਂ ਵਿਚ ਇਕ ਵਾਢਿਓਂ ਸੁਧਾਰ ਲਈ ਇਕ ਨਵੇਂ ਪ੍ਰਸ਼ਾਸਕੀ (ਐਗਜ਼ੀਕਿਊਟਵ) ਹੁਕਮ 'ਤੇ ਹਸਤਾਖਰ ਕਰਨ ਦੀ ਤਿਆਰੀ ਕਰ ਲਈ ਹੈ।

ਇਸ ਨਾਲ ਅਮਰੀਕਾ ਵਿਚ ਭਾਰਤੀ ਤਕਨਾਲੋਜੀ ਫਰਮਾਂ ਅਤੇ ਪੇਸ਼ੇਵਰਾਂ ਉਤੇ ਬਹੁਤ ਜ਼ਿਆਦਾ ਅਸਰ ਪਵੇਗਾ। ਟਰੰਪ ਪ੍ਰਸ਼ਾਸਨ ਵੱਲੋਂ ਤਿਆਰ ਕੀਤੇ ਸ਼ਾਸਕੀ ਹੁਕਮ ਸਿਰਫ ਐਚ-1ਬੀ ਤੇ ਐਲ1 ਵੀਜ਼ਿਆਂ ਦੀ ਸੰਘੀ ਹੀ ਨਹੀਂ ਘੁੱਟਣਗੇ ਬਲਕਿ ਇੰਸਪੈਕਟਰ ਰਾਜ ਵਿਚ ਵਾਧਾ ਕਰਨ ਤੋਂ ਇਲਾਵਾ ਅਜਿਹੇ ਕੰਮਕਾਜੀ ਵੀਜ਼ਿਆਂ 'ਤੇ ਪਤੀ ਜਾਂ ਪਤਨੀ ਨੂੰ ਰੁਜ਼ਗਾਰ ਪ੍ਰਵਾਨਗੀ ਕਾਰਡ ਦਾ ਵੀ ਅੰਤ ਕਰਨਗੇ, ਜੋ ਹਾਲ ਹੀ ਵਿਚ ਓਬਾਮਾ ਪ੍ਰਸ਼ਾਸਨ ਵੱਲੋਂ ਸ਼ੁਰੂ ਕੀਤਾ ਗਿਆ ਸੀ। ਇਸ ਹੁਕਮ ਦਾ ਖਰੜਾ ਲੀਕ ਹੋ ਗਿਆ ਸੀ, ਜਿਸ ਨੂੰ ਕੁਝ ਖਬਰ ਵੈੱਬਸਾਈਟਾਂ ਨੇ ਪ੍ਰਕਾਸ਼ਿਤ ਕਰ ਦਿੱਤਾ।

ਵ੍ਹਾਈਟ ਹਾਊਸ ਦੇ ਪ੍ਰੈੱਸ ਸਕੱਤਰ ਸੀਨ ਸਪਾਈਸਰ ਨੇ ਦੱਸਿਆ, 'ਮੈਂ ਮੰਨਦਾ ਹਾਂ ਕਿ ਐਚ-1ਬੀ ਅਤੇ ਹੋਰ ਵੀਜ਼ਿਆਂ ਦੇ ਨਿਯਮਾਂ ਵਿਚ ਸਖਤੀ ਆਵਾਸ ਸੁਧਾਰ ਦੇ ਵੱਡੇ ਯਤਨਾਂ ਦਾ ਹਿੱਸਾ ਹਨ ਅਤੇ ਰਾਸ਼ਟਰਪਤੀ ਟਰੰਪ ਇਸ ਬਾਰੇ ਪ੍ਰਸ਼ਾਸਕੀ ਹੁਕਮ ਤੇ ਕਾਂਗਰਸ ਰਾਹੀਂ ਗੱਲ ਕਰਦੇ ਰਹਿਣਗੇ।'

ਲੀਕ ਹੋਏ ਖਰੜੇ ਮੁਤਾਬਕ ਟਰੰਪ ਦਾ ਇਹ ਹੁਕਮ ਸਾਬਕਾ ਰਾਸ਼ਟਰਪਤੀ ਬਰਾਕ ਓਬਾਮਾ ਦੇ ਆਪਸ਼ਨਲ ਪ੍ਰੈਕਟੀਕਲ ਟਰੇਨਿੰਗ ਵਰਕ ਵੀਜ਼ਿਆਂ ਦੀ ਮਿਆਦ ਵਿਚ ਵਾਧੇ ਦੇ ਹੁਕਮ ਪਲਟੇਗਾ, ਜਿਸ ਤਹਿਤ ਵਿਦੇਸ਼ੀ ਵਿਦਿਆਰਥੀਆਂ ਨੂੰ ਅਮਰੀਕਾ ਵਿਚ ਪੜ੍ਹਾਈ ਖਤਮ ਕਰਨ ਬਾਅਦ ਕੁਝ ਜ਼ਿਆਦਾ ਸਮੇਂ ਤੱਕ ਰੁਕਣ ਦਾ ਮੌਕਾ ਮਿਲਦਾ ਹੈ। ਉਧਰ, ਭਾਰਤ ਨੇ ਕਿਹਾ ਕਿ ਉਸ ਨੇ ਅਮਰੀਕਾ ਨੂੰ ਆਪਣੇ 'ਹਿੱਤਾਂ ਤੇ ਸੰਸਿਆਂ' ਬਾਰੇ ਦੱਸ ਦਿੱਤਾ ਹੈ।

# ਪੰਜਾਬ ਦੇ ਨਵੇਂ ਇਨਕਲਾਬ ਦਾ ਸਿਤਾਰਾ ਭਗਵੰਤ ਮਾਨ

**ਸਿਆਸਤ ਦਾ ਪਿੜ**

ਬਲਜਿੰਦਰ ਸੇਖਾ (ਕੈਨੇਡਾ)
ਫੋਨ: 416-509-6200

ਅੱਜ ਦੁਨੀਆਂ ਵਿਚ ਜਿਥੇ ਕਿਤੇ ਵੀ ਪੰਜਾਬੀ ਵਸਦੇ ਹਨ, ਪੰਜਾਬ ਚੋਣਾਂ ਦਾ ਜ਼ਿਕਰ ਜ਼ੋਰਾਂ 'ਤੇ ਹੈ। ਚੋਣਾਂ ਤਾਂ ਪਹਿਲਾਂ ਵੀ ਆਉਂਦੀਆਂ ਰਹੀਆਂ ਹਨ, ਪਰ ਇਸ ਵਾਰ ਰੰਗ ਕੁਝ ਹੋਰ ਹੀ ਹੈ।

ਪਿਛਲੇ ਚਾਰ ਸਾਲਾਂ ਤੋਂ ਭਾਰਤ ਵਿਚ ਅਰਵਿੰਦ ਕੇਜਰੀਵਾਲ ਅਤੇ ਉਸ ਦੀ ਅਗਵਾਈ ਹੇਠਲੀ ਆਮ ਆਦਮੀ ਪਾਰਟੀ ਨੇ ਲੋਕਰਾਜੀ ਤਰੀਕੇ ਨਾਲ ਇਕ ਨਵੇਂ ਇਨਕਲਾਬ ਦਾ ਝੰਡਾ ਚੁਕਿਆ ਹੋਇਆ ਹੈ, ਜਿਸ ਦਾ ਆਗਾਜ਼ ਅੰਨਾ ਹਜ਼ਾਰੇ ਦੀ ਰਹਿਨੁਮਾਈ ਹੇਠ ਹੋਇਆ ਸੀ। ਸਿਰਫ ਚਾਰ ਸਾਲਾਂ ਵਿਚ ਦਿੱਲੀ ਵਿਚ ਦੋ ਵਾਰ ਚੋਣਾਂ ਜਿੱਤੀਆਂ, ਜਿਨ੍ਹਾਂ ਵਿਚੋਂ ਦੂਜੀ ਵਾਰ ਤਾਂ ਰਿਕਾਰਡ ਜਿੱਤ ਹਾਸਲ ਕਰਕੇ ਇਕ ਤਰ੍ਹਾਂ ਨਾਲ ਬਹੁਮਤ ਦਾ ਰਿਕਾਰਡ ਕਾਇਮ ਕੀਤਾ ਜਿਸ ਦਾ ਕਿਆਸ ਪਾਰਟੀ ਦੇ ਆਗੂਆਂ ਨੂੰ ਖੁਦ ਵੀ ਨਹੀਂ ਸੀ। ਪੰਜਾਬ ਵਿਚੋਂ ਪਾਰਟੀ ਦੇ ਚਾਰ ਲੋਕ ਸਭਾ ਮੈਂਬਰਾਂ ਦੀ ਜਿੱਤ ਵੀ ਇਕ ਰਿਕਾਰਡ ਸੀ।

ਪੰਜਾਬੀ ਕਮੇਡੀਅਨ ਤੋਂ ਸਿਆਸਤਦਾਨ ਬਣੇ ਭਗਵੰਤ ਮਾਨ ਨਾਲ ਮੇਰੀ ਮੁਲਾਕਾਤ ਮੇਰੇ ਮਿੱਤਰ ਸਵਰਗੀ ਰਾਜ ਬਰਾੜ ਦੇ ਜ਼ਰੀਏ ਜਰਨੈਲ ਘੁਮਾਣ ਦੀ ਕੰਪਨੀ ਸੀ ਐਮ ਸੀ ਦੇ ਦਫਤਰ ਲੁਧਿਆਣੇ 1993 ਦੇ ਸ਼ੁਰੂ ਵਿਚ ਹੋਈ। ਉਸ ਸਮੇਂ ਰਾਜ ਬਰਾੜ ਕਾਮੇਡੀ ਕੈਸਟ 'ਛਿੱਤਰੋ ਛਿੱਤਰੀ' ਰਿਕਾਰਡ ਕਰਵਾ ਰਿਹਾ ਸੀ। ਮੇਰੇ ਪਿੰਡੋਂ ਦੋਸਤ ਸਤਪਾਲ ਸੇਖਾ ਨੇ ਮੇਰੀ ਦੱਸ ਪਾਈ। ਰਿਕਾਰਡਿੰਗ ਦੌਰਾਨ ਇਸ ਘਰ ਵਿਚ ਦਿਲਬਾਗ ਧਾਲੀਵਾਲ ਤੇ ਮੈਨੂੰ ਰਹਿਣ ਦਾ ਮੌਕਾ ਮਿਲਦਾ। ਉਸ ਸਮੇਂ ਸੋਚਿਆ ਵੀ ਨਹੀਂ ਸੀ ਕਿ ਸੰਗਰੂਰ ਦੇ ਪਿੰਡ ਸਤੌਜ ਦਾ ਛੋਟੇ ਜਿਹੇ ਕੱਦ ਦਾ ਬੰਦਾ ਇਡੇ ਸਿਖਰ 'ਤੇ ਪੁੱਜੇਗਾ। ਜਦ ਭਗਵੰਤ ਮਾਨ ਦੀ ਪਹਿਲੀ ਕੈਸਟ 'ਗੋਭੀ ਦੀਏ ਕੱਚੀਏ ਵਪਾਰਨੇ' ਹਿੱਟ ਹੋਈ ਤਾਂ ਰਾਜ ਬਰਾੜ ਨੇ ਦੱਸਿਆ, ਭਗਵੰਤ ਨੂੰ ਗਾਇਕ ਮੁਹੰਮਦ ਸਦੀਕ ਨੇ ਕਿਹਾ ਸੀ, 'ਭੰਤੇ' ਜੇ ਜ਼ਿੰਦਗੀ ਵਿਚ ਅੱਗੇ ਵਧਣਾ ਹੈ ਤਾਂ ਗੋਭੀ ਗੰਢਿਆਂ ਤੋਂ ਅੱਗੇ ਲੋਕਾਂ ਦੀ ਗੱਲ ਕਰ। ਉਸ ਤੋਂ ਬਾਅਦ ਕੁਲਫੀ ਗਰਮਾ ਗਰਮ ਤੇ ਮਿੱਠੀਆਂ ਮਿਰਚਾਂ ਨੇ ਉਸ ਨੂੰ ਪੂਰਨ ਤੌਰ 'ਤੇ ਸਥਾਪਤ ਕਰ ਦਿੱਤਾ। ਉਸ ਸਮੇਂ ਲੋਕ ਜਲੰਧਰ ਟੀ ਵੀ 'ਤੇ ਆਉਣ ਨੂੰ ਤਰਸਦੇ ਸੀ ਪਰ ਭਗਵੰਤ ਮਾਨ ਸਥਾਪਤੀ ਤੋਂ ਦੋ ਸਾਲ ਬਾਅਦ 1994 ਦੇ ਨਵੇਂ ਸਾਲ 'ਤੇ ਟੀ ਵੀ ਰਾਹੀਂ ਲੋਕਾਂ ਦੇ ਰੂਬਰੂ ਹੋਇਆ। ਇਹ ਉਸ ਸਮੇਂ ਦੂਰਦਰਸ਼ਨ ਦੇ ਕੁਰੱਪਟ ਸਿਸਟਮ ਖ਼ਿਲਾਫ਼ ਨਿਵੇਕਲਾ ਕਦਮ ਸੀ।

1993 ਤੋਂ 2000 ਤੱਕ ਮਾਨ ਨੂੰ ਕਦੇ ਵੀ ਸ਼ਰਾਬ ਦਾ ਸੇਵਨ ਕਰਦੇ ਨਹੀਂ ਦੇਖਿਆ ਸੀ। ਇੱਕ ਰਾਤ ਮੋਗੇ ਰਾਮ ਲੀਲਾ ਕਮੇਟੀ ਨੇ ਉਸ ਨੂੰ ਪ੍ਰੋਗਰਾਮ ਦਾ ਸੱਦਾ ਦਿੱਤਾ। ਜਗਤਾਰ ਜੱਗੀ ਮੇਰੇ



ਕੋਲ ਮੋਗੇ ਆ ਗਿਆ। ਭਗਵੰਤ ਦੀ ਕਾਰ ਰਸਤੇ ਵਿਚ ਖਰਾਬ ਹੋ ਗਈ। ਉਸ ਦਾ ਪ੍ਰੋਗਰਾਮ ਬੁੱਕ ਕਰਾਉਣ ਵਾਲਾ ਉਘਾ ਲੇਖਕ ਕੇ ਐਲ ਗਰਗ ਪਰੇਸ਼ਾਨ ਹੋਈ ਜਾਵੇ। ਉਸ ਸਮੇਂ ਸੈਲ ਫੋਨ ਵੀ ਨਹੀਂ ਸਨ। ਜਦ ਥੋੜ੍ਹੀ ਦੇਰ ਬਾਅਦ ਭਗਵੰਤ ਮਾਨ ਮੋਗੇ ਦੀ ਦਾਣਾ ਮੰਡੀ ਵਿਚ ਪਹੁੰਚਿਆ, ਲੋਕਾਂ ਨੇ ਹੱਥਾਂ 'ਤੇ ਚੱਕ ਲਿਆ। ਪ੍ਰੋਗਰਾਮ ਬਾਅਦ ਮੈਂ ਉਸ ਨੂੰ ਦੱਸਿਆ ਕਿ ਗਰਗ ਤੁਹਾਡੇ ਨਾਲ ਦੇਰੀ ਕਾਰਨ ਨਾਰਾਜ਼ ਹੈ। ਉਸ ਸਾਨੂੰ ਨਾਲ ਬਿਠਾ ਗਰਗ ਦੇ ਨੌਂ ਨੰਬਰ ਘਰ ਵਲ ਗੱਡੀ ਮੋੜ ਲਈ। ਭਗਵੰਤ, ਜੱਗੀ ਤੇ ਮੈਂ ਉਸ ਰਾਤ ਗਰਗ ਦੇ ਘਰ ਲਾਇਬਰੇਰੀ ਵਿਚ ਇੱਕੋ ਬੈਡ 'ਤੇ ਰਾਤ ਕੱਟੀ। ਭਗਵੰਤ ਨੇ ਗੱਲ ਭੁੰਜੇ ਨਾ ਪੈਣ ਦਿੱਤੀ ਤੇ ਗਰਗ ਸਾਹਿਬ ਦਾ ਗੁੱਸਾ ਕੋਹਾਂ ਦੂਰ ਭੱਜ ਗਿਆ। ਸਵੇਰੇ ਮੇਰੇ ਕਜ਼ਨ ਮਨਜੀਤ ਦੇ ਘਰ ਬਰੇਕਫਾਸਟ ਕਰਦਾ ਨਵਨੀਤ, ਗੁਰਤੇਜ ਨੂੰ ਹਸਾਉਂਦਾ ਰਿਹਾ।

ਉਸ ਦੇ ਗਲੇ ਦਾ ਉਪਰੇਸ਼ਨ ਹੋਇਆ ਹੋਣ ਕਰਕੇ ਸਾਰੇ ਮਖੌਲ ਕਰਦੇ, ਮਾਨ ਤੇਰੇ ਗੱਲ ਵਿਚ ਟੇਪ ਰਿਕਾਰਡ ਡਾਕਟਰ ਨੇ ਫਿੱਟ ਕਰ ਦਿੱਤੀ ਹੈ ਤਾਂ ਹੀ ਬੋਲਦਾ ਥੱਕਦਾ ਨਹੀ।

ਭਗਵੰਤ ਨੂੰ ਸਿੱਖਣ ਦੀ ਚਾਹਨਾ ਸ਼ੁਰੂ ਤੋਂ ਰਹੀ ਹੈ।

ਪੰਜਾਬੀ ਕਾਮੇਡੀ ਨੂੰ ਸਿਖਰ ਵਲ ਲਿਜਾਣ ਵਾਲੇ ਮਾਨ ਦੇ ਸਿਆਸਤ ਵਿਚ ਵੀ ਨਵੇਕਲੀਆ ਪੈੜਾਂ ਗੱਡਣ ਬਾਰੇ ਕਦੇ ਕਿਸੇ ਸੋਚਿਆ ਵੀ ਨਹੀਂ ਸੀ।

ਹੁਣ ਪੰਜਾਬ ਚੋਣਾਂ ਵਿਚ ਹਰ ਰੋਜ਼ ਦਸ ਦਸ ਰੈਲੀਆਂ ਨੂੰ ਸੰਬੋਧਨ ਕਰਦਾ ਤੇ ਹਜ਼ਾਰਾਂ ਲੋਕਾਂ ਨੂੰ ਮਿਲਦਾ ਭਗਵੰਤ ਕਦੇ ਥੱਕਦਾ ਨਹੀਂ। ਵਿਰੋਧੀ ਪਾਰਟੀਆਂ ਤੇ ਮੀਡੀਏ ਦੇ ਲੋਕ ਵੀ ਮੰਨਦੇ ਹਨ ਕਿ ਪੰਜਾਬ ਵਿਚ ਆਮ ਆਦਮੀ ਪਾਰਟੀ ਦੀਆਂ ਜੜਾਂ ਲਗਣੀਆਂ ਭਗਵੰਤ ਮਾਨ ਦੀ ਦਿਨ ਰਾਤ ਮਿਹਨਤ ਦਾ ਨਤੀਜਾ ਹੈ।

ਜੇ ਪੰਜਾਬ ਚੋਣਾਂ ਵਿਚ ਆਮ ਆਦਮੀ ਪਾਰਟੀ ਜਿੱਤਦੀ ਹੈ ਤਾਂ ਇਸ ਜਿੱਤ ਵਿਚ ਭਗਵੰਤ ਮਾਨ ਦਾ ਰੋਲ ਬਹੁਤ ਅਹਿਮ ਗਿਣਿਆ ਜਾਏਗਾ।

# ਦਾਗੀ ਅਤੇ ਧਨਾਢ ਉਮੀਦਵਾਰਾਂ ਦੀ ਹੋਈ ਚਾਰ-ਚੁਫੇਰੇ ਬੱਲੇ-ਬੱਲੇ

**ਚੰਡੀਗੜ੍ਹ:** ਪੰਜਾਬ ਵਿਧਾਨ ਸਭਾ ਚੋਣਾਂ ਲਈ ਨਿੱਤਰੇ ਕੁੱਲ 1145 ਉਮੀਦਵਾਰਾਂ ਵਿਚੋਂ 101 ਉਮੀਦਵਾਰਾਂ ਉਤੇ ਅਪਰਾਧਕ ਕੇਸ ਚੱਲ ਰਹੇ ਹਨ, ਜਿਨ੍ਹਾਂ ਵਿਚੋਂ 78 ਉਮੀਦਵਾਰਾਂ ਖਿਲਾਫ਼ ਕਈ ਗੰਭੀਰ ਮਾਮਲੇ ਵੀ ਦਰਜ ਹਨ। ਇਨ੍ਹਾਂ ਵਿਚੋਂ 4 ਵਿਰੁੱਧ ਕਤਲ, 11 ਵਿਰੁੱਧ ਇਰਾਦਾ ਕਤਲ ਅਤੇ 6 ਖਿਲਾਫ਼ ਔਰਤਾਂ ਉਤੇ ਜ਼ੁਲਮ ਕਰਨ ਦੇ ਕੇਸ ਚੱਲ ਰਹੇ ਹਨ।

ਐਸੋਸੀਏਸ਼ਨ ਫਾਰ ਡੈਮੋਕਰੇਟਿਕ ਰਿਫਾਰਮਜ਼ (ਏ.ਡੀ.ਆਰ.) ਅਤੇ ਪੰਜਾਬ ਇਲੈਕਸ਼ਨ ਵਾਚ ਵੱਲੋਂ ਉਮੀਦਵਾਰਾਂ ਵੱਲੋਂ ਚੋਣ ਕਮਿਸ਼ਨ ਨੂੰ ਦਿੱਤੇ ਹਲਫੀਆ ਬਿਆਨਾਂ ਦਾ ਅਧਿਐਨ ਕਰਨ ਤੋਂ ਬਾਅਦ ਉਪਰੋਕਤ ਖੁਲਾਸੇ ਕੀਤੇ ਹਨ। ਅਪਰਾਧਕ ਕੇਸਾਂ ਵਿਚ ਉਲਝੇ ਉਮੀਦਵਾਰਾਂ ਵਿਚੋਂ ਸਭ ਤੋਂ ਵੱਧ 12 ਫੀਸਦੀ ਕਾਂਗਰਸੀ, 11-11 ਫੀਸਦ ਆਮ ਆਦਮੀ ਪਾਰਟੀ (ਆਪ) ਤੇ ਅਕਾਲੀ ਦਲ ਅਤੇ ਆਪਣਾ ਪੰਜਾਬ ਪਾਰਟੀ 9-9 ਫੀਸਦੀ, ਅਕਾਲੀ ਦਲ (ਅੰਮ੍ਰਿਤਸਰ) ਤੇ ਭਾਜਪਾ ਦੇ ਉਮੀਦਵਾਰ ਹਨ। ਆਜ਼ਾਦ ਉਮੀਦਵਾਰਾਂ ਵਿਚੋਂ ਵੀ 7 ਫੀਸਦੀ ਵਿਰੁੱਧ ਅਪਰਾਧਕ ਕੇਸ ਚੱਲ ਰਹੇ ਹਨ। ਲੋਕ ਇਨਸਾਫ਼ ਪਾਰਟੀ ਦੇ ਮੁਖੀ ਸਿਮਰਜੀਤ ਸਿੰਘ ਬੈਂਸ ਵਿਰੁੱਧ 6 ਅਤੇ ਉਨ੍ਹਾਂ ਦੇ ਭਰਾ ਬਲਵਿੰਦਰ ਸਿੰਘ ਬੈਂਸ ਵਿਰੁੱਧ ਦੋ ਕੇਸ ਦਰਜ ਹਨ। ਪੁਲਿਸ ਨੇ ਬੈਂਸ ਭਰਾਵਾਂ ਵਿਰੁੱਧ ਬਹੁਤੇ ਕੇਸ ਉਨ੍ਹਾਂ ਵੱਲੋਂ ਸਰਕਾਰ ਵਿਰੁੱਧ ਪ੍ਰਦਰਸ਼ਨ ਕਰਨ ਮੌਕੇ ਦਰਜ ਕੀਤੇ ਸਨ।

ਕੁੱਲ ਉਮੀਦਵਾਰਾਂ ਵਿਚੋਂ 428 ਕਰੋੜਪਤੀ ਹਨ। ਇਨ੍ਹਾਂ ਵਿਚੋਂ 178 ਉਮੀਦਵਾਰਾਂ ਦੀ ਜਾਇਦਾਦ ਪੰਜ ਕਰੋੜ ਤੋਂ ਵੱਧ ਹੈ। ਅਕਾਲੀ ਦਲ ਦੇ ਕੁੱਲ 94 ਉਮੀਦਵਾਰਾਂ ਵਿਚੋਂ 87 (93 ਫੀਸਦੀ), ਕਾਂਗਰਸ ਦੇ 117 ਵਿਚੋਂ 103 (88 ਫੀਸਦੀ), ਭਾਜਪਾ ਦੇ 23 ਵਿਚੋਂ 20 (87 ਫੀਸਦੀ), 'ਆਪ' ਦੇ 112 ਵਿਚੋਂ 24 (31 ਫ਼ੀਸਦੀ), ਆਪਣਾ ਪੰਜਾਬ ਪਾਰਟੀ ਦੇ 77 ਵਿਚੋਂ 24 (31 ਫੀਸਦੀ), ਅਕਾਲੀ ਦਲ (ਅੰਮ੍ਰਿਤਸਰ) ਦੇ 54 ਵਿਚੋਂ 12 (22 ਫੀਸਦੀ) ਅਤੇ 304 ਆਜ਼ਾਦ ਉਮੀਦਵਾਰਾਂ ਵਿਚੋਂ 69 (23 ਫੀਸਦੀ) ਉਮੀਦਵਾਰਾਂ ਦੀ ਜਾਇਦਾਦ ਇਕ ਕਰੋੜ ਤੋਂ ਵੱਧ ਹੈ। ਕਾਂਗਰਸ ਦੇ ਉਮੀਦਵਾਰਾਂ ਦੇ ਅਸਾਸੇ ਔਸਤਨ 12.38 ਕਰੋੜ, ਸ਼੍ਰੋਮਣੀ ਅਕਾਲੀ ਦਲ ਦੇ 9.26 ਕਰੋੜ, 'ਆਪ' ਦੇ 6.24 ਕਰੋੜ, ਭਾਜਪਾ ਦੇ 6.10 ਕਰੋੜ ਅਤੇ ਆਜ਼ਾਦ ਉਮੀਦਵਾਰਾਂ ਦੇ 1.49 ਕਰੋੜ ਪ੍ਰਤੀ ਉਮੀਦਵਾਰ ਹਨ। ਅਕਾਲੀ ਦਲ ਦੇ ਸਭ ਤੋਂ ਵੱਧ 93 ਫੀਸਦੀ ਉਮੀਦਵਾਰ ਕਰੋੜਪਤੀ ਹਨ, ਔਸਤਨ ਕਾਂਗਰਸ ਦੇ ਉਮੀਦਵਾਰ ਸਭ ਤੋਂ ਅਮੀਰ ਹਨ। ਸਭ ਤੋਂ ਗਰੀਬ ਹਲਕਾ ਕਪੂਰਥਲਾ ਦੇ ਰਾਸ਼ਟਰੀ ਕ੍ਰਾਂਤੀਕਾਰੀ ਸਮਾਜਵਾਦੀ ਪਾਰਟੀ ਦੇ ਸਤੀਸ਼ ਕੁਮਾਰ ਨਾਹਰ ਹਨ। ਉਨ੍ਹਾਂ ਕੋਲ ਕੇਵਲ ਦੋ ਹਜ਼ਾਰ ਰੁਪਏ ਹਨ। ਸੱਤ ਉਮੀਦਵਾਰਾਂ ਨੇ ਆਪਣੇ ਅਸਾਸੇ ਸਿਫਰ ਦੱਸੇ ਹਨ।

ਸਭ ਤੋਂ ਵੱਧ 3 ਧਨਾਢ ਉਮੀਦਵਾਰਾਂ ਵਿਚ ਕਾਂਗਰਸ ਦੇ ਕਪੂਰਥਲਾ ਤੋਂ ਉਮੀਦਵਾਰ ਰਾਣਾ ਗੁਰਜੀਤ ਸਿੰਘ, ਅਬੋਹਰ ਤੋਂ ਆਜ਼ਾਦ ਉਮੀਦਵਾਰ ਸ਼ਿਵ ਲਾਲ ਡੋਡਾ ਅਤੇ ਮੁਕਤਸਰ ਤੋਂ ਕਾਂਗਰਸ ਦੀ ਉਮੀਦਵਾਰ ਕਰਨ ਬਰਾੜ ਸ਼ਾਮਲ ਹਨ। ਇਨ੍ਹਾਂ ਦੇ ਕ੍ਰਮਵਾਰ 169 ਕਰੋੜ, 141 ਕਰੋੜ ਅਤੇ 119 ਕਰੋੜ ਦੇ ਅਸਾਸੇ ਹਨ। ਦੇਣਦਾਰੀਆਂ ਦੇ ਮਾਮਲੇ ਵਿਚ ਰਾਣਾ ਗੁਰਜੀਤ ਸਿੰਘ ਤੇ ਜਲਾਲਾਬਾਦ ਤੋਂ ਅਕਾਲੀ ਦਲ ਉਮੀਦਵਾਰ ਸੁਖਬੀਰ ਬਾਦਲ ਅੱਗੇ ਹਨ। ਇਨ੍ਹਾਂ ਸਿਰ ਕ੍ਰਮਵਾਰ 81 ਕਰੋੜ ਤੇ 39 ਕਰੋੜ ਦੀਆਂ ਦੇਣਦਾਰੀਆਂ ਹਨ। ਨਵਜੋਤ ਸਿੱਧੂ ਦੀ ਜਾਇਦਾਦ ਭਾਵੇਂ 45 ਕਰੋੜ ਰੁਪਏ ਹੈ, ਪਰ ਉਹ ਸਾਲਾਨਾ 9 ਕਰੋੜ ਰੁਪਏ ਦੀ ਕਮਾਈ ਕਰ ਕੇ ਸਭ ਤੋਂ ਵੱਧ ਕਮਾਊ ਉਮੀਦਵਾਰ ਹਨ। ਦੂਸਰੇ ਨੰਬਰ ਉਤੇ ਸ਼ਿਵ ਲਾਲ ਡੋਡਾ ਦੀ ਸਾਲਾਨਾ 4 ਕਰੋੜ ਰੁਪਏ ਦੀ ਆਮਦਨ ਹੈ ਤੇ ਇਸੇ ਤਰ੍ਹਾਂ 'ਆਪ' ਦੇ ਸੁਨਾਮ ਤੋਂ ਉਮੀਦਵਾਰ ਅਮਨ ਅਰੋੜਾ ਦੀ ਵੀ ਸਾਲਾਨਾ ਆਮਦਨ 4 ਕਰੋੜ ਹੈ। ਸੁਖਬੀਰ ਬਾਦਲ ਸਾਲ ਵਿਚ 2 ਕਰੋੜ ਕਮਾਉਂਦੇ ਹਨ। ਹੁਸ਼ਿਆਰਪੁਰ ਹਲਕੇ ਤੋਂ 'ਆਪ' ਉਮੀਦਵਾਰ ਪਰਮਜੀਤ ਸਿੰਘ ਇਕ ਕਰੋੜ ਰੁਪਏ ਸਾਲਾਨਾ ਕਮਾਉਂਦੇ ਹਨ। ਵਿਦਿਅਕ ਯੋਗਤਾ ਪੱਖੋਂ 688 ਉਮੀਦਵਾਰ ਪੰਜਵੀਂ ਤੋਂ ਬਾਰ੍ਹਵੀਂ ਤੱਕ ਪੜ੍ਹੇ ਹਨ ਅਤੇ 365 ਉਮੀਦਵਾਰ ਗਰੈਜੂਏਟ ਜਾਂ ਇਸ ਤੋਂ ਉਚ ਯੋਗਤਾ ਪ੍ਰਾਪਤ ਹਨ। ਕੁੱਲ ਉਮੀਦਵਾਰਾਂ ਵਿਚੋਂ 56 ਫੀਸਦੀ 25 ਤੋਂ 50 ਸਾਲ ਦੇ ਹਨ ਅਤੇ ਬਾਕੀ 51 ਤੋਂ 80 ਸਾਲ ਤੱਕ ਦੀ ਉਮਰ ਦੇ ਹਨ।



## ਸਿਆਸੀ ਪਾਰਟੀਆਂ ਦੀ ਆਮਦਨ ਛੜੱਪੇ ਮਾਰ ਕੇ ਵਧੀ

**ਚੰਡੀਗੜ੍ਹ:** ਏ.ਡੀ.ਆਰ. ਦੀ ਇਕ ਹੋਰ ਰਿਪੋਰਟ ਮੁਤਾਬਕ ਸਿਆਸੀ ਪਾਰਟੀਆਂ ਦੀ ਆਮਦਨ ਵੀ ਛੜੱਪੇ ਮਾਰ ਕੇ ਵਧੀ ਹੈ। ਇੰਨਾ ਹੀ ਨਹੀਂ, ਭਾਜਪਾ ਤੇ ਕਾਂਗਰਸ ਸਮੇਤ ਛੇ ਕੌਮੀ ਪਾਰਟੀਆਂ ਅਤੇ ਸ਼੍ਰੋਮਣੀ ਅਕਾਲੀ ਦਲ ਸਮੇਤ 51 ਖੇਤਰੀ ਸਿਆਸੀ ਪਾਰਟੀਆਂ ਵੱਲੋਂ ਦਿਖਾਏ ਗਏ ਆਪਣੀ ਆਮਦਨ ਦੇ ਫੰਡਾਂ ਦੇ ਵੇਰਵੇ ਵਿਚੋਂ ਦੋ ਤਿਹਾਈ ਪੂੰਜੀ ਦੇ ਸਰੋਤਾਂ ਦੀ ਕੋਈ ਜਾਣਕਾਰੀ ਨਹੀਂ। ਰਿਪੋਰਟ ਅਨੁਸਾਰ 2004 ਤੋਂ 2015 ਤੱਕ ਪ੍ਰਮੁੱਖ ਕੌਮੀ ਪਾਰਟੀਆਂ-ਭਾਜਪਾ ਅਤੇ ਕਾਂਗਰਸ ਦੀ ਕ੍ਰਮਵਾਰ 65 ਤੇ 83 ਫੀਸਦੀ ਜਦੋਂ ਕਿ ਖੇਤਰੀ ਪਾਰਟੀਆਂ ਵਿਚੋਂ ਸ਼੍ਰੋਮਣੀ ਅਕਾਲੀ ਦਲ ਤੇ ਸਪਾ ਦੀ 86 ਅਤੇ 94 ਫੀਸਦੀ ਆਮਦਨ ਦੇ ਸਰੋਤਾਂ ਦੀ ਕੋਈ ਜਾਣਕਾਰੀ ਨਹੀਂ ਹੈ।

ਪੰਜਾਬ ਵਿਧਾਨ ਸਭਾ ਦੀਆਂ ਚੋਣਾਂ ਲੜ ਰਹੇ ਸਿਆਸਤਦਾਨਾਂ ਦੀਆਂ ਜਾਇਦਾਦਾਂ ਦੇ ਵੇਰਵੇ ਹੈਰਾਨ ਕਰਨ ਵਾਲੇ ਹਨ। ਸੂਬਾਈ ਵਿਧਾਨ ਸਭਾ ਲਈ ਮੁੜ ਚੋਣ ਲੜ ਰਹੇ 94 ਵਿਧਾਇਕਾਂ ਵੱਲੋਂ ਨਾਮਜ਼ਦਗੀ ਪੱਤਰਾਂ ਨਾਲ ਆਪਣੀਆਂ ਜਾਇਦਾਦਾਂ ਦੇ ਦਿੱਤੇ ਗਏ ਵੇਰਵਿਆਂ ਦੀ ਦੋ ਗੈਰ-ਸਰਕਾਰੀ ਸੰਗਠਨਾਂ-ਐਸੋਸੀਏਸ਼ਨ ਫਾਰ ਡੈਮੋਕ੍ਰੇਟਿਕ ਰਿਫੌਰਮਜ਼ (ਏ.ਡੀ.ਆਰ.) ਅਤੇ ਪੰਜਾਬ ਇਲੈਕਸ਼ਨ ਵਾਚ ਵੱਲੋਂ ਕੀਤੀ ਪੁਣ-ਛਾਣ ਦੇ ਆਧਾਰ ਉਤੇ ਜਾਰੀ ਰਿਪੋਰਟ ਅਨੁਸਾਰ ਪਿਛਲੇ ਪੰਜ ਸਾਲਾਂ ਦੌਰਾਨ ਹਰ ਵਿਧਾਇਕ ਦੀ ਜਾਇਦਾਦ ਵਿਚ ਔਸਤਨ ਤਿੰਨ ਕਰੋੜ ਰੁਪਏ ਦਾ ਵਾਧਾ ਹੋਇਆ ਹੈ। ਦਿਲਚਸਪ ਗੱਲ ਇਹ ਹੈ ਕਿ ਸੱਤਾਧਾਰੀ ਅਤੇ ਵਿਰੋਧੀ ਧਿਰ ਦੋਵਾਂ ਦੇ ਹੀ 75 ਵਿਧਾਇਕਾਂ ਦੀਆਂ ਜਾਇਦਾਦਾਂ ਵਧੀਆਂ ਹਨ ਜਦੋਂਕਿ 19 ਵਿਧਾਇਕਾਂ ਨੇ ਆਪਣੀ ਆਮਦਨ ਵਿਚ ਕਮੀ ਦਰਸਾਈ ਹੈ।

# ਗਣਤੰਤਰ ਦਿਵਸ ਮੌਕੇ ਯੂ.ਐਨ. ਦੇ ਬਾਹਰ ਖਾਲਿਸਤਾਨ ਪੱਖੀ ਨਾਅਰੇ

**ਨਿਊ ਯਾਰਕ:** ਭਾਰਤ ਦੇ 68ਵੇਂ ਗਣਤੰਤਰ ਦਿਵਸ ਮੌਕੇ ਇਥੇ ਯੂ.ਐਨ. ਹੈਡਕੁਆਰਟਰਜ਼ ਬਾਹਰ ਸਿੱਖਾਂ ਨੇ ਭਾਰਤੀ ਸੰਵਿਧਾਨ ਖਿਲਾਫ਼ ਰੋਸ ਪ੍ਰਦਰਸ਼ਨ ਕੀਤਾ ਅਤੇ ਖਾਲਿਸਤਾਨ ਪੱਖੀ ਨਾਅਰੇ ਲਗਾਏ। ਉਨ੍ਹਾਂ ਸੰਯੁਕਤ ਰਾਸ਼ਟਰ ਤੋਂ ਸਿੱਖ ਭਾਈਚਾਰੇ ਦੀ ਰੱਖਿਆ ਲਈ ਦਖ਼ਲ ਦੇਣ ਦੀ ਮੰਗ ਕੀਤੀ। ਸਿੱਖਾਂ ਨੇ 'ਆਜ਼ਾਦੀ ਰੈਲੀ' ਦੌਰਾਨ ਦੋਸ਼ ਲਾਇਆ ਕਿ ਭਾਰਤੀ ਸੰਵਿਧਾਨ ਸਿੱਖ ਭਾਈਚਾਰੇ ਨੂੰ ਧਾਰਮਿਕ ਆਜ਼ਾਦੀ ਤੋਂ ਵਾਂਝੇ ਕਰਦਾ ਹੈ। ਮੁਜ਼ਾਹਰਾਕਾਰੀਆਂ ਦੇ ਹੱਥਾਂ ਵਿਚ 'ਜਾਗੋ ਸੰਯੁਕਤ ਰਾਸ਼ਟਰ' ਅਤੇ 'ਸਿੱਖ ਰਾਇਸ਼ੁਮਾਰੀ 2020' ਵਾਲੀਆਂ ਤਖ਼ਤੀਆਂ ਫੜੀਆਂ ਹੋਈਆਂ ਸਨ। ਉਹ ਪੰਜਾਬ ਲਈ ਆਜ਼ਾਦੀ ਦੀ ਮੰਗ ਵਾਲੇ ਨਾਅਰੇ ਲਗਾ ਰਹੇ ਸਨ। ਮੁਜ਼ਾਹਰਾਕਾਰੀਆਂ ਵੱਲੋਂ ਸਿੱਖਾਂ ਲਈ ਸੁਤੰਤਰ ਰਾਜ 'ਖਾਲਿਸਤਾਨ' ਦੇ ਹੱਕ ਵਿਚ ਨਾਅਰੇ ਲਗਾਏ। ਅਧਿਕਾਰਾਂ ਬਾਰੇ ਜਥੇਬੰਦੀ 'ਸਿੱਖਸ ਫਾਰ ਜਸਟਿਸ' ਨੇ ਧਾਰਮਿਕ ਆਜ਼ਾਦੀ ਬਾਰੇ ਯੂ.ਐਨ. ਦੇ ਰਿਕਾਰਡ ਰੱਖਣ ਵਾਲੇ ਵਿਸ਼ੇਸ਼ ਅਧਿਕਾਰੀ ਅਹਿਮਦ ਸ਼ਹੀਦ ਨੂੰ ਮੰਗ ਪੱਤਰ ਭੇਜਿਆ ਅਤੇ ਉਨ੍ਹਾਂ ਨੂੰ ਭਾਰਤ ਸੰਵਿਧਾਨ ਦੀਆਂ ਉਨ੍ਹਾਂ ਧਾਰਾਵਾਂ, ਜੋ ਸਿੱਖਾਂ ਦੇ ਮੱਥੇ ਉਤੇ 'ਹਿੰਦੂਆਂ' ਵਾਲੀ ਤਖ਼ਤੀ ਲਗਾ ਕੇ ਉਨ੍ਹਾਂ ਦੀ ਵੱਖਰੀ ਪਛਾਣ ਤੇ ਧਾਰਮਿਕ ਆਜ਼ਾਦੀ ਦੀ ਉਲੰਘਣਾ ਕਰਦੀਆਂ ਹਨ, ਦੀ ਨਿੰਦਾ ਕਰਨ ਦੀ ਬੇਨਤੀ ਕੀਤੀ।




# ਅਣਖ ਖਾਤਰ ਕਤਲ: ਪਰਿਵਾਰ ਦੇ 6 ਜੀਆਂ ਨੂੰ ਫਾਂਸੀ ਦੀ ਸਜ਼ਾ

**ਅੰਮ੍ਰਿਤਸਰ:** ਗੁਆਂਢੀ ਲੜਕੇ ਦੇ ਧੀ ਨਾਲ ਪ੍ਰੇਮ ਵਿਆਹ ਤੋਂ ਨਾਰਾਜ਼ ਮਾਪਿਆਂ ਵੱਲੋਂ ਦੋਵਾਂ ਦਾ ਬੇਰਹਿਮੀ ਨਾਲ ਕਤਲ ਕਰਨ ਦੇ ਮਾਮਲੇ 'ਚ ਕੁੜੀ ਦੇ ਭਰਾਵਾਂ ਤੇ ਪਿਤਾ ਸਣੇ ਇਕੋ ਪਰਿਵਾਰ ਦੇ 6 ਮਰਦ ਮੈਂਬਰਾਂ ਨੂੰ ਅਦਾਲਤ ਵੱਲੋਂ ਫਾਂਸੀ ਦੀ ਸਜ਼ਾ ਦਾ ਫੈਸਲਾ ਸੁਣਾਇਆ ਗਿਆ ਹੈ। ਇਹ ਸ਼ਾਇਦ ਪਹਿਲੀ ਵਾਰ ਹੈ ਕਿ ਅਣਖ ਖਾਤਰ ਕੀਤੇ ਕਤਲ ਦੇ ਮਾਮਲੇ ਵਿਚ ਇਕੋ ਪਰਿਵਾਰ ਦੇ ਛੇ ਮੈਂਬਰਾਂ ਨੂੰ ਹੀ ਇਕੋ ਸਜ਼ਾ ਸੁਣਾਈ ਗਈ ਹੈ।

ਇਹ ਚਰਚਿਤ ਮਾਮਲਾ ਬੀਤੇ ਸਾਲ 16 ਮਾਰਚ, 2015 ਨੂੰ ਉਸ ਵੇਲੇ ਸਾਹਮਣੇ ਆਇਆ ਸੀ ਜਦੋਂ ਉਕਤ ਪ੍ਰੇਮ ਵਿਆਹ ਕਰਵਾਉਣ ਵਾਲੀ ਲੜਕੀ ਤੇ ਉਸ ਦਾ ਪਤੀ ਘਰੋਂ ਦਵਾਈ ਲੈਣ ਲਈ ਮੋਟਰਸਾਈਕਲ ਉਤੇ ਜਾ ਰਹੇ ਸਨ ਤੇ ਉਨ੍ਹਾਂ ਦਾ ਰਾਹ ਰੋਕ ਕੇ ਬਲੈਰੋ ਗੱਡੀ ਸਵਾਰ 6 ਵਿਅਕਤੀਆਂ ਨੇ ਗੋਲੀਆਂ ਮਾਰ ਕੇ ਬੇਰਹਿਮੀ ਨਾਲ ਕਤਲ ਕਰ ਦਿੱਤਾ ਸੀ। ਪੁਲਿਸ ਵੱਲੋਂ ਦਲਵਿੰਦਰ ਸਿੰਘ, ਲਖਵਿੰਦਰ ਸਿੰਘ, ਬਲਦੇਵ ਸਿੰਘ, ਕਾਰਜ ਸਿੰਘ, ਗੁਰਭੇਜ ਸਿੰਘ ਤੇ ਗੁਰਤੇਜ ਸਿੰਘ ਵਾਸੀਆਂ ਪਿੰਡ ਲਹੌਰੀ ਮੱਲ ਖਿਲਾਫ ਕਤਲ ਤੇ ਅਸਲਾ ਐਕਟ ਆਦਿ ਦੀਆਂ ਧਾਰਾਵਾਂ ਤਹਿਤ ਪਰਚਾ ਦਰਜ ਕੀਤਾ ਗਿਆ ਸੀ।

## ਕੌਮਾਂਤਰੀ ਢਾਹਾਂ ਇਨਾਮ ਲਈ ਨਾਮਜ਼ਦਗੀਆਂ ਸ਼ੁਰੂ

**ਵੈਨਕੂਵਰ:** ਪੰਜਾਬੀ ਵਿਚ ਰਕਮ ਪੱਖੋਂ ਸਭ ਤੋਂ ਵੱਡੇ ਕੌਮਾਂਤਰੀ ਪੱਧਰ ਦੇ ਢਾਹਾਂ ਇਨਾਮ ਦੀਆਂ ਸਾਲ 2017 ਵਾਸਤੇ ਨਾਮਜ਼ਦਗੀਆਂ ਦਾ ਅਮਲ ਸ਼ੁਰੂ ਹੋ ਗਿਆ ਹੈ। ਸਾਲ 2016 ਦੌਰਾਨ ਗੁਰਮੁਖੀ ਜਾਂ ਸ਼ਾਹਮੁਖੀ ਲਿੱਪੀ ਵਿਚ ਛਪੀਆਂ ਪੰਜਾਬੀ ਗਲਪ (ਨਾਵਲ ਤੇ ਕਹਾਣੀ) ਦੀਆਂ ਪੁਸਤਕਾਂ 25 ਹਜ਼ਾਰ ਕੈਨੇਡੀਅਨ ਡਾਲਰ ਦੇ ਇਸ ਇਨਾਮ ਲਈ ਨਾਮਜ਼ਦ ਕੀਤੀਆਂ ਜਾ ਸਕਦੀਆਂ ਹਨ। ਇਸ ਵੱਡੇ ਇਨਾਮ ਤੋਂ ਇਲਾਵਾ ਦੂਜੇ ਸਥਾਨ ਉਤੇ ਆਉਣ ਵਾਲੀਆਂ ਦੋ ਹੋਰ ਕਿਤਾਬਾਂ ਨੂੰ ਪੰਜ-ਪੰਜ ਹਜ਼ਾਰ ਕੈਨੇਡੀਅਨ ਡਾਲਰ ਦੇ ਇਨਾਮ ਦਿੱਤੇ ਜਾਣਗੇ। ਸਾਲ 2017 ਦੇ ਇਨਾਮ ਵਾਸਤੇ ਨਾਮਜ਼ਦਗੀ ਭਰਨ ਲਈ ਸਬੰਧਤ ਪੁਸਤਕ ਦੀਆਂ ਤਿੰਨ ਕਾਪੀਆਂ ਢਾਹਾਂ ਇਨਾਮ ਦੇ ਕੈਨੇਡਾ ਪਤੇ ਉਪਰ ਭੇਜਣੀਆਂ ਜ਼ਰੂਰੀ ਹਨ। ਨਾਮਜ਼ਦਗੀ ਲਈ ਯੋਗਤਾ ਸ਼ਰਤਾਂ, ਨੇਮ ਅਤੇ ਇਨਾਮ ਦੇ ਚੋਣ ਅਮਲ ਆਦਿ ਦੀ ਸਾਰੀ ਜਾਣਕਾਰੀ ਢਾਹਾਂ ਇਨਾਮ ਦੀ ਵੈੱਬਸਾਈਟ (ਮਮਮ.ਦੀ ਤੋਂ ਮਿਲ ਸਕਦੀ ਹੈ।

ਯਾਦ ਰਹੇ ਕਿ ਵੈਨਕੂਵਰ ਵਾਸੀ ਬਾਰਜ (ਬਰਜਿੰਦਰ ਸਿੰਘ) ਤੇ ਰੀਟਾ ਢਾਹਾਂ ਵੱਲੋਂ ਆਪਣੇ ਪਰਿਵਾਰ ਤੇ ਦੋਸਤਾਂ ਦੇ ਸਹਿਯੋਗ ਨਾਲ ਢਾਹਾਂ ਇਨਾਮ 2013 ਵਿਚ ਸ਼ੁਰੂ ਕੀਤਾ ਸੀ, ਜਿਸ ਨੂੰ ਅਗਾਂਹ ਯੂਨੀਵਰਸਿਟੀ ਆਫ ਬ੍ਰਿਟਿਸ਼ ਕੋਲੰਬੀਆ ਦਾ ਸਹਿਯੋਗ ਹਾਸਲ ਸੀ। ਪੰਜਾਬੀ ਵਿਚ ਰਚੇ ਗਏ ਉੱਤਮ ਸਾਹਿਤ ਦੀ ਪਛਾਣ ਕਰਨਾ ਅਤੇ ਮੁਲਕੀ ਹੱਦਾਂ ਸਰਹੱਦਾਂ ਤੋਂ ਪਰ੍ਹਾਂ ਪੰਜਾਬੀ ਸਾਹਿਤ-ਸਿਰਜਣਾ ਨੂੰ ਉਤਸ਼ਾਹਿਤ ਕਰਨਾ ਇਸ ਦਾ ਉਦੇਸ਼ ਹੈ।

# ਸ਼ਹੀਦ ਭਗਤ ਸਿੰਘ ਦਾ ਪਿਸਤੌਲ ਪੰਜਾਬ ਆਉਣ ਦੀ ਆਸ

**ਚੰਡੀਗੜ੍ਹ:** ਸ਼ਹੀਦ-ਏ-ਆਜ਼ਮ ਭਗਤ ਸਿੰਘ ਦੀ ਜਿਸ ਪਿਸਤੌਲ ਵਿਚੋਂ ਸਾਂਡਰਸ ਦੀ ਮੌਤ ਬਣ ਕੇ ਗੋਲੀ ਨਿਕਲੀ ਸੀ, ਉਹ ਪਿਸਤੌਲ ਛੇਤੀ ਹੀ ਇੰਦੌਰ ਦੇ ਸੈਂਟਰਲ ਸਕੂਲ ਆਫ ਵੈਪਨ ਐਂਡ ਟੈਕਟਿਕਸ ਤੋਂ ਪੰਜਾਬ ਆਉਣ ਦੀ ਉਮੀਦ ਹੈ। ਇਸ ਪਿਸਤੌਲ ਦੀ ਢੁਕਵੀਂ ਥਾਂ ਨਵਾਂਸ਼ਹਿਰ ਜ਼ਿਲ੍ਹੇ ਵਿਚ ਸ਼ਹੀਦ ਭਗਤ ਸਿੰਘ ਦੀ ਜਨਮ ਭੂਮੀ ਖਟਕੜ ਕਲਾਂ ਵਿਖੇ ਬਣੇ ਅਜਾਇਬ ਘਰ ਵਿਚ ਹੋਣ ਦੀ ਗੱਲ ਕਹਿੰਦਿਆਂ ਪੰਜਾਬ ਸਰਕਾਰ ਸਮੇਤ ਬੀ.ਐਸ.ਐਫ. ਦੇ ਡਾਇਰੈਕਟਰ ਜਨਰਲ ਨੂੰ ਕਾਨੂੰਨੀ ਨੋਟਿਸ ਭੇਜ ਕੇ ਸਚੇਤ ਕੀਤਾ ਗਿਆ ਸੀ ਕਿ ਜੇਕਰ ਇਹ ਪਿਸਤੌਲ ਪੰਜਾਬ ਵਾਪਸ ਨਾ ਭੇਜੀ ਜਾਂ ਲਿਆਂਦੀ ਗਈ ਤਾਂ ਮੰਗ ਪੂਰੀ ਕਰਵਾਉਣ ਲਈ ਹਾਈ ਕੋਰਟ ਵਿਚ ਲੋਕ ਹਿਤ ਪਟੀਸ਼ਨ ਦਾਖਲ ਕੀਤੀ ਜਾਵੇਗੀ।

ਕਾਨੂੰਨੀ ਨੋਟਿਸ ਭੇਜਣ ਵਾਲੇ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਵਕੀਲ ਐਚ.ਸੀ. ਅਰੋੜਾ ਵੱਲੋਂ ਪਿਛਲੇ ਸਾਲ 23 ਦਸੰਬਰ ਨੂੰ ਭੇਜੇ ਗਏ ਨੋਟਿਸ ਦੇ ਜਵਾਬ ਵਿਚ ਸੈਰ ਸਪਾਟਾ ਵਿਭਾਗ ਦੇ ਉਪ-ਸਕੱਤਰ ਵੱਲੋਂ ਪੱਤਰ ਪ੍ਰਾਪਤ ਹੋਇਆ ਕਿ ਵਿਭਾਗ ਨੇ ਬੀ.ਐਸ.ਐਫ. ਦੇ ਡਾਇਰੈਕਟਰ ਜਨਰਲ ਨੂੰ ਪਿਸਤੌਲ ਪੰਜਾਬ ਹਵਾਲੇ ਕਰਨ ਲਈ ਲਿਖਿਆ ਹੈ।

ਨੋਟਿਸ 'ਚ ਕਿਹਾ ਗਿਆ ਸੀ ਕਿ ਇੰਦੌਰ ਵਿਖੇ ਇਸ ਪਿਸਤੌਲ ਨੂੰ ਭਾਵੇਂ ਅਜਾਇਬ ਘਰ 'ਚ ਰੱਖਿਆ ਗਿਆ ਹੈ, ਪਰ ਇਸ ਦਾ ਇਤਿਹਾਸ ਨਹੀਂ ਲਿਖਿਆ ਗਿਆ ਤੇ ਨਾ ਹੀ ਇਹ ਅਜਾਇਬ ਘਰ ਆਮ ਲੋਕਾਂ ਦੇ ਦਰਸ਼ਨਾਂ ਲਈ ਖੁੱਲ੍ਹਾ ਹੈ। ਇਸ ਪਿਸਤੌਲ ਦੀ ਅਹਿਮੀਅਤ ਦੇ ਮੱਦੇਨਜ਼ਰ ਇਸ ਦੀ ਥਾਂ ਖਟਕੜ ਕਲਾਂ ਵਿਖੇ ਉਹ ਅਜਾਇਬ ਘਰ ਹੈ, ਜਿਥੇ ਭਗਤ ਸਿੰਘ ਨਾਲ ਸਬੰਧਤ ਹੋਰ ਨਿਸ਼ਾਨੀਆਂ ਪ੍ਰਦਰਸ਼ਿਤ ਕੀਤੀਆਂ ਹੋਈਆਂ ਹਨ ਤੇ ਇਹ ਅਜਾਇਬ ਘਰ ਆਮ ਲੋਕਾਂ ਦੇ ਦਰਸ਼ਨਾਂ ਲਈ ਖੁੱਲ੍ਹਾ ਹੈ, ਲਿਹਾਜ਼ਾ ਪਿਸਤੌਲ ਪੰਜਾਬ ਲਿਆਈ ਜਾਣੀ ਚਾਹੀਦੀ ਹੈ ਤੇ ਇਸ ਨੂੰ ਖਟਕੜ ਕਲਾਂ ਅਜਾਇਬ ਘਰ ਵਿਚ ਸੁਸ਼ੋਭਿਤ ਕੀਤਾ ਜਾਣਾ ਚਾਹੀਦਾ ਹੈ। ਇਸੇ ਨੋਟਿਸ 'ਤੇ ਹੁਣ ਹਰਕਤ ਵਿਚ ਆਈ ਪੰਜਾਬ ਸਰਕਾਰ ਨੇ ਬੀ.ਐਸ.ਐਫ. ਨੂੰ ਪਿਸਤੌਲ ਪੰਜਾਬ ਦੇ ਹਵਾਲੇ ਕਰਨ ਲਈ ਪੱਤਰ ਲਿਖਿਆ ਹੈ।



# ਦਿੱਲੀ ਗੁਰਦੁਆਰਾ ਕਮੇਟੀ ਚੋਣਾਂ 26 ਫਰਵਰੀ ਨੂੰ ਹੋਣ ਦੀ ਸੰਭਾਵਨਾ

**ਨਵੀਂ ਦਿੱਲੀ:** ਦਿੱਲੀ ਗੁਰਦੁਆਰਾ ਕਮੇਟੀ ਚੋਣਾਂ ਅਗਲੇ ਮਹੀਨੇ, 26 ਫਰਵਰੀ ਨੂੰ ਹੋਣ ਦੀ ਸੰਭਾਵਨਾ ਹੈ, ਹਾਲਾਂ ਕਿ ਅਧਿਕਾਰਤ ਤੌਰ ਉਤੇ ਇਸ ਬਾਰੇ ਕੋਈ ਐਲਾਨ ਨਹੀਂ ਹੋਇਆ ਹੈ, ਪਰ ਇਕ ਤਾਂ ਦਿੱਲੀ ਹਾਈ ਕੋਰਟ ਨੇ ਦਿੱਲੀ ਗੁਰਦੁਆਰਾ ਚੋਣ ਡਾਇਰੈਕਟਰ ਨੂੰ ਚੋਣਾਂ ਲਈ ਨੋਟੀਫਿਕੇਸ਼ਨ ਜਾਰੀ ਕਰਨ ਸਬੰਧੀ ਕੀਤੀ ਕਾਰਵਾਈ ਦੀ ਰਿਪੋਰਟ ਪਹਿਲੀ ਫਰਵਰੀ ਨੂੰ ਹੋਣ ਵਾਲੀ ਅਗਲੀ ਸੁਣਵਾਈ 'ਚ ਦਾਖਲ ਕਰਨ ਦੀ ਹਦਾਇਤ ਦਿੱਤੀ ਹੋਈ ਹੈ ਅਤੇ ਦੂਜਾ ਦਿੱਲੀ ਸਰਕਾਰ ਨੇ ਅਦਾਲਤ ਨੂੰ ਦੱਸਿਆ ਹੈ ਕਿ ਫਾਈਨਲ ਵੋਟਰ ਸੂਚੀਆਂ ਦੀ ਛਪਾਈ ਦਾ ਕੰਮ ਪੂਰਾ ਹੋ ਚੁੱਕਾ ਹੈ ਅਤੇ ਚੋਣਾਂ ਦੀ ਤਰੀਕਾਂ ਸਬੰਧੀ ਫਾਈਲ ਦਿੱਲੀ ਦੇ ਉਪ ਰਾਜਪਾਲ ਕੋਲ ਭੇਜ ਦਿੱਤੀ ਗਈ ਹੈ।

ਇਹ ਵੀ ਦਾਅਵਾ ਕੀਤਾ ਜਾ ਰਿਹਾ ਹੈ ਕਿ ਉਪ ਰਾਜਪਾਲ ਵੱਲੋਂ ਗੁਰਦੁਆਰਾ ਚੋਣਾਂ ਸਬੰਧੀ ਫਾਈਲ 'ਤੇ ਦਸਤਖ਼ਤ ਕਰ ਦਿੱਤੇ ਹਨ, ਪਰ ਜਦ ਤੱਕ ਇਸ ਬਾਰੇ ਅਧਿਕਾਰਕ ਤੌਰ ਉਤੇ ਐਲਾਨ ਨਹੀਂ ਕੀਤਾ ਜਾਂਦਾ ਤਦ ਤੱਕ ਗੁਰਦੁਆਰਾ ਚੋਣਾਂ ਦੀ ਤਰੀਕ ਬਾਰੇ ਪੱਕੇ ਤੌਰ 'ਤੇ ਕੁਝ ਨਹੀਂ ਕਿਹਾ ਜਾ ਸਕਦਾ।

**ਨਾਮਜ਼ਦਗੀਆਂ ਲਈ ਛੇਤੀ ਜਾਰੀ ਹੋ ਸਕਦਾ ਹੈ ਨੋਟੀਫਿਕੇਸ਼ਨ**

DELHI SIKH GURDWARA MANAGEMENT COMMITTEE
ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ

## ਅਕਾਲੀ ਦਲ ਨੇ ਵਿੱਢੀਆਂ ਤਿਆਰੀਆਂ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ (ਡੀ.ਜੀ.ਐਸ.ਐਮ.ਸੀ) ਦੀਆਂ ਚੋਣਾਂ ਨੂੰ ਮੁੱਖ ਰੱਖਦਿਆਂ ਇਸ ਸਬੰਧੀ ਪਾਰਟੀ ਦੀ ਚਾਰ ਮੈਂਬਰੀ ਉਚ ਪੱਧਰੀ ਕਮੇਟੀ ਗਠਿਤ ਕਰ ਦਿੱਤੀ ਹੈ। ਇਸ ਸਬੰਧੀ ਪਾਰਟੀ ਦੇ ਸਕੱਤਰ ਤੇ ਬੁਲਾਰੇ ਡਾ. ਦਲਜੀਤ ਸਿੰਘ ਚੀਮਾ ਨੇ ਦੱਸਿਆ ਕਿ ਇਸ ਕਮੇਟੀ ਦੇ ਚੇਅਰਮੈਨ ਪਾਰਟੀ ਦੇ ਸਕੱਤਰ ਜਨਰਲ ਤੇ ਮੈਂਬਰ ਪਾਰਲੀਮੈਂਟ ਸੁਖਦੇਵ ਸਿੰਘ ਢੀਂਡਸਾ ਹੋਣਗੇ। ਇਹ ਚਾਰ ਮੈਂਬਰੀ ਕਮੇਟੀ ਇਨ੍ਹਾਂ ਚੋਣਾਂ ਸਬੰਧੀ ਉਮੀਦਵਾਰਾਂ ਦੀ ਸਕਰੀਨਿੰਗ ਕਰ ਕੇ ਆਪਣੀ ਮੁਕੰਮਲ ਰਿਪੋਰਟ ਪਾਰਟੀ ਨੂੰ ਸੌਂਪੇਗੀ ਤੇ ਉਸ ਦੇ ਆਧਾਰ ਉਤੇ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ ਵੱਲੋਂ ਉਮੀਦਵਾਰਾਂ ਸਬੰਧੀ ਅੰਤਿਮ ਫੈਸਲਾ ਕੀਤਾ ਜਾਵੇਗਾ।

ਝਾੜੂ ਪਕੜ 'ਸਫਾਈਆਂ' ਲਈ ਜੁੱਟ ਜਾਵੇ, ਜੰਮਣ ਭੋਇੰ ਨੂੰ ਜਿਹੜਾ ਪਿਆਰਦਾ ਏ।
ਮੈਨੂੰ ਮੁਕਤ ਕਰਵਾਓ ਲੁਟੇਰਿਆਂ ਤੋਂ, ਦੁਖੀ ਹੋਇਆ ਪੰਜਾਬ ਵੰਗਾਰਦਾ ਏ!

# ਪਰਵਾਸੀ ਪੰਜਾਬੀਆਂ ਦੀ ਇਕੋ ਆਵਾਜ਼
# ਆਮ ਆਦਮੀ ਪਾਰਟੀ
# ਜ਼ਿੰਦਾਬਾਦ!

ਆਪ
ਆਮ ਆਦਮੀ ਪਾਰਟੀ

aap
AAM AADMI PARTY

## ਪਰਵਾਸੀ ਪੰਜਾਬੀਆਂ ਨੂੰ ਬੇਨਤੀ

ਆਪਣੇ ਰਿਸ਼ਤੇਦਾਰਾਂ, ਭੈਣਾਂ-ਭਰਾਵਾਂ ਅਤੇ ਦੋਸਤਾਂ-ਮਿੱਤਰਾਂ ਨੂੰ ਜੋਰ ਦੇ ਕੇ ਆਖੋ ਕਿ ਵੋਟਾਂ ਆਮ ਆਦਮੀ ਪਾਰਟੀ ਨੂੰ ਹੀ ਪਾਓ।

ਆਓ, ਆਮ ਆਦਮੀ ਪਾਰਟੀ ਦੇ ਹੱਕ ਵਿਚ ਨਿੱਤਰ ਕੇ ਨਵਾਂ ਪੰਜਾਬ ਸਿਰਜਣ ਲਈ ਰਾਹ ਪੱਧਰਾ ਕਰੀਏ।

ਸਾਡਾ ਖਵਾਬ-ਨਵਾਂ ਪੰਜਾਬ



Ad Sponsored by:
Jassi Gill

ਵਲੋਂ

Aam Admi Party Supporters, USA
Ph: 650-260-5061

# 2030 ਤੱਕ ਚੰਦ ਉਤੇ ਬਣਨਗੇ ਘਰ

**ਲੰਡਨ:** ਵਿਗਿਆਨੀਆਂ ਨੇ ਦਾਅਵਾ ਕੀਤਾ ਹੈ ਕਿ ਪੁਲਾੜ ਯਾਤਰੀਆਂ ਤੇ ਰੋਬੋਟਿਕ ਪ੍ਰਣਾਲੀਆਂ ਦੇ ਸਹਿਯੋਗ ਨਾਲ ਚੰਦਰਮਾ ਉਤੇ ਪਿੰਡ ਵਸਾਉਣ ਦੀ ਯੋਜਨਾ ਸਾਲ 2030 ਤੱਕ ਹਕੀਕਤ ਬਣ ਸਕਦੀ ਹੈ।

ਨੀਦਰਲੈਂਡ ਵਿਚ ਯੂਰਪੀ ਪੁਲਾੜ ਏਜੰਸੀ ਦੀ ਮੀਟਿੰਗ 'ਮੂਨ 2020-2030 ਸਾਂਝੇ ਮਨੁੱਖ ਅਤੇ ਰੋਬੋਟਿਕ ਖੋਜ ਦਾ ਨਵਾਂ ਯੁਗ' ਵਿਚ ਵਿਗਿਆਨੀਆਂ, ਇੰਜੀਨੀਅਰਾਂ ਤੇ ਉਦਯੋਗ ਮਾਹਰਾਂ ਨੇ ਕਿਹਾ ਕਿ ਚੰਦਰ ਪਿੰਡ ਮੰਗਲ ਅਤੇ ਹੋਰ ਗ੍ਰਹਿਆਂ ਦੇ ਭਾਵੀ ਮਨੁੱਖ ਮੁਹਿੰਮਾਂ ਲਈ ਇਕ ਸੰਭਾਵਿਤ ਪ੍ਰੇਰਨਾ ਸਰੋਤ ਬਣ ਸਕਦਾ ਹੈ। ਅਮਰੀਕਾ ਦੀ ਨੋਟ੍ਰੇ ਡੇਮ ਯੂਨੀਵਰਸਿਟੀ ਦੇ ਕਲਾਈਵ ਨੀਲ ਨੇ ਕਿਹਾ ਕਿ ਇਸ ਟੀਚੇ ਨੂੰ ਹਕੀਕਤ ਵਿਚ ਬਦਲਣ ਲਈ ਵਿਗਿਆਨੀਆਂ ਨੂੰ ਪਹਿਲਾਂ ਇਹ ਜ਼ਰੂਰ ਤੈਅ ਕਰਨਾ ਚਾਹੀਦਾ ਹੈ ਕਿ ਕੀ ਚੰਦਰਮਾ 'ਤੇ ਸਾਧਨ ਸਾਡੀ ਸੋਚ ਅਨੁਸਾਰ ਮਹੱਤਵ ਰੱਖਦੇ ਹਨ।

ਉਨ੍ਹਾਂ ਨੇ ਕਿਹਾ ਕਿ ਅਸੀਂ ਚੰਦਰਮਾ ਦੇ ਸਾਧਨਾਂ ਬਾਰੇ ਗੱਲ ਕਰਨਾ ਜਾਰੀ ਰੱਖਾਂਗੇ, ਪਰ ਸਾਨੂੰ ਹੁਣ ਇਹ ਸਾਬਤ ਕਰਨ ਦੀ ਜ਼ਰੂਰਤ ਹੈ ਕਿ ਕੀ ਉਨ੍ਹਾਂ ਦਾ ਇਸਤੇਮਾਲ ਹੋ ਸਕਦਾ ਹੈ। ਨੀਲ ਨੇ ਕਿਹਾ ਕਿ ਪਹਿਲਾਂ ਉਥੇ ਹਾਸਲ ਸਾਧਨਾਂ ਦੇ ਆਕਾਰ, ਸੰਰਚਨਾ, ਸਰੂਪ ਤੇ ਇਕਰੂਪਤਾ ਨੂੰ ਸਾਂਝੇ ਤੌਰ ਉਤੇ ਪ੍ਰਵਾਨ ਕਰਨ ਦੀ ਜ਼ਰੂਰਤ ਹੈ। ਅਗਲੇ ਕਦਮ ਵਜੋਂ ਇਨ੍ਹਾਂ ਦੀ ਖੁਦਾਈ ਦੀ ਤਕਨੀਕ ਤੇ ਖੋਜ ਦੇ ਬਾਅਦ ਉਤਪਾਦ ਨੂੰ ਉਪਯੋਗੀ ਵਸਤੂ ਦੇ ਰੂਪ ਵਿਚ ਦਿਖਾਉਣਾ ਹੋਵੇਗਾ।



## ਮੰਗਲ ਉਤੇ ਚਿੱਠੀ ਭੇਜਣ ਦਾ ਖਰਚ 12 ਲੱਖ ਰੁਪਏ

**ਲੰਡਨ:** ਬ੍ਰਿਟੇਨ ਵਿਚ ਪੰਜ ਸਾਲਾ ਓਲਿਵਾਰ ਗਿਡਿੰਗਸ ਦੇ ਪੱਤਰ ਨੂੰ ਦੇਖਣ ਦੇ ਬਾਅਦ ਰਾਇਲ ਮੇਲ ਦੇ ਅਧਿਕਾਰੀ ਸੋਚਣ ਲਈ ਮਜਬੂਰ ਹੋ ਗਏ ਹਨ। ਓਲਿਵਰ ਨੇ ਰਾਇਲ ਮੇਲ ਨੂੰ ਪੱਤਰ ਲਿਖ ਕੇ ਪੁੱਛਿਆ ਸੀ ਕਿ ਮੰਗਲ ਗ੍ਰਹਿ ਉਤੇ ਪੱਤਰ ਭੇਜਣ ਦਾ ਕਿੰਨਾ ਖਰਚ ਆਏਗਾ। ਧਰਤੀ ਤੋਂ ਕਰੀਬ 56.7 ਕਰੋੜ ਕਿਲੋਮੀਟਰ ਦੂਰ ਇਸ ਗ੍ਰਹਿ 'ਤੇ ਪੱਤਰ ਭੇਜਣ ਲਈ ਬਾਅਦ ਵਿਚ ਰਾਇਲ ਮੇਲ ਸਰਵਿਸ ਦੇ ਅਧਿਕਾਰੀਆਂ ਨੇ ਨਾਸਾ ਤੋਂ ਮਦਦ ਲਈ ਅਪੀਲ ਕੀਤੀ। ਫਲੋਰੀਡਾ ਦੇ ਕੈਨੇਡੀ ਸਪੇਸ ਸੈਂਟਰ ਵਿਚ ਨਾਸਾ ਦੀ ਮਦਦ ਨਾਲ ਰਾਇਲ ਮੇਲ ਨੂੰ ਪਤਾ ਲੱਗਾ ਕਿ ਇਸ ਲਈ 11 ਹਜ਼ਾਰ ਪੌਂਡ (12 ਲੱਖ ਰੁਪਏ) ਦਾ ਖਰਚ ਆਏਗਾ। ਸਰਵਿਸ ਦੇ ਅਧਿਕਾਰੀਆਂ ਨੇ ਓਲਿਵਰ ਨੂੰ ਖਰਚ ਬਾਰੇ ਦੱਸਿਆ। ਲੰਕਸ਼ਾਇਰ ਦੇ ਲਾਇਥਮ ਸੇਂਟ ਏਨੀਸ ਵਿਚ ਆਪਣੀ ਮਾਂ ਮਿਲੇਨੀ, ਪਿਤਾ ਮਾਇਕ ਅਤੇ ਅੱਠ ਸਾਲ ਦੇ ਵੱਡੇ ਭਰਾ ਵਿਲੀਅਮ ਦੇ ਨਾਲ ਰਹਿਣ ਵਾਲੇ ਓਲਿਵਰ ਅਧਿਕਾਰੀਆਂ ਦੇ ਇਸ ਜਵਾਬ ਤੋਂ ਕਾਫੀ ਉਤਸ਼ਾਹਤ ਹਨ। ਉਸ ਨੇ ਕਿਹਾ ਕਿ ਇਨੀ ਰਕਮ ਮੇਰੇ ਲਈ ਕਾਫੀ ਵੱਧ ਹੈ, ਪਰ ਮੇਰੇ ਸਵਾਲ ਉਤੇ ਮਿਹਨਤ ਕਰਨ ਲਈ ਰਾਇਲ ਮੇਲ ਦਾ ਸ਼ੁਕਰੀਆ। ਮੈਨੂੰ ਜਵਾਬ ਨੂੰ ਪੜ੍ਹ ਕੇ ਮਜ਼ਾ ਆਇਆ। ਰਾਇਲ ਮੇਲ ਦੇ ਸੀਨੀਅਰ ਕਸਟਮਰ ਐਡਵਾਈਜ਼ਰ ਐਂਡਰਿਊ ਸਮੋਟ ਨੇ ਦੱਸਿਆ ਕਿ ਉਨ੍ਹਾਂ ਦੀ ਟੀਮ ਨੇ ਨਾਸਾ ਦੀ ਮਾਰਸ ਆਊਟਰੀਚ ਯੂਨਿਟ ਨਾਲ ਸੰਪਰਕ ਕਰ ਕੇ ਇਸ ਦੀ ਜਾਣਕਾਰੀ ਦਿੱਤੀ। ਨਾਸਾ ਨੇ ਦੱਸਿਆ ਕਿ 100 ਗਰਾਮ ਤੱਕ ਵਜ਼ਨ ਮੰਗਲ ਵਿਚ ਭੇਜਣ ਵਿਚ ਕਰੀਬ 12 ਹਜ਼ਾਰ ਪੌਂਡ ਖਰਚ ਹੋਣਗੇ। ਐਂਡਰਿਊ ਨੇ ਦੱਸਿਆ ਕਿ ਜੇ ਮੰਗਲ ਗ੍ਰਹਿ ਉਤੇ ਕੋਈ ਰਹਿੰਦਾ ਹੈ ਅਤੇ ਤੁਸੀਂ ਉਸ ਨੂੰ ਪੱਤਰ ਭੇਜਣਾ ਚਾਹੁੰਦੇ ਹੋ ਤਾਂ ਉਸ 'ਤੇ 18 ਹਜ਼ਾਰ 416 ਫਸਟ ਕਲਾਸ ਸਟੰਪ ਅਤੇ 21 ਹਜ਼ਾਰ 466 ਸੈਕਿੰਡ ਕਲਾਸ ਸਟੰਪ ਲਾਉਣੇ ਹੋਣਗੇ।

# ਭਾਰਤੀ ਵਿਦਿਆਰਥੀ ਨੇ ਆਕਸਫੋਰਡ ਯੂਨੀਵਰਸਿਟੀ 'ਤੇ ਠੋਕਿਆ ਮੁਕੱਦਮਾ



**ਲੰਡਨ:** ਭਾਰਤੀ ਮੂਲ ਦੇ ਵਿਦਿਆਰਥੀ ਨੇ ਬਰਤਾਨੀਆ ਦੀ ਸਭ ਤੋਂ ਮਸ਼ਹੂਰ ਯੂਨੀਵਰਸਿਟੀ ਆਕਸਫੋਰਡ 'ਤੇ ਸਿਰਫ ਇਸ ਲਈ ਕੇਸ ਕਰ ਦਿੱਤਾ ਕਿਉਂਕਿ ਉਸ ਨੂੰ ਉਥੋਂ ਦੇ ਪੜ੍ਹਾਉਣ ਦੇ ਢੰਗ-ਤਰੀਕੇ ਬੋਰੀਅਤ ਵਾਲੇ ਲੱਗ ਰਹੇ ਸਨ। ਆਕਸਫੋਰਡ ਦੇ ਸਟੂਡੈਂਟ ਫੈਜ਼ ਸਿੱਦੀਕੀ ਦੀ ਪਟੀਸ਼ਨ ਉਤੇ ਲੰਡਨ ਹਾਈ ਕੋਰਟ ਨੇ ਕੇਸ ਚਲਾਉਣ ਦੇ ਹੁਕਮ ਵੀ ਜਾਰੀ ਕਰ ਦਿੱਤੇ ਹਨ। ਯੂਨੀਵਰਸਿਟੀ ਨੂੰ ਹੁਣ ਇਸ ਮਾਮਲੇ 'ਚ ਟ੍ਰਾਇਲ ਦਾ ਸਾਹਮਣਾ ਕਰਨਾ ਹੋਵੇਗਾ।

ਫੈਜ਼ ਦਾ ਕਹਿਣਾ ਹੈ ਕਿ ਵਿਦਿਆਰਥੀ ਕਾਫੀ ਮਿਹਨਤ ਤੇ ਪੈਸਾ ਖਰਚ ਕਰਨ ਤੋਂ ਬਾਅਦ ਇਥੇ ਪੁੱਜਦੇ ਹਨ। ਬਾਅਦ 'ਚ ਉਨ੍ਹਾਂ ਨੂੰ ਖਰਾਬ ਅਧਿਆਪਨ ਦੇ ਤੌਰ-ਤਰੀਕਿਆਂ ਤੇ ਬੋਰਿੰਗ ਕਲਾਸਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਫੈਜ਼ ਨੇ ਆਪਣੀ ਪਟੀਸ਼ਨ 'ਚ ਕਿਹਾ ਕਿ ਇਸ ਬੋਰਿੰਗ ਅਧਿਆਪਨ ਤਰੀਕੇ ਦੀ ਵਜ੍ਹਾ ਨਾਲ ਉਸ ਨੂੰ ਯੂਨੀਵਰਸਿਟੀ ਤੋਂ ਸੈਕਿੰਡ ਕਲਾਸ ਦੀ ਡਿਗਰੀ ਮਿਲੀ। ਬਤੌਰ ਵਕੀਲ ਉਸ ਨੂੰ ਆਪਣੇ ਕਰੀਅਰ 'ਚ ਨੁਕਸਾਨ ਝੱਲਣਾ ਪੈ ਰਿਹਾ ਹੈ।

ਫੈਜ਼ ਦੇ ਵਕੀਲ ਰੋਜ਼ਰ ਮਾਲਾਲਿਊ ਨੇ ਕੋਰਟ ਵਿਚ ਇਹ ਵੀ ਕਿਹਾ ਕਿ 1999-2000 ਦੇ ਅਕਾਦਮਿਕ ਵਰ੍ਹੇ 'ਚ ਇਤਿਹਾਸ ਦੇ 7 ਵਿਚੋਂ 4 ਅਧਿਆਪਕ ਛੁੱਟੀ ਉਤੇ ਸਨ। ਇਸ ਨਾਲ ਕਲਾਈਂਟ ਦੀ ਪੜ੍ਹਾਈ ਦਾ ਨੁਕਸਾਨ ਹੋਇਆ। ਫੈਜ਼ ਦਾ ਕਹਿਣਾ ਹੈ ਕਿ ਜੇ ਉਨ੍ਹਾਂ ਨੂੰ ਘੱਟ ਗਰੇਡ ਨਹੀਂ ਮਿਲੇ ਹੁੰਦੇ ਤਾਂ ਉਨ੍ਹਾਂ ਦਾ ਵਕੀਲ ਵਜੋਂ ਕੌਮਾਂਤਰੀ ਪੱਧਰ ਉਤੇ ਬਹੁਤ ਸ਼ਾਨਦਾਰ ਕਰੀਅਰ ਹੁੰਦਾ।

ਲੰਡਨ ਹਾਈ ਕੋਰਟ ਨੇ ਫੈਜ਼ ਦੀ ਪਟੀਸ਼ਨ 'ਤੇ ਸੁਣਵਾਈ ਕਰਦੇ ਹੋਏ ਆਕਸਫੋਰਡ ਯੂਨੀਵਰਸਿਟੀ ਨੂੰ ਸੁਣਵਾਈ ਦਾ ਸਾਹਮਣਾ ਕਰਨ ਦਾ ਹੁਕਮ ਦਿੱਤਾ ਹੈ। ਦੱਸਣਯੋਗ ਹੈ ਕਿ ਯੂਨੀਵਰਸਿਟੀ ਦੇ ਮਾਮਲੇ ਨੂੰ ਖਾਰਜ ਕਰਨ ਦੀ ਅਪੀਲ ਕੀਤੀ ਸੀ, ਪਰ ਕੋਰਟ ਨੇ ਇਸ ਨੂੰ ਗੰਭੀਰ ਦੋਸ਼ ਮੰਨਦੇ ਹੋਏ ਸੁਣਵਾਈ ਕਰਨ ਦੇ ਹੁਕਮ ਜਾਰੀ ਕਰ ਦਿੱਤੇ। ਕੋਰਟ ਨੇ ਯੂਨੀਵਰਸਿਟੀ ਨੂੰ ਸਪੱਸ਼ਟ ਨਿਰਦੇਸ਼ ਦਿੱਤੇ ਹਨ ਕਿ ਜੇ ਕੋਈ ਵਿਦਿਆਰਥੀ ਪੜ੍ਹਾਈ ਦੇ ਤਰੀਕੇ ਤੋਂ ਖੁਸ਼ ਨਹੀਂ ਹੈ ਤਾਂ ਯੂਨੀਵਰਸਿਟੀ ਨੂੰ ਉਸ ਦੇ ਸਵਾਲਾਂ ਦਾ ਜਵਾਬ ਦੇਣਾ ਹੀ ਹੋਵੇਗਾ।

# ਮਲੇਸ਼ੀਆ ਦਾ ਗੁਰੂ ਘਰ ਹੜ੍ਹ ਪੀੜਤਾਂ ਲਈ ਬਣਿਆ ਸਹਾਰਾ

**ਕੁਆਲਾਲੰਪਰ:** ਮਲੇਸ਼ੀਆ ਦੇ ਇਪੋਹ ਵਿਚ ਸਥਿਤ ਗੁਰਦੁਆਰਾ ਤਨਜੰਗ ਤੁਆਲੈਂਗ ਇਸ ਵੇਲੇ 75 ਹੜ੍ਹ ਪੀੜਤਾਂ ਦਾ ਸਹਾਰਾ ਬਣਿਆ ਹੋਇਆ ਹੈ। ਗੁਰਦੁਆਰਾ ਸਾਹਿਬ ਦੇ ਸੇਵਾਦਾਰ ਹੜ੍ਹਾਂ ਨਾਲ ਪ੍ਰਭਾਵਿਤ ਲੋਕਾਂ ਨੂੰ ਹਰ ਰਾਹਤ ਦੇਣ ਵਿਚ ਜੁਟੇ ਹੋਏ ਹਨ। ਲੋੜਵੰਦਾਂ ਨੂੰ ਗੁਰੂ ਘਰ ਵਿਚ ਮਨਾਹ ਦੇਣ ਦੇ ਨਾਲ ਉਨ੍ਹਾਂ ਦੇ ਭੋਜਨ ਤੇ ਹੋਰ ਜ਼ਰੂਰੀ ਵਸਤਾਂ ਦਾ ਪ੍ਰਬੰਧ ਕੀਤਾ ਜਾਂਦਾ ਹੈ।


ਹੜ੍ਹਾਂ ਨਾਲ ਇਹ ਗੁਰੂ ਘਰ ਵੀ ਪ੍ਰਭਾਵਿਤ ਹੁੰਦਾ ਹੈ, ਪਰ ਬਾਵਜੂਦ ਇਸ ਦੇ ਸੇਵਾਦਾਰ ਗੁਰੂ ਘਰ ਆਏ ਕਿਸੇ ਲੋੜਵੰਦ ਨੂੰ ਖਾਲੀ ਨਹੀਂ ਮੋੜਦੇ। ਪਿਛਲੇ ਦਿਨੀਂ ਗੁਰਦੁਆਰਾ ਸਾਹਿਬ ਦੇ ਆਸਪਾਸ ਦੇ ਇਲਾਕੇ ਦੇ ਹੜ੍ਹਾਂ ਨਾਲ ਪ੍ਰਭਾਵਿਤ 25 ਪਰਿਵਾਰਾਂ ਨੂੰ ਗੁਰੂ ਘਰ ਵਿਖੇ ਸ਼ਰਨ ਦਿੱਤੀ ਗਈ ਹੈ। ਗੁਰਦੁਆਰਾ ਸਾਹਿਬ ਦੀ ਰਸੋਈ ਭਾਵ ਲੰਗਰ ਹਾਲ ਉਚੀ ਥਾਂ ਉਤੇ ਬਣਿਆ ਹੋਣ ਕਾਰਨ ਇਨ੍ਹਾਂ ਸਾਰੇ ਲੋਕਾਂ ਨੂੰ ਰਸੋਈ ਵਿਚ ਠਹਿਰਾਇਆ ਗਿਆ ਹੈ। ਗੁਰਦੁਆਰਾ ਸਾਹਿਬ ਦੇ ਅੰਦਰ ਦਾ ਪਾਣੀ ਸੁੱਕ ਜਾਣ 'ਤੇ ਉਨ੍ਹਾਂ ਨੂੰ ਜਲਦੀ ਹੀ ਦੂਜੇ ਹਾਲ ਵਿਚ ਸ਼ਿਫਟ ਕਰ ਦਿੱਤਾ ਜਾਵੇਗਾ। ਇਹ ਗੁਰੂ ਘਰ ਜਿਸ ਇਲਾਕੇ ਵਿਚ ਸਥਿਤ ਹੈ, ਉਹ ਇਲਾਕਾ ਨੀਵਾਂ ਹੋਣ ਕਾਰਨ ਪਾਣੀ ਇਥੇ ਮੀਂਹ ਪੈਣ ਨਾਲ ਵੀ ਜਮਾਂ ਹੋ ਜਾਂਦਾ ਹੈ। ਗੁਰਦੁਆਰਾ ਸਾਹਿਬ ਤਨਜੰਗ ਤੁਆਲੈਂਗ 1990 ਤੋਂ ਲੈ ਕੇ ਲਗਾਤਾਰ ਲੋਕਾਂ ਦੀ ਸੇਵਾ ਵਿਚ ਜੁਟਿਆ ਹੋਇਆ ਹੈ। ਗੁਰੂ ਸਾਹਿਬਾਨਾਂ ਦੇ ਸੇਵਾ ਤੇ ਮਾਨਵਤਾ ਭਲਾਈ ਦੇ ਉਪਦੇਸ਼ ਨੂੰ ਕਮਾ ਰਿਹਾ ਹੈ।



# ਡਾਕਟਰਾਂ ਦਾ ਕਮਾਲ: ਪੱਟ ਦੇ ਮਾਸ ਤੋਂ ਬਣਾਈ ਜੀਭ

**ਨਵੀਂ ਦਿੱਲੀ:** ਇਕ ਨਿੱਜੀ ਹਸਪਤਾਲ ਦੇ ਡਾਕਟਰਾਂ ਨੇ ਪੱਟ ਦੇ ਮਾਸ ਦੀ ਵਰਤੋਂ ਕਰ ਕੇ ਚਿਹਰੇ ਦੇ ਕੈਂਸਰ ਤੋਂ ਪਰੇਸ਼ਾਨ ਇਕ ਵਿਅਕਤੀ ਦੀ ਜੀਭ ਨੂੰ ਫਿਰ ਤੋਂ ਬਣਾਉਣ ਦਾ ਚਮਤਕਾਰ ਕਰ ਦਿਖਾਇਆ ਹੈ। ਸਰਜਰੀ ਤੋਂ ਬਾਅਦ ਉਸ ਵਿਅਕਤੀ ਦੇ ਬੋਲਣ ਦੀ ਸ਼ਕਤੀ 'ਚ ਸੁਧਾਰ ਦੇਖਣ ਨੂੰ ਮਿਲਿਆ ਹੈ। ਉਹ ਆਪਣੀ ਜੀਭ ਨਾਲ ਸਵਾਦ ਨਹੀਂ ਲੈ ਸਕਦਾ।

ਫਰੀਦਾਬਾਦ ਦੇ ਇਸ ਵਿਅਕਤੀ ਦੇ ਚਿਹਰੇ ਵਿਚ ਦਰਦ ਸੀ ਅਤੇ ਪਿਛਲੇ ਦੋ-ਢਾਈ ਮਹੀਨਿਆਂ ਤੋਂ ਉਸ ਨੂੰ ਕੁਝ ਵੀ ਖਾਣ ਵਿਚ ਪਰੇਸ਼ਾਨੀ ਆਉਂਦੀ ਸੀ। ਇਸ ਤੋਂ ਇਲਾਵਾ ਦਰਦ ਕਾਰਨ ਉਸ ਨੂੰ ਬੋਲਣ ਅਤੇ ਗੱਲ ਕਰਨ ਵਿਚ ਵੀ ਪਰੇਸ਼ਾਨੀ ਹੁੰਦੀ ਸੀ। ਫੋਰਟਿਸ ਹਸਪਤਾਲ ਦੇ ਸਰਜਰੀ ਡਾਕਟਰ ਨਿਤਿਨ ਸਿੰਘਲ ਨੇ ਕਿਹਾ, 'ਜਾਂਚ ਕਰਨ 'ਤੇ ਪਤਾ ਚੱਲਿਆ ਕਿ ਉਸ ਦੀ ਜੀਭ ਵਿਚ ਕੈਂਸਰ ਦੇ ਲੱਛਣ ਦਿੱਸ ਰਹੇ ਹਨ ਅਤੇ ਉਸ ਦੀ ਜੀਭ ਸਮੇਤ ਪੂਰੇ ਚਿਹਰੇ ਅਤੇ ਜਬੜੇ ਨੂੰ ਆਪਣੀ ਲਪੇਟ 'ਚ ਲੈ ਲਿਆ ਹੈ। ਉਹ ਵਿਅਕਤੀ ਬਹੁਤ ਪਹਿਲੇ ਤੋਂ ਸਿਗਰੇਟ ਅਤੇ ਤੰਬਾਕੂ ਦਾ ਸੇਵਨ ਕਰਦਾ ਸੀ। ਇਸ ਤੋਂ ਇਲਾਵਾ ਕਦੀ-ਕਦੀ ਸ਼ਰਾਬ ਵੀ ਪੀਂਦਾ ਸੀ। ਕੁਝ ਹਸਪਤਾਲਾਂ ਨੇ ਉਸ ਦੀ ਜਾਂਚ ਕੀਤੀ ਅਤੇ ਪਾਇਆ ਕਿ ਉਸ ਦੀ ਜੀਭ 'ਚ ਕੈਂਸਰ ਦੇ ਲੱਛਣ ਦਿੱਸ ਰਹੇ ਹਨ। ਡਾਕਟਰਾਂ ਨੇ ਸਰਜਰੀ ਕਰਨ ਦੀ ਸਲਾਹ ਦਿੱਤੀ। ਉਸ ਦੀ ਹਾਲਤ ਖਰਾਬ ਹੋ ਰਹੀ ਸੀ ਅਤੇ ਦਰਦ ਹੱਦ ਤੋਂ ਜ਼ਿਆਦਾ ਵਧ ਗਿਆ ਸੀ। ਉਸ ਨੂੰ ਕਿਹਾ ਗਿਆ ਸੀ ਕਿ ਕੈਂਸਰ ਨੂੰ ਹਟਾਉਣ ਲਈ ਉਸ ਦਾ ਪੂਰਾ ਜਬੜਾ ਨਿਕਾਲਿਆ ਜਾ ਸਕਦਾ ਹੈ। ਹਾਲਾਂਕਿ ਉਸ ਨੂੰ ਬਹੁਤ ਭਿਆਨਕ ਦਰਦ ਹੋ ਰਿਹਾ ਸੀ ਅਤੇ ਉਸ ਕੋਲੋ ਖਾਣਾ ਨਹੀਂ ਖਾਧਾ ਜਾ ਰਿਹਾ ਸੀ। ਜਿਸ ਤੋਂ ਬਾਅਦ ਉਸ ਨੇ ਫੋਰਟਿਸ ਹਸਪਤਾਲ ਦੇ ਡਾਕਟਰਾਂ ਨਾਲ ਸੰਪਰਕ ਕੀਤਾ।



# ਤਿੰਨ ਪਰਵਾਸੀ ਭਾਰਤੀਆਂ ਨੂੰ ਮਿਲਿਆ ਆਸਟਰੇਲੀਆ ਦਾ ਸਰਵੋਤਮ ਸਨਮਾਨ

**ਮੈਲਬਰਨ:** ਆਸਟਰੇਲੀਆ ਦਿਵਸ ਮੌਕੇ ਭਾਰਤੀ ਮੂਲ ਦੇ ਤਿੰਨ ਵਿਅਕਤੀਆਂ ਨੂੰ ਆਸਟਰੇਲੀਆ ਦਾ ਸਰਵੋਤਮ ਸਨਮਾਨ ਦਿੱਤਾ ਗਿਆ। ਇਨ੍ਹਾਂ ਨੂੰ ਇਹ ਸਨਮਾਨ ਡਾਕਟਰੀ ਅਤੇ ਸਮਾਜ ਸੇਵਾ ਦੇ ਖੇਤਰ ਵਿਚ ਪਾਏ ਗਏ ਯੋਗਦਾਨ ਬਦਲੇ ਦਿੱਤਾ ਗਿਆ। ਸਿਡਨੀ ਰਹਿੰਦੇ ਡਾਕਟਰ ਪੁਰਸ਼ੋਤਮ ਸਾਵਰੀਕਰ ਨੂੰ ਆਸਟਰੇਲੀਆ ਦਿਵਸ ਮੌਕੇ ਆਮ ਸ਼੍ਰੇਣੀ ਵਿਚ ਸਾਲ 2017 ਲਈ ਆਰਡਰ ਆਫ ਆਸਟਰੇਲੀਆ ਮੈਡਲ ਦਿੱਤਾ ਗਿਆ। ਉਨ੍ਹਾਂ ਨੂੰ ਇਹ ਪੁਰਸਕਾਰ ਡਾਕਟਰੀ ਦੇ ਖੇਤਰ ਅਤੇ ਭਾਰਤੀ ਭਾਈਚਾਰੇ ਦੀ ਕੀਤੀ ਸੇਵਾ ਲਈ ਦਿੱਤਾ ਗਿਆ।

ਪਰਥ ਰਹਿੰਦੇ ਮੱਖਣ ਸਿੰਘ ਖੰਗੂੜਾ ਨੂੰ ਨਿਊਰੋ-ਰੇਡੀਆਲੋਜੀ, ਸਿੱਖਿਆ ਦੇ ਖੇਤਰ ਅਤੇ ਕਈ ਮੈਡੀਕਲ ਸੰਸਥਾਵਾਂ ਲਈ ਕੀਤੇ ਕੰਮਾਂ ਬਦਲੇ ਦਿੱਤਾ ਗਿਆ। ਨਿਊਕਲੀਅਰ ਮੈਡੀਸਨ ਦੇ ਮਾਹਿਰ ਅਤੇ ਖੋਜਾਰਥੀ ਵਿਜੇ ਕੁਮਾਰ ਨੂੰ ਆਪਣੇ ਖੇਤਰ ਵਿਚ ਕੀਤੀਆਂ ਖੋਜਾਂ ਬਦਲੇ ਇਹ ਸਨਮਾਨ ਦਿੱਤਾ ਗਿਆ। ਸਿਡਨੀ ਤਾਮਿਲ ਸੰਗਮ ਐਸੋਸੀਏਸ਼ਨ ਦੇ ਬਾਨੀ ਮੈਂਬਰ ਸ੍ਰੀ ਕੁਮਾਰ ਨੂੰ 2007 ਅਤੇ 2014 ਵਿਚ ਵੀ ਆਸਟਰੇਲੀਅਨ ਨਿਊਕਲੀਅਰ ਸਾਇੰਸ ਅਤੇ ਟੈਕਨਾਲੋਜੀ ਆਰਗੇਨਾਈਜ਼ੇਸ਼ਨ ਐਵਾਰਡ ਦਿੱਤੇ ਗਏ ਸਨ।



ਡਾਰਵਿਨ ਰਹਿੰਦੇ ਤੇਜਿੰਦਰ ਪਾਲ ਸਿੰਘ ਨੂੰ ਲੋਕਲ ਹੀਰੋ ਸ਼੍ਰੇਣੀ ਵਿਚ ਆਸਟਰੇਲੀਅਨ ਆਫ ਦਾ ਯੀਅਰ ਪੁਰਸਕਾਰ ਲਈ ਨਾਮਜ਼ਦ ਕੀਤਾ ਗਿਆ ਸੀ। ਉਹ ਪਿਛਲੇ ਚਾਰ ਸਾਲਾਂ ਤੋਂ ਉਤਰੀ ਪ੍ਰਾਂਤ ਵਿਚ ਗਰੀਬ ਲੋਕਾਂ ਦੀ 'ਫੂਡ ਵੈਨ' ਰਾਹੀਂ ਮੁਫ਼ਤ ਖਾਣੇ ਦੀ ਸੇਵਾ ਕਰਦਾ ਆ ਰਿਹਾ ਹੈ। ਉਹ ਹਰ ਮਹੀਨੇ ਦੇ ਆਖਰੀ ਐਤਵਾਰ ਗਰੀਬਾਂ ਨੂੰ ਮੁਫ਼ਤ ਖਾਣਾ ਵੰਡਦਾ ਹੈ।

ਇਸ ਵਾਰ ਆਸਟਰੇਲੀਆ ਦਿਵਸ ਮੌਕੇ 950 ਲੋਕਾਂ ਨੂੰ ਪੁਰਸਕਾਰਾਂ ਲਈ ਚੁਣਿਆ ਗਿਆ। ਇਨ੍ਹਾਂ ਵਿਚੋਂ ਸਾਬਕਾ ਪ੍ਰਧਾਨ ਮੰਤਰੀ ਜੂਲੀਆ ਗਿਲਰਡ, ਵਿਕਟੋਰੀਆ ਦੇ ਗਵਰਨਰ ਲਿੰਡਾ ਦੇਸਾਓ, ਜੈਵਿਕ ਵਿਗਿਆਨੀ ਐਂਡਰਿਓ ਹੋਮਜ਼ ਅਤੇ ਸਾਬਕਾ ਐਮਪੀ ਡੇਵਿਡ ਕੈਂਪ ਨੂੰ ਆਸਟਰੇਲੀਆ ਦੇ ਸਰਵੋਤਮ ਮੈਡਲ 'ਦਾ ਕੰਪੈਨੀਅਨ ਆਫ ਦਾ ਆਰਡਰ ਆਫ ਆਸਟਰੇਲੀਆ' ਨਾਲ ਸਨਮਾਨਤ ਕੀਤਾ ਗਿਆ। ਕੁਈਨਜ਼ਲੈਂਡ ਰਹਿੰਦੇ ਬਾਇਓਮੈਡੀਕਲ ਵਿਗਿਆਨੀ ਐਲਨ ਮੈਕੇਅ-ਸਿਮ ਨੂੰ ਇਸ ਵਾਰ 'ਆਸਟਰੇਲੀਅਨ ਆਫ ਦਾ ਯੀਅਰ' ਪੁਰਸਕਾਰ ਪ੍ਰਦਾਨ ਕੀਤਾ ਗਿਆ।

## ਆਸਟਰੇਲੀਆ ਜਾਣ ਲਈ ਪਾਸਪੋਰਟ ਦੀ ਲੋੜ ਨਹੀਂ ਪਵੇਗੀ

**ਕੈਨਬਰਾ:** ਆਸਟਰੇਲੀਆ ਨੇ ਆਪਣੇ ਸਾਰੇ ਅੰਤਰਰਾਸ਼ਟਰੀ ਹਵਾਈ ਅੱਡਿਆਂ ਦੀ ਸੁਰੱਖਿਆ ਵਿਵਸਥਾ ਦੀ ਸਮੀਖਿਆ ਦਾ ਐਲਾਨ ਕੀਤਾ। ਇਸ ਦੇ ਨਾਲ ਹੀ ਸਾਲ 2020 ਤੱਕ ਇਕ ਅਜਿਹੀ ਤਕਨੀਕ ਲਿਆਉਣ ਬਾਰੇ ਕਿਹਾ ਗਿਆ ਜਿਸ ਨਾਲ ਯਾਤਰੀਆਂ ਦੀ ਪਛਾਣ ਲਈ ਪਾਸਪੋਰਟ ਦੀ ਜ਼ਰੂਰਤ ਨਹੀਂ ਪਵੇਗਾ। ਇਸ ਲਈ ਉਨ੍ਹਾਂ ਦਾ ਚਿਹਰਾ ਹੀ ਕਾਫੀ ਹੋਵੇਗਾ। ਇਥੋਂ ਦਾ ਇਮੀਗ੍ਰੇਸ਼ਨ ਵਿਭਾਗ ਯਾਤਰੀਆਂ ਦੀ ਪਛਾਣ ਲਈ ਸੈਲਫ-ਪ੍ਰੋਸੈਸਿੰਗ ਸਿਸਟਮ 'ਤੇ ਕੰਮ ਕਰ ਰਿਹਾ ਹੈ। ਆਉਣ ਵਾਲੇ ਸਮੇਂ ਵਿਚ ਸੁਰੱਖਿਆ ਸਬੰਧੀ ਜਾਂਚ ਲਈ ਪਾਸਪੋਰਟ ਜਾਂ ਕਿਸੇ ਹੋਰ ਕਾਗਜ਼ਾਤ ਦੀ ਨਹੀਂ ਬਲਕਿ ਫਿੰਗਰਪ੍ਰਿੰਟ, ਅੱਖਾਂ ਦੀਆਂ ਪੁਤਲੀਆਂ ਅਤੇ ਚਿਹਰੇ ਦਾ ਸਹਾਰਾ ਲਿਆ ਜਾਵੇਗਾ। ਮੁੱਖ ਹਵਾਈ ਅੱਡਿਆਂ ਅਤੇ ਬੰਦਰਗਾਹਾਂ 'ਤੇ ਜਲਦੀ ਹੀ ਇਸ ਵਿਵਸਥਾ ਨੂੰ ਸ਼ੁਰੂ ਕੀਤਾ ਜਾਵੇਗਾ। ਇਮੀਗ੍ਰੇਸ਼ਨ ਮੰਤਰੀ ਪੀਟਰ ਡਟਨ ਨੇ ਕਿਹਾ ਕਿ ਉਨ੍ਹਾਂ ਦਾ ਮਕਸਦ ਸਟਾਫ ਦੇ ਪੇਪਰਵਰਕ ਅਤੇ ਮੈਨੂਅਲ ਪ੍ਰੋਸੈਸਿੰਗ ਨੂੰ 90 ਫੀਸਦੀ ਤੱਕ ਘੱਟ ਕਰਨ ਦਾ ਹੈ। ਉਨ੍ਹਾਂ ਨੇ ਕਿਹਾ, 'ਹੋ ਸਕਦਾ ਹੈ ਕਿ ਆਉਣ ਵਾਲੇ ਸਮੇਂ ਵਿਚ ਲੋਕਾਂ ਨੂੰ ਪਾਸਪੋਰਟ ਲੈ ਕੇ ਚੱਲਣ ਦੀ ਜ਼ਰੂਰਤ ਨਹੀਂ ਨਾ ਪਵੇ। ਇਸ ਤੋਂ ਇਲਾਵਾ ਇਸ ਨਾਲ ਏਅਰਪੋਰਟ ਉਤੇ ਹੋਣ ਵਾਲੀ ਚੈਕਿੰਗ ਅਤੇ ਬਾਕੀ ਮੁਸ਼ਕਲਾਂ ਤੋਂ ਵੀ ਕਾਫੀ ਹੱਦ ਤਕ ਨਿਜ਼ਾਤ ਮਿਲੇਗੀ। ਫਿਲਹਾਲ ਆਸਟਰੇਲੀਆ ਦੇ ਹਵਾਈ ਅੱਡਿਆਂ ਉਤੇ ਸਮਾਰਟਗੇਟ ਹੈ ਜੋ ਪਾਸਪੋਰਟ ਨੂੰ ਸਕੈਨ ਕਰ ਲੈਂਦੇ ਹਨ। ਇਹ ਵਿਵਸਥਾ ਤਕਰੀਬਨ 10 ਸਾਲ ਪਹਿਲਾਂ ਸ਼ੁਰੂ ਕੀਤੀ ਗਈ ਸੀ। ਨਵਾਂ ਸਿਸਟਮ ਆਉਣ ਨਾਲ ਸਮਾਰਟਗੇਟਾਂ ਦਾ ਚਲਣ ਬੰਦ ਹੋ ਜਾਵੇਗਾ। ਉਨ੍ਹਾਂ ਕਿਹਾ ਕਿ ਦੇਸ਼ ਦੀ ਸਰਹੱਦ 'ਤੇ ਵੀ ਸੁਰੱਖਿਆ ਇੰਤਜ਼ਾਮਾਂ ਵਿਚ ਸੁਧਾਰ ਕੀਤਾ ਜਾਵੇਗਾ ਅਤੇ ਇਸ 'ਤੇ 5 ਅਰਬ ਰੁਪਏ ਤੋਂ ਜ਼ਿਆਦਾ ਦਾ ਖਰਚਾ ਆਵੇਗਾ। ਡਟਨ ਨੇ ਕਿਹਾ ਕਿ ਇਸ ਨਾਲ ਦੇਸ਼ ਵਿਚ ਅਤਿਵਾਦੀ ਹਮਲਿਆਂ ਦੇ ਖਤਰੇ ਨਾਲ ਸਿੱਝਿਆ ਜਾ ਸਕੇਗਾ ਅਤੇ ਏਅਰਪੋਰਟ 'ਤੇ ਪਾਸਪੋਰਟ ਦਾ ਝੰਜਟ ਨਾ ਹੋਣ ਨਾਲ ਸੈਰ-ਸਪਾਟੇ ਨੂੰ ਹੁਲਾਰਾ ਮਿਲੇਗਾ। ਆਸਟਰੇਲੀਆ ਇਕ ਹਰਮਨ ਪਿਆਰਾ ਸੈਰ-ਸਪਾਟਾ ਜਗ੍ਹਾ ਹੈ ਅਤੇ ਦੁਨੀਆਂ ਦੇ ਕਈ ਦੇਸ਼ਾਂ ਤੋਂ ਲੋਕ ਇਥੇ ਘੁੰਮਣ ਆਉਂਦੇ ਹਨ।

# ਅਤਿਵਾਦ ਦੇ ਟਾਕਰੇ ਲਈ ਮੋਦੀ ਅਤੇ ਟਰੰਪ ਵੱਲੋਂ ਸਾਂਝਾ ਅਹਿਦ

**ਨਵੀਂ ਦਿੱਲੀ/ਵਾਸ਼ਿੰਗਟਨ:** ਅਮਰੀਕਾ ਦੇ ਰਾਸ਼ਟਰਪਤੀ ਡੋਨਲਡ ਟਰੰਪ ਨੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨਾਲ ਫੋਨ ਉਤੇ ਵਾਰਤਾ ਦੌਰਾਨ ਭਾਰਤ ਨੂੰ ਸੱਚਾ ਮਿੱਤਰ ਅਤੇ ਭਾਈਵਾਲ ਗਰਦਾਨਦਿਆਂ ਅਤਿਵਾਦ ਖਿਲਾਫ਼ ਆਲਮੀ ਜੰਗ ਵਿਚ ਮੋਢੇ ਨਾਲ ਮੋਢਾ ਜੋੜ ਕੇ ਕੰਮ ਕਰਨ ਦਾ ਅਹਿਦ ਲਿਆ ਅਤੇ ਰੱਖਿਆ ਤੇ ਸੁਰੱਖਿਆ ਦੇ ਖੇਤਰ 'ਚ ਰਲ ਕੇ ਕੰਮ ਕਰਨ ਦਾ ਐਲਾਨ ਕੀਤਾ। ਗੱਲਬਾਤ ਦੌਰਾਨ ਦੋਵੇਂ ਆਗੂਆਂ ਨੇ ਇਕ-ਦੂਜੇ ਨੂੰ ਆਪਣੇ ਮੁਲਕਾਂ 'ਚ ਆਉਣ ਦਾ ਸੱਦਾ ਵੀ ਦਿੱਤਾ। ਵ੍ਹਾਈਟ ਹਾਊਸ ਵੱਲੋਂ ਜਾਰੀ ਬਿਆਨ 'ਚ ਕਿਹਾ ਗਿਆ ਹੈ ਕਿ ਰਾਸ਼ਟਰਪਤੀ ਟਰੰਪ ਇਸ ਸਾਲ ਪ੍ਰਧਾਨ ਮੰਤਰੀ ਮੋਦੀ ਦੀ ਅਮਰੀਕਾ 'ਚ ਮੇਜ਼ਬਾਨੀ ਕਰਨਗੇ। ਦੋਵੇਂ ਆਗੂਆਂ ਨੇ ਅਮਰੀਕਾ ਅਤੇ ਭਾਰਤ ਦਰਮਿਆਨ ਅਰਥਚਾਰੇ ਅਤੇ ਰੱਖਿਆ ਜਿਹੇ ਖੇਤਰਾਂ 'ਚ ਭਾਈਵਾਲੀ ਨੂੰ ਮਜ਼ਬੂਤ ਕਰਨ ਦੇ ਮੌਕਿਆਂ ਬਾਰੇ ਵੀ ਵਿਚਾਰਾਂ ਕੀਤੀਆਂ। ਇਸ ਤੋਂ ਇਲਾਵਾ ਉਨ੍ਹਾਂ ਦੱਖਣੀ ਅਤੇ ਮੱਧ ਏਸ਼ੀਆ ਖਿੱਤੇ 'ਚ ਸੁਰੱਖਿਆ ਬਾਰੇ ਵੀ ਚਰਚਾ ਕੀਤੀ। ਅਮਰੀਕੀ ਰਾਸ਼ਟਰਪਤੀ ਵੱਲੋਂ 20 ਜਨਵਰੀ ਨੂੰ



ਸਹੁੰ ਚੁੱਕੇ ਜਾਣ ਤੋਂ ਬਾਅਦ ਸ੍ਰੀ ਮੋਦੀ ਪੰਜਵੇਂ ਵਿਦੇਸ਼ੀ ਆਗੂ ਹਨ, ਜਿਨ੍ਹਾਂ ਨਾਲ ਟਰੰਪ ਨੇ ਫੋਨ ਉਪਰ ਗੱਲਬਾਤ ਕੀਤੀ ਹੈ। ਪ੍ਰਧਾਨ ਮੰਤਰੀ ਮੋਦੀ ਨੇ ਟਵੀਟ ਕਰ ਕੇ ਦੱਸਿਆ ਕਿ ਉਨ੍ਹਾਂ ਟਰੰਪ ਨਾਲ ਗੱਲਬਾਤ ਕੀਤੀ ਹੈ, ਜਿਸ ਦੌਰਾਨ ਉਨ੍ਹਾਂ ਟਰੰਪ ਨੂੰ ਭਾਰਤ ਆਉਣ ਦਾ ਸੱਦਾ ਵੀ ਦਿੱਤਾ।

ਜ਼ਿਕਰਯੋਗ ਹੈ ਕਿ ਟਰੰਪ ਦੀ ਜਿੱਤ ਤੋਂ ਬਾਅਦ ਸ੍ਰੀ ਮੋਦੀ ਉਨ੍ਹਾਂ ਨੂੰ ਸਭ ਤੋਂ ਪਹਿਲਾਂ ਵਧਾਈਆਂ ਦੇਣ ਵਾਲੇ ਆਗੂਆਂ 'ਚ ਸ਼ੁਮਾਰ ਸਨ।

## ਪੰਜਾਬੀ ਵਕੀਲ ਉਤਮ ਢਿੱਲੋਂ ਟਰੰਪ ਦਾ ਨਿਜੀ ਸਹਾਇਕ

**ਵਾਸ਼ਿੰਗਟਨ:** ਅਮਰੀਕਾ ਦੇ ਨਵੇਂ ਰਾਸ਼ਟਰਪਤੀ ਡੋਨਲਡ ਟਰੰਪ ਨੇ ਭਾਰਤੀ ਮੂਲ ਦੇ ਅਮਰੀਕੀ ਅਟਾਰਨੀ ਉਤਮ ਢਿੱਲੋਂ ਨੂੰ ਵਾਈਟ ਹਾਊਸ ਵਿਚ ਨੈਤਿਕਤਾ ਨਾਲ ਜੁੜਿਆ ਅਹਿਮ ਅਹੁਦਾ ਦਿੱਤਾ ਹੈ। ਪੇਸ਼ੇ ਤੋਂ ਵਕੀਲ ਉਤਮ ਢਿੱਲੋਂ ਨੂੰ ਰਾਸ਼ਟਰਪਤੀ ਟਰੰਪ ਦਾ ਨਿੱਜੀ ਸਹਾਇਕ ਨਿਯੁਕਤ ਕੀਤਾ ਗਿਆ ਹੈ। ਹਾਊਸ ਆਫ ਰਿਪਰਜੈਂਟਿਵ ਦੀ ਵਿੱਤੀ ਸੇਵਾ ਕਮੇਟੀ ਦੇ ਮੁੱਖ ਨਿਰੀਖਕ ਵਿਚ ਅਹਿਮ ਭੂਮਿਕਾ ਨਿਭਾਉਣ ਵਾਲੇ ਉਤਮ ਢਿੱਲੋਂ ਨੂੰ ਟਰੰਪ ਨੇ ਆਪਣੇ ਨਿੱਜੀ ਸਹਾਇਕ ਦਾ ਅਹੁਦਾ ਦਿੱਤਾ ਹੈ। ਇਸ ਭੂਮਿਕਾ ਵਿਚ ਉਹ ਸਰਕਾਰੀ ਵਕੀਲ ਹੋਣਗੇ ਜੋ ਵਾਈਟ ਹਾਊਸ ਦੇ ਵਕੀਲ ਡੋਨਲਡ ਐਫ ਮੈਕਘਾਨ ਤਹਿਤ ਕੰਮ ਕਰਨ ਵਾਲੀ ਕਾਨੂੰਨੀ ਟੀਮ ਵਿਚ ਕੰਮ ਕਰਨਗੇ।

## ਸਰੀ ਵਿਚ ਪੰਜਾਬੀ ਨੌਜਵਾਨ ਦਾ ਕਤਲ

**ਵੈਨਕੂਵਰ:** ਸਰੀ ਵਿਚ 22 ਸਾਲਾ ਪੰਜਾਬੀ ਨੌਜਵਾਨ ਕਰਨਪ੍ਰਤਾਪ ਸਿੰਘ ਵੜੈਚ ਨੂੰ ਗੋਲੀਆਂ ਮਾਰ ਕੇ ਮਾਰ ਦਿੱਤਾ ਗਿਆ। ਪੁਲਿਸ ਵੱਲੋਂ ਜਾਰੀ ਸੂਚਨਾ ਅਨੁਸਾਰ ਕਰਨ ਦਾ ਅਪਰਾਧਕ ਰਿਕਾਰਡ ਸੀ ਤੇ ਮੁੱਢਲੇ ਸੰਕੇਤਾਂ ਅਨੁਸਾਰ ਇਹ ਕਾਰਾ ਉਸ ਦੇ ਵਿਰੋਧੀਆਂ ਵੱਲੋਂ ਗਿਣ ਮਿੱਥ ਕੇ ਕੀਤਾ ਹੋ ਸਕਦਾ ਹੈ।

ਕਤਲਾਂ ਦੀ ਜਾਂਚ ਵਾਲੀ ਪੁਲਿਸ ਟੀਮ ਦੇ ਬੁਲਾਰੇ ਸਟਾਫ ਸਾਰਜੈਂਟ ਜੈਨੀਫਰ ਪੌਂਡ ਨੇ ਦੱਸਿਆ ਕਿ ਰਾਤ ਵੇਲੇ ਜਦੋਂ ਕਿਸੇ ਨੇ 129 ਸਟਰੀਟ ਅਤੇ 96 ਐਵੇਨਿਊ ਸਥਿਤ ਮੈਕਡੌਨਲਡ ਪਲਾਜ਼ੇ ਵਿਚ ਗੋਲੀਆਂ ਚੱਲਣ ਬਾਰੇ ਸੂਚਨਾ ਦਿੱਤੀ ਤਾਂ ਮੌਕੇ ਉਤੇ ਪਹੁੰਚੇ ਪੁਲਿਸ ਅਫਸਰਾਂ ਨੇ ਵੇਖਿਆ ਕਿ ਕਾਰ ਵਿਚ ਪਏ ਨੌਜਵਾਨ ਨੂੰ ਗੋਲੀਆਂ ਨਾਲ ਵਿੰਨ੍ਹਿਆ ਹੋਇਆ ਸੀ। ਮੌਕੇ ਉਤੇ ਪਹੁੰਚੀ ਡਾਕਟਰਾਂ ਦੀ ਟੀਮ ਨੇ ਉਸ ਨੂੰ ਮ੍ਰਿਤਕ ਕਰਾਰ ਦੇ ਦਿੱਤਾ। ਪੁਲਿਸ ਵੱਲੋਂ ਇਲਾਕੇ ਦੀ ਘੇਰਾਬੰਦੀ ਕਰ ਕੇ ਸਬੂਤ ਇਕੱਠੇ ਕੀਤੇ ਗਏ ਹਨ। ਪੁਲਿਸ ਨੇ ਜਾਂਚ ਵਿਚ ਲੋਕਾਂ ਤੋਂ ਸਹਿਯੋਗ ਮੰਗਿਆ।

ਪੁਲਿਸ ਦਾ ਕਹਿਣਾ ਹੈ ਕਿ ਅਜੇ ਉਹ ਕਤਲ ਨੂੰ ਗੈਂਗਵਾਰ ਦਾ ਨਤੀਜਾ ਨਹੀਂ ਕਹਿ ਸਕਦੇ, ਪਰ ਇਸ ਤੋਂ ਮੁਨਕਰ ਵੀ ਨਹੀਂ ਹੋਇਆ ਜਾ ਸਕਦਾ। ਪੁਲਿਸ ਇਸ ਘਟਨਾ ਨੂੰ ਕੁਝ ਘੰਟੇ ਪਹਿਲਾਂ ਟੋਰਾਂਟੋ ਵਿਚ ਪੰਜਾਬੀ ਨੌਜਵਾਨ ਦਿਲਾਨ ਗਿੱਲ (24) ਦੇ ਇਸੇ ਢੰਗ ਨਾਲ ਹੋਏ ਕਤਲ ਨਾਲ ਵੀ ਜੋੜ ਕੇ ਵੇਖ ਰਹੀ ਹੈ।

## ਗੈਂਗਸਟਰ ਕੀਪਾ ਦੀ ਹੱਤਿਆ

**ਮੋਗਾ:** ਥਾਣਾ ਬੱਧਨੀ ਕਲਾਂ ਅਧੀਨ ਪਿੰਡ ਬੁੱਟਰ 'ਚ ਗੈਂਗਸਟਰ ਕੁਲਦੀਪ ਸਿੰਘ ਕੀਪਾ ਦੀ ਤਿੰਨ ਮੋਟਰਸਾਈਕਲ ਸਵਾਰਾਂ ਨੇ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ।

ਕੀਪਾ ਜ਼ਿਲ੍ਹਾ ਬਠਿੰਡਾ 'ਚ ਪੁਲਿਸ ਮੁਕਾਬਲੇ ਵਿਚ ਮਾਰੇ ਗਏ ਗੈਂਗਸਟਰ ਦਵਿੰਦਰ ਬੰਬੀਹਾ ਗੁੱਟ ਨਾਲ ਸਬੰਧਤ ਸੀ।


ਗ੍ਰੰਥੀ ਸਿੰਘ ਦੀ ਲੋੜ ਹੈ

ਗੁਰਦੁਆਰਾ ਸੰਤ ਸਾਗਰ, ਬੈਲਰੋਜ਼ (ਨਿਊ ਯਾਰਕ) ਲਈ ਗ੍ਰੰਥੀ ਸਿੰਘ ਦੀ ਲੋੜ ਹੈ। ਗੁਰਬਾਣੀ ਦੀ ਵਿਆਖਿਆ ਅੰਗਰੇਜ਼ੀ ਵਿਚ ਵੀ ਕਰ ਸਕਣ ਵਾਲੇ ਗ੍ਰੰਥੀ ਸਿੰਘ ਨੂੰ ਤਰਜੀਹ।

ਸੰਪਰਕ ਕਰੋ, ਭਾਈ ਸੱਜਣ ਸਿੰਘ

ਫੋਨ: 718-347-5659



DHOL RADIO

WEBSITE - DHOLRADIO.CO

DHOL RADIO

ਪਿੰਡ ਤੋ ਚੱਲਣ ਵਾਲਾ ਦੁਨੀਆਂ ਦਾ ਪਹਿਲਾ ਪੰਜਾਬੀ ਰੇਡੀਓ

REQUEST SONG

MUSIC 24/7

LISTEN ON PHONE

ਹੁਣ ਸ਼ਿਕਾਗੋ ਤੋ

Application For Android and iPhone - Dhol Radio

LIVE CALLS → USA 951-824-6365

skype - DHOLRADIO.ORG

LISTEN BY CALL → USA 702-489-0211

Sukhpal Gill 10 pm to 12 am (IST)

Puran singh waraich 2:30 pm to 4 pm (IST)



ਕੀ ਤੁਹਾਡੀ ਟਰੱਕਿੰਗ ਕੰਪਨੀ ਨੂੰ ਕੈਸ਼ ਫਲੋ ਦੀ ਤੰਗੀ ਹੈ?

ਅਸੀਂ ਮਦਦ ਕਰ ਸਕਦੇ ਹਾਂ

ਅਸੀਂ ਤੁਹਾਡੇ ਫਰੇਟ ਬਿਲ ਖਰੀਦ ਕੇ ਤੁਹਾਡਾ ਕੈਸ਼ ਫਲੋ ਵਧਾ ਸਕਦੇ ਹਾਂ। ਜਦੋਂ ਤੁਸੀਂ ਆਪਣਾ ਲੋਡ ਪਹੁੰਚਦਾ ਕਰੋ ਤਾਂ ਫਰੇਟ ਬਿਲ ਸਾਨੂੰ ਭੇਜੋ, ਤੁਰੰਤ ਅਦਾਇਗੀ ਪਾਓ।

*ਸਸਤੀਆਂ ਦਰਾਂ *ਇਕ ਵਾਰ ਦਾ ਕਮਿਸ਼ਨ

*ਘੱਟੋ ਘੱਟ ਦੀ ਕੋਈ ਸ਼ਰਤ ਨਹੀਂ

Rates as low as 2.0%

ਸੰਪਰਕ ਕਰੋ:

ਪਾਲ ਫੋਨ 1-800-705-3863



Trucking Companies-Improve Your Cash Flow

*Low Rates *One-Time Discounts *No Minimums

Call Paul at 1-800-705-3863

www.Transportationfunding.com

Transportation Funding Group, Inc. Minneapolis, MN 55426

# ਭਾਸ਼ਾ ਕਿਤੇ ਕਿਰ ਨਾ ਜਾਵੇ ਜਿਉਂ ਮੁੱਠੀ 'ਚੋਂ ਰੇਤ

*ਅਨੂਪ ਸੇਠੀ ਦੇ ਇਸ ਲੇਖ ਦੇ ਅਰਥ ਬਹੁਤ ਡੂੰਘੇ ਹਨ। ਤੁਰ ਰਿਹਾ ਵਕਤ ਬਹੁਤ ਕੁਝ ਬਦਲ ਰਿਹਾ ਹੈ ਜਿਸ ਵਿਚ ਹੋਰ ਸ਼ੈਆਂ-ਵਸਤਾਂ ਤੋਂ ਇਲਾਵਾ ਸਾਡੀ ਰੂਹ ਦੀ ਖੁਰਾਕ ਸਾਡੀ ਭਾਸ਼ਾ, ਸਾਡੀ ਬੋਲੀ ਵੀ ਸ਼ਾਮਲ ਹੈ। ਲੇਖ ਵਿਚ ਭਾਸ਼ਾ ਅਤੇ ਬੋਲੀ ਉਤੇ ਲਗਾਤਾਰ ਪੈ ਰਹੇ ਅਸਰਾਂ ਦੀ ਚਰਚਾ ਹੈ। ਪੰਜਾਬੀ ਵਿਚ ਇਹ ਅਸਰ ਦੋਹਰਾ ਹੈ। ਅੱਜ ਕਈ ਕਾਰਨਾਂ ਕਰ ਕੇ ਪੰਜਾਬੀ ਉਤੇ ਹਿੰਦੀ ਅਤੇ ਅੰਗਰੇਜ਼ੀ ਖੂਬ ਅਸਰਅੰਦਾਜ਼ ਹੋ ਰਹੀ ਹੈ। ਜੇ ਪੰਜਾਬੀ ਇਸ ਬਾਰੇ ਹੁਣ ਵੀ ਸੁਚੇਤ ਨਾ ਹੋਏ ਤਾਂ ਠੁੱਕਦਾਰ ਪੰਜਾਬੀ ਲੱਭਣੀ ਮੁਸ਼ਕਿਲ ਹੋ ਜਾਵੇਗੀ। ਇਸ ਲੇਖ ਦਾ ਤਰਜਮਾ ਕੇਹਰ ਸ਼ਰੀਫ ਨੇ ਕੀਤਾ ਹੈ। -ਸੰਪਾਦਕ*

ਕਲਾ ਪਰਿਕਰਮਾ

**ਅਨੂਪ ਸੇਠੀ**
**ਪੰਜਾਬੀ ਰੂਪ: ਕੇਹਰ ਸ਼ਰੀਫ**

ਮੁੰਬਈ ਵਿਚ ਕੁਝ ਅਜਿਹੇ ਲੋਕਾਂ ਦੀ ਗੱਲ ਕੀਤੀ ਜਾ ਰਹੀ ਹੈ ਜਿਨ੍ਹਾਂ ਦੀ ਮੂਲ ਭਾਸ਼ਾ ਇਕ ਹੀ ਹੈ, ਪਰ ਅਗਲੀ ਪੀੜ੍ਹੀ ਤੱਕ ਉਹ ਭਾਸ਼ਾ ਇਕੋ ਜਿਹੇ ਢੰਗ ਨਾਲ ਨਹੀਂ ਜਾ ਰਹੀ। ਇਕ ਪਰਿਵਾਰ ਹੈ ਜਿਸ ਵਿਚ ਮੀਆਂ-ਬੀਵੀ ਆਪਣੀ ਬੋਲੀ ਬੋਲਦੇ ਹਨ, ਪਰ ਬੱਚੇ ਉਨ੍ਹਾਂ ਦੀ ਬੋਲੀ ਨਹੀਂ ਸਿੱਖ ਸਕੇ। ਪਰਿਵਾਰ ਦਾ ਮੁਖੀ ਬੁੱਧੀਜੀਵੀ ਹੈ। ਉਸ ਦੇ ਕੰਮ ਦਾ ਮਾਧਿਅਮ ਅੰਗਰੇਜ਼ੀ ਹੈ। ਉਹ ਜੜ੍ਹਾਂ ਨਾਲ ਸਿੱਧਾ ਤਾਂ ਨਹੀਂ ਜੁੜਿਆ ਹੋਇਆ, ਪਰ ਸਭਿਆਚਾਰਕ ਪੱਖੋਂ ਸੰਵੇਦਨਹੀਣ ਵੀ ਨਹੀਂ ਹੈ। ਭਾਸ਼ਾ ਮੁੱਦੇ ਦੇ ਤੌਰ 'ਤੇ ਸ਼ਾਇਦ ਉਸ ਦੇ ਸਰੋਕਾਰਾਂ ਦੀ ਸੂਚੀ ਵਿਚ ਨਹੀਂ ਹੈ। ਹੋ ਸਕਦਾ ਹੈ, ਇਸ ਕਰ ਕੇ ਹੀ ਉਸ ਨੇ ਆਪਣੇ ਬੱਚਿਆਂ ਨੂੰ ਆਪਣੀ ਭਾਸ਼ਾ ਸਿਖਾਉਣ ਦਾ ਯਤਨ ਨਾ ਕੀਤਾ ਹੋਵੇ। ਬੱਚੇ ਉਚ ਵਰਗ ਵਿਚ ਆਪਣੀ ਥਾਂ ਬਣਾ ਗਏ ਹਨ। ਉਨ੍ਹਾਂ ਦੇ ਕੰਮ-ਕਾਜ ਦੀ ਭਾਸ਼ਾ ਅੰਗਰੇਜ਼ੀ ਹੈ, ਜ਼ੁਬਾਨ 'ਤੇ ਹਿੰਦੀ, ਭਾਵ ਮੁੰਬਈਆ ਹਿੰਦੀ ਹੈ।

ਇਹ ਪਰਿਵਾਰ ਬਹੁਤ ਮਹਿੰਗੇ ਇਲਾਕੇ ਵਿਚ ਰਹਿੰਦਾ ਹੈ। ਅਗਲੀ ਪੀੜ੍ਹੀ ਬੱਸ, ਟਰੇਨ ਵਰਗੇ ਜਨਤਕ ਸਾਧਨਾਂ ਦੀ ਵਰਤੋਂ ਨਹੀਂ ਕਰਦੀ। ਸਬਜ਼ੀ-ਭਾਜੀ ਨੌਕਰ ਲਿਆਉਂਦਾ ਹੈ। ਉਨ੍ਹਾਂ ਨੂੰ ਕਦੀਂ-ਕਦਾਈਂ ਲਿਫਟਮੈਨ, ਵਾਚਮੈਨ ਜਾਂ ਡਰਾਈਵਰ ਨਾਲ ਹਿੰਦੀ ਵਿਚ ਗੱਲ ਕਰਨੀ ਪੈਂਦੀ ਹੈ। ਆਮ ਤੌਰ 'ਤੇ ਇਹ ਲੋਕ ਵੀ ਇਨ੍ਹਾਂ ਦੀਆਂ ਲੋੜਾਂ ਸਮਝਦੇ ਹਨ। ਇਸ ਕਰ ਕੇ ਇਸ ਤਬਕੇ ਨਾਲ ਸੰਵਾਦ ਦੀ ਸੰਭਾਵਨਾ ਘੱਟ ਹੀ ਰਹਿੰਦੀ ਹੈ। ਇਹ ਲੋਕ ਆਪਣੇ ਕੰਮ ਦੀ ਜਗ੍ਹਾ ਹੀ ਬੋਲਦੇ ਹਨ, ਉਥੇ ਹਿੰਦੀ ਨਹੀਂ, ਅੰਗਰੇਜ਼ੀ ਆਮ ਭਾਸ਼ਾ ਹੈ। ਮਾਂ ਬੋਲੀ ਦਾ ਕੋਈ ਨਿਸ਼ਾਨ ਵੀ ਉਨ੍ਹਾਂ ਦੀ ਆਤਮਾ 'ਤੇ ਨਹੀਂ ਦਿਸਦਾ।

ਦੂਜੀ ਮਿਸਾਲ ਹੇਠਲੇ ਮੱਧਵਰਗ ਵੱਲ ਵਧਦੇ ਹੋਏ ਪਰਿਵਾਰ ਦੀ ਹੈ। ਮਹਾਂਨਗਰ ਦੀ ਕਿਸੇ ਬਸਤੀ ਵਿਚ ਰਹਿਣ ਵਾਲਾ ਆਪਣੇ ਘਰ, ਆਪਣੇ ਪਿੰਡ ਨਾਲ ਲਗਾਤਾਰ ਸੰਪਰਕ ਵਿਚ ਰਹਿਣ ਵਾਲਾ ਪਰਿਵਾਰ। ਪਿੰਡ ਨਾਲ ਇਨ੍ਹਾਂ ਦਾ ਰਿਸ਼ਤਾ ਇੰਨਾ ਪੱਕਾ ਹੈ ਕਿ ਮੌਕਾ ਕੱਢ ਕੇ ਉਥੇ ਜਾ ਕੇ ਖੇਤੀਬਾੜੀ ਵੀ ਕਰ ਆਵੇਗਾ। ਸ਼ਹਿਰ ਵਿਚ ਆਪਣੇ ਖਾਣ ਵਾਸਤੇ ਅਨਾਜ ਵੀ ਲੈ ਆਵੇਗਾ। ਪਹਿਲੀ ਮਿਸਾਲ ਵਾਲਿਆਂ ਵਲੋਂ ਪਿੰਡ ਤੋਂ ਨੌਕਰ ਲਿਆਇਆ ਜਾਂਦਾ ਹੈ, ਅਨਾਜ ਨਹੀਂ। ਇਸ ਪਰਿਵਾਰ ਦੀ ਘਰੇਲੂ ਭਾਸ਼ਾ ਆਪਣੀ ਬੋਲੀ ਹੈ। ਕੰਮ-ਕਾਰ ਦੀ ਭਾਸ਼ਾ ਮੁੰਬਈਆ ਹਿੰਦੀ ਹੈ। ਅੰਗਰੇਜ਼ੀ ਤੱਕ ਇਨ੍ਹਾਂ ਦੀ ਪਹੁੰਚ ਨਹੀਂ। ਉਸ ਨੇ ਆਪਣੇ ਬੱਚਿਆਂ ਤੱਕ ਆਪਣੀ ਭਾਸ਼ਾ ਪਹੁੰਚਾ ਦਿੱਤੀ ਹੈ। ਇਸ ਵਾਸਤੇ ਸੁਚੇਤ ਯਤਨ ਕਿਸੇ ਨੇ ਵੀ ਨਹੀਂ ਕੀਤਾ। ਇਸ ਪਰਿਵਾਰ ਦਾ ਮੁਖੀ ਬੁੱਧੀਜੀਵੀ ਨਹੀਂ ਹੈ। ਭਾਸ਼ਾ ਨਾਲ ਉਸ ਦਾ ਰਿਸ਼ਤਾ ਸੰਪਰਕ ਕਰਨ ਵਾਲਾ ਹੈ। ਆਪਣੀ ਬੋਲੀ ਨਾਲ ਉਸ ਦਾ ਰਿਸ਼ਤਾ ਆਪਣੀ ਜਾਤੀ ਪਛਾਣ ਲਈ ਹੈ। ਮਹਾਂਨਗਰ ਵਿਚ ਭਾਸ਼ਾਈ ਸਮੂਹ ਨਾਲ ਜੁੜ ਕੇ ਸੁਰੱਖਿਆ ਪਾਉਣ ਦਾ ਹੈ। ਉਸ ਦੇ ਸਰੋਕਾਰਾਂ ਵਿਚ ਭਾਸ਼ਾ ਨਹੀਂ ਹੈ, ਪਰ ਉਹ ਆਪਣੀ ਬੋਲੀ ਦਾ ਸਹਿਜ ਅਤੇ ਬੇਧਿਆਨ ਹੀ ਸੰਚਾਰ ਕਰਦਾ ਹੈ। ਠੇਠ ਬੰਬਈਆ ਅੰਦਾਜ਼ ਹੈ। ਉਸ ਦੀ ਅਗਲੀ ਪੀੜ੍ਹੀ ਆਪਣੀ ਬੋਲੀ ਤੋਂ ਹਿੰਦੀ ਵਿਚ ਸ਼ਿਫਟ ਹੋਈ ਹੈ। ਜਮਾਤੀ ਹਾਲਤ ਵਿਚ ਥੋੜ੍ਹੀ-ਬਹੁਤ ਤਬਦੀਲੀ ਹੋਈ ਹੈ, ਭਾਵ ਤੀਜੀ ਪੀੜ੍ਹੀ ਆਪਣੀ ਬੋਲੀ ਤੋਂ ਥੋੜ੍ਹੀ ਪਰ੍ਹਾਂ ਖਿਸਕ ਰਹੀ ਹੈ; ਹਾਲਾਂਕਿ ਇਸ ਵਰਗ ਦੀ ਹਿੰਦੀ ਵਿਚ ਵੀ ਮੁਹਾਰਤ ਨਹੀਂ ਹੈ, ਸਗੋਂ ਅੰਦਾਜ਼ ਠੇਠ ਬੰਬਈਆ ਹੈ। ਇਨ੍ਹਾਂ ਦੀ ਬਾਹਰਲੀ ਦੁਨੀਆ ਵਿਚ ਬਾਣੀਆਂ, ਵਾਚਮੈਨ, ਸਬਜ਼ੀ ਵਾਲਾ, ਬਾਬੂ, ਮਾਸਟਰ ਅਤੇ ਪੁਲਿਸ ਸਭ ਆਉਂਦੇ ਹਨ। ਫਿਰ ਕੀ ਇਹ ਕਿਹਾ ਜਾ ਸਕਦਾ ਹੈ ਕਿ ਇਸ ਵਰਗ ਦੇ ਲੋਕਾਂ ਦਾ, ਭਾਵ ਸ਼ਹਿਰੀ ਲੋਕਾਂ ਨਾਲ ਰਿਸ਼ਤਾ ਮੁਕਾਬਲੇ ਵਜੋਂ ਨੇੜਲਾ ਹੈ? ਅਗਲੀਆਂ ਪੀੜ੍ਹੀਆਂ ਆਪਣੀ ਪਛਾਣ ਵਾਸਤੇ ਆਪਣੀ ਭਾਸ਼ਾ 'ਤੇ ਨਿਰਭਰ ਨਹੀਂ ਹਨ।



ਮਾਂ ਬੋਲੀ ਦੀ ਕਹਾਣੀ ਘਰਾਂ ਤੋਂ ਹੀ ਤੁਰੇ ਤਾਂ ਚੰਗਾ...।

ਤੀਜੀ ਮਿਸਾਲ ਅਜਿਹੇ ਬੁੱਧੀਜੀਵੀ ਦੀ ਹੈ, ਜਿਸਦੇ ਮੈਨਰਿਜ਼ਮ ਦਾ ਹਿੱਸਾ ਆਪਣੀ ਬੋਲੀ ਅਤੇ ਇਲਾਕਾ ਹੈ। ਉਸ ਨੂੰ ਮਿਲ ਕੇ ਲਗਦਾ ਹੈ ਕਿ ਅਸੀਂ ਵੀ ਉਸ ਦੇ ਨਾਲ ਆਪਣੇ ਸ਼ਹਿਰ ਵਿਚ ਪਹੁੰਚ ਗਏ ਹਾਂ। ਉਹ ਦੂਸਰੇ ਭਾਸ਼ਾਈ ਸਮੂਹ ਦੇ ਬੰਦੇ ਨਾਲ ਵੀ ਆਪਣੇ ਹੀ ਅੰਦਾਜ਼ ਵਿਚ ਗੱਲ ਕਰਦਾ ਹੈ। ਉਸ ਵਿਚ ਠੇਠ ਠੁੱਕਦਾਰੀ ਹੈ, ਆਪਣੀਆਂ ਜੜ੍ਹਾਂ ਨਾਲ ਉਸ ਦਾ ਵਿਹਾਰਕ ਰਿਸ਼ਤਾ ਹੈ। ਸ਼ਹਿਰ ਵਿਚ ਫਲੈਟ ਖਰੀਦਣ ਦੇ ਬਾਵਜੂਦ ਡੇਰੇ 'ਤੇ ਰਹਿਣ ਵਾਲੀ ਮਾਨਸਿਕਤਾ ਹੈ। ਇਸ ਮੱਧ ਵਰਗੀ ਬਾਬੂ ਦੀ ਕੰਮ-ਕਾਰੀ ਭਾਸ਼ਾ ਉਂਜ ਹੀ ਅੰਗਰੇਜ਼ੀ ਹੈ, ਜਿਵੇਂ ਬਾਬੂਆਂ ਦੀ ਹੁੰਦੀ ਹੀ ਹੈ। ਕੰਮ ਚਲਾਊ ਸਿੱਖੀ ਹੋਈ ਭਾਸ਼ਾ। ਪਤੀ-ਪਤਨੀ ਦੋਹਾਂ ਦੀ ਬੋਲੀ ਇਕ ਹੈ। ਬਾਵਜੂਦ ਇਸ ਦੇ ਬੱਚਿਆਂ ਤੱਕ ਬੋਲੀ ਨਹੀਂ ਪਹੁੰਚ ਸਕੀ। ਬੱਚਿਆਂ ਦੀ ਸਿੱਖਿਆ ਦਾ ਮਾਧਿਅਮ ਅੰਗਰੇਜ਼ੀ ਹੈ। ਵਿਹਾਰ ਦੀ ਭਾਸ਼ਾ ਮੁੰਬਈਆ ਹਿੰਦੀ ਹੈ। ਭਾਸ਼ਾਈ ਲਗਾਉ ਵੱਲ ਕੋਈ ਸੁਚੇਤ ਕਿਸਮ ਦੇ ਜਤਨ ਨਹੀਂ ਹੋਏ, ਬਲਕਿ ਸਭਿਆਚਾਰਕ ਖੱਪੇ ਭਰਨ ਲਈ ਕਲਾ-ਸਾਹਿਤ ਨਾਲ ਕੋਈ ਰਿਸ਼ਤਾ ਵੀ ਨਹੀਂ ਹੈ। ਚੌਥੀ ਮਿਸਾਲ ਛੋਟੇ ਕਸਬੇ ਦੀ ਹੈ ਜਿਥੇ ਕੰਮ-ਕਾਰ ਦੀ ਭਾਸ਼ਾ ਹਿੰਦੀ ਹੈ। ਰੋਅਬ-ਦਾਬ ਝਾੜਨੇ ਦੀ ਭਾਸ਼ਾ ਅੰਗਰੇਜ਼ੀ ਹੈ, ਪਰ ਰੋਜ਼ਾਨਾ ਦੀ ਘਰੇਲੂ ਅਤੇ ਸਮਾਜਿਕ ਭਾਸ਼ਾ ਹਿੰਦੀ ਨਹੀਂ, ਬਲਕਿ ਬੋਲੀ ਹੀ ਹੈ।

ਇਸ ਦੇ ਬਾਵਜੂਦ ਅਗਲੀ ਪੀੜ੍ਹੀ ਤੱਕ ਬੋਲੀ, ਟਾਕੀ (ਪੈਂਚਰ) ਲਾਉਣ ਵਰਗਾ ਮਾਮਲਾ ਬਣ ਕੇ ਰਹਿ ਗਈ ਹੈ। ਇਕ ਦੌੜ ਹੈ ਜੋ ਜ਼ਰੂਰਤ ਅਤੇ ਮਜਬੂਰੀ ਵਾਂਗ ਮਾਂ-ਬਾਪ ਵਲੋਂ ਆਪਣੇ ਬੱਚਿਆਂ ਨੂੰ ਅੰਗਰੇਜ਼ੀ ਮਾਧਿਅਮ ਵਾਲੇ ਸਕੂਲਾਂ ਵਿਚ ਭੇਜਣ ਲਈ ਮਜਬੂਰ ਕਰ ਦਿੰਦੀ ਹੈ। ਅੰਗਰੇਜ਼ੀ ਭਾਸ਼ਾ ਹਿੰਦੀ ਵਿਚ ਪੜ੍ਹਾਈ ਜਾਂਦੀ ਹੈ, ਪਰ ਪਾਠ ਪੁਸਤਕਾਂ ਤਾਂ ਅੰਗਰੇਜ਼ੀ ਵਿਚ ਹੀ ਹਨ। ਤੋਤਾ ਰਟਣ ਤਰੀਕੇ ਨਾਲ ਇਮਤਿਹਾਨ ਪਾਸ ਹੁੰਦੇ ਹਨ। ਨਵੀਂ ਪੀੜ੍ਹੀ ਹਿੰਦੀ ਦਾ ਪੱਲਾ ਤਾਂ ਫੜੀ ਰਖਦੀ ਹੈ, ਪਰ ਬੋਲੀ ਗੁਆਚਦੀ ਜਾਂਦੀ ਹੈ।

ਇਨ੍ਹਾਂ ਸਾਰੀਆਂ ਮਿਸਾਲਾਂ ਦੇ ਵਰਗ ਵੱਖ-ਵੱਖ ਹਨ। ਕੰਮ ਦੇ ਖੇਤਰ ਵੀ ਵੱਖਰੇ ਹਨ। ਸੋਚ ਤੇ ਸਰੋਕਾਰ ਦੇ ਇਲਾਕੇ ਅਤੇ ਪੱਧਰ ਵੱਖ ਹਨ। ਸਿਰਫ ਪਹਿਲੀ ਮਿਸਾਲ ਵਿਚ ਕਲਾਵਾਂ ਪ੍ਰਤੀ ਉਚ ਵਰਗ ਵਾਲੀ ਦਿਖਾਵਟੀ ਦਿਲਚਸਪੀ ਹੈ। ਦੂਜੀ ਮਿਸਾਲ ਵਿਚ ਕਲਾ ਦੀ ਜਗ੍ਹਾ ਹੀ ਨਹੀਂ ਹੈ; ਹਾਂ! ਉਥੇ ਲੋਕ ਕਲਾ ਦੀ ਥਾਂ ਹੈ। ਖੁਦ ਦੀ ਪਛਾਣ ਦੇ ਤੌਰ 'ਤੇ ਹੀ ਤੀਜੀ ਅਤੇ ਚੌਥੀ ਮਿਸਾਲ ਵਿਚ ਸਿਰਫ ਮਹਾਂਨਗਰ ਅਤੇ ਛੋਟੇ ਸ਼ਹਿਰ ਵਿਚ ਰਹਿਣ ਦਾ ਭੂਗੋਲਕ ਫਰਕ ਹੈ, ਹੋਰ ਕੋਈ ਫਰਕ ਨਹੀਂ। ਦੋਹਾਂ ਥਾਂਵਾਂ ਉਤੇ ਮਸ਼ੀਨੀ ਕਿਸਮ ਦੀ ਦੌੜ ਹੈ। ਜਿਸ ਸਾਧਨ ਦੀ ਵਰਤੋਂ ਅਸੀਂ ਸੌਂਦੇ-ਜਾਗਦੇ ਹਰ ਵਕਤ ਕਰਦੇ ਹਾਂ, ਉਸ ਪ੍ਰਤੀ ਅਸੀਂ ਕਿੰਨੇ ਅਣਜਾਣ, ਲਾਪ੍ਰਵਾਹ ਤੇ ਬੇਗਾਨੇ ਹਾਂ। ਜਦੋਂ ਅਸੀਂ ਸਰੀਰ ਦਾ ਬਿਨਾ ਸੋਚੇ ਸਮਝੇ, ਬੇਲੋੜਾ ਇਸਤੇਮਾਲ ਕਰਦੇ ਹਾਂ ਤਾਂ ਉਹ ਵੀ ਬਿਮਾਰ ਹੋ ਜਾਂਦਾ ਹੈ। ਜਦੋਂ ਅਸੀਂ ਭਾਸ਼ਾ ਦੀ ਬਿਨਾ ਸੋਚੇ ਸਮਝੇ ਵਰਤੋਂ ਕਰਾਂਗੇ ਤਾਂ ਉਹ ਵੀ ਕਿਥੋਂ ਕੁ ਤੱਕ ਸਾਡਾ ਸਾਥ ਦੇਵੇਗੀ?



ਮਾਂ ਬੋਲੀ ਤਾਲੇ ਦੀ ਚਾਬੀ...

## ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਇਕ-ਦੋ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। 'ਗਾਗਰ ਵਿਚ ਸਾਗਰ' ਭਰਨ ਵਾਲਿਆਂ ਨੂੰ ਪਹਿਲ ਮਿਲੇਗੀ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਜੇ ਤੁਹਾਡੇ ਪਾਸ ਪੰਜਾਬੀ ਸਭਿਆਚਾਰ ਨੂੰ ਦਰਸਾਉਂਦੀ ਕੋਈ ਵਧੀਆ ਤਸਵੀਰ ਹੈ ਤਾਂ ਤੁਸੀਂ ਉਹ ਵੀ ਇਸ ਕਾਲਮ ਲਈ ਭੇਜ ਸਕਦੇ ਹੋ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 11 ਫਰਵਰੀ 2017 ਹੈ। -ਸੰਪਾਦਕ*

### ਕੈਪਸ਼ਨ ਮੁਕਾਬਲਾ-259



*ਆਪਣੀ ਗੱਡੀ ਆਪਣਾ ਟੱਬਰ, ਆਪਣੀ ਬਣ ਗਈ ਰੇਲ।*
*ਸੜਕ 'ਤੇ ਜਾਵੇ ਘੂਕਾਂ ਪਾਉਂਦੀ, ਕਰੂ ਕਿਹੜਾ ਕੋਈ ਮੇਲ।*

### ਕੈਪਸ਼ਨ ਮੁਕਾਬਲਾ-257



ਭਾਰੀਆਂ ਪੰਡਾਂ ਲੱਦ ਸਿਰਾਂ 'ਤੇ
ਥੱਕ ਟੁੱਟ ਕੇ ਘਰਾਂ ਨੂੰ ਆਵਣ।
ਜੀਵਨ ਚਲਦਾ ਰੱਖਣ ਖਾਤਰ
ਨਰਕੀ ਜੂਨ ਹੰਢਾਈ ਜਾਵਣ।
ਫਿਰ ਵੀ ਕਹਿ ਕੇ ਅਬਲਾ ਇਸ ਨੂੰ
ਤਰ੍ਹਾਂ ਤਰ੍ਹਾਂ ਦੇ ਦੂਸ਼ਣ ਲਾਵਣ।
ਕਿਸੇ ਲਈ ਨਾ ਸਾਰ ਇਨ੍ਹਾਂ ਦੀ
ਬੱਸ ਵੋਟਾਂ ਵੇਲੇ ਹੇਜ ਜਤਾਵਣ।
*-ਜਗਮੀਤ ਸਿੰਘ ਪੰਧੇਰ*
*ਪਿੰਡ ਕਲਾਹੜ (ਲੁਧਿਆਣਾ)*
*ਫੋਨ: 91-98783-37222*

---

ਸਵੱਖਤੇ ਕਰਨ ਮੁਸ਼ੱਕਤ ਤੁਰਦੇ,
ਵਲ ਖੇਤਾਂ ਦੇ ਨਰ ਤੇ ਨਾਰੀ।
ਸਾਰਾ ਦਿਨ ਮਿੱਟੀ ਨਾਲ ਮਿੱਟੀ ਹੁੰਦੇ,
ਆਥਣ ਵੇਲੇ ਪੱਠਿਆਂ ਦੀ ਵਾਰੀ।
ਲੰਮ-ਸਲੰਮੀਆਂ ਸਰੂ ਜਿਹੀਆਂ ਮੁਟਿਆਰਾਂ,
ਸਿਰ 'ਤੇ ਚੁਕੀਆਂ ਭੰਡਾਂ ਭਾਰੀ।
ਹਾਰੀਆਂ-ਥੱਕੀਆਂ ਲੱਕ ਲਚਕਾਂਦੀਆਂ,
ਪਰਤਣ ਘਰ ਕਰਦੀਆਂ ਮਾਰੋ-ਮਾਰੀ।
*-ਸੇਵਾ ਸਿੰਘ ਨੂਰਪੁਰੀ*
*ਫੋਨ: 408-912-3438*

---

ਇਹ ਤਾਂ ਜੰਮੀਆਂ ਕੰਮੀਆਂ ਵਿਹੜੇ,
ਕਰਨੇ ਪੈਣੇ ਕਰਮਾਂ ਦੇ ਨਬੇੜੇ।
ਪਹਿਲਾਂ ਜਾਗਣ ਪਿੱਛੋਂ ਸੌਣ,
ਦਿਹਾੜੀਆਂ ਕਰਕੇ ਪੈਸਾ ਕਮਾਉਣ।
ਪਤੀ ਨਸ਼ੇੜੀ, ਮਾਪੇ ਬੁੱਢੇ, ਨਿਆਣੇ ਨਿੱਕੇ
ਪੱਠੇ ਫੇਰ ਲਿਆਵੇ ਕੌਣ?
ਢਿੱਡ ਤਾਂ ਸਭ ਦਾ ਭਰਨਾ ਪੈਣਾ,
ਜਿਉਂਦੇ ਜੀਅ ਇਹ ਕਰਨਾ ਪੈਣਾ।
*-ਦਵਿੰਦਰ ਕੌਰ*

---

ਇਹ ਔਰਤਾਂ ਨੇ ਸੱਚਮੁੱਚ ਮਰਦ ਤੋਂ
ਵੱਧ ਹੱਕਾਂ ਦੀਆਂ ਭਾਈਵਾਲ।
ਜਿਹੜੀਆਂ ਮਿਹਨਤ ਕਰ ਕਰ ਕੇ
ਪਰਿਵਾਰ ਨੂੰ ਬਣਾਉਂਦੀਆਂ ਨੇ ਖੁਸ਼ਹਾਲ।
ਬਿਪਤਾ ਪਰਿਵਾਰ 'ਤੇ ਹੈ ਜਦੋਂ ਪੈਂਦੀ
ਬਹਾਦਰ ਬਣ ਕੇ ਮੂਹਰੇ ਖੜ੍ਹਦੀਆਂ ਨੇ।
ਘਰ ਵਾਲਾ ਜੇ ਲੜੇ ਫਰੰਟ 'ਤੇ
ਤਾਂ ਘਰੇਲੂ ਫਰੰਟ ਦਾ ਲੜ ਫੜਦੀਆਂ ਨੇ।
ਮਰਦ ਭਾਵੇਂ ਨਸ਼ੇ ਤੇ ਹਵਸ ਦਾ ਭੁੱਖਾ
ਐਪਰ ਇਨ੍ਹਾਂ ਨੂੰ ਫਿਕਰ ਪੂਰੇ ਪਰਿਵਾਰ ਦਾ।
ਮਾਂ-ਭੈਣ ਤੇ ਧੀ ਵਾਲਾ ਰੋਲ ਇਸ ਦਾ
ਪਾਤਰ ਹੈ ਪੂਰੇ ਸਤਿਕਾਰ ਦਾ।
*-ਅਮਰਜੀਤ ਸਿੰਘ ਤੂਰ*
*ਪਿੰਡ ਕੁਲਬੁਰਛਾ, ਪਟਿਆਲਾ।*
*ਫੋਨ: 91-98784-69639*

---

ਖੋਤ ਖੋਤ ਘਾਹ, ਸੇਂਜੀ, ਬਰਸੀਮ, ਹਰਾ
ਠੋਕ ਠੋਕ ਚਹੁੰ ਲੜਾਂ ਤੋਂ
ਚੁੱਕ ਪੰਡਾਂ ਸਿਰਾਂ 'ਤੇ
ਗਰੀਬ ਬੇਚਾਰੀ ਰੁਜ਼ਗਾਰ ਕਰਦੀ।
ਸਿਰ ਅਤੇ ਲੱਕ ਦੂਹਰਾ ਹੋ ਜਾਂਦਾ
ਦੁੜਕੀ ਚਾਲੇ ਭੱਜਦੀ ਜਦ
ਹੁੰਦੀਆਂ ਜਬਰ ਦਾ ਸ਼ਿਕਾਰ
ਪਹਿਲਾਂ ਖੇਤਾਂ ਵਿਚ
ਫਿਰ ਸਰਕਾਰ ਦਾ ਦਮਨ
ਇਸ ਪੰਡ ਦਾ ਮੁੱਲ ਤੁੱਛ ਹੀ
ਵੇਚਦੀ ਜਦ ਮੰਡੀ ਵਿਚ।
ਵਾਪਿਸ ਮੁੜਦੀ ਦਿਲ ਟੁੱਟਾ ਲੈ
ਲੁੱਟੀ ਗਈ ਉਜਰਤ ਉਸ ਦੀ
ਲੁੱਟੇ ਗਏ ਅਰਮਾਨ।
ਟੱਬਰ ਭੁੱਖਾ ਉਡੀਕਦਾ
ਆਉਂਦੀ ਜਦ ਘਰ ਮਾਂ
ਬੱਚੇ ਵਿਲ੍ਹਕਦੇ ਰੋਟੀ ਨੂੰ
ਮਾਂ ਕੋਸਦੀ ਕੀ ਮੁੱਲ ਪਿਆ ਪੰਡ ਦਾ।
*-ਦਰਸ਼ਨਪਾਲ ਦੋਸਾਂਝ*

---

ਚੁੱਕ ਸਿਰ 'ਤੇ ਲਿਆਉਣੇ ਪੱਠੇ-ਦੱਥੇ
ਬਣ ਗਈ ਸਾਡੀ ਮਜਬੂਰੀ।
ਦਰਦ ਗਰੀਬੀ ਦਾ ਹੰਢਾਈਏ ਹੱਡੀਂ
ਬੰਦੇ ਵੀ ਕਰਨ ਮਜਦੂਰੀ।
ਕਦੇ ਰੋਟੀ ਲੂਣ ਨਾਲ ਖਾਈਏ
ਕਦੇ ਮੁੱਕ ਜਾਣ ਭੜੋਲੇ 'ਚ ਦਾਣੇ।
ਲਾਰੇ ਲਾ ਕੇ ਮੋਦੀ ਜਿੱਤ ਗਿਆ
'ਅੱਛੇ ਦਿਨ' ਪਤਾ ਨ੍ਹੀਂ ਕਦ ਆਉਣੇ?
*-ਗੋਰਾ ਪ੍ਰਜਾਪਤ, ਨਿਊ ਯਾਰਕ*
*ਫੋਨ: 718-690-8403*

# ਪੰਜਾਬੀ ਅੱਲਾਂ

**ਅੱਲ ਪ੍ਰਚਲਿਤ ਹੋਣ ਦਾ ਕੋਈ ਖਾਸ ਕਾਰਨ ਤਾਂ ਨਹੀਂ ਹੁੰਦਾ, ਪਰ ਇਨ੍ਹਾਂ ਅੱਲਾਂ ਤੋਂ ਸਬੰਧਤ ਬੰਦੇ, ਪਰਿਵਾਰ ਜਾਂ ਭਾਈਚਾਰੇ ਦੇ ਸੁਭਾਅ ਆਦਿ ਬਾਰੇ ਜਾਣਕਾਰੀ ਜ਼ਰੂਰ ਮਿਲ ਜਾਂਦੀ ਹੈ। ਕਹਾਣੀ ਦੇ ਖੇਤਰ ਵਿਚ ਮੱਲਾਂ ਮਾਰਨ ਵਾਲੇ ਲਿਖਾਰੀ ਬਲਜਿੰਦਰ ਨਸਰਾਲੀ ਨੇ ਅੱਲਾਂ ਬਾਰੇ ਇਹ ਲੇਖ ਲਿਖਿਆ ਹੈ ਜਿਸ ਵਿਚ ਅੱਲਾਂ ਸਬੰਧੀ ਫੁਟਕਲ ਜਾਣਕਾਰੀ ਦੇ ਨਾਲ-ਨਾਲ ਕੁਝ ਖਾਸ ਅੱਲਾਂ ਬਾਰੇ ਵੀ ਚਰਚਾ ਕੀਤੀ ਗਈ ਹੈ। -ਸੰਪਾਦਕ**



**ਬਲਜਿੰਦਰ ਨਸਰਾਲੀ**
ਫੋਨ: +91-95924-15177

ਅੱਲ ਨੂੰ ਕੁਨਾਂ ਜਾਂ ਲਕਬ ਵੀ ਕਿਹਾ ਜਾਂਦਾ ਹੈ। ਅੱਲ ਬੰਦੇ, ਪਰਿਵਾਰ ਅਤੇ ਭਾਈਚਾਰੇ ਨਾਲ ਸਬੰਧਤ ਹੋ ਸਕਦੀ ਹੈ। ਕਿਸੇ ਦੇ ਨਾਂ ਨਾਲ ਪੁੱਠਾ ਨਾਂ ਜੋੜਨ ਦੀ ਇਹ ਆਦਤ ਹਰ ਉਮਰ ਦੇ ਬੱਚਿਆਂ, ਮਰਦਾਂ ਅਤੇ ਔਰਤਾਂ ਵਿਚ ਹੁੰਦੀ ਹੈ। ਅੱਲ ਦਾ ਵਰਤਾਰਾ ਸਿਰਫ਼ ਪੰਜਾਬੀ ਭਾਈਚਾਰੇ ਤੱਕ ਹੀ ਸੀਮਿਤ ਨਹੀਂ ਹੈ, ਬਲਕਿ ਸੰਸਾਰ ਦੇ ਸਾਰੇ ਭਾਈਚਾਰਿਆਂ ਵਿਚ ਮਿਲਦਾ ਹੈ। ਪੰਜਾਬੀ ਜੀਵਨ ਵਿਚ ਪਿੰਡਾਂ, ਦੋਸਤਾਂ ਦੇ ਸਮੂਹਾਂ ਅਤੇ ਸਕੂਲਾਂ ਕਾਲਜਾਂ ਵਿਚ ਇਨ੍ਹਾਂ ਦੀ ਭਰਵੀਂ ਹਾਜ਼ਰੀ ਦੇਖਣ ਨੂੰ ਮਿਲਦੀ ਹੈ। ਸ਼ਹਿਰੀ ਸਭਿਅਤਾ ਦੇ ਵਿਕਾਸ ਅਤੇ ਵਿਅਕਤੀਵਾਦ ਦੇ ਪ੍ਰਵੇਸ਼ ਨਾਲ ਇਨ੍ਹਾਂ ਦੀ ਸਿਰਜਣਾ ਅਤੇ ਵਰਤੋਂ ਦਾ ਰੁਝਾਨ ਘਟਦਾ ਜਾਂਦਾ ਹੈ। ਅੱਲ ਦਾ ਕਾਰਜ ਸਮਾਜ ਵੱਲੋਂ ਕਿਸੇ ਬੰਦੇ, ਪਰਿਵਾਰ ਜਾਂ ਭਾਈਚਾਰੇ ਨੂੰ ਸਜ਼ਾ ਜਾਂ ਸਨਮਾਨ ਦੇਣਾ ਹੁੰਦਾ ਹੈ। ਇਸ ਦਾ ਦੂਸਰਾ ਕਾਰਜ ਉਸ ਨੂੰ ਦੂਸਰਿਆਂ ਨਾਲੋਂ ਵੱਖਰਾ ਕਰ ਕੇ ਦੇਖਣਾ ਵੀ ਹੁੰਦਾ ਹੈ। ਇਸ ਦਾ ਤੀਜਾ ਕਾਰਜ ਸਮਾਜ ਦੇ ਹੋਰ ਲੋਕਾਂ ਵੱਲੋਂ ਉਸ ਵਿਅਕਤੀ ਪਰਿਵਾਰ ਜਾਂ ਭਾਈਚਾਰੇ ਦੇ ਵਿਸ਼ੇਸ਼ ਕਿਰਦਾਰ ਸਬੰਧੀ ਸੂਚਿਤ ਕਰਨਾ ਵੀ ਹੁੰਦਾ ਹੈ।

ਹਰ ਸਮਾਜ ਵਿਚ ਕਿਸੇ ਦੀ ਖ਼ੂਬੀ ਖਾਤਰ ਸਨਮਾਨ ਅਤੇ ਜੁਰਮ ਖਾਤਰ ਸਜ਼ਾ ਦੀ ਵਿਵਸਥਾ ਹੁੰਦੀ ਹੈ। ਆਧੁਨਿਕ ਸਮਿਆਂ ਵਿਚ ਇਹ ਕਾਰਜ ਸੰਸਥਾਵਾਂ ਅਤੇ ਨਿਆਂ ਵਿਵਸਥਾ ਦੁਆਰਾ ਕੀਤਾ ਜਾਂਦਾ ਹੈ। ਕਈ ਖ਼ੂਬੀਆਂ ਜਾਂ ਜੁਰਮ ਅਜਿਹੇ ਹੁੰਦੇ ਹਨ ਜਿਨ੍ਹਾਂ ਵਾਸਤੇ ਸੰਸਥਾਵਾਂ ਅਤੇ ਨਿਆਂ ਵਿਵਸਥਾ ਵਿਚ ਇਨਾਮ ਜਾਂ ਸਜ਼ਾ ਦੇਣ ਦਾ ਪ੍ਰਬੰਧ ਨਹੀਂ ਹੁੰਦਾ। ਇਸ ਹਾਲਤ ਵਿਚ ਇਹ ਕਾਰਜ ਅੱਲਾਂ ਦੁਆਰਾ ਕੀਤਾ ਜਾਂਦਾ ਹੈ। ਉਦਾਹਰਣ ਵਜੋਂ ਖਾਸ ਖ਼ੂਬੀਆਂ ਦੇ ਮਾਲਕ ਕਿਸੇ ਬੰਦੇ ਨੂੰ ਲੋਕ 'ਘੈਂਟ' ਆਖਣ ਲੱਗਦੇ ਹਨ। ਮਾੜੇ ਅਧਿਆਪਕ ਦਾ ਵਿਦਿਆਰਥੀਆਂ ਦੁਆਰਾ ਪੁੱਠਾ ਨਾਂ ਰੱਖ ਦਿੱਤਾ ਜਾਂਦਾ ਹੈ।

ਵਿਅਕਤੀਗਤ ਅੱਲਾਂ ਬੰਦੇ ਦੀ ਮੌਤ ਨਾਲ ਮਰ ਜਾਂਦੀਆਂ ਹਨ। ਪਰਿਵਾਰਕ ਅੱਲਾਂ ਦਹਾਕਿਆਂ ਬੱਧੀ ਪਰਿਵਾਰ ਨਾਲ ਜੁੜੀਆਂ ਰਹਿੰਦੀਆਂ ਹਨ। ਇਥੋਂ ਤੱਕ ਕਿ ਇਕ ਪਰਿਵਾਰ ਤੋਂ ਦੋ ਜਾਂ ਤਿੰਨ ਪਰਿਵਾਰ ਬਣ ਜਾਣ ਦੀ ਸੂਰਤ ਵਿਚ ਵੀ ਅੱਲ ਖਤਮ ਨਹੀਂ ਹੁੰਦੀ, ਬਲਕਿ ਸਾਰੇ ਪਰਿਵਾਰਾਂ ਨਾਲ ਜੁੜੀ ਰਹਿੰਦੀ ਹੈ। ਕਈ ਵਾਰ ਕਿਸੇ ਪਰਿਵਾਰ ਵੱਲੋਂ ਕੀਤਾ ਗਿਆ ਕੋਈ ਨਵਾਂ ਕਾਰਾ ਨਵੀਂ ਅੱਲ ਨੂੰ ਜਨਮ ਦੇ ਦਿੰਦਾ ਹੈ। ਅਜਿਹੀ ਹਾਲਤ ਵਿਚ ਪੁਰਾਣੀ ਅੱਲ ਭੁਲਾ ਦਿੱਤੀ ਜਾਂਦੀ ਹੈ।

ਅੱਲ ਸਬੰਧਤ ਬੰਦੇ ਜਾਂ ਪਰਿਵਾਰ ਨੂੰ ਭਾਵੇਂ ਪਸੰਦ ਨਾ ਹੋਵੇ, ਪਰ ਬਾਕੀ ਲੋਕ ਇਸ ਨੂੰ ਸੁਆਦ ਨਾਲ ਉਚਾਰਦੇ ਹਨ। ਅੱਲ ਨੂੰ ਸਬੰਧਤ ਭਾਈਚਾਰੇ ਦੀ ਸਰਬਸੰਮਤੀ ਵਾਲੀ ਪ੍ਰਵਾਨਗੀ ਹਾਸਲ ਹੁੰਦੀ ਹੈ, ਇਸ ਲਈ ਆਮ ਤੌਰ 'ਤੇ ਇਸ ਸਬੰਧੀ ਚੁਗਲੀ ਨਹੀਂ ਕੀਤੀ ਜਾਂਦੀ, ਪਰ ਕਦੇ ਕਦਾਈ ਸਬੰਧਤ ਬੰਦੇ ਨੂੰ ਪਤਾ ਲੱਗਣ 'ਤੇ ਲੜਾਈ-ਝਗੜੇ ਵੀ ਹੋ ਜਾਂਦੇ ਹਨ।

ਅੱਲ ਦਾ ਪੈਦਾ ਹੋਣਾ ਬੰਦੇ, ਪਰਿਵਾਰ ਜਾਂ ਭਾਈਚਾਰੇ ਦੇ ਖਾਣ-ਪੀਣ, ਆਦਤ, ਪਹਿਰਾਵੇ, ਬੋਲ-ਚਾਲ, ਸਰੀਰਕ ਬਣਤਰ, ਘਟਨਾ, ਦੁਰਘਟਨਾ ਆਦਿ ਦੇ ਆਧਾਰਤ ਹੋ ਸਕਦਾ ਹੈ। ਇਕ ਪਿੰਡ, ਸਕੂਲ ਜਾਂ ਕਾਲਜ ਜਾਂ ਭਾਈਚਾਰੇ ਦੀਆਂ ਅੱਲਾਂ ਦੂਸਰਿਆਂ ਨਾਲ ਮਿਲਦੀਆਂ-ਜੁਲਦੀਆਂ ਵੀ ਹੋ ਸਕਦੀਆਂ ਹਨ ਤੇ ਵੱਖਰੀਆਂ ਵੀ। ਅੱਲਾਂ ਦੀ ਸਿਰਜਣਾ ਲੋਕ-ਸਮੂਹ ਦੁਆਰਾ ਕੀਤੀ ਜਾਂਦੀ ਹੈ, ਭਾਵੇਂ ਕਿਸੇ ਅੱਲ ਨੂੰ ਸ਼ੁਰੂ ਵਿਚ ਕਿਸੇ ਇਕ ਬੰਦੇ ਵੱਲੋਂ ਹੀ ਸਿਰਜਿਆ ਜਾਂਦਾ ਹੈ, ਪਰ ਇਹ ਲੋਕ ਸਮੂਹ ਤੋਂ ਪ੍ਰਵਾਨਗੀ ਪ੍ਰਾਪਤ ਕਰਦੀ ਹੋਈ ਲੋਕ ਸਮੂਹ ਦੀ ਸਾਂਝੀ ਸਿਰਜਣਾ ਬਣ ਜਾਂਦੀ ਹੈ।

ਅੱਲਾਂ ਨੂੰ ਧਿਆਨ ਨਾਲ ਵਾਚਦਿਆਂ ਇਨ੍ਹਾਂ ਦੇ ਸਿਰਜਣਹਾਰਿਆਂ ਅੱਗੇ ਸਿਰ ਝੁਕ ਜਾਂਦਾ ਹੈ। ਇਹ ਅੱਲਾਂ ਇਸ ਗੱਲ ਦਾ ਵੀ ਸਬੂਤ ਹੁੰਦੀਆਂ ਹਨ ਕਿ ਅਕਲ, ਸਮਝ ਜਾਂ ਸਿਰਜਣਾਤਮਕ ਸ਼ਕਤੀ ਸਿਰਫ਼ ਪੜ੍ਹੇ-ਲਿਖਿਆਂ ਦੇ ਹਿੱਸੇ ਹੀ ਨਹੀਂ ਆਈ ਹੁੰਦੀ, ਅਨਪੜ੍ਹ ਜਾਂ ਘੱਟ ਪੜ੍ਹਿਆ ਬੰਦਾ ਵੀ ਇਨ੍ਹਾਂ ਦਾ ਮਾਲਕ ਹੋ ਸਕਦਾ ਹੈ। ਪੰਜਾਬੀ ਭਾਈਚਾਰੇ ਵਿਚ ਪ੍ਰਚਲਿਤ ਕੁਝ ਅੱਲਾਂ ਇਉਂ ਹਨ:

**ਨਗੋਜ਼ੇ ਆਦਤਾਂ ਦੇ ਆਧਾਰ 'ਤੇ:** ਕਿਸੇ ਪਿੰਡ ਵਿਚ ਦੋ ਸਕੇ ਭਰਾ ਰਹਿੰਦੇ ਸਨ। ਉਹ ਦੋਵੇਂ ਹੋਰ ਕਿਸੇ ਨਾਲ ਘੱਟ ਵੱਧ ਹੀ ਬੋਲਦੇ ਸਨ, ਪਰ ਆਪਸ ਵਿਚ ਉਹ ਇੰਨੀਆਂ ਗੱਲਾਂ ਕਰਦੇ ਰਹਿੰਦੇ ਕਿ ਮੁੱਕਦੀਆਂ ਹੀ ਨਹੀਂ ਸਨ। ਕਣਕ ਗੁੱਡਦੇ ਸਮੇਂ ਉਹ ਗੱਲਾਂ ਕਰਦੇ, ਪੱਠੇ ਕੁਤਰਦੇ ਸਮੇਂ ਉਹ ਗੱਲਾਂ ਕਰਦੇ, ਇਥੋਂ ਤੱਕ ਕਿ ਟਰੈਕਟਰ 'ਤੇ ਜਾਂਦਿਆਂ ਇਕ ਜਣਾ ਚਲਾ ਰਿਹਾ ਹੁੰਦਾ, ਦੂਜਾ ਮਗਰਾਟ (ਮੱਡਗਾਰਡ) 'ਤੇ ਬੈਠਾ ਨੀਵਾਂ ਹੋ ਕੇ ਉਸ ਦੇ ਕੰਨਾਂ ਵਿਚ ਕੋਈ ਗੱਲ ਸੁਣਾ ਰਿਹਾ ਹੁੰਦਾ। ਲੋਕ ਨੇ ਲੋਕ ਸਾਜ਼ਾਂ, ਨਗੋਜ਼ਿਆਂ ਦੇ ਆਧਾਰ 'ਤੇ ਉਨ੍ਹਾਂ ਦਾ ਨਾਮ 'ਨਗੋਜ਼ੇ' ਪਾ ਦਿੱਤਾ। ਇਹ ਉਨ੍ਹਾਂ ਦੀ ਆਦਤ ਨੂੰ ਤਾਂ ਆਪਣੀ ਬਣਤਰ ਵਿਚ ਸਮੋਂਦਾ ਹੀ ਹੈ, ਬਲਕਿ ਇਹ ਉਨ੍ਹਾਂ ਦੀ ਲੋਕਾਂ ਨਾਲ ਬਹੁਤੇ ਨਾ ਖੁੱਲ੍ਹਣ ਵਾਲੀ ਆਦਤ ਪ੍ਰਤੀ ਰੋਸੇ ਭਰਿਆ ਪ੍ਰਗਟਾਵਾ ਵੀ ਹੈ।

**ਤੋਰੀ ਫੁੱਲਿਆਂ ਦੇ:** ਕਿਸੇ ਪਰਿਵਾਰ ਦੇ ਜੀਅ ਪੀਲੇ ਰੰਗ ਦੀਆਂ ਪੱਗਾਂ ਬੰਨ੍ਹਦੇ ਸੀ ਤੇ ਘਰ ਦੀਆਂ ਔਰਤਾਂ ਪੀਲੀਆਂ ਚੁੰਨੀਆਂ ਲੈਂਦੀਆਂ ਸਨ। ਉਨ੍ਹਾਂ ਦੇ ਘਰ ਦੇ ਸਾਰੇ ਮੈਂਬਰਾਂ ਨੇ ਅੰਮ੍ਰਿਤ ਛਕਿਆ ਹੋਇਆ ਸੀ। ਇਸ ਪੀਲੇ ਰੰਗ ਸਦਕਾ ਉਨ੍ਹਾਂ ਦਾ ਨਾਂ 'ਤੋਰੀ ਫੁੱਲਿਆਂ ਦੇ' ਪੈ ਗਿਆ।



ਪੰਜਾਬੀ ਸਭਿਆਚਾਰ ਅਤੇ ਰਹਿਤਲ ਦੀ ਝਲਕ ਪੇਸ਼ ਕਰਦਾ ਇਕ ਚਿੱਤਰ।

**ਲਾੜਿਆਂ ਦੇ:** ਕਿਸੇ ਪਿੰਡ ਵਿਚ ਚਾਰ ਭਰਾ ਰਹਿੰਦੇ ਸਨ। ਉਨ੍ਹਾਂ ਵਿਚੋਂ ਦੋ ਭਰਾ ਕਿਸੇ ਦੂਜੇ ਪਿੰਡ ਦੀ ਕੁੜੀ ਕੱਢ ਲਿਆਏ। ਘਰ ਆ ਕੇ ਦੋਵੇਂ ਆਪਸ ਵਿਚ ਲੜਨ ਲੱਗ ਪਏ ਕਿ 'ਇਹਦਾ ਲਾੜਾ ਮੈਂ ਹਾਂ, ਦੂਜਾ ਕਹਿੰਦਾ ਇਹਦਾ ਲਾੜਾ ਮੈਂ ਹਾਂ।' ਇਹ ਚਰਚਾ ਆਲੇ-ਦੁਆਲੇ ਦੇ ਗੁਆਂਢੀਆਂ ਨੇ ਸੁਣ ਲਈ। ਉਦੋਂ ਤੋਂ ਉਨ੍ਹਾਂ ਦਾ ਨਾਂ 'ਲਾੜਿਆਂ ਦੇ' ਪੈ ਗਿਆ।

**ਡੋਲੂ ਕਿਆਂ ਦੇ:** ਕਿਸੇ ਪਿੰਡ ਵਿਚ ਵਿਆਹ ਵਿਚ ਘਰ ਦੀ ਕੱਢੀ ਹੋਈ ਸ਼ਰਾਬ ਚੱਲਦੀ ਸੀ। ਉਨ੍ਹਾਂ ਨੇ ਸ਼ਰਾਬ ਡੋਲੂ ਵਿਚ ਪਾ ਕੇ ਮਹਿਮਾਨਾਂ ਲਈ ਰੱਖੀ ਹੋਈ ਸੀ। ਉਸੇ ਪਿੰਡ ਦਾ ਇਕ ਮਹਿਮਾਨ ਸ਼ਰਾਬ ਡੋਲੂ ਨੂੰ ਮੂੰਹ ਲਾ ਕੇ ਹੀ ਪੀਣ ਲੱਗ ਪਿਆ। ਉਦੋਂ ਤੋਂ ਹੀ ਉਸ ਦਾ ਨਾਂ 'ਡੋਲੂ ਕੇ' ਪੈ ਗਿਆ।

**ਘਪਲਿਆਂ ਦੇ:** ਕਿਸੇ ਪਿੰਡ ਦੇ ਇਕ ਪਰਿਵਾਰ ਦੀ ਬੋਲ-ਚਾਲ ਕੁਝ ਅਜਿਹੀ ਹੈ ਕਿ ਉਹ ਗੱਲ ਨੂੰ ਪੂਰੀ ਤਰ੍ਹਾਂ ਸਾਫ਼ ਸਾਫ਼ ਨਹੀਂ ਬੋਲਦੇ ਸਨ। ਗੱਲ ਦੇ ਪਿਛਲੇ ਹਿੱਸੇ ਨੂੰ ਮੂੰਹ ਵਿਚ ਰੱਖ ਕੇ ਹੀ ਗੁਣ-ਗੁਣ ਜਿਹੀ ਕਰ ਦਿੰਦੇ ਸਨ। ਉਨ੍ਹਾਂ ਦਾ ਨਾਂ ਪਿੰਡ ਵਿਚ 'ਘਪਲਿਆਂ ਦੇ' ਪੈ ਗਿਆ।

**ਗੋਲੀ ਮਾਰ ਕੇ:** ਕਿਸੇ ਪਿੰਡ ਦੇ ਇਕ ਬੰਦੇ ਕੋਲ ਬੰਦੂਕ ਸੀ। ਜਦੋਂ ਹੀ ਉਸ ਦੀ ਕਿਸੇ ਨਾਲ ਛੋਟੀ-ਮੋਟੀ ਲੜਾਈ ਹੋ ਜਾਵੇ ਤਾਂ ਉਹ ਇਹੋ ਡਰਾਵਾ ਦਿੰਦਾ ਸੀ- ਗੋਲੀ ਮਾਰ ਦੂੰ; ਭਾਵੇਂ ਉਸ ਨੇ ਗੋਲੀ ਕਦੇ ਵੀ ਕਿਸੇ 'ਤੇ ਨਹੀਂ ਸੀ ਚਲਾਈ। ਉਸ ਦੇ ਇਸ ਵਾਰਤਾਲਾਪ ਕਰ ਕੇ ਉਸ ਦਾ ਨਾਂ 'ਗੋਲੀ ਮਾਰ ਕੇ' ਪੈ ਗਿਆ।

**ਘਿਓ ਖਾਣਿਆਂ ਦੇ:** ਕਿਸੇ ਪਰਿਵਾਰ ਦੇ ਮੈਂਬਰ ਘਿਓ ਦੀ ਵਰਤੋਂ ਜ਼ਿਆਦਾ ਕਰਦੇ ਸਨ। ਉਹ ਚਾਹ ਵੀ ਬਿਨਾ ਘਿਓ ਤੋਂ ਨਹੀਂ ਸੀ ਪੀਂਦੇ। ਜੀਭ ਦੇ ਇਸ ਸੁਆਦ ਨੇ ਉਨ੍ਹਾਂ ਦਾ ਨਾਂ 'ਘਿਓ ਖਾਣਿਆਂ ਦੇ' ਪਾ ਦਿੱਤਾ।

**ਵੱਟਿਆਂ ਦੇ:** ਇਕ ਪਰਿਵਾਰ ਦੇ ਦੋ ਭਰਾ ਸਨ, ਦੋਵੇਂ ਚੋਰੀ ਕਰਦੇ ਸਨ। ਉਨ੍ਹਾਂ ਨੇ ਇਕ ਦੂਜੇ ਦਾ ਭੇਤ ਭਰਿਆ ਨਾਂ ਰੱਖਿਆ ਹੋਇਆ ਸੀ, ਕਿ ਚੋਰੀ ਕਰਦੇ ਸਮੇਂ ਹੀ ਕੋਈ ਘਰ ਦਾ ਮੈਂਬਰ ਆ ਜਾਵੇ ਜਾਂ ਕੋਈ ਹੋਰ ਖਤਰਾ ਦਿਸੇ ਤਾਂ ਮੈਂ ਤੈਨੂੰ ਵੱਟਾ ਕਹਿ ਕੇ ਆਵਾਜ਼ ਮਾਰੂੰ ਤੇ ਦੂਜੇ ਦਾ ਨਾਂ ਘੋਟਣਾ ਰੱਖਿਆ ਸੀ। ਹੌਲੀ-ਹੌਲੀ ਪਿੰਡ ਵਾਲਿਆਂ ਨੂੰ ਉਨ੍ਹਾਂ ਦੇ ਇਨ੍ਹਾਂ ਗੁਪਤ ਨਾਵਾਂ ਬਾਰੇ ਪਤਾ ਲੱਗ ਗਿਆ। ਉਦੋਂ ਤੋਂ ਉਨ੍ਹਾਂ ਦੇ ਪਰਿਵਾਰ ਨਾਲ ਇਹ ਦਾ ਜੁੜੇ ਚਲੇ ਆ ਰਹੇ ਨੇ। ਹੁਣ ਉਹ ਅਲੱਗ-ਅਲੱਗ ਦੋ ਪਰਿਵਾਰ ਹਨ। ਇਕ ਪਰਿਵਾਰ ਦਾ ਨਾਂ 'ਘੋਟਣਿਆਂ ਦੇ' ਅਤੇ ਦੂਜੇ ਦਾ 'ਵੱਟਿਆਂ ਦੇ' ਹੈ।

**ਭੂਤਾਂ ਦੇ:** ਇਕ ਪਰਿਵਾਰ ਦੇ ਮੈਂਬਰਾਂ ਨੂੰ ਆਦਤ ਸੀ ਕਿ ਉਹ ਆਪਣੇ ਜ਼ਿਆਦਾ ਕੰਮ ਰਾਤ ਨੂੰ ਕਰਦੇ ਸਨ। ਉਨ੍ਹਾਂ ਨੂੰ ਇਹ ਚੀਜ਼ ਅਨੰਦ ਦਿੰਦੀ ਸੀ ਕਿ ਲੋਕ ਸਵੇਰੇ ਕਣਕ ਬੀਜੀ ਹੀ ਦੇਖਣ, ਖੇਤ ਵਾਹਿਆ ਹੀ ਦਿਸੇ, ਨਵੀਂ ਲਿਆਂਦੀ ਮੱਝ ਕੀਲੇ 'ਤੇ ਖੜ੍ਹੀ ਹੀ ਦਿਸੇ, ਇਹ ਨਾ ਪਤਾ ਲੱਗੇ ਕਿ ਇਹ ਕੰਮ ਕਰਿਆ ਕਦੋਂ ਗਿਆ। ਬੱਸ ਅਨੰਦ ਦੀ ਬਦੌਲਤ ਉਨ੍ਹਾਂ ਦਾ ਨਾਂ 'ਭੂਤਾਂ ਦੇ' ਪੈ ਗਿਆ। ਕਿਸੇ ਹੋਰ ਪਿੰਡ ਵਿਚ ਵੀ ਇਕ ਪਰਿਵਾਰ ਨੂੰ 'ਭੂਤਾਂ ਦੇ' ਕਿਹਾ ਜਾਂਦਾ ਸੀ, ਪਰ ਉਥੇ ਇਸ ਕੁਨਾਂ ਦੇ ਜੁੜ ਜਾਣ ਦਾ ਕਾਰਨ ਹੋਰ ਸੀ। ਉਸ ਪਰਿਵਾਰ ਦੇ ਕੁਝ ਮੈਂਬਰਾਂ ਨੂੰ 'ਕਸਰ' ਹੁੰਦੀ ਸੀ, ਅਰਥਾਤ ਉਸ ਪਰਿਵਾਰ ਦੇ ਮੈਂਬਰਾਂ ਵਿਚ ਭੂਤ ਬੋਲਦੇ ਸਨ ਜਿਸ ਕਾਰਨ ਲੋਕ ਨੇ ਉਨ੍ਹਾਂ ਦਾ ਨਾਮ 'ਭੂਤਾਂ ਦੇ' ਪਾ ਦਿੱਤਾ।

**ਸਟਾਫ਼ ਮੈਂਬਰਾਂ ਦੇ:** ਇਕ ਪਰਿਵਾਰ ਦੇ ਦੋ ਭਰਾਵਾਂ ਨੂੰ ਬੱਸ ਦਾ ਕਿਰਾਇਆ ਬਚਾਉਣ ਲਈ ਝੂਠ ਬੋਲਣ ਦੀ ਆਦਤ ਸੀ। ਉਹ ਕੰਡਕਟਰ ਨੂੰ ਆਪਣੇ ਆਪ ਨੂੰ ਸਟਾਫ਼ ਮੈਂਬਰ (ਅਰਥਾਤ ਉਨ੍ਹਾਂ ਦੇ ਹੀ ਮਹਿਕਮੇ ਵਿਚ ਕੰਮ ਕਰਨ ਵਾਲਾ) ਦੱਸਦੇ ਸਨ। ਕੁਝ ਸਾਲ ਤਾਂ ਇਹ ਸਿਲਸਿਲਾ ਚੱਲਦਾ ਰਿਹਾ। ਫਿਰ ਵਾਰੋ-ਵਾਰੀ ਦੋਵੇਂ ਜਣੇ ਫੜੇ ਗਏ। ਲੋਕਾਂ ਨੇ ਦੋਵਾਂ ਭਰਾਵਾਂ ਦੀ ਅੱਲ 'ਸਟਾਫ਼ ਮੈਂਬਰਾਂ ਦੇ' ਪਾ ਦਿੱਤੀ।

ਇਕ ਪਿੰਡ ਵਿਚ ਇਕ ਪਰਿਵਾਰ ਦੇ ਮਰਦਾਂ ਨੂੰ ਫ਼ਜ਼ੂਲ ਬਹਿਸਣ ਦੀ ਆਦਤ ਸੀ। ਉਹ ਸੱਥ ਵਿਚ ਜਾਂ ਹੋਰ ਥਾਵਾਂ 'ਤੇ ਕਿਸੇ ਵੀ ਚੱਲਦੀ ਗੱਲ ਵਿਚ ਲੱਤ ਫਸਾਉਣ ਲਈ ਮਸ਼ਹੂਰ ਸਨ। ਉਹ ਜਲਦੀ ਕੀਤੇ ਆਪਣੀ ਗੱਲ ਤੋਂ ਮੁੜਦੇ ਵੀ ਨਹੀਂ ਸਨ। ਲੋਕ ਸਿਆਣਪ ਨੇ ਉਨ੍ਹਾਂ ਨੂੰ 'ਵਕੀਲਾਂ ਦੇ' ਦਾ ਲਕਬ ਬਖ਼ਸ਼ ਦਿੱਤਾ। ਕਿਸੇ ਹੋਰ ਪਿੰਡ ਵਿਚ ਅਜਿਹੇ ਪਰਿਵਾਰ 'ਕੁੰਡਿਆਂ ਦੇ' ਵੀ ਕਿਹਾ ਜਾਂਦਾ ਹੈ, ਭਾਵ ਕੁੰਡੀ ਫਸਾਉਣ ਵਾਲੇ।

**ਸਟੂਡੈਂਟ ਦੇ:** ਇਹ ਅੱਲ ਸਾਨੂੰ ਜੰਮੂ ਖੇਤਰ ਦੇ ਇਕ ਪਹਾੜੀ ਪਿੰਡ ਵਿਚ ਮਿਲੀ। ਜੰਮੂ ਕਸ਼ਮੀਰ ਵਿਚ ਪੰਜਾਬ ਵਾਂਗ ਬੱਸ ਪਾਸ ਨਹੀਂ ਬਣਦੇ। ਵਿਦਿਆਰਥੀਆਂ ਨੂੰ ਅੱਧਾ ਕਿਰਾਇਆ ਮੁਆਫ਼ ਹੁੰਦਾ ਹੈ। ਕਿਸੇ ਅੱਧਖੜ ਭੋਲ-ਭਾਲੇ ਪਹਾੜੀਏ ਨੇ ਆਪਣੇ ਪਿੰਡ ਦੇ ਪਾੜ੍ਹਿਆਂ ਦੀ ਰੀਸੇ ਆਪਣੇ ਆਪ ਨੂੰ ਸਟੂਡੈਂਟ ਦੱਸਦੇ ਹੋਏ ਅੱਧਾ ਕਿਰਾਇਆ ਦੇਣ ਦਾ ਯਤਨ ਕੀਤਾ। ਨਤੀਜੇ ਵਜੋਂ ਕੰਡਕਟਰ ਨੇ ਉਸ ਦੀ ਬੇਇਜ਼ਤੀ ਕਰ ਦਿੱਤੀ ਅਤੇ ਪਿੰਡ ਦੇ ਲੋਕਾਂ ਨੇ ਉਸ ਨੂੰ 'ਸਟੂਡੈਂਟ' ਕਹਿਣਾ ਸ਼ੁਰੂ ਕਰ ਦਿੱਤਾ।

**ਡਾਕੂਆਂ ਦੇ:** ਇਕ ਪਿੰਡ ਵਿਚ ਚਾਰ ਪੰਜ ਪਰਿਵਾਰਾਂ ਨੂੰ 'ਡਾਕੂਆਂ ਦੇ' ਕਿਹਾ ਜਾਂਦਾ ਹੈ। ਅੰਗਰੇਜ਼ੀ ਰਾਜ ਸਮੇਂ ਇਹ ਪਰਿਵਾਰ ਇਕ ਪਰਿਵਾਰ ਹੀ ਹੁੰਦਾ ਸੀ। ਇਨ੍ਹਾਂ ਦੇ ਦੋ ਬਜ਼ੁਰਗ ਡਾਕੇ ਮਾਰਦੇ ਸਨ। ਲੰਮਾ ਸਮਾਂ ਜੇਲ੍ਹ ਵਿਚ ਵੀ ਰਹੇ। ਉਦੋਂ ਤੋਂ ਇਸ ਪਰਿਵਾਰ ਨੂੰ ਲੋਕ 'ਡਾਕੂਆਂ ਦੇ' ਕਹਿੰਦੇ ਹਨ। ਹੈਰਾਨੀ ਦੀ ਗੱਲ ਹੈ ਕਿ ਇਨ੍ਹਾਂ ਪਰਿਵਾਰਾਂ ਵਾਲੇ ਇਸ ਅੱਲ ਉਪਰ ਨਾਜ਼ ਕਰਦੇ ਸਨ। ਜੇ ਉਨ੍ਹਾਂ ਦੇ ਮੂੰਹ ਉਪਰ ਕੋਈ ਇਹ ਅੱਲ ਉਚਾਰ ਦਿੰਦਾ ਹੈ ਤਾਂ ਉਹ ਗੁੱਸਾ ਨਹੀਂ ਕਰਦੇ, ਬਲਕਿ ਇਸ ਗੱਲ ਦਾ ਮਾਣ ਕਰਦੇ ਹਨ ਕਿ ਉਨ੍ਹਾਂ ਦੇ ਬਜ਼ੁਰਗ ਡਾਕੂ ਸਨ। ਅਜਿਹਾ ਇਸ ਕਾਰਨ ਹੈ ਕਿਉਂਕਿ ਲੋਕਧਾਰਾ ਵਿਚ ਡਾਕੂਆਂ ਪ੍ਰਤੀ ਸਤਿਕਾਰ ਅਤੇ ਗਲੈਮਰ ਜੁੜਿਆ ਹੋਇਆ ਹੈ।

**ਗੁੜ ਖਾਣਿਆਂ ਦੇ:** ਇਕ ਪਿੰਡ ਵਿਚ ਇਕ ਪਰਿਵਾਰ ਦੇ ਜੀਆਂ ਨੂੰ ਵਧੇਰੇ ਗੁੜ ਖਾਣ ਦੀ ਆਦਤ ਸੀ। ਉਂਜ ਪੁਰਾਣੇ ਜ਼ਮਾਨੇ ਵਿਚ ਪਿੰਡਾਂ ਵਿਚ ਗੁੜ ਖੁਰਾਕ ਦਾ ਵਿਸ਼ੇਸ਼ ਅੰਗ ਸੀ। ਉਦੋਂ ਸਾਰੇ ਲੋਕ ਹੀ ਗੁੜ ਖਾਂਦੇ ਸਨ, ਪਰ ਇਸ ਪਰਿਵਾਰ ਦੇ ਜੀਅ, ਵਿਸ਼ੇਸ਼ ਕਰ ਕੇ ਮਰਦ, ਲੋਕਾਂ ਦੀਆਂ ਘੁਲਾੜੀਆਂ (ਗੁੜ ਬਣਾਉਣ ਵਾਲਾ ਜੰਦ-ਪ੍ਰਬੰਧ) 'ਤੇ ਜਾ ਕੇ ਖਾਸੀ ਮਾਤਰਾ ਵਿਚ ਗੁੜ ਖਾ ਜਾਂਦੇ ਸਨ ਜਿਸ ਕਾਰਨ ਇਨ੍ਹਾਂ ਨੂੰ (ਗੁੜ ਖਾਣੇ) ਕਿਹਾ ਜਾਂਦਾ ਸੀ। ਇਸ ਪਰਿਵਾਰ ਦੇ ਹੁਣ ਅਗਾਹ ਪੰਜ-ਛੇ ਘਰ ਬਣ ਚੁੱਕੇ ਹਨ। ਹੁਣ ਵਾਲੀਆਂ ਪੀੜ੍ਹੀਆਂ ਗੁੜ ਨਹੀਂ ਖਾਂਦੀਆਂ। ਅੱਜ ਕੱਲ੍ਹ ਇਨ੍ਹਾਂ ਪਿੰਡਾਂ ਵਿਚ ਘੁਲਾੜੀਆਂ ਵੀ ਨਹੀਂ ਚੱਲਦੀਆਂ, ਪਰ ਇਹ ਅੱਲ ਅਜੇ ਵੀ ਇਨ੍ਹਾਂ ਪਰਿਵਾਰਾਂ ਨਾਲ ਜੁੜੀ ਹੋਈ ਹੈ।

**ਥਾਣੇਦਾਰ ਕੇ:** ਇਕ ਪਿੰਡ ਦੇ ਇਕ ਬੰਦੇ ਨੇ ਨਕਲੀ ਥਾਣੇਦਾਰ ਬਣ ਕੇ ਕੋਈ ਠੱਗੀ ਮਾਰਨ ਦਾ ਯਤਨ ਕੀਤਾ। ਉਹ ਠੱਗੀ ਮਾਰਨ ਵਿਚ ਤਾਂ ਸਫ਼ਲ ਨਹੀਂ ਹੋ ਸਕਿਆ, ਪਰ ਉਸ ਦੇ ਨਾਮ ਨਾਲ ਹਮੇਸ਼ਾ ਲਈ 'ਥਾਣੇਦਾਰ' ਸ਼ਬਦ ਜੁੜ ਗਿਆ।

**ਵਕੀਲਾਂ ਦੇ:** ਇਕ ਪਿੰਡ ਵਿਚ ਇਕ ਪਰਿਵਾਰ ਦੇ ਮਰਦਾਂ ਨੂੰ ਫ਼ਜ਼ੂਲ ਬਹਿਸਣ ਦੀ ਆਦਤ ਸੀ। ਉਹ ਸੱਥ ਵਿਚ ਜਾਂ ਹੋਰ ਥਾਵਾਂ 'ਤੇ ਕਿਸੇ ਵੀ ਚੱਲਦੀ ਗੱਲ ਵਿਚ ਲੱਤ ਫਸਾਉਣ ਲਈ ਮਸ਼ਹੂਰ ਸਨ। ਉਹ ਜਲਦੀ ਕੀਤੇ ਆਪਣੀ ਗੱਲ ਤੋਂ ਮੁੜਦੇ ਵੀ ਨਹੀਂ ਸਨ। ਲੋਕ ਸਿਆਣਪ ਨੇ ਉਨ੍ਹਾਂ ਨੂੰ 'ਵਕੀਲਾਂ ਦੇ' ਦਾ ਲਕਬ ਬਖ਼ਸ਼ ਦਿੱਤਾ। ਕਿਸੇ ਹੋਰ ਪਿੰਡ ਵਿਚ ਅਜਿਹੇ ਪਰਿਵਾਰ 'ਕੁੰਡਿਆਂ ਦੇ' ਵੀ ਕਿਹਾ ਜਾਂਦਾ ਹੈ, ਭਾਵ ਕੁੰਡੀ ਫਸਾਉਣ ਵਾਲੇ।

**ਜਾਵੀਆਂ ਦੇ:** 1980 ਤੋਂ ਪਹਿਲਾਂ ਦੇ ਸਮੇਂ ਵਿਚ ਪਿੰਡ ਦੇ ਲੋਕ ਸਾਦੇ ਕੱਪੜੇ ਹੀ ਪਹਿਨਦੇ ਸਨ। ਸ਼ੁਕੀਨੀ ਸਿਰਫ਼ ਸ਼ਹਿਰ ਜਾਂ ਸਕੀਰੀ ਵਿਚ ਜਾਣ ਸਮੇਂ ਜਾਂ ਫਿਰ ਜੰਞ ਚੜ੍ਹਨ ਵੇਲੇ ਹੀ ਲਾਈ ਜਾਂਦੀ ਸੀ। ਕਿਸੇ ਪਿੰਡ ਦੇ ਦੋ ਤਿੰਨ ਭਰਾਵਾਂ ਨੂੰ ਹਰ ਸਮੇਂ ਹੀ ਸ਼ੁਕੀਨੀ ਲਾਉਣ ਦਾ ਸ਼ੌਕ ਸੀ। ਲੋਕ ਸਮਝਦੇ ਸਨ ਕਿ ਇਹ ਹਰ ਸਮੇਂ ਹੀ ਜਾਵੀਂ (ਬਰਾਤੀ) ਬਣੇ ਰਹਿੰਦੇ ਹਨ ਅਤੇ ਲੋਕਾਂ ਨੇ ਉਨ੍ਹਾਂ ਦੀ ਅੱਲ 'ਜਾਵੀਆਂ ਦੇ' ਪਾ ਦਿੱਤੀ।

**ਭਾਨੀਮਾਰਾਂ ਦੇ:** ਪੰਜਾਬ ਦੇ ਬਹੁਤੇ ਪਿੰਡਾਂ ਵਿਚ ਇਸ ਕਿਰਦਾਰ ਵਾਲੇ ਲੋਕ ਮਿਲ ਜਾਂਦੇ ਹਨ। ਜਿਹੜੇ ਲੋਕ ਲੋਕਾਂ ਦੇ ਮੁੰਡਿਆਂ-ਕੁੜੀਆਂ ਦੇ ਰਿਸ਼ਤੇ ਨਾ ਹੋਣ ਦੇਣ, ਉਨ੍ਹਾਂ ਨੂੰ ਭਾਨੀਮਾਰ ਕਿਹਾ ਜਾਂਦਾ ਹੈ। ਭਾਨੀ ਸ਼ਬਦ ਦਾ ਅਰਥ ਹੈ, ਉਹ ਝੂਠ ਜਿਹੜਾ ਕਿਸੇ ਦਾ ਵਿਆਹ ਹੋਣ ਤੋਂ ਰੋਕਣ ਲਈ ਬੋਲਿਆ ਜਾਂਦਾ ਹੈ। ਅਜਿਹੇ ਲੋਕ ਮੁੰਡੇ ਜਾਂ ਕੁੜੀ ਵਿਚ ਝੂਠੀ-ਮੂਠੀ ਦੇ ਕਜ (ਔਗੁਣ) ਦੱਸਣ ਲੱਗਦੇ ਹਨ, ਨਤੀਜੇ ਵਜੋਂ ਰਿਸ਼ਤਾ ਕਰਨ ਵਾਲੇ ਪਿਛੇ ਹਟ ਜਾਂਦੇ ਹਨ। ਮਾਨਸਿਕ ਤੌਰ 'ਤੇ ਹੀ ਅਜਿਹੇ ਲੋਕਾਂ ਨੂੰ ਕਿਸੇ ਦਾ ਘਰ ਵਸਦਾ ਚੰਗਾ ਨਹੀਂ ਲੱਗਦਾ।

**ਵਹਿਮੀਆਂ ਦੇ:** ਇਕ ਪਰਿਵਾਰ ਦੇ ਜੀਆਂ ਨੂੰ ਨਿੱਕੀ ਨਿੱਕੀ ਗੱਲ ਦਾ ਵਹਿਮ ਕਰਨ ਦੀ ਆਦਤ ਸੀ। ਆਪਣੇ ਵਹਿਮਾਂ ਦਾ ਇਲਾਜ ਕਰਨ ਲਈ ਉਹ ਸਾਧਾਂ ਸੰਤਾਂ ਕੋਲ ਤੁਰੇ ਹੀ ਰਹਿੰਦੇ ਸਨ। ਜੇ ਕਿਸੇ ਆਂਢੀ-ਗੁਆਂਢੀ ਦਾ ਕੋਈ ਕੰਮ ਖਰਾਬ ਹੋ ਜਾਏ ਤਾਂ ਵੀ ਉਹ ਕੋਈ ਨਾ ਕੋਈ ਵਹਿਮ ਦੱਸ ਦਿੰਦੇ ਸਨ। ਲੋਕਾਂ ਨੇ ਉਨ੍ਹਾਂ ਦੇ ਪਰਿਵਾਰ ਦਾ ਨਾਂ 'ਵਹਿਮੀਆਂ ਦੇ' ਪਾ ਦਿੱਤਾ।

**ਮੱਖੀ:** ਇਕ ਕਾਲਜ ਵਿਚ ਇਕ ਪ੍ਰੋਫ਼ੈਸਰ ਦਾ ਨਾਮ ਵਿਦਿਆਰਥੀਆਂ ਨੇ 'ਮੱਖੀ' ਪਾਇਆ ਹੋਇਆ ਸੀ। ਪੁੱਛਣ 'ਤੇ ਪਤਾ ਲੱਗਾ ਕਿ ਉਹ ਵਿਦਿਆਰਥੀਆਂ ਨੂੰ ਬੋਲਦਾ ਘੱਟ ਸੁਣਦਾ ਸੀ, ਉਸ ਦੀ ਭੀਂ-ਭੀਂ ਜ਼ਿਆਦਾ ਸੁਣਦੀ ਸੀ।

**ਬਾਬਰ:** ਇਕ ਕਾਲਜ ਅਧਿਆਪਕ ਆਪਣਾ ਵਿਸ਼ਾ ਇਤਿਹਾਸ ਪੜ੍ਹਾਉਂਦੇ ਸਮੇਂ 'ਬਾਬਰ' ਦੇ ਨਾਮ ਦੀ ਵਰਤੋਂ ਵਧੇਰੇ ਕਰਦਾ ਰਹਿੰਦਾ ਸੀ, ਵਿਦਿਆਰਥੀਆਂ ਨੇ ਉਸ ਦਾ ਨਾਮ 'ਬਾਬਰ' ਪਾ ਦਿੱਤਾ।

**ਬਾਂਦਰਾਂ ਦੇ:** ਕਿਸੇ ਪਿੰਡ ਦੇ ਇਕ ਪਰਿਵਾਰ ਦੇ ਨੈਣ-ਨਕਸ਼ਾਂ ਵਿਚੋਂ ਮਨੁੱਖ ਦੇ ਪੁਰਵਜ ਬਾਂਦਰਾਂ ਦਾ ਝਉਲਾ ਜਿਹਾ ਪੈਂਦਾ ਹੈ। ਉਸ ਪਿੰਡ ਦੇ ਲੋਕਾਂ ਨੇ ਉਨ੍ਹਾਂ ਦਾ ਨਾਂ 'ਬਾਂਦਰਾਂ ਦੇ' ਪਾ ਦਿੱਤਾ।


**ਨੱਕ ਵੱਢਿਆਂ ਦੇ:** ਇਕ ਪਰਿਵਾਰ ਦੇ ਭਰਾ ਆਪਸ ਵਿਚ ਲੜ ਪਏ। ਇਕ ਭਰਾ ਨੇ ਦੂਜੇ ਦਾ ਨੱਕ ਵਢ ਦਿੱਤਾ। ਉਦੋਂ ਤੋਂ ਉਨ੍ਹਾਂ ਦਾ ਨਾਂ 'ਨੱਕ ਵੱਢਿਆਂ ਦੇ' ਪੈ ਗਿਆ।

**ਬਲੋਚਾਂ ਦੇ:** ਸੰਤਾਲੀ ਤੋਂ ਪਹਿਲਾਂ ਅਜੋਕੇ ਪਾਕਿਸਤਾਨ ਦੀ ਸਟੇਟ ਬਲੋਚਿਸਤਾਨ ਤੋਂ ਵਪਾਰੀ ਪੰਜਾਬ ਵਿਚ ਵਪਾਰ ਕਰਨ ਆਉਂਦੇ ਸਨ ਜਿਵੇਂ ਅੱਜ ਕੱਲ੍ਹ ਪੰਜਾਬ ਵਿਚ ਕਸ਼ਮੀਰ ਦੇ ਸ਼ਾਲ ਵੇਚਣ ਵਾਲੇ ਆਉਂਦੇ ਹਨ। ਪੰਜਾਬ ਦੀਆਂ ਚਾਰ ਪ੍ਰਸਿੱਧ ਪ੍ਰੇਮ ਕਹਾਣੀਆਂ ਵਿਚੋਂ ਦੋ ਦੇ ਨਾਇਕ ਪੁੰਨੂੰ ਤੇ ਮਹੀਵਾਲ ਬਲੋਚ ਹੀ ਸਨ। ਬਲੋਚ ਲੋਕ ਲੰਮੇ ਤੇ ਹੱਡਾਂ ਪੈਰਾਂ ਦੇ ਖੁੱਲ੍ਹੇ ਹੁੰਦੇ ਸਨ। ਅਜੋਕੀ ਪੰਜਾਬੀ ਜ਼ੁਬਾਨ ਵਿਚ 'ਬਲੋਚ' ਸ਼ਬਦ ਉਚੇ ਲੰਮੇ ਮੁੰਡਿਆਂ ਲਈ ਗੁੱਸੇ ਦੇ ਪ੍ਰਗਟਾਵੇ ਵਜੋਂ ਮੁਹਾਵਰੇ ਦੇ ਤੌਰ 'ਤੇ ਵਰਤਿਆ ਜਾਂਦਾ ਹੈ। ਇਕ ਪਿੰਡ ਵਿਚ ਪਰਿਵਾਰ ਦੇ ਸਾਰੇ ਮਰਦ ਹੀ ਉਚੇ ਲੰਮੇ ਤੇ ਹੱਡਾਂ ਪੈਰਾਂ ਦੇ ਖੁੱਲ੍ਹੇ ਸਨ। ਇਸ ਪਰਿਵਾਰ ਲਈ 'ਬਲੋਚਾਂ ਦੇ' ਅੱਲ ਵਰਤੀ ਜਾਣ ਲੱਗੀ।

ਇਸ ਪ੍ਰਕਾਰ ਅੱਲਾਂ ਪੰਜਾਬੀ ਜੀਵਨ ਸ਼ੈਲੀ ਦਾ ਵਿਲੱਖਣ ਪਹਿਲੂ ਹਨ। ਇਨ੍ਹਾਂ ਦੇ ਅਧਿਐਨ ਰਾਹੀਂ ਪੰਜਾਬੀ ਸੁਭਾਅ ਦੇ ਗੁੱਝੇ ਭੇਤ ਸਮਝੇ ਜਾ ਸਕਦੇ ਹਨ। ਇਨ੍ਹਾਂ ਦੀ ਭਾਸ਼ਾਈ ਬਣਤਰ ਵਿਚ ਸਜ਼ਾ ਅਤੇ ਸਨਮਾਨ ਦੇ ਅੰਸ਼ਾਂ ਦੇ ਸ਼ਾਮਲ ਹੋਣ ਕਾਰਨ ਇਨ੍ਹਾਂ ਦਾ ਸਮਾਜ ਸ਼ਾਸਤਰੀ ਅਧਿਐਨ ਪੰਜਾਬੀ ਸਮਾਜ ਦੇ ਵਿਲੱਖਣ ਪਹਿਲੂ ਸਾਹਮਣੇ ਲਿਆ ਸਕਦਾ ਹੈ। ਸਮਾਂ ਬੀਤਣ ਨਾਲ ਅੱਲਾਂ ਬੋਲਚਾਲ ਦਾ ਸਹਿਜ ਅੰਗ ਬਣ ਜਾਂਦੀਆਂ ਹਨ, ਪਰ ਇਹ ਕਦੇ ਨਾ ਕਦੇ ਬੋਲਣ ਲਈ ਮਜਬੂਰ ਜ਼ਰੂਰ ਕਰਦੀਆਂ ਹਨ।

# ਝੋਨਾ ਚੋਰੀ ਕਰਨ ਵਾਲੇ ਚੂਹੇ ਨੂੰ ਮਿਸਾਲੀ ਸਜ਼ਾ

**ਬੀਜਿੰਗ:** ਚੀਨ ਵਿਚ ਚੋਰਾਂ ਨਾਲ ਜਨਤਕ ਤੌਰ ਉਤੇ ਕਾਫੀ ਜ਼ੁਲਮੋਂ-ਸਿਤਮ ਵਾਲਾ ਵਿਵਹਾਰ ਕੀਤਾ ਜਾਂਦਾ ਹੈ। ਹੁਣ ਇਸੇ ਲੜੀ ਵਿਚ ਇਕ ਚੂਹੇ ਨੂੰ ਵੀ ਚੋਰੀ ਦੀ ਸਜ਼ਾ ਮਿਲੀ ਸੀ। ਚੀਨ ਦੇ ਸੋਸ਼ਲ ਮੀਡੀਆ ਪਲੇਟਫਾਰਮ ਬੀਵੋ 'ਤੇ ਪੋਸਟ ਕੀਤੀਆਂ ਗਈਆਂ ਕੁਝ ਤਸਵੀਰਾਂ ਵਿਚ ਇਕ ਚੂਹਾ ਧਾਗੇ ਨਾਲ ਬੱਝਿਆ ਨਜ਼ਰ ਆ ਰਿਹਾ ਹੈ। ਚੂਹੇ ਦੇ ਦੋਵੇਂ ਹੱਥ ਅਤੇ ਦੋਵੇਂ ਪੈਰ ਬੱਝੇ ਹਨ ਅਤੇ ਉਸ ਦੇ ਗਲੇ 'ਚ ਇਕ ਪਰਚੀ ਲਟਕ ਰਹੀ ਹੈ। ਇਸ 'ਤੇ ਚੀਨੀ ਭਾਸ਼ਾ ਵਿਚ ਜੋ ਲਿਖਿਆ ਹੈ, ਉਸ ਦਾ ਮਤਲਬ ਹੈ ਕਿ ਚੂਹਾ ਚੋਰੀ ਕਰਨ ਦਾ ਦੋਸ਼ੀ ਪਾਇਆ ਗਿਆ। ਇਸ ਚੂਹੇ ਨੂੰ ਇਕ ਦੁਕਾਨ 'ਚ ਝੋਨਾ ਚੋਰੀ ਕਰਦੇ ਹੋਏ ਫੜਿਆ ਗਿਆ।



ਮੇਲ ਆਨਲਾਈਨ 'ਚ ਛਪੀ ਇਕ ਖਬਰ ਮੁਤਾਬਕ, ਇਕ ਬੀਵੋ ਯੂਜ਼ਰ ਨੇ ਚੂਹੇ ਦੀਆਂ ਦੋ ਤਸਵੀਰਾਂ ਅਪਲੋਡ ਕੀਤੀਆਂ। ਪੋਸਟ 'ਚ ਉਸ ਨੇ ਲਿਖਿਆ, 'ਮੇਰੇ ਇਕ ਦੋਸਤ ਨੂੰ ਇਕ ਦੁਕਾਨ ਦੇ ਗੁਦਾਮ ਵਿਚ ਛੋਟਾ ਚੂਹਾ ਮਿਲਿਆ। ਇਸ ਨੂੰ ਗ੍ਰਿਫਤਾਰ ਕੀਤਾ ਗਿਆ ਅਤੇ ਫਿਰ ਇਸ ਦੇ ਗਲੇ ਵਿਚ ਪੋਸਟਰ ਲਟਕਾ ਕੇ ਜਨਤਕ ਤੌਰ 'ਤੇ ਉਸ ਦੀ ਬੇਇੱਜ਼ਤੀ ਕੀਤੀ ਗਈ। ਵਿਚਾਰਾ ਚੂਹਾ! ਹੁਣ ਇਹ ਆਪਣਾ ਸਮਾਂ ਕਿਵੇਂ ਗੁਜ਼ਾਰੇਗਾ? ਪਹਿਲੀ ਤਸਵੀਰ 'ਚ ਚੂਹੇ ਦੀ ਤਸਵੀਰ ਨਾਲ ਉਸ ਦੇ ਇਕ ਪਾਸੇ ਸ਼ਿਕਾਇਤੀ ਨੋਟ ਵੀ ਜੁੜਿਆ ਹੋਇਆ ਸੀ। ਇਸ ਨੋਟ ਦੀ ਭਾਸ਼ਾ ਅਜਿਹੀ ਸੀ ਕਿ ਮੰਨੋ ਚੂਹਾ ਇਸ ਤਰ੍ਹਾਂ ਫੜੇ ਜਾਣ ਅਤੇ ਬੇਇੱਜ਼ਤੀ ਕੀਤੇ ਜਾਣ ਦੀ ਸ਼ਿਕਾਇਤ ਕਰ ਰਿਹਾ ਹੋਵੇ। ਨੋਟ ਵਿਚ ਚੂਹੇ ਵੱਲੋਂ ਲਿਖਿਆ ਗਿਆ ਸੀ, 'ਤੁਸੀਂ ਇਸ ਤੋਂ ਚੰਗਾ ਕੀ ਕਰ ਸਕਦੇ ਹੋ? ਜੇ ਤੁਸੀਂ ਮੈਨੂੰ ਕੁੱਟ-ਕੁੱਟ ਕੇ ਮਾਰ ਵੀ ਦਿਓਗੇ ਤਾਂ ਵੀ ਮੈਂ ਨਹੀਂ ਮੰਨਾਂਗਾ ਕਿ ਤੁਹਾਡੇ ਚੌਲ ਮੈਂ ਹੀ ਚੋਰੀ ਕਰ ਕੇ ਖਾਧੇ ਹਨ।'

ਦੂਜੀ ਤਸਵੀਰ 'ਚ ਚੂਹੇ ਦੀ ਤਸਵੀਰ ਨਾਲ ਇਕ ਦੂਜਾ ਨੋਟ ਸੀ। ਚੂਹੇ ਦੇ ਗਲੇ ਵਿਚ ਟੰਗੇ ਇਸ ਪੋਸਟਰ 'ਚ ਲਿਖਿਆ ਸੀ, 'ਮੈਨੂੰ ਦੁਬਾਰਾ ਕਦੇ ਅਜਿਹਾ ਕਰਨ ਦੀ ਹਿੰਮਤ ਨਹੀਂ ਕਰਨੀ ਚਾਹੀਦੀ।' ਚੂਹਾ ਇਕ ਟਰਾਲੀ ਨਾਲ ਬੱਝਿਆ ਹੈ ਅਤੇ ਇਸ ਉਤੇ ਕਈ ਡੱਬੇ ਰੱਖੇ ਹੋਏ ਹਨ। ਜਨਵਰੀ 2016 ਵਿਚ ਇਕ ਔਰਤ ਅਤੇ ਮਰਦ ਨੇ ਇਸ ਤਰ੍ਹਾਂ ਇਕ ਚੂਹੇ ਨੂੰ ਬੰਨ੍ਹ ਕੇ ਉਸ ਦਾ ਵੀਡੀਓ ਬਣਾਇਆ ਸੀ। ਦੋਵਾਂ ਦਾ ਕਹਿਣਾ ਸੀ ਕਿ ਉਸ ਚੂਹੇ ਕੇਲੇ ਚੋਰੀ ਕੀਤੇ ਹਨ। ਵੀਡੀਓ 'ਚ ਦੋਵੇਂ ਸ਼ਖਸ ਚੂਹੇ ਤੋਂ ਇਸ ਚੋਰੀ ਨਾਲ ਸਬੰਧੀ ਪੁੱਛਗਿੱਛ ਕਰ ਰਹੇ ਸਨ।

# ਆਸਟਰੇਲੀਆ ਵਿਚ 5 ਹੋਰ ਸਿੱਖ ਬੱਚਿਆਂ ਦੇ ਦਾਖਲੇ 'ਤੇ ਰੋਕ

**ਮੈਲਬਰਨ:** ਆਸਟਰੇਲੀਆ ਵਿਚ ਇਕ ਸਿੱਖ ਪਰਿਵਾਰ ਦੇ ਬੱਚੇ ਨੂੰ ਸਕੂਲ ਵਿਚ ਦਾਖਲਾ ਨਾ ਦੇਣ ਦਾ ਮਾਮਲਾ ਹਾਲੇ ਹੱਲ ਨਹੀਂ ਹੋਇਆ ਸੀ ਕਿ 5 ਹੋਰ ਸਿੱਖ ਵਿਦਿਆਰਥੀਆਂ ਨੂੰ ਪਟਕਾ ਬੰਨ੍ਹਿਆ ਹੋਣ ਕਰ ਕੇ ਉਨ੍ਹਾਂ ਦੇ ਦਾਖਲੇ ਉਤੇ ਰੋਕ ਲਾਉਣ ਦਾ ਇਕ ਹੋਰ ਮਾਮਲਾ ਸਾਹਮਣੇ ਆਇਆ ਹੈ।



ਇਨ੍ਹਾਂ ਵਿਦਿਆਰਥੀਆਂ ਦੇ ਪਰਿਵਾਰ ਵਾਲਿਆਂ ਨੇ ਮੀਡੀਆ ਨੂੰ ਦੱਸਿਆ ਕਿ ਕੁਝ ਅਦਾਰਿਆਂ ਗਿਲਸਨ ਕਾਲਜ, ਮਰੇਂਡਾ, ਗੁੱਡ ਨਿਊਜ਼ ਲੂਧਰਨ ਕਾਲਜ, ਪਲੈਂਟੀ ਵੈਲੀ ਕ੍ਰਿਸਚਨ ਕਾਲਜ ਤੇ ਮੈਲਟਨ ਕ੍ਰਿਸਚਨ ਕਾਲਜ ਨੇ ਇਹ ਕਹਿੰਦਿਆਂ ਦਾਖਲੇ ਉਤੇ ਰੋਕ ਲਾਈ ਹੈ ਕਿ ਪਟਕਾ ਉਨ੍ਹਾਂ ਦੀ ਵਰਦੀ ਵਿਚ ਸ਼ਾਮਲ ਨਹੀਂ। ਇਸ ਬਾਰੇ ਬੱਚਿਆਂ ਦੇ ਮਾਪਿਆਂ ਨੇ ਸਕੂਲ ਪ੍ਰਿੰਸੀਪਲ ਨਾਲ ਮੀਟਿੰਗ ਵੀ ਕੀਤੀ ਤੇ ਦੱਸਿਆ ਕਿ ਦਸਤਾਰ ਸਿੱਖਾਂ ਦਾ ਧਾਰਮਿਕ ਚਿੰਨ੍ਹ ਹੈ।

ਸਿੱਖ ਕਦੇ ਵੀ ਆਪਣੇ ਕੇਸ ਕਤਲ ਨਹੀਂ ਕਰਦੇ ਤੇ ਨਾ ਹੀ ਇਹ ਟੋਪੀ ਵਾਂਗ ਹੈ, ਜੋ ਉਤਾਰੀ ਜਾਂ ਚੜ੍ਹਾਈ ਜਾ ਸਕੇ। ਉਨ੍ਹਾਂ ਕਿਹਾ ਕਿ ਜਿਸ ਤਰ੍ਹਾਂ ਦਾ ਰਵੱਈਆ ਆਸਟਰੇਲੀਆ ਦੇ ਸਕੂਲਾਂ ਵੱਲੋਂ ਧਾਰਨ ਕੀਤਾ ਜਾ ਰਿਹਾ ਹੈ, ਤਾਂ ਆਸਟਰੇਲੀਆ ਦੇ ਨਿਵਾਸੀ ਸਿੱਖਾਂ ਦੇ ਬੱਚੇ ਆਖਰ ਕਿਥੇ ਪੜ੍ਹਨਗੇ। ਪਰਿਵਾਰਾਂ ਨੇ ਮੰਗ ਕੀਤੀ ਹੈ ਕਿ ਸਰਕਾਰੀ ਗ੍ਰਾਂਟਾਂ ਉਤੇ ਚਲਦੇ ਇਨ੍ਹਾਂ ਸਕੂਲਾਂ ਦੇ ਇਸ ਮਾਮਲੇ ਵਿਚ ਸਰਕਾਰ ਨੂੰ ਦਖਲ ਦੇਣਾ ਚਾਹੀਦਾ ਹੈ, ਕਿਉਂਕਿ ਇਹ ਇਕ ਤਰ੍ਹਾਂ ਦਾ ਨਸਲੀ ਹਮਲਾ ਹੈ। ਉਨ੍ਹਾਂ ਆਸਟਰੇਲੀਆ ਵਸਦੇ ਲੋਕਾਂ ਨੂੰ ਵੀ ਅਪੀਲ ਕੀਤੀ ਕਿ ਇਸ ਮਸਲੇ ਵਿਚ ਉਨ੍ਹਾਂ ਦੀ ਮਦਦ ਕੀਤੀ ਜਾਵੇ।

# ਭਾਰਤ ਅਤੇ ਯੂ.ਏ.ਈ. ਵੱਲੋਂ 14 ਸਮਝੌਤਿਆਂ 'ਤੇ ਦਸਤਖਤ

**ਨਵੀਂ ਦਿੱਲੀ:** ਭਾਰਤ ਨੇ ਆਪਣੇ ਕਰੀਬੀ ਦੋਸਤ ਯੂ.ਏ.ਈ. ਨਾਲ ਰੱਖਿਆ, ਸੁਰੱਖਿਆ, ਸੂਚਨਾ ਅਤੇ ਤਕਨੀਕ ਸਮੇਤ 14 ਅਹਿਮ ਸਮਝੌਤੇ ਸਹੀਬੱਧ ਕੀਤੇ ਹਨ। ਗਣਤੰਤਰ ਦਿਵਸ ਮੌਕੇ ਭਾਰਤ ਦੇ ਖਾਸ ਮਹਿਮਾਨ ਵਜੋਂ ਸ਼ਿਰਕਤ ਕਰਨ ਆਏ ਆਬੂਧਾਬੀ ਦੇ ਵਲੀ ਅਹਿਦ ਸ਼ੇਖ ਮੁਹੰਮਦ ਬਿਨ ਜਾਇਦ ਅਲ ਨਾਹਯਾਨ ਅਤੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਦਿੱਲੀ ਦੇ ਹੈਦਰਾਬਾਦ ਹਾਊਸ ਵਿਖੇ ਦੁਵੱਲੀ ਗੱਲਬਾਤ ਕੀਤੀ। ਪ੍ਰਧਾਨ ਮੰਤਰੀ ਮੋਦੀ ਨੇ ਆਬੂਧਾਬੀ ਨੂੰ ਭਾਰਤ ਦੇ ਵਿਕਾਸ ਦਾ ਅਹਿਮ ਭਾਈਵਾਲ ਕਰਾਰ ਦਿੰਦਿਆਂ ਕਿਹਾ ਕਿ ਦੋਵਾਂ ਦੇਸ਼ਾਂ ਦੀ ਸਾਂਝੇਦਾਰੀ ਨਾ ਸਿਰਫ ਦੋਵਾਂ ਦੇਸ਼ਾਂ, ਸਗੋਂ ਗੁਆਂਢੀ ਦੇਸ਼ਾਂ ਲਈ ਵੀ ਅਹਿਮ ਹੈ।

ਇਥੇ ਜ਼ਿਕਰਯੋਗ ਹੈ ਕਿ ਭਾਰਤ ਅਤੇ ਆਬੂਧਾਬੀ ਦਰਮਿਆਨ ਪੁਰਾਣੇ ਇਤਿਹਾਸਕ ਅਤੇ ਸੱਭਿਆਚਾਰਕ ਸਬੰਧ ਹੋਣ ਦੇ ਬਾਵਜੂਦ ਆਬੂਧਾਬੀ ਦਾ ਪਾਕਿਸਤਾਨ ਨੂੰ ਸਮਰਥਨ ਦੇਣਾ ਦੋਵਾਂ ਦੇਸ਼ਾਂ ਦੇ ਸਬੰਧਾਂ ਵਿਚ ਇਕ ਅੜਿੱਕਾ ਮੰਨਿਆ ਜਾਂਦਾ ਰਿਹਾ ਹੈ। ਅਜਿਹੇ ਪਿਛੋਕੜ 'ਚ ਉਥੋਂ ਦੇ ਵਲੀ ਅਹਿਦ ਨੂੰ ਗਣਤੰਤਰ ਦਿਵਸ ਦੇ ਮੁੱਖ ਮਹਿਮਾਨ ਵਜੋਂ ਸੱਦਣ ਦੀ ਰਣਨੀਤਕ ਅਹਿਮੀਅਤ ਨੂੰ ਅਣਗੌਲਿਆ ਨਹੀਂ ਜਾ ਸਕਦਾ। ਪ੍ਰਧਾਨ ਮੰਤਰੀ ਮੋਦੀ ਨੇ ਆਪਣੇ 2015 ਦੇ ਆਬੂਧਾਬੀ ਦੇ ਦੌਰੇ ਨੂੰ ਯਾਦ ਕਰਦਿਆਂ ਅਤੇ ਵਲੀ ਅਹਿਦ ਦੇ ਭਾਰਤ



ਦੇ ਦੂਜੇ ਦੌਰੇ ਦਾ ਜ਼ਿਕਰ ਕਰਦਿਆਂ ਦੋਵਾਂ ਦੇਸ਼ਾਂ ਦੇ ਸਬੰਧਾਂ ਦੀ ਮਜ਼ਬੂਤ ਬੁਨਿਆਦ ਦੀ ਚਰਚਾ ਕੀਤੀ। ਉਨ੍ਹਾਂ ਅਤਿਵਾਦ ਨੂੰ ਦੋਵਾਂ ਦੇਸ਼ਾਂ ਲਈ ਖਤਰਾ ਦੱਸਦਿਆਂ ਕਿਹਾ ਕਿ ਅਸੀਂ (ਭਾਰਤ ਅਤੇ ਆਬੂਧਾਬੀ) ਮਿਲ ਕੇ ਇਸ ਨਾਲ ਲੜਾਂਗੇ ਅਤੇ ਅਫਗਾਨਿਸਤਾਨ ਅਤੇ ਪੱਛਮੀ ਏਸ਼ੀਆ ਵਿਚ ਸਹਿਯੋਗ ਨੂੰ ਵਧਾਵਾਂਗੇ।

## ਸੱਜਣ ਕੁਮਾਰ ਦੀ ਜ਼ਮਾਨਤ ਰੱਦ ਕਰਨ ਦੀ ਮੰਗ

**ਨਵੀਂ ਦਿੱਲੀ:** 1984 ਸਿੱਖ ਕਤਲੇਆਮ ਦੇ ਕੇਸਾਂ ਲਈ ਕਾਇਮ ਕੀਤੀ ਵਿਸ਼ੇਸ਼ ਜਾਂਚ ਟੀਮ (ਐਸ.ਆਈ.ਟੀ.) ਨੇ ਦਿੱਲੀ ਹਾਈ ਕੋਰਟ ਨੂੰ ਬੇਨਤੀ ਕੀਤੀ ਕਿ ਕਾਂਗਰਸੀ ਆਗੂ ਸੱਜਣ ਕੁਮਾਰ ਨੂੰ ਹੇਠਲੀ ਅਦਾਲਤ ਵੱਲੋਂ ਦਿੱਤੀ ਗਈ ਅਗਾਊਂ ਜ਼ਮਾਨਤ ਰੱਦ ਕੀਤੀ ਜਾਵੇ। ਜਸਟਿਸ ਐਸ.ਪੀ. ਗਰਗ ਨੇ ਐਸ.ਆਈ.ਟੀ. ਨੂੰ ਪੁੱਛਿਆ ਕਿ ਉਹ 32 ਸਾਲ ਪੁਰਾਣੇ ਕੇਸ 'ਚ ਅਜਿਹੀ ਬੇਨਤੀ ਕਿਉਂ ਕਰ ਰਹੀ ਹੈ।

ਐਸ.ਆਈ.ਟੀ.ਵੱਲੋਂ ਐਡੀਸ਼ਨਲ ਸੌਲੀਸਿਟਰ ਜਨਰਲ ਸੰਜੈ ਜੈਨ ਨੇ ਦਲੀਲ ਦਿੱਤੀ ਕਿ ਸੱਜਣ ਕੁਮਾਰ ਖਿਲਾਫ਼ ਕੇਸ ਮਹਿਜ਼ ਦੋ ਸਾਲ ਪਹਿਲਾਂ ਦਰਜ ਹੋਇਆ ਕਿਉਂਕਿ ਪੱਛਮੀ ਦਿੱਲੀ ਦੇ ਜਨਕਪੁਰੀ ਤੇ ਵਿਕਾਸਪੁਰੀ ਇਲਾਕਿਆਂ ਵਿਚ ਤਿੰਨ ਸਿੱਖਾਂ ਦੇ ਹੋਏ ਕਤਲ ਦੇ ਮਾਮਲੇ ਵਿਚ ਸ਼ਿਕਾਇਤਕਰਤਾ ਹਰਵਿੰਦਰ ਸਿੰਘ ਨੇ ਡਰ ਕਾਰਨ ਐਨੇ ਸਾਲਾਂ ਤੱਕ ਸਾਬਕਾ ਐਮ.ਪੀ. ਦਾ ਨਾਂ ਨਹੀਂ ਲਿਆ ਸੀ।

ਦੱਸਣਯੋਗ ਹੈ ਕਿ 21 ਦਸੰਬਰ, 2016 ਨੂੰ ਟਰਾਇਲ ਕੋਰਟ ਨੇ ਸੱਜਣ ਕੁਮਾਰ ਨੂੰ ਇਕ ਲੱਖ ਦੇ ਨਿੱਜੀ ਮੁਚੱਲਕੇ, ਜਾਂਚ ਵਿਚ ਸਹਿਯੋਗ ਤੇ ਗਵਾਹਾਂ ਨੂੰ ਪ੍ਰਭਾਵਿਤ ਨਾ ਕਰਨ ਦੀ ਸ਼ਰਤ ਉਤੇ ਅਗਾਊਂ ਜ਼ਮਾਨਤ ਦੇ ਦਿੱਤੀ ਸੀ।

# ਫਿਲਮ 'ਪਦਮਾਵਤੀ' ਦੀ ਸ਼ੂਟਿੰਗ ਮੌਕੇ ਬੰਸਾਲੀ ਉਤੇ ਹਮਲਾ



**ਮੁੰਬਈ:** ਸੰਜੇ ਲੀਲਾ ਭੰਸਾਲੀ ਦੀ ਫਿਲਮ 'ਪਦਮਾਵਤੀ', ਦੀ ਸ਼ੂਟਿੰਗ ਖਿਲਾਫ਼ ਇਥੋਂ ਦੀ ਇਕ ਸੰਸਥਾ ਕਰਨੀ ਸੈਨਾ ਦੇ ਕਾਰਕੁਨਾਂ ਨੇ ਰੋਸ ਪ੍ਰਦਰਸ਼ਨ ਦੌਰਾਨ ਬੰਸਾਲੀ ਉਤੇ ਹਮਲਾ ਕਰ ਦਿੱਤਾ। ਇਸ ਮਗਰੋਂ ਕਿਲ੍ਹਾ ਜੈਗੜ੍ਹ ਵਿਚ ਚੱਲ ਰਹੀ ਫਿਲਮ ਦੀ ਸ਼ੂਟਿੰਗ ਰੁਕਵਾ ਦਿੱਤੀ ਗਈ। ਕਰਨੀ ਸੈਨਾ ਦੇ ਕਾਰਕੁਨ ਵਿਕਰਮ ਸਿੰਘ ਨੇ ਕਿਹਾ ਕਿ ਇਹ ਫਿਲਮ ਰਾਣੀ ਪਦਮਾਵਤੀ ਬਾਰੇ ਗਲਤ ਤੱਥ ਪੇਸ਼ ਕਰ ਰਹੀ ਹੈ।

ਨੌਜਵਾਨਾਂ ਨੇ ਜੈਗੜ੍ਹ ਕਿਲੇ ਵਿਚ ਲੱਗੇ ਫਿਲਮ ਪਦਮਾਵਤੀ ਦੇ ਸੈੱਟ ਦੀ ਵੀ ਭੰਨਤੋੜ ਕੀਤੀ। ਪੁਲਿਸ ਨੇ ਇਸ ਹਮਲੇ ਦੇ ਦੋਸ਼ ਵਿਚ ਪੰਜ ਲੋਕਾਂ ਨੂੰ ਗ੍ਰਿਫਤਾਰ ਕੀਤਾ ਹੈ। ਕਰਨੀ ਸੈਨਾ ਦੇ ਜਿਲ੍ਹਾ ਪ੍ਰਧਾਨ ਨਰਾਇਣ ਸਿੰਘ ਨੇ ਦੱਸਿਆ ਕਿ ਭੀੜ ਵਿਚੋਂ ਕਿਸੇ ਨੇ ਭੰਸਾਲੀ ਦੇ ਥੱਪੜ ਮਾਰਿਆ ਅਤੇ ਉਸ ਦੇ ਗਲਾਮੇ ਨੂੰ ਹੱਥ ਪਾ ਲਿਆ।

ਜੈਪੁਰ ਦੇ ਇਕ ਪੁਲਿਸ ਅਧਿਕਾਰੀ ਅਨੁਸਾਰ ਬਾਅਦ ਵਿਚ ਦੋਵਾਂ ਧਿਰਾਂ ਦੀ ਸਹਿਮਤੀ ਨਾਲ ਮਾਮਲਾ ਸੁਲਝ ਗਿਆ ਹੈ। ਇਸੇ ਦੌਰਾਨ ਫ਼ਿਲਮਸਾਜ਼ ਕਰਨ ਜੌਹਰ, ਅਨੁਰਾਗ ਕਸ਼ਯਪ, ਮੁਕੇਸ਼ ਭੱਟ, ਰਾਮ ਗੋਪਾਲ ਵਰਮਾ, ਸੋਨਮ ਕਪੂਰ, ਅਸ਼ੋਕ ਪੰਡਿਤ, ਵਿਸ਼ਾਲ ਡਡਲਾਨੀ ਅਤੇ ਹੋਰਾਂ ਨੇ ਇਸ ਹਮਲੇ ਦੀ ਨਿਖੇਧੀ ਕੀਤੀ ਹੈ।

# ਸਾਅਦਤ ਹਸਨ ਮੰਟੋ ਦੀ ਯਾਦ ਵਿਚ

ਨਿੱਕ ਸੁੱਕ



ਗੁਲਜ਼ਾਰ ਸਿੰਘ ਸੰਧੂ
Sandhugulzar@yahoo.com

ਸਦਾ ਵਾਂਗ ਇਸ ਮਹੀਨੇ ਚੰਡੀਗੜ੍ਹ ਸਾਹਿਤ ਅਕਾਡਮੀ ਤੇ ਮੰਟੋ ਫਾਊਂਡੇਸ਼ਨ ਨੇ ਏਸ਼ੀਆ ਦੇ ਮੰਨੇ-ਪ੍ਰਮੰਨੇ ਕਹਾਣੀਕਾਰ ਸਆਦਤ ਹਸਨ ਮੰਟੋ ਦੇ ਅਕਾਲ ਚਲਾਣੇ ਵਾਲੇ ਦਿਨ ਉਸ ਨੂੰ ਫੇਰ ਚੇਤੇ ਕੀਤਾ। ਖਾਸ ਕਰਕੇ ਉਹਦੇ ਵੱਲੋਂ ਚਿਤਰੇ ਸੈਕਸ ਵਰਕਰਾਂ, ਦੱਲਿਆਂ, ਕਪਟੀਆਂ ਤੇ ਗਰੀਬ-ਗੁਰਬਿਆਂ ਦੇ ਮਾਨਵੀ ਗੁਣਾਂ ਨੂੰ। ਉਹ ਜੀਵਨ ਭਰ ਸਮਾਜ ਦੀਆਂ ਪ੍ਰਚਲਿਤ ਕਦਰਾਂ-ਕੀਮਤਾਂ ਨੂੰ ਲਿਤਾੜ ਕੇ ਨਵੀਂ ਦੁਨੀਆਂ ਸਿਰਜਣ ਵਿਚ ਰੁੱਝਿਆ ਰਿਹਾ।

ਇਸ ਮੌਕੇ ਪਿਛਲੇ ਤੋਂ ਪਿਛਲੇ ਵਰ੍ਹੇ ਕਲਕੱਤਾ ਦੀ ਸੰਸਥਾ ਰੰਗਕਰਮੀ ਵੱਲੋਂ 'ਬਦਨਾਮ ਮੰਟੋ' ਨਾਟਕ ਵਿਚਲੇ ਇਸਤਰੀ ਪਾਤਰਾਂ ਨੂੰ ਚੇਤੇ ਕੀਤਾ ਸੀ। ਇਹ ਨਾਟਕ ਮੰਟੋ ਦੀਆਂ ਤਿੰਨ ਕਹਾਣੀਆਂ-ਕਾਲੀ ਸਲਵਾਰ, ਲਾਈਸੈਂਸ ਅਤੇ ਹੱਤਕ ਉਤੇ ਆਧਾਰਤ ਸੀ। 'ਕਾਲੀ ਸਲਵਾਰ' ਵਿਚ ਸੁਲਤਾਨਾ ਨਾਂ ਦੀ ਵੇਸਵਾ ਆਪਣਾ ਧੰਦਾ ਅੰਬਾਲਾ ਛੱਡ ਕੇ ਦਿੱਲੀ ਜਾ ਕੇ ਕਰਨਾ ਚਾਹੁੰਦੀ ਹੈ ਤਾਂ ਉਸ ਦਾ ਦਲਾਲ ਹੀ ਉਸ ਦੇ ਝੁਮਕੇ ਲੁੱਟ ਲੈਂਦਾ ਹੈ। ਇਹ ਝੁਮਕੇ ਉਸ ਦੀ ਮਾਂ ਨੇ ਉਸ ਨੂੰ ਦਿੱਤੇ ਸਨ ਤੇ ਉਸ ਦੀ ਮਾਂ ਨੂੰ ਉਸ ਦੀ ਮਾਂ ਨੇ। 'ਲਾਈਸੈਂਸ' ਵਿਚ ਅਨਾਇਤ ਨਾਂ ਦੀ ਨਾਇਕਾ ਆਪਣੇ ਤਾਂਗੇ ਵਾਲੇ ਪਤੀ ਦੇ ਦੇਹਾਂਤ ਤੋਂ ਬਾਅਦ ਆਪਣੇ ਗੁਜ਼ਾਰੇ ਲਈ ਖੁਦ ਤਾਂਗਾ ਚਲਾਉਣ ਲੱਗਦੀ ਹੈ ਤਾਂ ਅਮੀਰਜ਼ਾਦੇ ਕਿਰਾਇਆ ਦੇਣ ਦੀ ਥਾਂ ਉਸ ਨਾਲ ਰਲਮਿਲ ਕੇ ਰਹਿਣ ਦੇ ਝਾਂਸੇ ਦੇ ਕੇ ਉਸ ਨੂੰ ਫੁਸਲਾ ਲੈਂਦੇ ਹਨ। 'ਹੱਤਕ' ਦੀ ਨਾਇਕਾ ਸੁਗੰਧੀ ਦਾ ਅਮੀਰ ਗਾਹਕ ਉਸ ਦੇ ਮੂੰਹ ਉਤੇ ਥੁੱਕ ਕੇ ਚਲਾ ਜਾਂਦਾ ਹੈ ਤਾਂ ਉਹ ਆਪਣੇ ਪਾਲਤੂ ਕੁੱਤੇ ਦੀ ਵਫਾ ਨਾਲ ਦਿਲ ਬਹਿਲਾਉਣ ਲਈ ਮਜ਼ਬੂਰ ਹੋ ਜਾਂਦੀ ਹੈ।

ਮੰਟੋ ਆਪਣੇ ਪਾਤਰਾਂ ਦਾ ਪੱਖ ਪੂਰਨ ਸਮੇਂ ਆਪਣੀ ਕਲਾਕਾਰੀ ਦੀ ਸਿਖਰ 'ਤੇ ਹੁੰਦਾ ਹੈ। ਇਹ ਤਿੰਨੋ ਨਾਟਕ 'ਬਦਨਾਮ ਮੰਟੋ' ਨੂੰ ਮਾਨਵੀ ਕਦਰਾਂ-ਕੀਮਤਾਂ ਦੇ ਰਾਖੇ ਅਤੇ ਲਾਚਾਰ ਤੇ ਬੇਵੱਸ ਜੀਵਾਂ ਨਾਲ ਖਲੋਤੇ ਵਿਖਾਉਂਦੇ ਹਨ। ਮੰਟੋ ਦੀ ਧਾਰਨਾ ਸੀ ਕਿ ਹਰ ਔਰਤ ਵੇਸਵਾ ਨਹੀਂ ਹੁੰਦੀ ਪਰ ਹਰ ਵੇਸਵਾ ਔਰਤ ਹੁੰਦੀ ਹੈ। ਇਸ ਮਹੀਨੇ ਇਕ ਵਾਰੀ ਫੇਰ ਉਸ ਦੀ ਇਸ ਧਾਰਨਾ ਨੂੰ ਮਾਣ ਨਾਲ ਚੇਤੇ ਕੀਤਾ ਗਿਆ। ਇਹ ਵੀ ਕਿ ਮੰਟੋ ਦੇ ਪਿਤਾ ਗੁਲਾਮ ਹੁਸੈਨ ਨੇ ਆਪਣੀ ਪਹਿਲੀ ਪਤਨੀ ਦੇ ਤਿੰਨ ਪੁੱਤਰਾਂ ਨੂੰ ਚੰਗੀ ਵਿੱਦਿਆ ਦਿਵਾ ਕੇ ਚੰਗੀਆਂ ਨੌਕਰੀਆਂ ਦੇ ਯੋਗ ਬਣਾਇਆ ਪਰ ਮੰਟੋ ਦੀ ਪੜ੍ਹਾਈ ਵੱਲ ਉਕਾ ਹੀ ਧਿਆਨ ਨਹੀਂ ਦਿੱਤਾ। ਇਹ ਗੱਲ ਵੱਖਰੀ ਹੈ ਕਿ ਹੁਣ ਮੰਟੋ ਦੇ ਉਨ੍ਹਾਂ ਭਰਾਵਾਂ ਦਾ ਕਿਸੇ ਨੂੰ ਨਾਂ ਤੱਕ ਵੀ ਚੇਤੇ ਨਹੀਂ ਪਰ ਮੰਟੋ ਦੀ ਪੂਰੀ ਦੁਨੀਆਂ ਵਿਚ ਬੱਲੇ-ਬੱਲੇ ਹੈ। ਖਾਸ ਕਰਕੇ ਏਸ਼ੀਆ ਦੀ ਸਾਹਿਤਕ ਦੁਨੀਆਂ ਵਿਚ।

ਇਸ ਯਾਦਗਾਰੀ ਪ੍ਰੋਗਰਾਮ ਵਿਚ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਨਾਸ਼ਿਰ ਨਕਵੀ ਤੇ ਚੰਡੀਗੜ੍ਹ ਦੀ ਕਸ਼ਮੀਰ ਕੌਰ ਸੰਧੂ ਨੇ ਮੰਟੋ ਦੀ ਰਚਨਾਕਾਰੀ ਉਤੇ ਵਿਦਵਤਾ ਭਰਪੂਰ ਪਰਚੇ ਪੜ੍ਹੇ। ਸਮਾਗਮ ਦੀ ਪ੍ਰਧਾਨਗੀ ਵੀ.ਕੇ. ਸਿੱਬਲ ਨੇ ਕੀਤੀ ਜਿਹੜਾ ਹੀਰਾ ਲਾਲ ਸਿੱਬਲ ਦਾ ਬੇਟਾ ਹੈ। ਜੋ ਹੀਰਾ ਲਾਲ ਨੇ ਮੰਟੋ ਦੀਆਂ ਕਹਾਣੀਆਂ ਉਤੇ ਚੱਲੇ ਕੇਸਾਂ ਦੀ ਪੈਰਵੀ ਕੀਤੀ ਸੀ ਤਾਂ ਵੀ.ਕੇ. ਨੇ ਸਆਦਤ ਹਸਨ ਮੰਟੋ ਕਾਲ ਨੂੰ ਉਰਦੂ ਅਫਸਾਨਾ ਨਿਗਾਰੀ ਦਾ ਸੁਨਹਿਰੀ ਕਾਲ ਦਰਸਾਇਆ। ਇਹ ਉਹ ਸਮਾਂ ਸੀ ਜਿਸ ਨੂੰ ਕ੍ਰਿਸ਼ਨ ਚੰਦਰ, ਇਸਮ ਚਗਤਾਈ ਤੇ ਰਾਜਿੰਦਰ ਸਿੰਘ ਬੇਦੀ ਵਰਗੇ ਅਦੀਬਾਂ ਨੇ ਚਾਰ ਚੰਨ ਲਾਏ। ਮੰਟੋ ਜ਼ਿੰਦਾਬਾਦ।

**ਬਾਬਾ ਬਿਲਗਾ ਸਿਮਰਤੀ ਗ੍ਰੰਥ:** ਮੈਂ 2016 ਵਿਚ ਪ੍ਰਾਪਤ ਹੋਈਆਂ ਪੁਸਤਕਾਂ ਨੂੰ ਕੰਢੇ ਲਾ ਰਿਹਾ ਸਾਂ ਕਿ ਪ੍ਰੋ. ਗੋਪਾਲ ਸਿੰਘ ਬੁੱਟਰ ਦੇ ਸੰਪਾਦਤ ਬਾਬਾ ਭਗਤ ਸਿੰਘ ਬਿਲਗਾ ਸਿਮਰਤੀ ਗ੍ਰੰਥ (ਪੰਜ ਆਬ ਪ੍ਰਕਾਸ਼ਨ, ਜਲੰਧਰ) ਦੇ ਵਰਕੇ ਫਰੋਲਣ ਨੂੰ ਜੀਅ ਕਰ ਆਇਆ। ਇਸ ਵਿਚ ਜਗਜੀਤ ਸਿੰਘ ਆਨੰਦ, ਮੰਗਤ ਰਾਮ ਪਾਸਲਾ, ਬਲਬੀਰ ਪਰਵਾਨਾ, ਹਰੀਸ਼ ਪੁਰੀ, ਜਸਵੰਤ ਸਿੰਘ ਕੰਵਲ, ਨੌਨਿਹਾਲ ਸਿੰਘ ਤੇ ਜਗਜੀਤ ਲਾਇਲਪੁਰੀ ਵਰਗੇ 6 ਦਰਜਨ ਵਿਦਵਾਨਾਂ ਤੇ ਸਨੇਹੀਆਂ ਦੇ ਜਾਣਕਾਰੀ ਭਰਪੂਰ ਲੇਖ ਹਨ। ਇਹ ਲੇਖ ਹਿੰਦੁਸਤਾਨ ਦੀ ਸੰਗਰਾਮੀ ਲਹਿਰ ਨੂੰ ਪਹਿਚਾਨਣ ਤੋਂ ਬਿਨਾ ਬਾਬਾ ਬਿਲਗਾ ਦੀ ਧਾਰਨਾ, 'ਚੁੱਪ ਕੀਤੀ ਸੋਚ ਨਾਲੋਂ ਤੁਰਦੇ ਜਾਣ ਦਾ ਅਮਲ ਪੁਰਾਣੇ ਗਿਆਨ ਨੂੰ ਢਾਹ ਕੇ ਨਵਾਂ ਗਿਆਨ ਪੈਦਾ ਕਰਦਾ ਹੈ' ਉਤੇ ਪਹਿਰਾ ਦਿੰਦੇ ਹਨ। ਇਸ ਵਿਚ ਉਨ੍ਹਾਂ ਸਾਥੀਆਂ ਦੇ ਗੁਣ ਵੀ ਦਰਜ ਹਨ ਜਿਹੜੇ ਬਾਬਾ ਬਿਲਗਾ ਦੇ ਪ੍ਰੇਰਨਾ ਸ੍ਰੋਤ ਰਹੇ ਤੇ ਉਨ੍ਹਾਂ ਦੇ ਵੀ ਜਿਨ੍ਹਾਂ ਨੇ ਬਾਬਾ ਬਿਲਗਾ ਦੀ ਸਮਾਜਵਾਦੀ ਦ੍ਰਿਸ਼ਟੀ ਨੂੰ ਅਪਨਾਇਆ। ਸੰਪਾਦਕ ਨੇ ਬਿਲਗਾ ਦੇ ਸਾਥੀਆਂ ਤੇ ਸਨੇਹੀਆਂ ਤੋਂ ਜਿਹੜੇ ਲੇਖ ਪ੍ਰਾਪਤ ਕੀਤੇ, ਉਹ ਸੁਤੰਤਰਤਾ ਪ੍ਰਾਪਤੀ ਤੋਂ ਪਹਿਲਾਂ ਤੇ ਪਿਛੋਂ ਦੇ ਸੰਗਰਾਮੀ ਘੋਲ ਦਾ ਦਸਤਾਵੇਜ਼ ਹਨ। ਖੂਬੀ ਇਹ ਕਿ ਉਨ੍ਹਾਂ ਵਿਚੋਂ ਬਹੁਤਿਆਂ ਦੇ ਚਿਹਰੇ ਇਸ ਗ੍ਰੰਥ ਵਿਚ ਸ਼ਾਮਿਲ 40 ਤਸਵੀਰਾਂ ਵਿਚ ਵੇਖੇ ਜਾ ਸਕਦੇ ਹਨ। ਇਹ ਗ੍ਰੰਥ ਸੰਗਰਾਮੀ ਲਹਿਰ ਦੇ ਪਾਠਕਾਂ ਤੇ ਖੋਜੀਆਂ ਲਈ ਇੱਕ ਵੱਖਰੀ ਤਰ੍ਹਾਂ ਦਾ ਮਹੱਤਵ ਰੱਖਦਾ ਹੈ।


**ਅੰਤਿਕਾ:** (ਮਨਜਿੰਦਰ ਸਿੰਘ ਧਨੋਆ ਦੀ 'ਸੁਰਮ ਸਲਾਈ' ਵਿਚੋਂ)

ਬੜਾ ਬੇਰਹਿਮ ਹੈ
ਇਸ ਝਿਲਮਿਲਾਉਂਦੇ ਸ਼ਹਿਰ ਦਾ ਆਲਮ
ਖੁਦੀ ਅੰਦਰ ਗੁਆਚਾ ਹੈ
ਖੁਦਾ ਦੀ ਗੱਲ ਕਰਦਾ ਹੈ।
ਨਵੀਂ ਤਹਿਜ਼ੀਬ ਦਾ ਇਹ ਵੀ
ਭਲਾ ਅੰਦਾਜ਼ ਕੀ ਹੋਇਆ?
ਪਿਤਾ ਬੱਚੇ ਦੇ ਕਮਰੇ ਵਿਚ
ਪੁੱਛ ਕੇ ਪੈਰ ਧਰਦਾ ਹੈ।
ਤੇਰੇ ਇਨਸਾਫ ਦੀ ਤੱਕੜੀ ਨੂੰ
ਤੱਕ ਪਥਰਾ ਗਏ ਹੰਝੂ
ਕਿਸੇ ਦਾ ਸੱਚ ਡੁੱਬ ਜਾਂਦਾ,
ਕਿਸੇ ਦਾ ਝੂਠ ਤਰਦਾ ਹੈ।

# ਕਰਤਾਰ ਸਿੰਘ ਸਰਾਭਾ, ਬੋਸ ਤੇ ਆਜ਼ਾਦੀ ਦੀ ਲੜਾਈ



***ਕਰਤਾਰ ਸਿੰਘ ਸਰਾਭਾ ਅਤੇ ਬੋਸ ਦੇ ਸਾਂਝੇ ਗੁਰੂ ਦੇਸ਼ ਭਗਤ ਬੇਨੀ ਮਾਧਵ ਦਾਸ ਸਨ ਜਿਨ੍ਹਾਂ ਨੇ ਆਪਣੀ ਪੁੱਤਰੀ ਬੀਨਾ ਨੂੰ 6 ਜਨਵਰੀ 1932 ਨੂੰ ਬੰਗਾਲ ਦੇ ਗਵਰਨਰ ਤੋਂ ਬੀ.ਏ. ਦੀ ਡਿਗਰੀ ਪ੍ਰਾਪਤ ਕਰਨ ਮੌਕੇ ਉਸ ਨੂੰ ਮਾਰ ਮੁਕਾਉਣ ਲਈ ਪਹਿਲਾਂ ਉਸ ਨੂੰ ਪਿਸਤੌਲ ਦੀ ਸਿਖਲਾਈ ਦਿੱਤੀ ਤੇ ਫਿਰ ਆਪਣੇ ਹੱਥੀਂ ਪਿਸਤੌਲ ਦੇ ਕੇ ਤੋਰਿਆ ਸੀ। ਸਰਾਭੇ ਦੇ ਇਸ ਪਿਛੋਕੜ ਦੀ ਤਾਈਦ ਟ੍ਰਿਬਿਊਨਲ ਦੇ ਜੱਜਾਂ ਨੇ ਵੀ ਇਹ ਕਹਿੰਦਿਆਂ ਕੀਤੀ ਹੈ ਕਿ ਸਰਾਭੇ ਨੂੰ ਵਿਦਰੋਹ ਦੀ ਜਾਗ ਉੜੀਸਾ-ਬੰਗਾਲ ਵਿਚ ਪੜ੍ਹਦਿਆਂ ਲੱਗੀ ਸੀ।***





**ਮਲਵਿੰਦਰ ਜੀਤ ਸਿੰਘ ਵੜੈਚ**
**ਫੋਨ: 0172-2556314**

ਨੇਤਾ ਜੀ ਸੁਭਾਸ਼ ਚੰਦਰ ਬੋਸ ਦਾ ਜਨਮ 23 ਜਨਵਰੀ 1897 ਨੂੰ ਉੜੀਸਾ ਦੇ ਕਟਕ ਸ਼ਹਿਰ ਵਿਚ ਹੋਇਆ ਜੋ ਉਦੋਂ ਬੰਗਾਲ ਪ੍ਰਾਂਤ ਦਾ ਹਿੱਸਾ ਸੀ। ਉਨ੍ਹਾਂ ਦੇ ਪਿਤਾ ਜਾਨਕੀਦਾਸ ਬੋਸ ਬੰਗਾਲੀ ਸਨ ਜੋ ਉਨ੍ਹੀਂ ਦਿਨੀਂ ਸਰਕਾਰੀ ਵਕੀਲ ਵਜੋਂ ਕਟਕ ਵਿਚ ਨਿਯੁਕਤ ਸਨ। ਕਰਤਾਰ ਸਿੰਘ ਸਰਾਭਾ ਅਤੇ ਬੋਸ ਦੇ ਸਾਂਝੇ ਗੁਰੂ ਦੇਸ਼ ਭਗਤ ਬੇਨੀ ਮਾਧਵ ਦਾਸ ਸਨ ਜਿਨ੍ਹਾਂ ਨੇ ਆਪਣੀ ਪੁੱਤਰੀ ਬੀਨਾ ਨੂੰ 6 ਜਨਵਰੀ 1932 ਨੂੰ ਬੰਗਾਲ ਦੇ ਗਵਰਨਰ ਤੋਂ ਬੀ.ਏ. ਦੀ ਡਿਗਰੀ ਪ੍ਰਾਪਤ ਕਰਨ ਮੌਕੇ ਉਸ ਨੂੰ ਮਾਰ ਮੁਕਾਉਣ ਲਈ ਪਹਿਲਾਂ ਉਸ ਨੂੰ ਪਿਸਤੌਲ ਦੀ ਸਿਖਲਾਈ ਦਿੱਤੀ ਤੇ ਫਿਰ ਆਪਣੇ ਹੱਥੀਂ ਪਿਸਤੌਲ ਦੇ ਕੇ ਤੋਰਿਆ ਸੀ। ਸਰਾਭੇ ਦੇ ਇਸ ਪਿਛੋਕੜ ਦੀ ਤਾਈਦ ਟ੍ਰਿਬਿਊਨਲ ਦੇ ਜੱਜਾਂ ਨੇ ਵੀ ਇਹ ਕਹਿੰਦਿਆਂ ਕੀਤੀ ਹੈ ਕਿ ਸਰਾਭੇ ਨੂੰ ਵਿਦਰੋਹ ਦੀ ਜਾਗ ਉੜੀਸਾ-ਬੰਗਾਲ ਵਿਚ ਪੜ੍ਹਦਿਆਂ ਲੱਗੀ ਸੀ।

ਸੁਭਾਸ਼ ਬੋਸ ਨੇ ਪਹਿਲਾਂ ਮਿਸ਼ਨਰੀ ਸਕੂਲ ਤੇ ਫਿਰ ਪ੍ਰਾਇਮਰੀ ਪਾਸ ਕਰਨ ਪਿਛੋਂ ਰੇਵਨੇਸ਼ ਕਾਲਜੀਏਟ ਸਕੂਲ ਵਿਚੋਂ 1913 ਵਿਚ ਮੈਟ੍ਰਿਕ ਕੀਤੀ, ਜਿਥੋਂ ਸਰਾਭਾ ਨੇ 1912 ਵਿਚ ਦਸਵੀਂ ਪਾਸ ਕੀਤੀ ਸੀ। ਅਗਲੇਰੀ ਪੜ੍ਹਾਈ ਲਈ ਸੁਭਾਸ਼ ਦੇ ਪਿਤਾ ਉਸ ਨੂੰ ਵਲਾਇਤ ਭੇਜਣਾ ਚਾਹੁੰਦੇ ਸਨ, ਪਰ ਉਸ ਦਾ ਕਹਿਣਾ ਸੀ ਕਿ ਉਹ ਕਿਸੇ ਵੀ ਹਾਲਤ ਵਿਚ ਸਰਕਾਰੀ ਨੌਕਰੀ ਨਹੀਂ ਕਰੇਗਾ। ਪਿਤਾ ਨੇ ਉਨ੍ਹਾਂ ਦੀ ਮਾਤਾ ਨੂੰ ਕਿਹਾ ਕਿ ਸੁਭਾਸ਼ ਨੂੰ ਖਦਸ਼ਾ ਹੈ ਕਿ ਉਹ ਇਮਤਿਹਾਨ ਪਾਸ ਨਹੀਂ ਕਰ ਸਕੇਗਾ। ਸੁਭਾਸ਼ ਦੇ ਕੰਨੀਂ ਜਦੋਂ ਇਹ ਸ਼ਬਦ ਪਏ ਤਾਂ ਉਸ ਦਾ ਜਵਾਬ ਸੀ, "ਪਿਤਾ ਜੀ, ਮੈਂ ਵਲਾਇਤ ਜ਼ਰੂਰ ਜਾਵਾਂਗਾ ਅਤੇ ਆਪ ਜੀ ਨੂੰ ਇਮਤਿਹਾਨ ਵਿਚੋਂ ਪਾਸ ਹੋ ਕੇ ਵਿਖਾਵਾਂਗਾ, ਪਰ ਮੈਂ ਵਿਦੇਸ਼ੀਆਂ ਦੀ ਚਾਕਰੀ ਕਦਾਚਿਤ ਨਹੀਂ ਕਰਾਂਗਾ।" ਪਿਤਾ ਨੇ ਸ਼ਰਤ ਪ੍ਰਵਾਨ ਕਰ ਲਈ।

ਸੁਭਾਸ਼ ਵਲਾਇਤ ਪਹੁੰਚੇ ਤੇ ਆਈ.ਸੀ.ਐਸ. ਦੀ ਪ੍ਰੀਖਿਆ ਦੀ ਤਿਆਰੀ ਵਿਚ ਜੁਟ ਗਏ। ਉਨ੍ਹੀਂ ਦਿਨੀਂ ਇਹ ਇਮਤਿਹਾਨ ਦੇਣ ਲਈ ਇੰਗਲੈਂਡ ਜਾਣਾ ਪੈਂਦਾ ਸੀ। ਸੁਭਾਸ਼ ਨੇ ਇਸ ਮੁਕਾਬਲੇ ਦੀ ਸਿਰਮੌਰ ਪ੍ਰੀਖਿਆ ਵਿਚ ਚੌਥਾ ਸਥਾਨ ਪ੍ਰਾਪਤ ਕੀਤਾ ਤੇ ਨਾਲ ਹੀ ਕੈਂਬਰਿਜ ਯੂਨੀਵਰਸਿਟੀ ਤੋਂ ਬੀ.ਏ. ਦੀ ਡਿਗਰੀ ਵੀ ਪ੍ਰਾਪਤ ਕਰ ਲਈ। ਆਈ.ਸੀ.ਐਸ. ਪ੍ਰੀਖਿਆ ਪਾਸ ਕਰਨ ਵਾਲਿਆਂ ਨੂੰ ਡੀ.ਸੀ. ਆਦਿ ਵਰਗੀਆਂ ਪਦਵੀਆਂ 'ਤੇ ਨਿਯੁਕਤ ਕੀਤਾ ਜਾਂਦਾ ਸੀ। ਉਨ੍ਹਾਂ ਨੂੰ ਲੰਡਨ ਸਥਿਤ ਇੰਡੀਆ ਹਾਊਸ ਵਿਚ ਸੱਦਿਆ ਗਿਆ ਅਤੇ ਸਬੰਧਿਤ ਅੰਗਰੇਜ਼ ਉਚ ਅਧਿਕਾਰੀ ਨੇ ਵੱਡੀ ਪਦਵੀ ਦੀ ਪੇਸ਼ਕਸ਼ ਕੀਤੀ।

ਸੁਭਾਸ਼ ਗੰਭੀਰ ਹੋ ਕੇ ਬੋਲੇ, "ਮੈਂ ਤਾਂ ਅਜਿਹਾ ਅਭਿਆਸ ਕਰ ਰੱਖਿਆ ਹੈ ਕਿ ਮੈਂ ਦੋ ਆਨੇ (13 ਪੈਸੇ) ਵਿਚ ਵੀ ਗੁਜ਼ਾਰਾ ਕਰ ਸਕਦਾ ਹਾਂ...।" ਉਚ ਅਧਿਕਾਰੀ ਨਿਰਉਤਰ ਹੋ ਗਿਆ ਤੇ ਸੁਭਾਸ਼ ਦੇਸ਼ ਪਰਤ ਆਏ।

**ਨਾਮਿਲਵਰਤਨ ਲਹਿਰ (1920-1922):** 1921 ਦਾ ਦੌਰ ਸੀ, ਜਦੋਂ ਸਰਕਾਰੀ ਮਾਨਤਾ ਪ੍ਰਾਪਤ ਸਿੱਖਿਆ ਸੰਸਥਾਵਾਂ ਦੇ ਬਦਲ ਵਜੋਂ ਨੈਸ਼ਨਲ ਸਕੂਲ, ਕਾਲਜ ਅਤੇ ਯੂਨੀਵਰਸਿਟੀਆਂ ਕਾਇਮ ਕੀਤੀਆਂ ਜਾ ਰਹੀਆਂ ਸਨ। ਉਨ੍ਹੀਂ ਦਿਨੀਂ ਬੰਗਾਲ ਦੇ ਮੁੱਖ ਕੌਮੀ ਨੇਤਾ ਦੇਸ਼ਬੰਧੂ ਚਿਤਰੰਜਨ ਦਾਸ ਨੇ ਬੋਸ ਨੂੰ ਕਲਕੱਤਾ ਦੇ ਨੈਸ਼ਨਲ ਕਾਲਜ ਦਾ ਪ੍ਰਿੰਸੀਪਲ ਨਿਯੁਕਤ ਕਰ ਦਿੱਤਾ। 1922 ਵਿਚ ਬੰਗਾਲ 'ਚ ਭਿਅੰਕਰ ਹੜ੍ਹ ਆਏ ਤਾਂ ਸੁਭਾਸ਼ ਨੇ ਹੜ੍ਹ-ਪੀੜਤਾਂ ਲਈ ਰਾਹਤ ਕਾਰਜਾਂ ਵਿਚ ਦਿਨ-ਰਾਤ ਇਕ ਕਰ ਦਿੱਤੇ।

25 ਅਕਤੂਬਰ 1924 ਨੂੰ ਸਰਕਾਰ ਨੇ ਇੱਕ ਜਾਬਰਾਨਾ ਆਰਡੀਨੈਂਸ ਲਾਗੂ ਕਰ ਕੇ ਕਿਸੇ ਵੀ ਬੰਦੇ ਨੂੰ ਬਿਨਾ ਮੁਕੱਦਮਾ ਚਲਾਏ ਕੈਦ ਕਰ ਲੈਣ ਦੇ ਅਧਿਕਾਰ ਹਾਸਲ ਕਰ ਲਏ ਤੇ ਸਭ ਤੋਂ ਪਹਿਲਾਂ ਇਸ ਦਾ ਨਿਸ਼ਾਨਾ ਸੁਭਾਸ਼ ਹੀ ਬਣੇ। ਜੇਲ੍ਹਾਂ ਵਿਚ ਹਾਲਾਤ ਇੰਨੇ ਮਾੜੇ ਸਨ ਕਿ ਉਨ੍ਹਾਂ ਦੀ ਸਿਹਤ ਵਿਗੜਨ ਲੱਗੀ ਜਿਸ ਕਰ ਕੇ ਉਨ੍ਹਾਂ ਦਾ ਇਕ ਫੇਫੜਾ ਖਰਾਬ ਹੋ ਗਿਆ ਤੇ ਰੰਗ ਪੀਲਾ ਪੈ ਗਿਆ। ਚੱਲਣਾ-ਫਿਰਨਾ ਵੀ ਮੁਸ਼ਕਿਲ ਹੋ ਗਿਆ। ਸਰਕਾਰ ਨੇ ਪੇਸ਼ਕਸ਼ ਕੀਤੀ ਕਿ ਜੇ ਉਹ ਸਵਿਟਜ਼ਰਲੈਂਡ ਜਾ ਕੇ ਇਲਾਜ ਕਰਾਉਣਾ ਚਾਹੁਣ ਤਾਂ ਉਨ੍ਹਾਂ ਨੂੰ ਇਸ ਦੀ ਖੁੱਲ੍ਹ ਦਿੱਤੀ ਜਾ ਸਕਦੀ ਹੈ, ਪਰ ਉਨ੍ਹਾਂ ਨੇ ਸਰਕਾਰ ਦੀ ਪੇਸ਼ਕਸ਼ ਠੁਕਰਾ ਦਿੱਤੀ। ਉਧਰ, ਦੇਸ਼ ਭਰ ਵਿਚ ਉਨ੍ਹਾਂ ਦੀ ਰਿਹਾਈ ਦੇ ਹੱਕ ਵਿਚ ਜਲਸੇ ਅਤੇ ਹੜਤਾਲਾਂ ਹੋਣ ਲੱਗੀਆਂ ਤਾਂ ਉਨ੍ਹਾਂ ਨੂੰ 16 ਮਈ 1927 ਨੂੰ ਰਿਹਾ ਕੀਤਾ ਗਿਆ। 26 ਜਨਵਰੀ 1930 ਦਾ ਦਿਨ ਨੇੜੇ ਆ ਰਿਹਾ ਸੀ, ਇਸ ਤੋਂ ਪਿਛਲੇ ਸਾਲ ਹੀ ਇਸ ਦਿਨ ਨੂੰ ਹਰ ਸਾਲ 'ਆਜ਼ਾਦੀ ਦਿਵਸ' ਵਜੋਂ ਮਨਾਉਣ ਦਾ ਐਲਾਨ ਹੋਇਆ ਸੀ। ਇਸੇ ਦੇ ਮੱਦੇਨਜ਼ਰ ਸਰਕਾਰ ਨੇ ਦਫਾ 144 ਲਾਗੂ ਕਰ ਦਿੱਤੀ, ਪਰ ਜੋਸ਼ੀਲੇ ਨੌਜਵਾਨ ਗਲੀਆਂ ਬਾਜ਼ਾਰਾਂ ਵਿਚ ਨਿਕਲ ਆਏ ਤੇ ਸੁਭਾਸ਼ ਦੀ ਅਗਵਾਈ ਵਿਚ ਨਾਅਰੇ ਲਾਉਂਦੇ ਸ਼ਹਿਰ ਵਿਚ ਮੁਜ਼ਾਹਰੇ ਕਰਨ ਲੱਗੇ। ਲਾਠੀਚਾਰਜ ਹੋਇਆ ਤੇ ਸੁਭਾਸ਼ ਨੂੰ ਫੜ ਕੇ ਅਲੀਪੁਰ ਜੇਲ੍ਹ ਭੇਜ ਦਿੱਤਾ।

1930 ਵਿਚ ਉਹ ਬਾਬਾ ਗੁਰਦਿੱਤ ਸਿੰਘ ਨਾਲ ਭਗਤ ਸਿੰਘ ਅਤੇ ਸਾਥੀਆਂ ਤੇ ਮੈਜਿਸਟਰੇਟੀ ਅਦਾਲਤ ਕੇਸ ਦੌਰਾਨ ਲਾਹੌਰ ਸੈਂਟਰਲ ਜੇਲ੍ਹ ਵੀ ਗਏ ਸਨ। ਜਦੋਂ ਗਾਂਧੀ ਜੀ ਗਾਂਧੀ-ਇਰਵਿਨ ਸਮਝੌਤੇ ਪਿੱਛੋਂ ਲੰਡਨ ਤੋਂ ਦੂਜੀ ਗੋਲਮੇਜ਼ ਕਾਨਫਰੰਸ ਤੋਂ ਖਾਲੀ ਹੱਥ ਵਾਪਸ ਆ ਗਏ ਤਾਂ ਉਨ੍ਹਾਂ ਨੇ ਕੁੱਲ ਹਿੰਦ ਕਾਂਗਰਸ ਕਮੇਟੀ ਦੀ ਬੰਬਈ ਵਿਚ ਬੈਠਕ ਬੁਲਾਈ ਜਿਸ ਵਿਚ ਸੁਭਾਸ਼ ਨੂੰ ਬੰਗਾਲ ਕਾਂਗਰਸ ਕਮੇਟੀ ਦੇ ਪ੍ਰਧਾਨ ਵਜੋਂ ਸੱਦਾ ਭੇਜਿਆ ਗਿਆ। ਉਹ ਗਾਂਧੀ ਜੀ ਦੀ ਨੀਤੀ ਨਾਲ ਸਹਿਮਤ ਨਾ ਹੋਏ ਤੇ ਉਨ੍ਹਾਂ ਬੰਗਾਲ ਕਾਂਗਰਸ ਦੀ ਪ੍ਰਧਾਨਗੀ ਤੇ ਨਾਲ ਹੀ ਕਲਕੱਤਾ ਕਾਰਪੋਰੇਸ਼ਨ ਦੇ ਮੇਅਰ ਦੀ ਪਦਵੀ ਤੋਂ ਅਸਤੀਫਾ ਦੇ ਦਿੱਤਾ। ਉਨ੍ਹਾਂ ਨੂੰ ਬੰਬਈ ਤੋਂ ਕਲਕੱਤਾ ਵੱਲ ਰਵਾਨਾ ਹੁੰਦਿਆਂ ਹੀ ਸਥਾਨਕ ਕਲਿਆਣ ਸਟੇਸ਼ਨ 'ਤੇ 1818 ਤੇ ਤੀਜੇ ਰੈਗੂਲੇਸ਼ਨ ਤਹਿਤ ਗ੍ਰਿਫਤਾਰ ਕਰ ਕੇ ਮਦਰਾਸ (ਚੇਨਈ) ਜੇਲ੍ਹ ਵਿਚ ਡੱਕ ਦਿੱਤਾ ਗਿਆ। ਸਿਹਤ ਵਿਗੜਦੀ ਵੇਖ ਉਨ੍ਹਾਂ ਨੂੰ ਭੁਵਾਲੀ ਸੈਨੇਟੋਰੀਅਮ ਭੇਜ ਦਿੱਤਾ ਗਿਆ, ਪਰ ਕੋਈ ਫਰਕ ਨਾ ਪੈਂਦਾ ਵੇਖ ਡਾਕਟਰਾਂ ਨੇ ਜਾਂਚ ਕੀਤੀ ਕਿ ਉਨ੍ਹਾਂ ਨੂੰ ਤਪਦਿਕ ਹੋ ਗਈ ਹੈ।

ਸਿਹਤਯਾਬੀ ਲਈ ਨਾ ਚਾਹੁੰਦੇ ਹੋਏ ਵੀ ਦੋਸਤਾਂ ਦੇ ਜ਼ੋਰ ਦੇਣ 'ਤੇ ਸੁਭਾਸ਼ ਜਨਵਰੀ 1934 ਵਿਚ ਵਿਆਨਾ ਚਲੇ ਗਏ। ਵਿਦੇਸ਼ ਰਹਿੰਦਿਆਂ ਉਨ੍ਹਾਂ 'ਇੰਡੀਅਨ ਸਟਰੱਗਲ' ਨਾਂ ਦੀ ਪੁਸਤਕ ਦੀ ਰਚਨਾ ਕੀਤੀ, ਪਰ ਹਿੰਦ ਸਰਕਾਰ ਨੇ ਇਸ ਦੇ ਹਿੰਦੁਸਤਾਨ ਵਿਚ ਦਰਾਮਦ ਦੀ ਮਨਾਹੀ ਕਰ ਦਿੱਤੀ। ਵਿਦੇਸ਼ ਰਹਿੰਦਿਆਂ ਉਹ ਇਟਲੀ ਦੇ ਹਾਕਮ ਮੁਸੋਲੀਨੀ, ਅਫ਼ਗਾਨਿਸਤਾਨ ਦੇ ਬਾਦਸ਼ਾਹ ਅਮਾਨੁਲਾ ਖਾਂ ਅਤੇ ਆਇਰਲੈਂਡ ਦੇ ਇਨਕਲਾਬੀ ਰਾਸ਼ਟਰਪਤੀ ਡੀ. ਵਲੇਰਾ ਨੂੰ ਮਿਲੇ।

ਇਕ ਸਾਲ ਉਹ ਗਾਂਧੀ ਜੀ ਨਾਲ ਮਿਲ ਕੇ ਚੱਲੇ ਤਾਂ ਸਹੀ, ਪਰ ਉਨ੍ਹਾਂ ਦੇ ਵਿਚਾਰ ਕਦੇ ਵੀ ਇਕਸਾਰ ਨਾ ਹੋ ਸਕੇ। ਅਗਲੇਰਾ ਸੈਸ਼ਨ ਜੋ ਤ੍ਰਿਪੁਰਾ ਵਿਚ ਹੋਣਾ ਸੀ, ਗਾਂਧੀ ਜੀ ਨੇ ਸੁਭਾਸ਼ ਦੀ ਥਾਂ ਆਪਣੇ ਸਮਰਥਕ ਪਟਾਭਾਈ ਸੀਤਾਰਮਈਆ ਦਾ ਨਾਂ ਪ੍ਰਧਾਨਗੀ ਲਈ ਸੁਝਾਇਆ। 20 ਫਰਵਰੀ ਨੂੰ ਪਈਆਂ ਵੋਟਾਂ ਵਿਚ ਸੁਭਾਸ਼ ਦੀ ਫ਼ਤਹਿ ਹੋਈ। ਗਾਂਧੀ ਜੀ ਨੇ ਪਟਾਭਾਈ ਦੀ ਹਾਰ ਨੂੰ ਆਪਣੀ ਨਿੱਜੀ ਹਾਰ ਕਿਹਾ। ਉਨ੍ਹਾਂ ਦੇ ਇਸ ਸੰਕੇਤ ਦੇ ਪ੍ਰਤਿਕਰਮ ਵਜੋਂ, ਪੰਡਤ ਜਵਾਹਰ ਲਾਲ ਨਹਿਰੂ ਤੋਂ ਇਲਾਵਾ ਕਾਂਗਰਸ ਵਰਕਿੰਗ ਕਮੇਟੀ ਦੇ ਸਾਰੇ ਮੈਂਬਰਾਂ ਨੇ ਅਸਤੀਫ਼ੇ ਦੇ ਦਿੱਤੇ। ਸੁਭਾਸ਼ ਪਹਿਲਾਂ ਹੀ ਬਿਮਾਰੀਆਂ ਦੇ ਝੰਬੇ ਹੋਏ ਸਨ, ਸਟਰੈਚਰ 'ਤੇ ਪਾ ਕੇ ਉਨ੍ਹਾਂ ਨੂੰ ਪੰਡਾਲ ਵਿਚ ਲਿਆਂਦਾ ਗਿਆ, ਕਿਉਂਕਿ ਉਸ ਵੇਲੇ ਉਨ੍ਹਾਂ ਨੂੰ 103 ਡਿਗਰੀ ਬੁਖਾਰ ਸੀ ਤਾਂ ਵੀ ਕਾਰਜ ਕਰਤਾਵਾਂ ਨੇ ਸਮਾਗਮ ਦੌਰਾਨ ਵਾਰੋ-ਵਾਰੀ ਉਨ੍ਹਾਂ ਦੇ ਉਜਾਂ ਲਾਉਣ ਵਿਚ ਕੋਈ ਕਸਰ ਬਾਕੀ ਨਹੀਂ ਸੀ ਛੱਡੀ। ਉਨ੍ਹਾਂ ਨੈਤਿਕ ਆਧਾਰ 'ਤੇ ਅਪਰੈਲ ਵਿਚ ਕਾਂਗਰਸ ਵਰਕਿੰਗ ਕਮੇਟੀ ਨੂੰ ਪ੍ਰਧਾਨਗੀ ਤੋਂ ਅਸਤੀਫ਼ਾ ਭੇਜ ਦਿੱਤਾ।

ਸੁਭਾਸ਼ ਨੇ ਨਿਰਾਸ਼ ਹੋ ਕੇ ਫਾਰਵਰਡ ਬਲਾਕ ਬਣਾਇਆ। ਉਨ੍ਹਾਂ ਨੂੰ ਕਾਂਗਰਸ ਵਰਕਿੰਗ ਕਮੇਟੀ ਨੇ 11 ਅਗਸਤ 1939 ਨੂੰ ਤਿੰਨ ਸਾਲ ਲਈ ਪਾਰਟੀ ਵਿਚੋਂ ਕੱਢ ਦਿੱਤਾ। ਬੰਗਾਲ ਸੂਬੇ ਦੇ ਕਾਂਗਰਸੀ ਇਸ ਅਪਮਾਨ ਨੂੰ ਬਰਦਾਸ਼ਤ ਨਾ ਕਰ ਸਕੇ ਤੇ ਉਨ੍ਹਾਂ ਫਿਰ ਸੁਭਾਸ਼ ਨੂੰ ਬੰਗਾਲ ਕਾਂਗਰਸ ਕਮੇਟੀ ਦਾ ਪ੍ਰਧਾਨ ਚੁਣ ਲਿਆ। 15 ਜਨਵਰੀ 1940 ਨੂੰ ਸੁਭਾਸ਼ ਮੌਲਵੀ ਦਾ ਭੇਸ ਧਾਰ ਕੇ ਖੁਫੀਆ ਪੁਲੀਸ ਦੀ ਅੱਖੀਂ ਘੱਟਾ ਪਾ ਕੇ ਖਿਸਕ ਗਏ ਤੇ ਕਈ ਜੋਖਮ ਭਰੇ ਪੜਾਅ ਪਾਰ ਕਰ ਕੇ 26 ਜਨਵਰੀ 1941 ਨੂੰ ਅਫ਼ਗਾਨਿਸਤਾਨ ਦੀ ਰਾਜਧਾਨੀ ਕਾਬੁਲ ਜਾ ਪਹੁੰਚੇ। 28 ਮਾਰਚ ਨੂੰ ਜਰਮਨੀ ਦੀ ਰਾਜਧਾਨੀ ਬਰਲਿਨ ਪਹੁੰਚੇ ਜਿਥੇ ਉਨ੍ਹਾਂ ਦੀ ਹਿਟਲਰ ਨਾਲ ਭੇਟ ਹੋਈ। ਜਰਮਨੀ ਵਿਚ ਉਨ੍ਹਾਂ ਹਿੰਦੁਸਤਾਨੀ ਜੰਗੀ ਕੈਦੀਆਂ ਨੂੰ ਹਿੰਦੁਸਤਾਨ ਦੇ ਆਜ਼ਾਦੀ ਸੰਗਰਾਮੀਏ ਬਣਨ ਦੀ ਪ੍ਰੇਰਨਾ ਦੇ ਕੇ ਆਜ਼ਾਦ ਹਿੰਦ ਫ਼ੌਜ ਬਣਾਈ। ਸੁਭਾਸ਼ ਨੇ ਸੋਚਿਆ ਕਿ ਜਰਮਨੀ ਭਾਰਤ ਤੋਂ ਵੱਡੀ ਦੂਰੀ 'ਤੇ ਹੈ ਤੇ ਜ਼ਮੀਨੀ ਫ਼ੌਜਾਂ ਇੱਥੋਂ ਚੱਲ ਕੇ ਭਾਰਤ ਨੂੰ ਫ਼ਤਹਿ ਨਹੀਂ ਕਰ ਸਕਣਗੀਆਂ, ਉਧਰ ਉਨ੍ਹਾਂ ਨੂੰ ਜਾਪਾਨ ਵੱਲੋਂ ਤੇ ਆਪਣੇ ਹਿੰਦੀ ਦੇਸ਼ ਭਗਤਾਂ ਵੱਲੋਂ ਸੱਦਾ ਆਇਆ। ਉਨ੍ਹੀਂ ਦਿਨੀਂ ਜਾਪਾਨੀ ਫ਼ੌਜਾਂ ਬਿਨਾ ਰੋਕ-ਟੋਕ ਭਾਰਤ ਵੱਲ ਵਧਦੀਆਂ ਆ ਰਹੀਆਂ ਸਨ। ਉਹ ਪਣਡੁੱਬੀ ਰਾਹੀਂ 20 ਜੂਨ 1943 ਨੂੰ ਜਾਪਾਨ ਦੀ ਰਾਜਧਾਨੀ ਟੋਕੀਓ ਜਾ ਪਹੁੰਚੇ।

**ਆਜ਼ਾਦ ਹਿੰਦ ਫ਼ੌਜ:** ਸੁਭਾਸ਼ ਦੇ ਜਾਪਾਨ ਆਉਣ ਤੋਂ ਪਹਿਲਾਂ ਹੀ ਜਨਰਲ ਮੋਹਨ ਸਿੰਘ ਦੀ ਅਗਵਾਈ ਹੇਠ ਆਜ਼ਾਦ ਹਿੰਦ ਫ਼ੌਜ ਹੋਂਦ ਵਿਚ ਆ ਚੁੱਕੀ ਸੀ, ਪਰ ਕੁਝ ਅਣਸੁਖਾਵੀਆਂ ਘਟਨਾਵਾਂ ਕਰਕੇ ਡਾਵਾਂਡੋਲ ਹਾਲਤ ਵਿਚ ਸੀ ਜੋ ਉਨ੍ਹਾਂ ਦੇ ਆਉਂਦਿਆਂ ਹੀ ਨੌ-ਬਰ-ਨੌ ਹੋ ਗਈ। ਉਹ ਅਜੇ ਭਾਰਤ ਵਿਚ ਪੈਰ ਜਮਾ ਹੀ ਰਹੇ ਸਨ ਕਿ ਬਰਸਾਤਾਂ ਸ਼ੁਰੂ ਹੋ ਗਈਆਂ ਤੇ ਦੁਸ਼ਮਣ ਉਨ੍ਹਾਂ 'ਤੇ ਭਾਰੂ ਹੋਣ ਲੱਗ ਪਿਆ ਤੇ ਵਿਸ਼ਵ ਪੱਧਰ 'ਤੇ ਜੰਗ ਦਾ ਪਾਸਾ ਵੀ ਅੰਗਰੇਜ਼ਾਂ ਦੇ ਹੱਕ ਵਿਚ ਪਲਟਣ ਲੱਗਾ।

**ਆਖ਼ਰੀ ਉਡਾਣ:** 24 ਅਪਰੈਲ 1945 ਨੂੰ ਉਹ ਰੰਗੂਨ ਤੋਂ ਬੈਂਕਾਕ ਚਲੇ ਗਏ, ਉਥੋਂ ਸਿੰਗਾਪੁਰ ਗਏ ਤੇ 16 ਅਗਸਤ ਦੇ ਦਿਨ ਹਵਾਈ ਜਹਾਜ਼ ਰਾਹੀਂ ਟੋਕੀਓ ਲਈ ਰਵਾਨਾ ਹੋਏ। 18 ਅਗਸਤ ਨੂੰ ਇਹ ਜਹਾਜ਼ ਫਾਰਮੂਸਾ (ਤਾਇਵਾਨ) ਦੇ ਤਾਇਹੋਕੂ ਹਵਾਈ ਅੱਡੇ 'ਤੇ ਹਾਦਸੇ ਦਾ ਸ਼ਿਕਾਰ ਹੋਇਆ ਤੇ ਨੇਤਾ ਜੀ ਅੱਗ ਦੀ ਲਪੇਟ ਵਿਚ ਆਉਣ ਕਰ ਕੇ ਗੰਭੀਰ ਜ਼ਖ਼ਮੀ ਹੋ ਗਏ। ਉਨ੍ਹਾਂ ਦੀ ਜੀਵਨ ਯਾਤਰਾ ਦੇ ਅੰਤਮ ਪੜਾਅ ਬਾਰੇ ਅਜੇ ਵੀ ਵਿਵਾਦ ਚੱਲ ਰਹੇ ਹਨ।

**ਨੇਤਾ ਜੀ ਤੇ ਆਜ਼ਾਦੀ ਸੰਗ੍ਰਾਮ:** ਆਜ਼ਾਦ ਹਿੰਦ ਫ਼ੌਜ ਲੜਾਈ ਦੇ ਮੈਦਾਨ ਵਿਚ ਭਾਵੇਂ ਮਾਤ ਖਾ ਗਈ, ਪਰ ਇਸ ਦੇ ਅਣਚਾਹੇ ਅਤੇ ਅਣਕਿਆਸੇ ਪ੍ਰਭਾਵਾਂ ਤਹਿਤ ਹੀ ਅੰਗਰੇਜ਼ਾਂ ਦੇ ਵਿਸ਼ਵ ਯੁੱਧ ਵਿਚ ਜਿੱਤ ਹਾਸਿਲ ਕਰਨ ਦੇ ਦੋ ਕੁ ਸਾਲ ਪਿੱਛੋਂ ਹੀ ਉਨ੍ਹਾਂ ਨੂੰ ਭਾਰਤ ਤੋਂ ਆਪਣਾ ਬਿਸਤਰਾ ਗੋਲ ਕਰਨਾ ਪਿਆ ਜਿਸ ਖ਼ਾਤਰ ਅੰਗਰੇਜ਼ਾਂ ਨੇ ਇਹ ਜੰਗ ਲੜੀ ਸੀ। ਲੜਾਈ ਮੁੱਕਣ ਪਿੱਛੋਂ ਆਈ.ਐਨ.ਏ. ਦੇ ਤਿੰਨ ਪ੍ਰਮੁੱਖ ਅਫ਼ਸਰਾਂ, ਪ੍ਰੇਮ ਨਾਥ ਸਹਿਗਲ, ਗੁਰਬਖ਼ਸ਼ ਸਿੰਘ ਢਿੱਲੋਂ ਅਤੇ ਸ਼ਾਹਨਵਾਜ਼ ਖ਼ਾਂ ਦਾ ਕੋਰਟ ਮਾਰਸ਼ਲ ਵਿੱਢ ਦਿੱਤਾ ਤੇ ਵਿਦਰੋਹ ਦੇ ਗੰਭੀਰ ਦੋਸ਼ ਲਾਏ ਗਏ, ਜਿਨ੍ਹਾਂ ਦੇ ਆਧਾਰ 'ਤੇ ਉਨ੍ਹਾਂ ਨੂੰ ਫਾਂਸੀ ਦੀ ਸਜ਼ਾ ਵੀ ਹੋ ਸਕਦੀ ਸੀ। ਦੇਸ਼ ਵਾਸੀਆਂ ਨੂੰ ਲੱਗਾ ਕਿ ਜਿੱਥੇ ਬਾਕੀ ਦੇ ਦੇਸ਼ਾਂ ਵਿਚ ਜੰਗ ਦੌਰਾਨ ਮਾਤ-ਭੂਮੀ ਖ਼ਾਤਰ ਜੂਝਣ ਵਾਲਿਆਂ ਨੂੰ ਮਾਨ-ਸਨਮਾਨ ਦਿੱਤੇ ਜਾ ਰਹੇ ਹਨ, ਇਸ ਦੇ ਉਲਟ ਸਾਡੇ ਦੇਸ਼ ਭਗਤਾਂ ਲਈ ਫਾਂਸੀ ਦੇ ਰੱਸੇ ਹਨ। ਆਜ਼ਾਦ ਹਿੰਦ ਫ਼ੌਜ ਵਾਲੇ ਜਾਂਬਾਜ਼ ਯੋਧਿਆਂ ਵਿਚ ਹਿੰਦੂ, ਸਿੱਖ, ਮੁਸਲਮਾਨ ਵੱਡੀ ਗਿਣਤੀ ਵਿਚ ਸ਼ਾਮਿਲ ਸਨ ਤੇ ਸ਼ਾਇਦ ਇਸੇ ਲਈ ਸਰਕਾਰ ਨੇ ਇਨ੍ਹਾਂ ਤਿੰਨ (ਹਿੰਦੂ, ਸਿੱਖ, ਮੁਸਲਿਮ) ਜਰਨੈਲਾਂ, ਸਹਿਗਲ, ਢਿੱਲੋਂ ਅਤੇ ਸ਼ਾਹਨਵਾਜ਼ ਨੂੰ ਕੋਰਟ ਮਾਰਸ਼ਲ ਲਈ ਚੁਣਿਆ। ਜਨਤਕ ਵਿਦਰੋਹ ਦੇ ਮਾਹੌਲ ਵਿਚ ਲੋਕਾਈ ਦੇ ਮਨ-ਮਸਤਕ ਵਿਚੋਂ ਆਪ ਮੁਹਾਰੇ ਦੇਸ਼ ਦੇ ਕੋਨੇ-ਕੋਨੇ ਵਿਚ ਨਾਅਰੇ ਗੂੰਜ ਉਠੇ:

ਲਾਲ ਕਿਲ੍ਹੇ ਸੇ ਆਈ ਆਵਾਜ਼,
ਸਹਿਗਲ ਢਿੱਲੋਂ ਸ਼ਾਹਨਵਾਜ਼।

ਸਭ ਤੋਂ ਪਹਿਲਾਂ ਆਜ਼ਾਦ ਹਿੰਦ ਫ਼ੌਜੀਆਂ ਨਾਲ ਕੀਤੇ ਗਏ ਸ਼ਰਮਨਾਕ ਸਲੂਕ ਦੇ ਪ੍ਰਭਾਵ ਹੇਠ ਏਅਰ ਫੋਰਸ, ਨੇਵੀ ਅਤੇ ਕਈ ਥਾਈਂ ਫ਼ੌਜੀ ਟੁਕੜੀਆਂ ਵਿਚ ਹੜਤਾਲਾਂ ਹੋਈਆਂ। 1945-46 ਦੀਆਂ ਅਖ਼ਬਾਰਾਂ ਉਨ੍ਹਾਂ ਹੜਤਾਲਾਂ ਦੀਆਂ ਖ਼ਬਰਾਂ ਨਾਲ ਭਰੀਆਂ ਪਈਆਂ ਹਨ। ਅਖ਼ੀਰ ਇਹੀ ਵਿਦਰੋਹੀ ਲਾਟ ਨੇਵੀ ਦੀ ਵੱਡੀ ਹੜਤਾਲ ਦੇ ਰੂਪ ਵਿਚ 19 ਫ਼ਰਵਰੀ 1946 ਨੂੰ ਭਿਆਨਕ ਵਿਦਰੋਹ ਦੇ ਰੂਪ ਵਿਚ ਪ੍ਰਗਟ ਹੋਈ ਤੇ ਉਸੇ ਸ਼ਾਮ ਲੰਡਨ ਵਿਚ ਹਾਊਸ ਆਫ਼ ਲਾਰਡਜ਼ ਵਿਚ ਅੰਗਰੇਜ਼ੀ ਸਰਕਾਰ ਵੱਲੋਂ ਭਾਰਤ ਦੀ ਆਜ਼ਾਦੀ ਲਈ ਰਾਹ ਪੱਧਰਾ ਕਰਨ ਲਈ ਕੈਬਨਿਟ ਮਿਸ਼ਨ ਭੇਜਣ ਦਾ ਐਲਾਨ ਹੋਇਆ। ਨੇਵੀ ਦੀ ਹੜਤਾਲ ਦੀ ਹਮਾਇਤ 'ਚ ਬੰਬਈ ਦੇ ਹਜ਼ਾਰਾਂ ਮਜ਼ਦੂਰਾਂ ਅਤੇ ਸ਼ਹਿਰੀਆਂ ਨੇ ਵੀ ਹੜਤਾਲਾਂ ਤੇ ਰੋਸ ਜਲੂਸ ਕੱਢੇ। ਉਨ੍ਹਾਂ ਉੱਤੇ ਫਾਇਰਿੰਗ ਹੋਈ ਤੇ ਸ਼ਹਿਰ ਦੀਆਂ ਗਲੀਆਂ ਅਤੇ ਬਾਜ਼ਾਰ ਲਹੂ ਲੁਹਾਣ ਹੋ ਗਏ। 1946 ਵਿਚ ਫ਼ੌਜਾਂ ਦੇ ਬਾਗ਼ੀ ਹੋਣ ਤੇ ਜਨਤਕ ਜਾਗਰੂਕਤਾ ਦੇ ਪ੍ਰਚੰਡ ਹੋਣ ਕਾਰਨ ਹੀ ਸਾਨੂੰ 15 ਅਗਸਤ 1947 ਨੂੰ ਆਜ਼ਾਦੀ ਦਾ ਮੂੰਹ ਵੇਖਣਾ ਨਸੀਬ ਹੋਇਆ ਸੀ।

# ਜਦੋਂ ਪ੍ਰਿੰਸੀਪਲ ਨੇ ਸਾਨੂੰ ਸਾਊਪੁਣਾ ਸਿਖਾਇਆ

**ਕੁਲਦੀਪ ਸਿੰਘ**
**ਯੂਨੀਅਨ ਸਿਟੀ, ਕੈਲੀਫੋਰਨੀਆ**

ਕੋਈ 42 ਸਾਲ ਪਹਿਲਾਂ ਦੀ ਗੱਲ ਹੈ। ਮੈਂ ਖਾਲਸਾ ਕਾਲਜ, ਅੰਮ੍ਰਿਤਸਰ ਬੀ.ਐਸਸੀ ਆਨਰਜ਼ ਇਨ ਮੈਥ ਦਾ ਵਿਦਿਆਰਥੀ ਸਾਂ। ਮੇਰਾ ਪਿੰਡ ਹਮੀਦਪੁਰਾ, ਛੇਹਰਟਾ ਸਾਹਿਬ ਦੇ ਕਰੀਬ ਹੈ ਅਤੇ ਮੈਂ ਤੇ ਮੇਰਾ ਵੱਡਾ ਭਰਾ ਆਪਣੇ ਦਾਦਾ-ਦਾਦੀ ਪਾਸ ਰਹਿ ਕੇ ਪੜ੍ਹਦੇ ਸਾਂ। ਮੇਰੇ ਪਿਤਾ ਜੀ ਨੰਗਲ ਟਾਊਨਸ਼ਿਪ ਵਿਖੇ ਬੀ.ਬੀ.ਐਮ.ਬੀ ਵਿਚ ਕਲਰਕ ਸਨ। ਆਪਣੀ ਦਸਾਂ ਨੌਹਾਂ ਦੀ ਕਿਰਤ ਕਰਕੇ ਉਹ ਮਹੀਨੇ ਦੇ ਮਹੀਨੇ ਸਾਡੇ ਦੋਵਾਂ ਦੀ ਪੜ੍ਹਾਈ ਦੇ ਖਰਚ ਲਈ 100-150 ਰੁਪਏ ਮਨੀਆਰਡਰ ਕਰ ਦਿੰਦੇ। ਪੜ੍ਹਾਈ ਵਿਚ ਹੁਸ਼ਿਆਰ ਹੋਣ ਕਾਰਨ ਮੇਰੀ ਪੂਰੀ ਫੀਸ ਮੁਆਫ ਸੀ, ਨਵੀਆਂ-ਨਕੋਰ ਕਿਤਾਬਾਂ ਵੀ ਕਾਲਜ ਦੀ ਲਾਇਬ੍ਰੇਰੀ ਤੋਂ ਮਿਲ ਜਾਂਦੀਆਂ। 75 ਰੁਪਏ ਮਹੀਨਾ ਮੈਨੂੰ ਨੈਸ਼ਨਲ ਸਕਾਲਰਸ਼ਿਪ ਵੀ ਮਿਲ ਜਾਂਦਾ। ਪੜ੍ਹਾਈ ਦੇ ਨਾਲ ਨਾਲ ਹੋਰ ਵਿਦਿਆਰਥੀਆਂ ਨਾਲ ਮਿਲ ਕੇ ਮੈਂ ਫਤੂਰ ਵੀ ਬਹੁਤ ਕਰ ਲੈਂਦਾ ਸਾਂ।

ਸਾਡੇ ਪ੍ਰਿੰਸੀਪਲ ਸਾਹਿਬ ਬਹੁਤ ਹੀ ਸੁਲਝੇ ਤੇ ਨੇਕ ਇਨਸਾਨ ਸਨ। ਸੰਸਾਰ ਦੀ ਅਮੀਰੀ ਅਤੇ ਗੁਰੂ ਵੱਲੋਂ ਮਿਲੀ ਗਰੀਬੀ ਉਨ੍ਹਾਂ ਦਾ ਸਰਮਾਇਆ ਸੀ। ਉਨ੍ਹੀਂ ਦਿਨੀਂ ਜਦੋਂ ਹਮਾਤੜ ਨੂੰ ਸਾਈਕਲ ਨਸੀਬ ਨਹੀਂ ਸੀ ਹੁੰਦਾ, ਸਾਡੇ ਪ੍ਰਿੰਸੀਪਲ ਸਾਹਿਬ ਕੋਲ ਅਮਰੀਕਨ ਇੰਪਾਲਾ ਕਾਰ ਸੀ। ਨਿਮਰ ਇਤਨੇ ਕਿ ਗਰਮੀਆਂ ਵਿਚ ਕਾਲਜ ਦੇ ਗੁਰਦੁਆਰਾ ਸਾਹਿਬ ਵਿਚ ਗੁਰਪੁਰਬ 'ਤੇ ਇੱਕਠੀ ਹੋਈ ਸੰਗਤ ਨੂੰ ਆਪਣੇ ਹੱਥੀਂ ਪੱਖਾ ਝਲਦੇ। ਹੁਣ ਮੈਂ ਆਪਣੀ ਅਤੇ ਸਾਥੀ ਵਿਦਿਆਰਥੀਆਂ ਨਾਲ ਰਲ ਕੇ ਸ਼ਰਾਰਤ ਕਰਨ ਵੱਲ ਅਤੇ ਪ੍ਰਿੰਸੀਪਲ ਸਾਹਿਬ ਹੱਥੋਂ ਮੌਕੇ 'ਤੇ ਹੀ ਫੜੇ ਜਾਣ 'ਤੇ ਉਨ੍ਹਾਂ ਦਾ ਸਾਨੂੰ ਸਮਝਾਉਣਾ, ਫਿਰ ਸਾਡੀ ਭੁੱਲ ਨੂੰ ਤੁਰੰਤ ਮੁਆਫ ਕਰਨਾ ਅਤੇ ਸਿੱਧੇ ਰਾਹ ਪਾਉਣ ਵੱਲ ਆਉਂਦਾ ਹਾਂ।

ਇੱਕ ਦਿਨ ਮੈਂ ਅਤੇ ਮੇਰੇ ਨਾਲ ਦੇ ਹੋਰ ਤਿੰਨ ਸਾਥੀ ਵਿਦਿਆਰਥੀ ਕਾਲਜ ਦੀ ਉਪਰਲੀ ਛੱਤ ਤੋਂ ਮੈਥ ਆਨਰਜ਼ ਦਾ ਪੀਰੀਅਡ ਲਾ ਕੇ ਪਉੜੀਆਂ ਤੋਂ ਉਤਰ ਰਹੇ ਸਾਂ। ਦਿਨ ਦੇ ਚਾਰ ਕੁ ਵਜੇ ਸਨ। ਸਾਨੂੰ ਚੌਹਾਂ ਨੂੰ ਸ਼ਰਾਰਤ ਸੁਝੀ। ਸਾਨੂੰ ਪੂਰਾ ਪੱਕ ਸੀ ਕਿ ਹੁਣ ਤਕ ਪ੍ਰਿੰਸੀਪਲ ਸਾਹਿਬ ਦਫਤਰੋਂ ਆਪਣੀ ਕੋਠੀ ਜਾ ਚੁੱਕੇ ਹੋਣਗੇ। ਅਸੀਂ ਨਾਟਕੀ ਸ਼ਰਾਬੀ ਬਣ ਕੇ ਉਚੀ ਉਚੀ ਚਾਂਗਰਾਂ ਮਾਰਨੀਆਂ ਸ਼ੁਰੂ ਕਰ ਦਿੱਤੀਆਂ ਅਤੇ ਹੂ-ਬ-ਹੂ ਅਲਤ ਵਹਿਕਿਆਂ ਵਾਂਗ ਪੂਰੇ ਮੱਛਰ ਗਏ। ਸਾਡੀ ਕਿਸਮਤ ਮਾੜੀ (ਪਰ ਦੂਰ-ਅੰਦੇਸ਼ੀ ਨਾਲ ਸੋਚਿਆਂ ਚੰਗੀ) ਕਿ ਇਹ ਸ਼ੋਰ ਸ਼ਰਾਬਾ ਸੁਣ ਕੇ ਪ੍ਰਿੰਸੀਪਲ ਸਾਹਿਬ ਬਹੁਤ ਕਾਹਲੀ ਨਾਲ ਆਪਣੇ ਦਫਤਰੋਂ ਨਿਕਲ ਪੌੜੀਆਂ ਚੜ੍ਹ ਕੇ ਸਾਨੂੰ ਅੱਗੋਂ ਆ ਮਿਲੇ। ਇਹ ਕੀ ਹੋਇਆ, ਸਾਡੀ ਹੋਸ਼ ਉਡ ਗਈ। ਅਸੀਂ ਸਹਿਮ ਗਏ। ਸਾਨੂੰ ਲੱਗਾ ਸਾਡਾ ਨਾਮ ਕਾਲਜ ਤੋਂ ਕੱਟਿਆ ਜਾਵੇਗਾ ਅਤੇ ਮਾਪਿਆਂ ਨੂੰ ਸਾਡੀ ਕਰਤੂਤ ਵੀ ਦੱਸੀ ਜਾਵੇਗੀ। ਨਮੋਸ਼ੀ ਵਾਧੂ ਝਲਣੀ ਪਵੇਗੀ, ਪਰ ਪ੍ਰਿੰਸੀਪਲ ਸਾਹਿਬ ਸਾਨੂੰ ਮੁਖਾਤਿਬ ਹੋ ਕੇ ਕਹਿਣ ਲੱਗੇ, "ਮੈਨੂੰ ਮੁਆਫ ਕਰ ਦਿਉ, ਮੈਂ ਤੁਹਾਡਾ ਸੇਵਕ ਪ੍ਰਿੰਸੀਪਲ ਹਾਂ, ਮੈਂ ਤਹਾਨੂੰ ਕਾਲਜ 'ਚ ਵਿਚਰਨ ਦੇ ਸਲੀਕੇ ਨਹੀਂ ਸਮਝਾ ਸਕਿਆ।"

ਸਾਡੀ ਬੋਲਤੀ ਬੰਦ ਸੀ, ਸਾਨੂੰ ਕੁੱਝ ਨਹੀਂ ਸੀ ਸੁੱਝ ਰਿਹਾ ਕਿ ਕੀ ਕਹੀਏ। ਫਿਰ ਉਨ੍ਹਾਂ ਕਿਹਾ, "ਤੁਸੀਂ ਇੰਨਾ ਵੀ ਨਹੀਂ ਕਹਿ ਸਕਦੇ ਕਿ ਸਾਨੂੰ ਖਿਮਾਂ ਕਰ ਦਿਉ।" ਸਾਨੂੰ ਇਹ ਮੁਸ਼ਕਲ ਹਲ ਕਰਨ ਲਈ ਜਿਵੇਂ ਕੋਈ ਕੁੰਜੀ ਮਿਲ ਗਈ ਹੋਵੇ। ਅਸੀਂ ਡੰਡਉਤ ਬੰਦਨਾ ਕਰਦਿਆਂ ਆਪਣੀ ਗਲਤੀ ਦੀ ਮੁਆਫੀ ਮੰਗ ਲਈ ਅਤੇ ਅਗੇ ਤੋਂ ਇਹੋ ਜਿਹੀ ਹਰਕਤ ਨਾ ਕਰਨ ਦਾ ਭਰੋਸਾ ਦਿੱਤਾ। ਮੁਆਫੀ ਤੁਰਤ ਮਿਲ ਗਈ। ਪ੍ਰਿੰਸੀਪਲ ਸਾਹਿਬ ਨੇ ਸਾਨੂੰ ਜੱਫੀ ਵਿਚ ਲੈਂਦਿਆਂ ਕਿਹਾ, "ਬੇਟਾ, ਮੈਂ ਤਹਾਨੂੰ ਆਪਣੇ ਬੱਚਿਆਂ ਦੀ ਤਰ੍ਹਾਂ ਪਿਆਰ ਕਰਦਾ ਹਾਂ।"

ਅੱਜ ਪ੍ਰਿੰਸੀਪਲ ਸਾਹਿਬ ਦੀ ਉਸ ਸਮੇਂ ਦੀ ਸਹੀ, ਯੋਗ ਅਤੇ ਪਿਆਰ ਭਰੀ ਝਿੜਕ ਕਾਰਨ ਹੀ ਹਰ ਮੈਦਾਨ ਫਤਿਹ ਹੋ ਰਿਹਾ ਹੈ। ਇਸੇ ਲਈ ਮੈਨੂੰ ਮਹਾਂਭਾਰਤ ਦੇ ਗੁਰੂ ਦਰੋਣਾਚਾਰੀਆ ਦਾ ਯੋਧੇ ਕਰਨ ਨੂੰ ਦਿੱਤਾ ਉਪਦੇਸ਼ "ਗੁਰੂ ਅਤੇ ਮਾਂ-ਪਿਉ ਸਦੀਵ ਸਤਿਕਾਰ ਦੇ ਪਾਤਰ ਹੁੰਦੇ ਹਨ," ਚੰਗਾ ਲੱਗਦਾ ਹੈ।

# ਜਲਵਾਯੂ ਤਬਦੀਲੀ ਦੀ ਵੰਗਾਰ ਅਤੇ ਟਰੰਪ

ਇਹ ਇਤਫਾਕ ਹੀ ਹੈ ਕਿ ਡੋਨਲਡ ਟਰੰਪ ਦੀ ਅਮਰੀਕਾ ਦੇ ਰਾਸ਼ਟਰਪਤੀ ਵਜੋਂ ਤਾਜਪੋਸ਼ੀ ਉਸ ਸਮੇਂ ਹੋਈ ਜਦੋਂ ਸੰਸਾਰ ਦੀਆਂ ਸਭ ਤੋਂ ਵੱਧ ਸਤਿਕਾਰਤ ਵਾਤਾਵਰਣ ਨਿਗਰਾਨ ਸੰਸਥਾਵਾਂ ਨੇ ਐਲਾਨ ਕੀਤਾ ਕਿ 2016 ਦੁਨੀਆ ਦੇ ਇਤਿਹਾਸ ਦਾ ਸਭ ਤੋਂ ਗਰਮ ਸਾਲ ਰਿਹਾ। ਇਹ ਇਤਫ਼ਾਕ ਉਸ ਸਮੇਂ ਵਾਪਰਿਆ ਜਦੋਂ ਇਕ ਪਾਸੇ ਤਾਂ ਸਾਡੀ ਧਰਤੀ ਆਲਮੀ ਤਪਸ਼ ਤੋਂ ਉਪਜੇ ਖਤਰਿਆਂ ਵਿਚ ਲਗਾਤਾਰ ਵਧੇ ਨਾਲ ਦੋ-ਚਾਰ ਹੋ ਰਹੀ ਹੈ, ਦੂਜੇ ਪਾਸੇ ਦੁਨੀਆ ਦੇ




**ਪ੍ਰੋ. ਪ੍ਰੀਤਮ ਸਿੰਘ**
**ਆਕਸਫੋਰਡ ਬਰੁੱਕਸ ਵਰਸਿਟੀ ਯੂ.ਕੇ.**

ਸਭ ਤੋਂ ਤਾਕਤਵਰ ਸਿਆਸੀ ਅਹੁਦੇ 'ਤੇ ਪਹੁੰਚਿਆ ਬੰਦਾ ਇਹ ਐਲਾਨ ਕਰ ਰਿਹਾ ਹੈ ਕਿ ਆਲਮੀ ਤਪਸ਼ ਤਾਂ 'ਭਰਮ' ਹੀ ਹੈ ਜੋ ਚੀਨ ਨੇ ਅਮਰੀਕੀ ਸਨਅਤਾਂ ਦੀ ਮੁਕਾਬਲੇਬਾਜ਼ੀ ਨੂੰ ਖੁੰਢਾ ਕਰਨ ਲਈ ਰਚੀ ਸਾਜ਼ਿਸ਼ ਤਹਿਤ ਉਭਾਰਿਆ ਹੈ। ਆਪਣੇ ਚੋਣ ਪ੍ਰਚਾਰ ਦੌਰਾਨ ਟਰੰਪ ਤਾਂ ਇਸ ਤੋਂ ਵੀ ਅੱਗੇ ਚਲਾ ਗਿਆ ਸੀ। ਉਸ ਨੇ ਵਾਅਦਾ ਕੀਤਾ ਸੀ ਕਿ ਅਮਰੀਕਾ, ਪੈਰਿਸ ਜਲਵਾਯੂ ਸੰਧੀ ਨਾਲੋਂ ਨਾਤਾ ਤੋੜ ਲਵੇਗਾ ਅਤੇ ਫ਼ਿਜ਼ਾਈ ਤਬਦੀਲੀਆਂ ਦੀ ਰੋਕਥਾਮ ਲਈ ਸੰਯੁਕਤ ਰਾਸ਼ਟਰ ਵੱਲੋਂ ਕੀਤੀਆਂ ਜਾ ਰਹੀਆਂ ਪਹਿਲਕਦਮੀਆਂ ਵਾਸਤੇ ਫੰਡ ਦੇਣੇ ਵੀ ਬੰਦ ਕਰ ਦੇਵੇਗਾ। ਅਮਰੀਕਾ ਨੂੰ ਆਰਥਿਕ ਤੇ ਸਿਆਸੀ ਨੀਤੀਆਂ ਪੱਖੋਂ ਬਾਕੀ ਦੁਨੀਆ ਨਾਲੋਂ ਅਲੱਗ-ਥਲੱਗ ਕਰਨ ਦੇ ਟਰੰਪ ਦੇ ਏਜੰਡੇ ਨਾਲ ਜੁੜੇ ਸਾਰੇ ਖਤਰਿਆਂ ਤੋਂ ਇਲਾਵਾ ਜਲਵਾਯੂ ਸਬੰਧੀ ਆਲਮੀ ਵਾਰਤਾਲਾਪ ਨੂੰ ਸਾਬੋਤਾਜ ਕਰਨਾ ਸਭ ਤੋਂ ਵੱਧ ਅਫ਼ਸੋਸਨਾਕ ਨੀਤੀਗਤ ਤਬਦੀਲੀ ਹੋਵੇਗੀ, ਕਿਉਂਕਿ ਇਸ ਸਮੇਂ ਮਨੁੱਖਤਾ ਨੂੰ ਜੇ ਕਿਸੇ ਚੀਜ਼ ਤੋਂ ਸਭ ਤੋਂ ਵੱਧ ਖਤਰਾ ਹੈ ਤਾਂ ਉਹ ਆਲਮੀ ਤਪਸ਼ ਹੈ।

2016 ਨਾ ਸਿਰਫ਼ ਹੁਣ ਤਕ ਦਾ ਸਭ ਤੋਂ ਵੱਧ ਗਰਮ ਸਾਲ ਸੀ, ਇਹ ਲਗਾਤਾਰ ਤੀਜਾ ਅਜਿਹਾ ਸਾਲ ਸੀ ਜਦੋਂ ਧਰਤੀ ਦੇ ਤਾਪਮਾਨ ਵਿਚ ਲਗਾਤਾਰ ਵਾਧਾ ਦਰਜ ਕੀਤਾ ਗਿਆ। ਪਹਿਲਾਂ 2015 ਤੇ 2014 ਵੱਧ ਤੋਂ ਵੱਧ ਗਰਮ ਵਰ੍ਹੇ ਮੰਨੇ ਗਏ ਸਨ, 2016 ਇਨ੍ਹਾਂ ਤੋਂ ਵੀ ਅੱਗੇ ਲੰਘ ਗਿਆ। ਅਮਰੀਕੀ ਏਜੰਸੀ ਨੈਸ਼ਨਲ ਏਅਰੋਨੌਟਿਕਸ ਐਂਡ ਸਪੇਸ ਐਡਮਿਨਿਸਟਰੇਸ਼ਨ (ਨਾਸਾ) ਅਨੁਸਾਰ 1880 ਤੋਂ ਮਿਲਦੇ ਰਿਕਾਰਡਾਂ ਅਨੁਸਾਰ, ਪਹਿਲਾਂ 2006 ਸਭ ਤੋਂ ਗਰਮ ਵਰ੍ਹਾ ਮੰਨਿਆ ਗਿਆ ਸੀ। ਇਸ ਤੋਂ ਬਾਅਦ 2014, 2015 ਤੇ 2016 ਵਾਲਾ ਗੇੜ ਸ਼ੁਰੂ ਹੋਇਆ। 'ਨਾਸਾ' ਅਤੇ ਇਕ ਹੋਰ ਅਮਰੀਕੀ ਏਜੰਸੀ ਨੈਸ਼ਨਲ ਓਸ਼ਨਿਕ ਐਂਡ ਐਟਮੋਸਫੈਰਿਕ ਐਡਮਿਨਿਸਟਰੇਸ਼ਨ (ਐਨ.ਓ.ਏ.ਏ.) ਦੇ ਵਿਗਿਆਨੀਆਂ ਨੇ ਦਰਜ ਕੀਤਾ ਹੈ ਕਿ ਵੀਹਵੀਂ ਸਦੀ ਦੇ ਮੱਧ ਦੌਰਾਨ ਦੀ ਸਾਲਾਨਾ ਤਾਪਮਾਨੀ ਔਸਤ ਦੇ ਮੁਕਾਬਲੇ 2016 ਦੌਰਾਨ ਧਰਤੀ ਦੀ ਸਤਹਿ ਉਪਰਲਾ ਤਾਪਮਾਨ ਇਕ ਡਿਗਰੀ ਸੈਲਸ਼ੀਅਸ ਵੱਧ ਸੀ। ਤਾਪਮਾਨ ਵਿਚਲਾ ਇਹ ਵਾਧਾ ਮਾਮੂਲੀ ਜਾਪਦਾ ਹੈ, ਪਰ ਇਸ ਦੇ ਅਸਰ ਵਿਆਪਕ ਹਨ।

ਆਲਮੀ ਤਾਪਮਾਨ ਵਿਚ ਇਕ ਡਿਗਰੀ ਜਾਂ ਇਕ ਡਿਗਰੀ ਦੇ ਨੇੜੇ-ਤੇੜੇ ਦੇ ਵਾਧੇ ਨਾਲ ਜੁੜੇ ਖਤਰਿਆਂ ਨੂੰ ਸਮਝਣਾ ਜ਼ਰੂਰੀ ਹੈ। ਦੁਨੀਆ ਭਰ ਦੇ ਵਿਗਿਆਨੀਆਂ ਦੀ ਇਸ ਤੱਥ ਨਾਲ ਸਹਿਮਤੀ ਹੈ ਕਿ ਜੇ ਉਦਯੋਗਿਕ ਯੁੱਗ ਤੋਂ ਪਹਿਲਾਂ ਦੇ ਆਲਮੀ ਤਾਪਮਾਨ ਦੀ ਤੁਲਨਾ ਵਿਚ ਮੌਜੂਦਾ ਆਲਮੀ ਤਾਪਮਾਨ 2 ਡਿਗਰੀ ਵਧਦਾ ਹੈ ਤਾਂ ਇਸ ਕਾਰਨ ਅਜਿਹੀਆਂ ਵਾਤਾਵਰਣਕ ਤਬਦੀਲੀਆਂ ਦਾ ਯੁੱਗ ਸ਼ੁਰੂ ਹੋ ਜਾਵੇਗਾ ਜਿਸ ਨੂੰ ਮੋੜਾ ਨਹੀਂ ਦਿੱਤਾ ਜਾ ਸਕੇਗਾ। ਇਸੇ ਕਾਰਨ ਵਾਤਾਵਰਣ ਸਬੰਧੀ ਹੁਣ ਤਕ ਹੋਈਆਂ ਸਾਰੀਆਂ ਵਾਰਤਾਵਾਂ ਤੇ ਸੰਮੇਲਨਾਂ ਦੌਰਾਨ ਜ਼ੋਰ ਇਕੋ ਉਦੇਸ਼ ਉਤੇ ਦਿੱਤਾ ਗਿਆ ਕਿ ਆਲਮੀ ਤਾਪਮਾਨ ਵਿਚ ਵਾਧੇ ਨੂੰ 2 ਡਿਗਰੀ ਤੋਂ ਹੇਠਾਂ ਹੀ ਰੱਖਿਆ ਜਾਵੇ ਅਤੇ ਇਸ ਟੀਚੇ ਦੀ ਪ੍ਰਾਪਤੀ ਲਈ ਹਰ ਸੰਭਵ ਉਪਰਾਲੇ ਕੀਤੇ ਜਾਣ। ਪੈਰਿਸ ਜਲਵਾਯੂ ਸੰਧੀ ਤਾਂ ਇਸ ਤੋਂ ਵੀ ਅਗਾਂਹ ਚਲੀ ਗਈ। ਇਸ ਨੇ ਤਪਸ਼ ਵਿਚ ਵਾਧੇ ਦਾ ਟੀਚਾ 1.5 ਡਿਗਰੀ ਸੈਲਸ਼ੀਅਸ ਤੋਂ ਨਾ ਵਧਣਾ ਤੈਅ ਕਰ ਦਿੱਤਾ, ਕਿਉਂਕਿ 1.5 ਡਿਗਰੀ ਦੇ ਇਜ਼ਾਫ਼ੇ ਨਾਲ ਵੀ ਧਰਤੀ ਤੇ ਸਾਹਿਲੀ ਖੇਤਰਾਂ ਲਈ ਖਤਰੇ ਨਜ਼ਰ ਆਉਣੇ ਸ਼ੁਰੂ ਹੋ ਗਏ ਸਨ। ਇਸ ਸਮੇਂ ਇਕ ਪਾਸੇ ਆਲਮੀ ਪੱਧਰ 'ਤੇ ਤਾਂ ਇਹ ਇਤਫ਼ਾਕ ਰਾਇ ਹੈ ਕਿ ਆਲਮੀ ਤਪਸ਼ ਦੀ ਰੋਕਥਾਮ ਦੇ ਟੀਚੇ ਵੱਧ ਨੀਵੇਂ ਹੋਣੇ ਚਾਹੀਦੇ ਹਨ, ਉਥੇ ਡੋਨਲਡ ਟਰੰਪ ਦਾ ਰੁਖ ਹੁਣ ਤਕ ਹਾਸਲ ਕੀਤੀਆਂ ਸੀਮਿਤ ਵਾਤਾਵਰਣ ਪ੍ਰਾਪਤੀਆਂ ਨੂੰ ਢਾਹ ਲਾਉਣ ਵਾਲਾ ਹੈ। ਟਰੰਪ ਵੱਲੋਂ ਸੰਯੁਕਤ ਰਾਸ਼ਟਰ ਵਿਚ ਨਿਯੁਕਤ ਸਥਾਈ ਅਮਰੀਕੀ ਪ੍ਰਤੀਨਿਧ ਨਿੱਕੀ ਹੇਲੀ ਦਾ ਇਹ ਬਿਆਨ, ਕਿ ਸੰਯੁਕਤ ਰਾਸ਼ਟਰ ਕੁਝ ਚੰਗਾ ਕਰਨ ਨਾਲੋਂ ਨੁਕਸਾਨ ਵੱਧ ਕਰਦਾ ਹੈ, ਅਮਰੀਕਾ ਦੇ ਕੌਮਾਂਤਰੀਵਾਦ-ਵਿਰੋਧੀ ਸਟੈਂਡ ਨੂੰ ਹੀ ਪ੍ਰਤੀਬਿੰਬਤ ਕਰਦਾ ਹੈ। ਇਹ ਸਟੈਂਡ ਅਮਰੀਕਾ ਨੂੰ ਕੌਮਾਂਤਰੀ ਸੰਧੀਆਂ ਵਿਚੋਂ ਬਾਹਰ ਕੱਢਣ ਦੇ ਟਰੰਪ ਦੇ ਐਲਾਨਾਂ ਦੀ ਪੈਦਾਇਸ਼ ਹੈ। ਕੌਮਾਂਤਰੀ ਸੰਧੀਆਂ ਨੂੰ ਸੰਭਵ ਬਣਾਉਣ ਵਿਚ ਸੰਯੁਕਤ ਰਾਸ਼ਟਰ ਦੀ ਭੂਮਿਕਾ ਸਦਾ ਹੀ ਅਹਿਮ ਰਹੀ ਹੈ ਭਾਵੇਂ ਦੁਨੀਆ ਵਿਚ ਝੇੜਿਆਂ ਅਤੇ ਜੰਗਾਂ ਦੇ ਕਈ ਪਿੜਾਂ ਵਿਚ ਸੰਯੁਕਤ ਰਾਸ਼ਟਰ ਆਪਣੀ ਬਣਦੀ ਭੂਮਿਕਾ ਆਸਾਂ-ਉਮੀਦਾਂ ਮੁਤਾਬਿਕ ਨਹੀਂ ਨਿਭਾ ਸਕਿਆ।



***ਇਕ ਪਾਸੇ ਆਲਮੀ ਪੱਧਰ 'ਤੇ ਤਾਂ ਇਹ ਇਤਫ਼ਾਕ ਰਾਇ ਹੈ ਕਿ ਆਲਮੀ ਤਪਸ਼ ਦੀ ਰੋਕਥਾਮ ਦੇ ਟੀਚੇ ਵੱਧ ਨੀਵੇਂ ਹੋਣੇ ਚਾਹੀਦੇ ਹਨ, ਉਥੇ ਟਰੰਪ ਦਾ ਰੁਖ਼ ਹੁਣ ਤਕ ਹਾਸਲ ਕੀਤੀਆਂ ਵਾਤਾਵਰਣ ਪ੍ਰਾਪਤੀਆਂ ਨੂੰ ਢਾਹ ਲਾਉਣ ਵਾਲਾ ਹੈ। ਟਰੰਪ ਵੱਲੋਂ ਸੰਯੁਕਤ ਰਾਸ਼ਟਰ ਵਿਚ ਨਿਯੁਕਤ ਸਥਾਈ ਅਮਰੀਕੀ ਪ੍ਰਤੀਨਿਧ ਨਿੱਕੀ ਹੇਲੀ ਦਾ ਇਹ ਬਿਆਨ, ਕਿ ਸੰਯੁਕਤ ਰਾਸ਼ਟਰ ਕੁਝ ਚੰਗਾ ਕਰਨ ਨਾਲੋਂ ਨੁਕਸਾਨ ਵੱਧ ਕਰਦਾ ਹੈ, ਅਮਰੀਕਾ ਦੇ ਕੌਮਾਂਤਰੀਵਾਦ ਵਿਰੋਧੀ ਸਟੈਂਡ ਨੂੰ ਹੀ ਪ੍ਰਤੀਬਿੰਬਤ ਕਰਦਾ ਹੈ।***



ਮੁਲਕਾਂ ਨੂੰ ਕਾਰਬਨ-ਮੁਕਤ ਕਰਨ ਅਤੇ ਇਸ ਤਰ੍ਹਾਂ ਹਰਾ ਗ੍ਰਹਿ ਪ੍ਰਭਾਵ ਘਟਾਉਣ ਲਈ ਪਥਰਾਟ ਬਾਲਣਾਂ (ਫੌਸਿਲ ਫਿਊਲਜ਼) ਦੀ ਵਰਤੋਂ ਘੱਟ ਕਰਨਾ ਮੁੱਖ ਲੋੜ ਹੈ। ਟਰੰਪ ਨੇ ਸਿਰਫ਼ ਕੋਲੇ ਦੀ ਵਰਤੋਂ ਵਧਾਉਣ ਦਾ ਹੀ ਇਕਰਾਰ ਨਹੀਂ ਕੀਤਾ, ਸਗੋਂ ਸਕੌਟ ਪਰੂਇਟ ਨੂੰ ਅਮਰੀਕੀ ਐਨਵਾਇਰਮੈਂਟਲ ਪ੍ਰੋਟੈਕਸ਼ਨ ਏਜੰਸੀ (ਈ.ਪੀ.ਏ.) ਦਾ ਮੁਖੀ ਨਿਯੁਕਤ ਕੀਤਾ ਹੈ। ਟਰੰਪ ਨੇ ਇਹ ਜਾਣਦੇ ਹੋਏ ਵੀ ਇਹ ਨਿਯੁਕਤੀ ਕੀਤੀ ਹੈ ਕਿ ਪ੍ਰਦੂਸ਼ਣ ਕੰਟਰੋਲ ਕਰਨ ਅਤੇ ਗਰੀਨਹਾਊਸ ਗੈਸਾਂ ਦੀ ਨਿਕਾਸੀ ਘਟਾਉਣ ਲਈ ਕੰਟਰੋਲ ਮਾਪਦੰਡ ਬਣਾਉਣ ਸਬੰਧੀ ਈ.ਪੀ.ਏ. ਦੇ ਯਤਨਾਂ ਕਾਰਨ ਸਕੌਟ ਪਰੂਇਟ ਦੀ ਇਸ ਸੰਸਥਾ ਨਾਲ ਤਿੱਖੀ ਝੜਪ ਹੋਈ ਸੀ।

ਜੀਨਾ ਮੈਕਾਰਥੀ ਸਾਬਕਾ ਰਾਸ਼ਟਰਪਤੀ ਬਰਾਕ ਓਬਾਮਾ ਦੇ ਰਾਜ ਕਾਲ ਦੌਰਾਨ ਈ.ਪੀ.ਏ. ਦੀ ਮੁਖੀ ਅਤੇ ਰਾਸ਼ਟਰਪਤੀ ਓਬਾਮਾ ਦੀਆਂ ਵਾਤਾਵਰਣ ਤਬਦੀਲੀ ਸਬੰਧੀ ਨੀਤੀਆਂ ਦੀ ਮੁੱਖ ਵਿਉਂਤਕਾਰ ਸੀ। ਸਕੌਟ ਪਰੂਇਟ ਨੇ ਖਾਸ ਤੌਰ 'ਤੇ ਜੀਨਾ ਮੈਕਾਰਥੀ ਖ਼ਿਲਾਫ਼ ਜੰਗ ਛੇੜ ਦਿੱਤੀ ਸੀ। ਜੀਨਾ ਨੇ ਸਾਫ਼ ਹਵਾ ਸਬੰਧੀ ਕਾਨੂੰਨ ਬਣਾਉਣ ਵਿਚ ਮੁੱਖ ਭੂਮਿਕਾ ਨਿਭਾਈ ਸੀ ਜੋ ਓਬਾਮਾ ਪ੍ਰਸ਼ਾਸਨ ਵੱਲੋਂ ਵਾਤਾਵਰਣਕ ਸੁਧਾਰਾਂ ਲਈ ਕੀਤੀਆਂ ਪਹਿਲਕਦਮੀਆਂ ਵਿਚੋਂ ਇਕ ਸੀ। ਸਕੌਟ ਪਰੂਇਟ ਸਾਫ਼ ਹਵਾ ਸਬੰਧੀ ਕਾਨੂੰਨ ਦਾ ਆਲੋਚਕ ਸੀ, ਕਿਉਂਕਿ ਇਹ ਪਥਰਾਟ ਬਾਲਣ ਸਨਅਤ ਦੇ ਆਰਥਿਕ ਹਿੱਤਾਂ ਦੇ ਵਿਰੁੱਧ ਸੀ। ਪਰੂਇਟ ਤੇਲ ਭਰਪੂਰ ਓਕਲਾਹੋਮਾ ਸੂਬੇ ਦਾ ਅਟਾਰਨੀ ਜਨਰਲ ਸੀ ਅਤੇ ਉਹ ਪਥਰਾਟ ਬਾਲਣ ਸਨਅਤ ਦੇ ਵੱਡੇ ਹਾਮੀ ਵਜੋਂ ਜਾਣਿਆ ਜਾਂਦਾ ਸੀ।

ਟਰੰਪ ਦੇ ਵਾਤਾਵਰਣ ਵਿਰੋਧੀ ਪੈਂਤੜਿਆਂ ਨੇ ਰਿਪਬਲਿਕਨ ਪਾਰਟੀ ਦੀ ਵਾਤਾਵਰਣ ਤਬਦੀਲੀ ਤੋਂ ਇਨਕਾਰ ਦੀ ਪ੍ਰਵਿਰਤੀ ਨੂੰ ਉਤਸ਼ਾਹਿਤ ਕੀਤਾ ਹੈ। ਗਨੀਮਤ ਹੈ ਕਿ ਵਿਗਿਆਨਕ ਭਾਈਚਾਰਾ ਇਸ ਗੱਲ ਬਾਰੇ ਇਕਮੁੱਠ ਹੈ ਕਿ ਮਨੁੱਖਾਂ ਵੱਲੋਂ ਪਥਰਾਟ ਬਾਲਣਾਂ ਦੀ ਵਰਤੋਂ ਹੀ ਗਰੀਨਹਾਊਸ ਗੈਸਾਂ ਦੇ ਉਤਸਰਜਨ ਅਤੇ ਆਲਮੀ ਤਪਸ਼ ਦਾ ਮੁੱਖ ਕਾਰਨ ਹੈ। ਵਿਗਿਆਨ ਦਾ ਪੂਰੀ ਤਰ੍ਹਾਂ ਵਿਰੋਧ ਕਰਨਾ ਟਰੰਪ ਲਈ ਵੀ ਆਸਾਨ ਨਹੀਂ ਹੋਵੇਗਾ। ਇਸ ਤੋਂ ਵੀ ਅਹਿਮ ਗੱਲ ਇਹ ਹੈ ਕਿ ਨਿੱਤ ਹੋ ਰਹੀ ਆਰਥਿਕ ਅਤੇ ਤਕਨੀਕੀ ਤਬਦੀਲੀ ਸੂਰਜੀ ਅਤੇ ਪੌਣ ਊਰਜਾ ਵਰਗੇ ਨਵਿਆਉਣਯੋਗ ਊਰਜਾ ਸਰੋਤਾਂ ਨੂੰ ਪਥਰਾਟ ਬਾਲਣ ਆਧਾਰਤ ਊਰਜਾ ਨਾਲੋਂ ਸਸਤਾ ਬਣਾ ਰਹੀ ਹੈ। ਇਹ ਆਰਥਿਕ ਤਬਦੀਲੀਆਂ ਅਮਰੀਕਾ ਦੇ ਵਪਾਰੀ ਵਰਗ ਦੇ ਇਕ ਹਿੱਸੇ ਨੂੰ ਟਰੰਪ ਦੀਆਂ ਪਥਰਾਟ ਬਾਲਣ ਪੱਖੀ ਪਹਿਲਕਦਮੀਆਂ ਦੇ ਖ਼ਿਲਾਫ਼ ਕਰ ਸਕਦੀਆਂ ਹਨ। ਨਾਲ ਹੀ ਵਾਤਾਵਰਣ ਪੱਖੀ ਮੁਹਿੰਮਕਾਰਾਂ ਅਤੇ ਸੰਗਠਨਾਂ ਦੀ ਹਮਾਇਤ ਨਾਲ ਬਰਨੀ ਸੈਂਡਰਜ਼ ਜਿਹੀਆਂ ਸ਼ਖ਼ਸੀਅਤਾਂ ਵੱਲੋਂ ਸ਼ੁਰੂ ਕੀਤਾ ਗਿਆ ਸਿਆਸੀ ਵਿਰੋਧ ਅਤੇ ਸਾਰੀ ਨਹੀਂ ਤਾਂ ਡੈਮੋਕਰੈਟਿਕ ਪਾਰਟੀ ਦੇ ਜ਼ਿਆਦਾਤਰ ਮੈਂਬਰਾਂ ਵੱਲੋਂ ਵਿਰੋਧ ਟਰੰਪ ਦੇ ਨੁਕਸਦਾਰ ਨਜ਼ਰੀਏ ਅਤੇ ਨੀਤੀਆਂ ਨੂੰ ਰੋਕਣ ਵਿਚ ਸਭ ਤੋਂ ਵੱਧ ਫ਼ੈਸਲਾਕੁਨ ਭੂਮਿਕਾ ਨਿਭਾਏਗਾ।

ਡੋਨਲਡ ਟਰੰਪ ਦੇ ਇਸ ਵਿਤਰਕਵਾਦੀ ਨਜ਼ਰੀਏ ਦੇ ਮੱਦੇਨਜ਼ਰ ਉਸ ਦੇ ਹੋਰ ਮੁਲਕਾਂ ਜਾਂ ਸੰਯੁਕਤ ਰਾਸ਼ਟਰ ਵਰਗੇ ਕੌਮਾਂਤਰੀ ਸੰਗਠਨਾਂ ਅਤੇ ਪੈਰਿਸ ਜਲਵਾਯੂ ਸੰਧੀ ਤੋਂ ਪ੍ਰਭਾਵਿਤ ਹੋਣ ਦੀ ਸੰਭਾਵਨਾ ਨਹੀਂ ਹੈ। ਮੁੱਖ ਤੌਰ 'ਤੇ ਘਰੇਲੂ ਪੱਧਰ ਉਤੇ ਵਿਗਿਆਨਕ, ਵਾਤਾਵਰਣਕ, ਵਪਾਰਕ ਅਤੇ ਸਿਆਸੀ ਹਲਕਿਆਂ ਵੱਲੋਂ ਵਿਰੋਧ ਹੀ ਟਰੰਪ ਨੂੰ ਵਾਤਾਵਰਣ ਤਬਦੀਲੀ ਸਬੰਧੀ ਗੱਲਬਾਤ ਅਤੇ ਸਮਝੌਤਿਆਂ ਨੂੰ ਪੇਤਲਾ ਪਾਉਣ ਤੋਂ ਰੋਕ ਸਕਦਾ ਹੈ ਜੋ ਧਰਤੀ ਬਚਾਉਣ ਲਈ ਬਹੁਤ ਜ਼ਰੂਰੀ ਹੈ।

# ਸਿਆਸਤ, ਸੌਦੇਬਾਜ਼ੀ ਅਤੇ ਵੋਟਰ

ਪੰਚਾਇਤ ਚੋਣਾਂ ਤੋਂ ਲੈ ਕੇ ਲੋਕ ਸਭਾ ਦੀਆਂ ਚੋਣਾਂ ਤਕ ਵੋਟਰ ਨੂੰ ਆਪਣੀ ਵੋਟ ਦੀ ਅਹਿਮੀਅਤ ਦਾ ਅਸਥਾਈ ਤੌਰ 'ਤੇ ਪਤਾ ਲੱਗਦਾ ਹੈ। ਰੋਟੀ ਦੇਣ ਦੇ ਵਾਅਦੇ, ਕਿਰਤ ਦਾ ਬਣਦਾ ਹੱਕ, ਕੁੱਲੀ ਨੂੰ ਮਕਾਨ ਵਿਚ ਬਦਲਣ ਜਿਹੇ ਵਾਅਦਿਆਂ ਦਾ ਚੋਗਾ ਖਿਲਾਰ ਕੇ ਚੋਣ ਲੜ ਰਿਹਾ ਉਮੀਦਵਾਰ ਵੋਟਰ ਨੂੰ ਬੜੇ ਚਾਅ ਅਤੇ ਉਤਸ਼ਾਹ ਨਾਲ ਆਪਣੇ ਹੱਕ ਵਿਚ ਭੁਗਤਣ ਲਈ ਤਿਆਰ ਕਰ ਲੈਂਦਾ ਹੈ, ਪਰ ਬਾਅਦ ਵਿਚ ਉਸ ਦੀ ਹਾਲਤ ਉਸ ਬੇਵਸ ਕਿਸਾਨ ਵਰਗੀ ਹੁੰਦੀ ਹੈ ਜੋ ਔੜਾਂ ਮਾਰੀ ਫ਼ਸਲ ਵੇਖ ਕੇ ਆਸ ਭਰੀਆਂ ਨਜ਼ਰਾਂ ਨਾਲ ਆਸਮਾਨ ਵੱਲ ਦੇਖਦਾ ਹੈ। ਕਦੇ ਕਦੇ ਬੱਦਲ

**ਮੋਹਨ ਸ਼ਰਮਾ**
**ਫੋਨ: +91-94171-48866**

ਗਰਜਦਾ ਵੀ ਹੈ, ਪਰ ਮੀਂਹ ਨਹੀਂ ਪੈਂਦਾ।

ਭਾਰਤੀ ਚੋਣ ਕਮਿਸ਼ਨ ਨੇ ਵਿਧਾਨ ਸਭਾ ਦੀ ਚੋਣ ਲੜਨ ਵਾਲੇ ਉਮੀਦਵਾਰ ਲਈ ਭਾਵੇਂ ਚੋਣ ਖਰਚੇ ਦੀ ਸੀਮਾ 28 ਲੱਖ ਰੁਪਏ ਮਿਥੀ ਹੈ, ਪਰ ਇਸ ਹੱਦ ਅੰਦਰ ਰਹਿ ਕੇ ਖਰਚ ਕਰਨ ਵਾਲੇ ਉਮੀਦਵਾਰ ਘੱਟ ਹਨ। ਵੱਡੀਆਂ ਪਾਰਟੀਆਂ ਦੇ ਉਮੀਦਵਾਰਾਂ ਨੂੰ ਤਾਂ ਟਿਕਟ ਪ੍ਰਾਪਤ ਕਰਨ ਲਈ ਹੀ ਪਾਰਟੀ ਨੂੰ ਚਾਰ ਪੰਜ ਕਰੋੜ ਰੁਪਏ ਦੇਣੇ ਪੈ ਜਾਂਦੇ ਹਨ। ਇੰਨਾ ਪੈਸਾ ਹੀ ਉਹ ਆਪਣੀ ਚੋਣ 'ਤੇ ਖਰਚ ਕੇ ਜਿੱਤਣ ਉਪਰੰਤ ਜਿਥੇ ਉਹ ਜਾਇਜ਼-ਨਾਜਾਇਜ਼ ਢੰਗ ਨਾਲ ਪਹਿਲਾਂ ਕੀਤੇ ਖਰਚ ਦੀ ਪੂਰਤੀ ਕਰਦਾ ਹੈ, ਫਿਰ ਅਗਲੀਆਂ ਚੋਣਾਂ ਲਈ ਇੰਨੇ ਪੈਸੇ ਦਾ ਜੁਗਾੜ ਕਰਨ ਦੇ ਨਾਲ ਨਾਲ ਆਪਣਾ ਭਵਿਖ ਸੁਰੱਖਿਅਤ ਰੱਖਣ ਲਈ ਧਨ ਕੁਬੇਰਾਂ ਕੋਲੋਂ ਪੈਸਾ ਇਕੱਠਾ ਕਰ ਕੇ ਆਪਣੀਆਂ ਤਿਜੋਰੀਆਂ ਭਰਨ ਵਿਚ ਵੀ ਕੋਈ ਕਸਰ ਨਹੀਂ ਛੱਡਦਾ। ਪਾਰਟੀਆਂ ਅਤੇ ਉਮੀਦਵਾਰਾਂ ਦੀ ਇਸ ਸਾਂਝ ਕਾਰਨ ਹੀ ਟਿਕਟਾਂ ਪ੍ਰਾਪਤ ਕਰਨ ਵਿਚ ਕਾਮਯਾਬ ਰਹੇ ਉਮੀਦਵਾਰਾਂ ਦੀ ਯੋਗਤਾ, ਗੁਣ, ਪਿਛੋਕੜ, ਦੇਸ਼ ਪ੍ਰਤੀ ਵਫ਼ਾਦਾਰੀ ਅਤੇ ਕਿਰਦਾਰ ਨੂੰ ਛਿੱਕੇ ਟੰਗ ਕੇ ਪੈਸਾ, ਬਾਹੂਬਲ ਅਤੇ ਜੁਰਮ ਹੀ ਉਸ ਦੇ 'ਗੁਣ' ਬਣ ਜਾਂਦੇ ਹਨ ਅਤੇ ਰਾਸ਼ਟਰ ਨਿਰਮਾਣ ਵਿਚ ਆਪਣਾ 'ਯੋਗਦਾਨ' ਪਾਉਣ ਲਈ ਉਨ੍ਹਾਂ ਨੂੰ ਵਿਧਾਨ ਸਭਾ ਵਿਚ ਭੇਜਣ ਵਾਸਤੇ ਹਰ ਸੰਭਵ ਯਤਨ ਕੀਤਾ ਜਾਂਦਾ ਹੈ। ਇਸ ਕਾਰਨ ਹੀ ਆਜ਼ਾਦੀ ਦੇ 70 ਸਾਲਾਂ ਬਾਅਦ ਵੀ ਲੋਕਾਂ ਦੇ ਦਿਲਾਂ ਅੰਦਰ ਰਾਜਸੀ ਆਗੂਆਂ ਪ੍ਰਤੀ ਭਰੋਸਾ ਅਤੇ ਵਿਸ਼ਵਾਸ ਤਿੜਕਿਆ ਹੈ। ਲੋਕਾਂ ਦੇ ਹਿੱਤਾਂ ਨਾਲ ਇਨ੍ਹਾਂ ਦਾ ਕੋਈ ਸਰੋਕਾਰ ਨਹੀਂ। 'ਭ੍ਰਿਸ਼ਟਾਚਾਰੀ ਦੇਸ਼' ਹੋਣ ਦੇ ਲੱਗੇ ਧੱਬੇ ਦਾ ਕਾਰਨ ਵੀ ਸਿਆਸਤਦਾਨਾਂ ਵੱਲੋਂ ਵੱਧ ਤੋਂ ਵੱਧ ਹੱਥ ਰੰਗਣੇ ਹਨ। ਦੇਸ਼ ਦਾ ਲੋਕਤੰਤਰ ਇਕ ਸ਼ੇਅਰ ਬਾਜ਼ਾਰ ਦਾ ਰੂਪ ਹੀ ਧਾਰ ਰਿਹਾ ਹੈ। ਕਾਰਪੋਰੇਟ ਜਗਤ, ਤਸਕਰ ਅਤੇ ਕਾਲੇ ਧੰਦੇ ਨਾਲ ਜੁੜੇ ਹੋਏ ਕਾਰੋਬਾਰੀ ਚੋਣਾਂ ਵਿਚ ਰੇਸ ਦੇ ਘੋੜਿਆਂ ਵਾਂਗ ਸਿਆਸਤਦਾਨਾਂ 'ਤੇ ਖੁੱਲ੍ਹ ਕੇ ਪੈਸੇ ਖਰਚ ਕਰਦੇ ਹਨ ਅਤੇ ਫਿਰ ਤਾਕਤ ਵਿਚ ਆਉਣ 'ਤੇ ਉਹ ਉਨ੍ਹਾਂ ਦੇ ਅਹਿਸਾਨਾਂ ਦਾ ਬਦਲਾ ਤਸਕਰੀ ਵਿਚ ਖੁੱਲ੍ਹ ਦੇਣ ਦੇ ਨਾਲ ਨਾਲ ਭਾਈਵਾਲੀ ਕਾਇਮ ਕਰ ਕੇ, ਸਸਤੇ ਭਾਅ ਜ਼ਮੀਨਾਂ ਦਾ ਸੌਦਾ ਕਰਵਾ ਕੇ ਅਤੇ ਵਪਾਰਕ ਅਦਾਰਿਆਂ ਵਿਚ ਜੁਗਾੜ ਕਰਵਾਉਣ ਦੇ ਨਾਲ ਨਾਲ ਲੋਕਾਂ 'ਤੇ ਰੋਅਬ ਪਾਉਣ ਲਈ 'ਅਹਿਮ ਸ਼ਖ਼ਸੀਅਤਾਂ' ਦੀ ਸੂਚੀ ਵਿਚ ਸ਼ਾਮਲ ਕਰਵਾ ਕੇ ਸਰਕਾਰੀ ਗੰਨਮੈਨ ਵੀ ਉਨ੍ਹਾਂ ਦੀ ਸੇਵਾ ਵਿਚ ਲਾ ਦਿੱਤੇ ਜਾਂਦੇ ਹਨ। ਦੂਜੇ ਪਾਸੇ ਜਦੋਂ ਵੋਟਰਾਂ ਨੂੰ ਇਸ ਗੱਲ ਦਾ ਅਹਿਸਾਸ ਹੈ ਕਿ ਲੋਕਤੰਤਰ ਦੀ ਬੁਨਿਆਦ ਹੀ ਪੈਸਾ ਅਤੇ ਨਸ਼ਿਆਂ 'ਤੇ ਟਿਕੀ ਹੋਈ ਹੈ ਤਾਂ ਉਨ੍ਹਾਂ ਨੇ ਆਪਣੀ ਵੋਟ ਵੇਚਣੀ ਸ਼ੁਰੂ ਕਰ ਦਿੱਤੀ ਹੈ। ਉਹ ਨੇਤਾਵਾਂ ਨਾਲ ਸਿੱਧੀ ਸੌਦੇਬਾਜ਼ੀ 'ਤੇ ਉਤਰ ਆਏ ਹਨ। ਇਸ ਸੌਦੇਬਾਜ਼ੀ ਵਿਚ ਅਹਿਮ ਮੁੱਦਿਆਂ 'ਤੇ ਨਸ਼ਾ ਅਤੇ ਪੈਸਾ ਭਾਰੂ ਹੋ ਗਏ ਹਨ। ਸਿਆਸਤ ਵਪਾਰ ਅਤੇ ਵੋਟਰ ਇਸ ਦੀ ਮੰਡੀ ਬਣ ਗਏ ਹਨ। 'ਰਾਜ ਨਹੀਂ ਸੇਵਾ' ਲਈ ਪਿੜ ਵਿਚ ਕੁੱਦੇ ਸਿਆਸੀ ਆਗੂਆਂ ਨੂੰ ਇਸ ਗੱਲ ਦੀ ਕੋਈ ਚਿੰਤਾ ਨਹੀਂ ਕਿ ਅੰਨਦਾਤਾ ਖੁਦਕੁਸ਼ੀਆਂ ਦੇ ਰਾਹ ਪੈ ਗਿਆ ਹੈ ਅਤੇ ਨਸ਼ਿਆਂ ਦੇ ਭੰਨੇ ਨੌਜਵਾਨਾਂ ਦਾ ਹਰ 8 ਮਿੰਟ ਬਾਅਦ ਸਿਵਾ ਬਲ ਰਿਹਾ ਹੈ। ਕੈਂਸਰ ਜਿਹੀ ਨਾਮੁਰਾਦ ਬਿਮਾਰੀ ਨੇ ਕਈ ਪਿੰਡਾਂ ਨੂੰ ਆਪਣੀ ਲਪੇਟ ਵਿਚ ਲੈ ਲਿਆ ਹੈ।

***ਇਸ ਵੇਲੇ ਚੋਣਾਂ ਵਿਚ ਦੇਸ਼, ਪ੍ਰਾਂਤ ਜਾਂ ਸਮਾਜਿਕ ਹਿੱਤਾਂ ਦੀ ਥਾਂ ਦੂਸ਼ਣਬਾਜ਼ੀ, ਅਸ਼ਲੀਲ ਭਾਸ਼ਾ ਜਾਂ ਫਿਰ ਜੋੜ-ਤੋੜ ਦੀ ਰਾਜਨੀਤੀ ਕੀਤੀ ਜਾ ਰਹੀ ਹੈ। ਨਸ਼ੇ, ਰੇਤ ਮਾਫੀਆ, ਰੋਜ਼ੀ-ਰੋਟੀ, ਕੱਪੜਾ, ਮਕਾਨ, ਸਿਹਤ ਸੇਵਾਵਾਂ, ਵਾਤਾਵਰਨ, ਵਿਦਿਆ, ਰੁਜ਼ਗਾਰ, ਖੇਤੀ-ਖੇਤਰ, ਪੇਂਡੂ ਸਭਿਆਚਾਰ, ਔਰਤ ਦੀ ਸੁਰੱਖਿਆ ਅਤੇ ਵਿਕਾਸ ਦੀ ਗੱਲ ਮਿਰਗ ਤ੍ਰਿਸ਼ਨਾ ਬਣ ਗਈ ਹੈ। ਇਸ ਦੀ ਥਾਂ ਨਸ਼ੇ, ਭਾਂਡੇ, ਮੰਜੇ, ਸਿਲੰਡਰ, ਸਮਾਰਟ ਫੋਨ, ਚੱਲ੍ਹੇ, ਗ੍ਰਾਂਟਾਂ ਦੇ ਲਾਰੇ ਜਾਂ ਫਿਰ ਪ੍ਰਤੀ ਵੋਟ ਦਾ ਮੁੱਲ ਪਾ ਕੇ ਵੋਟਰਾਂ ਨੂੰ 'ਵਿਕਾਊ ਮਾਲ' ਬਣਾਇਆ ਜਾ ਰਿਹਾ ਹੈ। ਪਾਰਟੀਆਂ ਵੱਲੋਂ ਤਿਆਰ ਕੀਤਾ ਚੋਣ ਮਨੋਰਥ ਪੱਤਰ ਤਾਂ ਹੁਣ ਲਾਰੇ-ਲੱਪਿਆਂ ਨਾਲ ਭਰਿਆ ਦਸਤਾਵੇਜ਼ ਹੀ ਬਣ ਗਿਆ ਹੈ ਅਤੇ ਚੋਣਾਂ ਉਪਰੰਤ ਇਨ੍ਹਾਂ ਚੋਣ ਮਨੋਰਥ ਪੱਤਰਾਂ 'ਤੇ ਧੂੜ ਪੈਂਦੀ ਰਹਿੰਦੀ ਹੈ।***

ਇਸ ਵੇਲੇ ਚੋਣਾਂ ਵਿਚ ਦੇਸ਼, ਪ੍ਰਾਂਤ ਜਾਂ ਸਮਾਜਿਕ ਹਿੱਤਾਂ ਦੀ ਥਾਂ ਦੂਸ਼ਣਬਾਜ਼ੀ, ਅਸ਼ਲੀਲ ਭਾਸ਼ਾ ਜਾਂ ਫਿਰ ਜੋੜ-ਤੋੜ ਦੀ ਰਾਜਨੀਤੀ ਕੀਤੀ ਜਾ ਰਹੀ ਹੈ। ਨਸ਼ੇ, ਰੇਤ ਮਾਫੀਆ, ਰੋਜ਼ੀ-ਰੋਟੀ, ਕੱਪੜਾ, ਮਕਾਨ, ਸਿਹਤ ਸੇਵਾਵਾਂ, ਵਾਤਾਵਰਨ, ਵਿਦਿਆ, ਰੁਜ਼ਗਾਰ, ਖੇਤੀ-ਖੇਤਰ, ਪੇਂਡੂ ਸਭਿਆਚਾਰ, ਔਰਤ ਦੀ ਸੁਰੱਖਿਆ ਅਤੇ ਵਿਕਾਸ ਦੀ ਗੱਲ ਮਿਰਗ ਤ੍ਰਿਸ਼ਨਾ ਬਣ ਗਈ ਹੈ। ਇਸ ਦੀ ਥਾਂ ਨਸ਼ੇ, ਭਾਂਡੇ, ਮੰਜੇ, ਸਿਲੰਡਰ, ਸਮਾਰਟ ਫੋਨ, ਚੱਲ੍ਹੇ, ਗ੍ਰਾਂਟਾਂ ਦੇ ਲਾਰੇ ਜਾਂ ਫਿਰ ਪ੍ਰਤੀ ਵੋਟ ਦਾ ਮੁੱਲ ਪਾ ਕੇ ਵੋਟਰਾਂ ਨੂੰ 'ਵਿਕਾਊ ਮਾਲ' ਬਣਾਇਆ ਜਾ ਰਿਹਾ ਹੈ। ਪਾਰਟੀਆਂ ਵੱਲੋਂ ਤਿਆਰ ਕੀਤਾ ਚੋਣ ਮਨੋਰਥ ਪੱਤਰ ਤਾਂ ਹੁਣ ਲਾਰੇ-ਲੱਪਿਆਂ ਨਾਲ ਭਰਿਆ ਦਸਤਾਵੇਜ਼ ਹੀ ਬਣ ਗਿਆ ਹੈ ਅਤੇ ਚੋਣਾਂ ਉਪਰੰਤ ਇਨ੍ਹਾਂ ਚੋਣ ਮਨੋਰਥ ਪੱਤਰਾਂ 'ਤੇ ਧੂੜ ਪੈਂਦੀ ਰਹਿੰਦੀ ਹੈ।

ਪੰਜਾਬ ਦੇ ਵਿਕਾਸ ਦਾ ਦਾਅਵਾ ਕਰਨ ਵਾਲੇ ਜਾਂ ਪੰਜਾਬ ਨੂੰ ਭਾਰਤ ਦਾ ਸਿਰਮੌਰ ਸੂਬਾ ਬਣਾਉਣ ਦਾ ਵਾਅਦਾ ਕਰਨ ਵਾਲਿਆਂ ਨੂੰ ਇਹ ਚਿੰਤਾ ਨਹੀਂ ਕਿ ਪੰਜਾਬ ਵਿਚ ਲੁੱਟਾਂ, ਖੋਹਾਂ, ਠੱਗੀਆਂ, ਨਾਜਾਇਜ਼ ਕਬਜ਼ਿਆਂ, ਬਲਾਤਕਾਰਾਂ, ਭਾੜੇ ਦੇ ਕਾਤਲਾਂ ਅਤੇ ਘਰਾਂ ਅੰਦਰ ਬੈਠਿਆਂ 'ਤੇ ਚੱਲ ਰਹੇ ਹਥਿਆਰਾਂ ਨੇ ਖੌਫ਼ ਦੀਆਂ ਦੀਵਾਰਾਂ ਖੜ੍ਹੀਆਂ ਕਰ ਦਿੱਤੀਆਂ ਹਨ। ਗੁਰੂਆਂ ਪੀਰਾਂ ਦਾ ਵਰੋਸਾਇਆ ਪੰਜਾਬ ਹੁਣ ਗੈਂਗਸਟਰਾਂ ਅਤੇ ਅਪਰਾਧੀਆਂ ਦੀ ਧਰਤੀ ਵਜੋਂ ਜਾਣਿਆ ਜਾਂਦਾ ਹੈ। ਅਜਿਹੀ ਮਾਰੂ ਅਤੇ ਹਿੰਸਕ ਪ੍ਰਵਿਰਤੀ ਰਾਹੀਂ ਪੰਜਾਬ ਵਿਚ ਭਾਈ ਲਾਲੋ ਦੇ ਵਾਰਸ ਨਹੀਂ, ਸਗੋਂ ਮਲਿਕ ਭਾਗੋ ਦੇ ਵਾਰਸ ਪੈਦਾ ਹੋ ਰਹੇ ਹਨ।

ਪੰਜਾਬ ਦੀ ਹਰ ਚੋਣ ਨਾਲ ਪ੍ਰਾਂਤ ਵਿਚ 70-80 ਹਜ਼ਾਰ ਨਵੇਂ ਨਸ਼ੱਈ ਪੈਦਾ ਹੋ ਜਾਂਦੇ ਹਨ। ਇਹ ਸਭ ਕੁਝ ਜਿਥੇ ਨੌਜਵਾਨਾਂ ਨੂੰ ਵਿਗਾੜਨ, ਘਰ ਤੋੜਨ, ਅਪਰਾਧਾਂ ਅਤੇ ਦੁਰਘਟਨਾਵਾਂ ਵਿਚ ਵਾਧਾ ਕਰਦਾ ਹੈ; ਉਥੇ ਹੀ ਬਿਮਾਰੀਆਂ, ਅਨੁਸ਼ਾਸਨਹੀਣਤਾ, ਵਹਿਮ-ਭਰਮ ਅਤੇ ਤਣਾਅ ਨੌਜਵਾਨਾਂ ਦੇ ਪੈਰਾਂ ਦੀਆਂ ਬੇੜੀਆਂ ਵੀ ਬਣਦੇ ਹਨ। ਸਮਾਜ ਬਿਮਾਰ ਹੋ ਰਿਹਾ ਹੈ ਅਤੇ ਬਿਮਾਰ ਸਮਾਜ ਦੀ ਉਮਰ ਜ਼ਿਆਦਾ ਲੰਮੀ ਨਹੀਂ ਹੁੰਦੀ। ਨਸ਼ੇ ਦੀ ਸ਼ਰੇਆਮ ਸਪਲਾਈ ਕਾਰਨ ਹੀ ਬਲਾਤਕਾਰ ਦੀਆਂ ਘਟਨਾਵਾਂ ਵਿਚ 33 ਫ਼ੀਸਦੀ, ਅਗਵਾ ਅਤੇ ਉਧਾਲਣ ਦੀਆਂ ਵਾਰਦਾਤਾਂ ਵਿਚ 14 ਫ਼ੀਸਦੀ, ਲੁੱਟਾਂ ਖੋਹਾਂ ਵਿਚ 22 ਫ਼ੀਸਦੀ, ਸੰਨ੍ਹ ਲਾਉਣ ਦੀਆਂ ਘਟਨਾਵਾਂ ਵਿਚ 15 ਫ਼ੀਸਦੀ ਦਾ ਵਾਧਾ ਹੋਣਾ ਪੰਜਾਬ ਦੇ ਮੱਥੇ 'ਤੇ ਕਲੰਕ ਹੀ ਤਾਂ ਹੈ। ਇਥੇ ਵਰਣਨਯੋਗ ਹੈ ਕਿ ਨਸ਼ਿਆਂ ਨੂੰ ਉਤਸ਼ਾਹਿਤ ਕਰਨਾ, ਨਸ਼ਿਆਂ ਦੇ ਸਾਧਨ ਉਪਲਬਧ ਕਰਕੇ ਇਹ ਸਭ ਕੁਝ ਤੱਥ, ਤਰਕ, ਜ਼ਮੀਨੀ ਹਕੀਕਤ ਅਤੇ ਮਾਨਵੀ ਕਦਰਾਂ ਕੀਮਤਾਂ ਦੇ ਆਧਾਰ 'ਤੇ ਸਮਾਜਿਕ ਅਪਰਾਧ ਹੈ। ਜੋ ਕੰਮ ਸਦਾਚਾਰਕ ਪੱਖ ਤੋਂ ਠੀਕ ਨਹੀਂ, ਉਹ ਸਿਆਸਤ ਦੇ ਪੱਖ ਤੋਂ ਕਿਵੇਂ ਠੀਕ ਹੋ ਸਕਦਾ ਹੈ? ਦੁਖਾਂਤਕ ਪੱਖ ਇਹ ਵੀ ਹੈ ਕਿ ਚੋਣ ਲੜਨ ਵਾਲੇ ਆਗੂਆਂ ਲਈ ਜਿਹੜਾ ਮੁੱਦਾ ਹੋਣਾ ਚਾਹੀਦਾ ਸੀ, ਉਸੇ ਨੂੰ ਹੀ ਸਾਧਨ ਬਣਾ ਕੇ ਸੱਤਾ ਦੀਆਂ ਪੌੜੀਆਂ 'ਤੇ ਚੜ੍ਹਨ ਦੇ ਯਤਨ ਜਾਰੀ ਹਨ।

# ਵੋਟਾਂ ਵੇਲੇ ਵੀ ਬਾਪੂ ਕਹਾਉਣ ਤੋਂ ਮੁੱਕਰੇ ਲੋਕ

## ਨੋਕ-ਝੋਕ



ਐਸ. ਅਸ਼ੋਕ ਭੌਰਾ
ਫੋਨ: 510-415-3315

*ਹੁਣ ਮਾਰੂਥਲ ਵਿਚ ਮੀਂਹ ਨਹੀਂ ਬਰਫ ਵੀ ਪੈਣ ਲੱਗ ਪਈ ਹੈ ਤੇ ਰੋਂਦੀਆਂ ਅੱਖਾਂ ਨਾਲ ਗਿੱਧਾ ਪਾਉਣ ਦੀ ਸਥਿਤੀ ਵੀ ਬਣਦੀ ਜਾ ਰਹੀ ਹੈ, ਫਿਰ ਏਦਾ ਲੱਗ ਨਹੀਂ ਰਿਹਾ ਕਿ ਉਹ ਹੋ ਸਕਦਾ ਹੈ ਜਿਸ ਨੂੰ ਮੰਨਣ ਲਈ ਖਲਕਤ ਹੁੰਗਾਰਾ ਭਰ ਹੀ ਨਹੀਂ ਸੀ ਰਹੀ। ਵਿਗਿਆਨਕ ਯੁੱਗ ਵਿਚ ਵੀ 'ਰੱਬ' ਦੀ ਮਾਨਤਾ ਘਟਦੀ ਨਜ਼ਰ ਨਹੀਂ ਆਉਂਦੀ, ਤੇ ਜਦੋਂ ਹਾਕਮ ਰੱਬ ਬਣਨ ਦਾ ਭਰਮ ਪਾਲ ਰਹੇ ਹਨ, ਮਨੁੱਖ ਦੀ ਪੀੜਾ ਹੋਰ ਵਧਣ ਲੱਗ ਪਈ ਹੈ। ਅਸੀਂ ਉਸ ਯੁੱਗ ਵਿਚ ਵਿਚਰ ਰਹੇ ਹਾਂ, ਜਿਸ ਅੰਦਰ ਲੋਕ ਭਰਮ ਵਿਚ ਹਨ ਕਿ ਸ਼ਾਇਦ ਕਾਂ, ਘੁੱਗੀਆਂ ਦੇ ਆਲ੍ਹਣਿਆਂ ਦੀ ਰਾਖੀ ਕਰ ਲੈਣਗੇ। ਡਾ. ਬਿਮਾਰੀਆਂ ਦਾ ਨਹੀਂ ਮਰੀਜ਼ਾਂ ਦਾ ਇਲਾਜ ਕਰਨ ਦਾ ਯਤਨ ਕਰ ਰਹੇ ਹਨ। ਹੁਣ ਸ਼ਿਵ ਭਗਵਾਨ ਕਥਾ ਤਾਂ ਕਰ ਰਿਹਾ ਹੈ, ਪਰ ਹੁੰਗਾਰਾ ਦੇਣ ਵਾਲੇ ਕਬੂਤਰਬਾਜ਼ ਬਣਨ ਦੀ ਕੋਸ਼ਿਸ਼ ਵਿਚ ਲੱਗੇ ਹੋਏ ਹਨ। ਪਜ਼ਾਮਾ ਪਹਿਨਣ ਵਾਲੇ ਪੈਂਟ ਵਿਚ ਨੁਕਸ ਲੱਭ ਰਹੇ ਹਨ ਹਨ ਅਤੇ ਜਿਨ੍ਹਾਂ ਨੇ ਪੈਂਟ ਪਹਿਨੀ ਹੋਈ ਹੈ, ਉਹ ਘੁਟਵੀਂ ਚੂੜੀਦਾਰ ਪਜਾਮੀ ਪਾਉਣ ਲਈ ਕਾਹਲੇ ਹਨ। ਸਿਆਣੇ ਸਵੀਕਾਰ ਕਰਨ ਲੱਗੇ ਹਨ ਕਿ ਲੱਤਾਂ ਬਾਹਾਂ ਤਾਂ ਠੀਕ ਹਨ, ਪਰ ਰਾਜਨੀਤੀ ਨੇ ਤੁਰਨ ਜੋਗੇ ਫਿਰ ਵੀ ਨਹੀਂ ਛੱਡਿਆ। ਇਹੀ ਕਾਰਨ ਹੈ ਕਿ ਮਨੁੱਖ ਸਾਵਧਾਨ ਹੋ ਕੇ ਖੜਨ ਦਾ ਯਤਨ ਤਾਂ ਕਰ ਰਿਹਾ ਹੈ, ਪਰ ਤਵਾਜਨ ਗਵਾਚ ਗਿਆ ਹੈ। ਪ੍ਰੇਮਿਕਾ ਪ੍ਰੇਮੀ ਨਾਲ ਰੁੱਸ ਤਾਂ ਰਹੀ ਹੈ ਕਿ ਪਿਆਰ ਤਾਂ ਛਲਕਦਾ ਹੈ ਪਰ ਕੁਰਬਾਨੀ ਨਹੀਂ। ਨੇਤਾਵਾਂ ਅੱਗੇ ਹਾੜੇ ਕੱਢਣਾ, ਤਰਲੇ ਕਰਨ, ਤੇ ਰੋਣ-ਧੋਣ ਕਰਕੇ ਧਰਮ ਬੂਹੇ ਭੇੜਦਾ ਜਾ ਰਿਹਾ ਹੈ। ਹਕੂਮਤਾਂ ਨੂੰ ਲੋਕ ਸਾਜ ਤਾਂ ਨਵੇਂ ਨਕੋਰ ਦੇ ਰਹੇ ਹਨ, ਪਰ ਲਾਲਚ ਤੇ ਭ੍ਰਿਸ਼ਟ ਸੁਰ-ਤਾਲ ਪਰਜਾ ਨਾਲ ਇਕਸੁਰ ਨਹੀਂ ਹੋਣ ਦੇ ਰਿਹਾ। ਰਾਜਨੀਤੀ 'ਚ ਦਾਖਲ ਹੋਣ ਦੀ ਭੀੜ ਤਾਂ ਵਧ ਗਈ ਹੈ, ਕਿ ਟੁੱਟੇ ਤੀਰਾਂ ਨਾਲ ਛੋਟੇ ਰਸਤਿਆਂ ਰਾਹੀਂ ਵੱਡੇ ਸ਼ਿਕਾਰ ਕਰਨ ਦੀ ਸੋਚ ਪੈਦਾ ਕਰੀ ਬੈਠੇ ਹਨ। ਜੇ ਧਾਰਮਿਕ ਅਸਥਾਨਾਂ 'ਤੇ ਬਹਿਸ ਹੋਣ ਲੱਗ ਪਈ ਹੈ, ਪਿਉ ਪੁੱਤ ਇੱਕ ਦੂਜੇ ਵੱਲ ਪਿੱਠ ਕਰ ਰਹੇ ਹਨ, ਨਸ਼ੇ ਮਾਂ ਦੀ ਮਮਤਾ ਨਿਗਲ ਰਹੇ ਹਨ ਤਾਂ ਇਹਦੇ 'ਚ ਖਾਸ ਤਾਂ ਕੁਝ ਵੀ ਨਹੀਂ ਕਿ ਵਿਧਾਨ ਸਭਾਵਾਂ 'ਚ ਮਿਰਚਾਂ ਦਾ ਛਿੜਕਾਅ ਹੋ ਰਿਹਾ ਹੈ ਤੇ ਕੁਰਸੀਆਂ ਇੱਕ ਦੂਜੇ ਵਿਚ ਉਛਲ ਰਹੀਆਂ ਹਨ। ਪੁੱਤਰ ਮੋਹ ਹਰ ਇਨਸਾਨ ਦੇ ਅੰਦਰ ਰਿਹਾ ਹੈ ਤੇ ਰਹੇਗਾ ਵੀ, ਪਰ ਹੁਣ ਆ ਕੇ ਲੋਕਾਂ ਨੂੰ ਸ਼ਾਇਦ ਸਮਝ ਲੱਗੀ ਹੈ ਕਿ ਇਸ ਦਾ ਬੁਢਾਪੇ 'ਚ ਜਲੀਲ ਹੋ ਕੇ ਮੁੱਲ ਤਾਰਨਾ ਔਖਾ ਕਿੰਨਾ ਹੈ? ਚਲੋ ਫਿਰ ਵੀ...!*

"ਜਾਗਰਾ ਚੱਲ ਠੰਢ 'ਚ ਅੱਗ ਤਾਂ ਸੇਕੀ ਚੱਲ, ਹਾ ਜ਼ਮੀਨ ਤੇ ਲੀਕਾਂ ਜਿਹੀਆਂ ਕੀ ਮਾਰੀ ਜਾਨੈਂ?" ਭਜਨੇ ਨੇ ਧੂਣੀ ਤੇ ਬੈਠੇ ਜਾਗਰ ਨੂੰ ਮਸ਼ਕਰੀ ਲਹਿਜੇ 'ਚ ਪੁੱਛਿਆ।

"ਹਿਸਾਬ ਕਿਤਾਬ ਹੀ ਲਾਉਂਦਾ ਸੀ ਪਈ ਕਿਹੜੀ ਪਾਰਟੀ ਕਿੰਨੀਆਂ ਸੀਟਾਂ ਲੈ ਜੂ...ਹੋਰ ਕਿਹੜਾ ਮੈਂ ਕੌਡਾਂ ਖੇਡਣੀਆਂ!"

"ਤੂੰ ਕੱਲ੍ਹ ਰੈਲੀ ਤੇ ਗਿਆ ਸੀ, ਮੈਥੋਂ ਤਾਂ ਜਾ ਨੀ ਹੋਇਆ...ਕੀ ਬਣਿਆ! ਕਿੰਨਾ ਕੁ 'ਕੱਠ ਸੀ?"

"ਗਿਆ ਤਾਂ ਮੈਂ ਭਜਨਿਆ ਰੈਲੀ ਤੇ ਪਰਸੋਂ ਵੀ ਸੀ ਤੇ ਚੌਥੇ ਵੀ...।"

"ਫਿਰ! ਕੀਹਦਾ ਛਾਬਾ ਭਾਰੀ ਲਗਦੈ?"

"ਛਾਬਾ ਤਾਂ ਚਲੋ ਲੋਕਾਂ ਨੇ ਹਲਕਾ-ਭਾਰਾ ਕਰ ਹੀ ਦੇਣੈ, ਪਰ ਉਹ ਗੱਲ ਹੈਗੀ ਕੁਛ ਨਹੀਂ...!"

"ਕੀ ਹੋ ਗਿਆ?"

"ਕੋਈ ਕਿਸੇ ਨੂੰ ਕਹੀ ਜਾਂਦੈ ਸ਼ਰਾਬੀ ਐ..., ਕੋਈ ਕਹੀ ਜਾਂਦੈ ਏਡਾ ਡਲਾ 'ਫੀਮ ਦਾ ਖਾਂਦੈ..., ਚੌਥੇ ਤਾਂ ਗੱਲ ਈ ਸਿਰੇ ਲਾਈ ਜਾਣ ਕਿ ਬੁੱਢੇ ਵਾਰੇ ਇਸ਼ਕ ਕਰਨ ਲੱਗਿਐ ਹੋਇਐ... ਉਹ ਵੀ ਵਾਘਿਉਂ ਪਾਰ...ਇਨ੍ਹਾਂ ਨਾਲੋਂ ਤਾਂ ਆਪਾਂ ਈ ਚੰਗੇ ਆਂ ਥੂ ਥੂ ਤਾਂ ਨਹੀਂ ਹੁੰਦੀ...ਅਖੇ ਪੰਜਾਬ ਬਚਾਉਣੰਗੇ!"

"ਨਾ ਤੂੰ ਕਿੱਦਾ ਚੰਗੈਂ?"

"ਆਪਾਂ ਤਾਂ ਭਜਨਿਆਂ ਸ਼ਟਾਂਕ ਪੱਤੇ ਪੀ ਕੇ ਢੋਲੇ ਦੀਆਂ ਲਾਈਦੀਆਂ, ਮਿਰਜ਼ਾ ਗਾਈਦੈ...ਇਨ੍ਹਾਂ ਨੂੰ ਤਾਂ ਕਹਿੰਦੇ ਨੀਂਦ ਨੀ ਆਉਂਦੀ ਤਾਂ ਛਕਦੇ ਆ, ਲੱਖ ਲਾਹਣਤ ਐਸੀ ਜ਼ਿੰਦਗੀ ਦੇ। ਅਖੇ ਰਾਜ ਕਰਦੇ ਆ, ਸੇਵਾ ਕਰਦੇ ਆ...ਸਿਰ ਸੁਆਹ ਇਨ੍ਹਾਂ ਦੇ।"

"...ਲੈ ਹੋਰ ਆ ਗਿਆ ਇੱਕ ਸਾਲਾ ਫੀਨਾ ਜਿਹਾ...ਘਤਿੱਤੀ ਸਾਲਾ ਨਾਜਰ।"

"ਓਏ! ਜਾਗਰਾ ਤੂੰ ਗਾਲ੍ਹ ਕੀਹਨੂੰ ਕੱਢੀ ਐ?"

"ਸਾਲਾ ਕੀ ਹੁੰਦੈ? ਤੇਰਾ ਮੈਂ ਕੀ ਛੰਨਾ ਚੁੱਕਿਆ...! ਨਾਲੇ ਇੱਥੇ ਜੀਜੇ ਸਾਲੇ ਦਾ ਕੀ ਰੌਲੈ...? ਮੂੰਹ ਸੰਭਾਲ ਕੇ ਬੋਲਿਆ ਕਰ।"

"ਲੈ ਤੂੰ ਸਾਲਿਆ ਕਿਤੇ ਮੋਦੀ ਨਾਲ 'ਮਰੀਕਾ ਜਾ ਕੇ ਆਇਐਂ...! ਆਂਹਦਾ ਗਾਲ੍ਹ ਨਾ ਕੱਢੀਂ...ਲੋਕਾਂ ਨੇ ਉਨ੍ਹਾਂ ਮਗਰ ਲਾਹ ਲਈਆਂ ਨੇ...ਤੂੰ ਕੀ ਸਾਲਿਆ ਸ਼ੈਅ ਆ?"

"ਤੂੰ ਮੇਰੀ ਗੱਲ ਕਰ ਉਹ ਕੌਣ?"

"ਜਿਨ੍ਹਾਂ ਤੋਂ ਸਾਲਿਆ ਬੋਰਿਆਂ ਦੇ ਬੋਰੇ ਪਿਛਲੀਆਂ ਵੋਟਾਂ 'ਚ ਭੁੱਕੀ ਦੇ, ਦਾਣਿਆਂ ਵਾਂਗ ਘਰੇ ਸੁਟਾਉਂਦਾ ਸੀ...ਹੁਣ ਪੁੱਛਦਾ ਉਹ ਕੌਣ...! ਸਾਲਾ ਵਿਕਾਊ ਮਾਲ ਵੀ ਬੋਲਣ ਜੋਗਾ ਹੋ ਗਿਆ...।"

"ਓਏ ਜਾਗਰਾ ਮੂੰਹ ਬੰਦ ਕਰ ਲੈ...ਉਨ੍ਹਾਂ ਦੇ ਤਾਂ ਪਤਾ ਨੀ ਪੈਂਦੀਆਂ ਕਿ ਨਹੀਂ, ਪਰ ਹਾਅ ਨਲਕੇ ਦੀ ਹੱਥੀ ਖੋਲ੍ਹ ਕੇ ਤੇਰਾ ਸਿਰ ਖੋਲ੍ਹ ਦੇਣੈ...ਵੱਡਾ ਬਣੀ ਫਿਰਦਾ ਬ੍ਰਹਮ ਗਿਆਨੀ 'ਗਰੇਜੀ ਦੀਆਂ ਬੋਤਲਾਂ ਨ੍ਹੀ ਲਈਆਂ...ਤੇਰੀ ਧੰਨੋ ਨੇ ਸਹੇ ਦੇ ਕੰਨ ਵਰਗੇ ਸੌ ਦੇ ਸੌ ਨੋਟ ਲਏ...ਕੰਜਰ ਦਿਉ ਦੋ ਵੋਟਾਂ ਝੋਡੀਆਂ, ਏਨੀਆਂ ਮਹਿੰਗੀਆਂ ਕਰਤੀਆਂ...ਡੁੱਬ ਕੇ ਮਰ ਜਾਓ, ਗਊ ਦੇ ਜਾਏ ਬਣੇ ਫਿਰਦੇ ਆ...। ਤੂੰ ਵੀ ਨਾਲ ਈ ਰਲ ਗਿਆ ਭਜਨਿਆਂ, ਤੈਨੂੰ ਤਾਂ ਮੈਂ ਚੰਗਾ ਸਮਝਦਾ ਸੀ...ਅੱਜ ਪਤਾ ਲੱਗਾ ਕਿ ਲੁੱਚਿਆਂ ਦੇ ਭਲਾ ਸੁੱਚਾ ਪ੍ਰਾਹੁਣਾ ਕਿੱਥੋਂ ਆਜੂ...!"

"ਨਾਜਰਾ ਠੰਡਾ ਹੋ, ਇਹ ਜਾਗਰ ਦਾ ਸਹੁਰੀ ਦੇ ਦਾ ਕਿਹੜਾ ਪਤਾ ਲਗਦਾ, ਇਹ ਵੀ ਉਹ ਕ੍ਰਿਕਟ ਆਲੇ ਆਂਗੂੰ ਕਦੇ ਘੁਮਿਆਰਾਂ ਦੇ ਆਵੇ 'ਚ ਜਾ ਵੜਦਾ, ਕਦੇ ਤਬੇਲੇ 'ਚ, ਕਦੇ ਫੁੱਲ 'ਚ ਮੂੰਹ ਫਸਾ ਲੈਂਦਾ, ਕਦੇ ਪੰਜੇ 'ਚ...ਬੀਜਦਾ ਸਰੋਂ ਆ ਉਗਦੈ ਬਾਜਰਾ...ਤੂੰ ਆਪਣੇ ਛਿੱਕੇ ਮਾਰੀ ਚੱਲ...ਛੜਿਆਂ ਦੀ ਬਰਾਤ 'ਚ ਨਾ ਬੈਂਡ ਬਾਜਾ ਹੁੰਦੈ ਨਾ ਘੋੜੀ...ਡੋਲੀ ਸਾਰੇ ਚੁੱਕ ਕੇ ਲਿਆਉਣ ਨੂੰ ਤਿਆਰ ਹੁੰਦੇ ਆ...।"

"ਭਜਨਿਆਂ ਇਹ ਸਾਲੇ ਨਾਜਰ ਨੇ ਮੂਡ ਈ ਖਰਾਬ ਕਰ'ਤਾ।"

"ਚੱਲ ਛੱਡ ਜਾਗਰਾ, ਉਧਰ ਭਾਂਬੜ ਮਚੇ ਪਏ ਆ, ਤੂੰ ਮੋਮਬੱਤੀ ਦੀ ਲਾਟ 'ਚੋਂ ਈ ਮਚੀ ਜਾਨਾਂ...।"

"ਕਿਹੜੇ ਭਾਂਬੜ?"

"ਹੁਣ ਕੁੱਲ ਦੁਨੀਆਂ ਦੇ ਪੰਜਾਬੀ ਦਿੱਲੀ ਏਅਰਪੋਰਟ 'ਤੇ ਭੰਗੜੇ ਪਾਉਂਦੇ ਜਹਾਜਾਂ ਦੇ ਜਹਾਜ ਭਰੀ ਉਤਰਦੇ ਆ, ਤੈਨੂੰ ਨਾਜਰਾ ਕੋਲ ਬੈਠਿਆਂ ਢੋਲ ਵੱਜਦਾ ਨ੍ਹੀ ਸੁਣਦਾ...ਤੇ ਭਾਂਬੜ ਪੁੱਛਦੈ!" ਮਾਹਟਰ ਹਰਨਾਮ ਸਿਉਂ ਨੇ ਵੀ ਧੂਣੀ ਦੁਆਲੇ ਆਸਣ ਲਾਉਂਦਿਆਂ ਨਾਜਰ ਵੱਲ ਨੂੰ ਇੱਕ ਹੋਰ ਛੁਰਲੀ ਛੱਡ 'ਤੀ।

"ਚੱਲ ਮਾਹਟਰਾ ਤੂੰ ਦੱਸ ਗੱਲ ਕੀ ਐ?"

"ਜਾਗਰ ਨੇ ਸਾਲੇ ਦੀ ਗਾਲ੍ਹ ਕੱਢ ਕੇ ਮੇਰਾ ਲਹੂ ਹੀ ਤੱਤਾ ਕਰ 'ਤਾ। ਕਿਹੜੇ ਭਾਂਬੜ ਆਂਹਦਾ ਆ ਕੇ, ਅੱਧੀ ਰਾਤੀਂ ਬੂਹਾ ਖੜਕਾ ਕੇ ਕਹੂ ਬਈ ਕਰੋ ਪੱਲਾ...ਲੈ ਭੁੱਕੀ...ਘੋਟਣਾ ਧੰਨੋ ਨੇ ਕੰਧ ਨਾਲ ਖੜ੍ਹਾ ਕੀਤਾ ਹੋਇਐ...ਬਈ ਨਸ਼ੇ ਪੱਤੇ ਦਾ ਜਿਹਨੇ ਨਾਂ ਲਿਆ, ਪੱਕਾ ਚੋਂਦਾ ਜਾਊ ਸਾਡੇ ਘਰੋਂ।"

"ਵੇਖ'ਲਾ ਜਾਗਰਾ ਇਹਨੂੰ ਅਮਲੀ ਕਹਿੰਦੇ ਹੁੰਦੇ ਸੀ...ਥਾਣੇਦਾਰ ਵਾਲੀ ਬੋਲੀ ਬੋਲਦਾ ਅੱਜ ਕੱਲ।"

"ਉਹ ਮਾਹਟਰਾ ਆਪਣੇ ਆਪ ਨੂੰ ਪੜ੍ਹਿਆ ਲਿਖਿਆ ਕਹਾਉਨੈਂ...ਪਤਾ ਤੈਨੂੰ ਟੱਟੂ ਦਾ ਨਹੀਂ...ਬੁੱਧੂ ਬਣਾ ਗਏ ਸਾਨੂੰ...ਆਹ ਜਿਹੜਾ ਉਪਰ ਦੀ ਪਾਈ ਫਿਰਦੈ...ਉਹਦਾ ਭਰ ਕੇ ਬੇੜਾ ਡੁੱਬਣਾ ਦੇਖੀਂ...ਸਾਰਾ ਪਿੰਡ ਦੁਹੱਥੜੀਂ ਪਿੱਟਦੈ...ਸਾਲੇ ਕੋਲ ਭੂਦ ਮਰਲੇ 'ਚ ਘਰ ਸੀ, ਟੁੱਟਿਆ ਖੋਲ੍ਹਾ। ਬਾਣਾ ਦੱਸੇ ਕੱਲ੍ਹ ਕਿ ਹੁਣ ਕੰਜਰ ਦਾ ਚੰਡੀਗੜ੍ਹ ਕੋਠੀ ਲਈ ਫਿਰਦਾ...ਬਿਨਾ ਚੇਨ ਤੋਂ ਸਾਈਕਲ ਸੀ...ਹੁਣ ਪੰਦਰਾਂ ਲੱਖ ਦੀ ਗੱਡੀ ਆ ਹੇਠਾਂ ਤੇ ਸਾਡੇ ਕੋਲ ਉਹੀ ਦੋ ਖਣ ਇੱਕ ਗਾਡਰ ਆਲੇ...ਉਹੀ ਕੱਚਾ ਓਟਾ...ਧੰਨੋ ਦੇ ਉਹੀ ਚਪਲਾਂ ਤੇ ਇਹਦੇ ਆਲੀ ਇੱਕ ਲਾਹੁੰਦੀ ਆ, ਇੱਕ ਪਾਉਂਦੀ ਆ...ਗੋਹੇ 'ਚ ਹੱਥ ਲਿੱਬੜੇ ਹੁੰਦੇ ਸੀ, ਹੁਣ ਪੈਰ ਉਚੀ ਅੱਡੀ ਦੇ ਸੈਂਡਲਾਂ 'ਚ ਫਸਾ ਕੇ ਰੱਖਦੀ ਆ...ਬਿਸ਼ਨੀ ਹੁਣ ਬਿਸ਼ਨ ਕੌਰ ਬਣੀ ਫਿਰਦੀ ਆ...ਵੱਡੀ ਸਰਦਾਰਨੀ।"



ਇਹ ਸਹੁਰੀ ਦਾ ਜਾਗਰ?"

"ਤੂੰ ਹੁਣ ਹੀਰ ਗਾਉਨੈਂ...! ਸਹੁਰੀ ਦਾ ਗਾਲ੍ਹ ਨੀ ਹੁੰਦੀ?"

"ਪਤੰਦਰੋ ਸਾਰੀ ਉਮਰ ਅਮਲ 'ਚ ਹੀ ਗਾਲ'ਤੀ, ਹੁਣ ਚੱਜ ਦੀ ਗੱਲ ਵੀ ਕਰ ਲਵੋ।"

"ਚੱਲ ਪੁੱਛ!"

"ਤੂੰ ਵੋਟ ਕੀਹਨੂੰ ਪਾਉਣੀ ਆ? ਸੋਚਦਾ ਕੀ ਆਂ ਦੱਸ?"

"ਇਹ ਗੱਲ ਤਾਂ ਐਤਕਾਂ ਪੱਕੀ ਆ, ਪਈ ਹੈਗਾ ਤਾਂ ਸਾਰਾ ਕੁਝ ਸੁੱਕ-ਪੱਕਾ ਈ ਆ...ਰੜਾ ਮਦਾਨ।"

"ਐਸ ਵਾਰ ਸਬਰ ਕਰ ਕੁਛ ਨੀ ਮਿਲਣਾ ਤੈਨੂੰ, ਨਾ ਭੁੱਕੀ, ਨਾ ਨਾਗਣੀ ਤੇ ਨਾ ਕੋਈ ਸ਼ੀਸ਼ੀ।"

"ਯਾਰ ਤੁਸੀਂ ਮੈਨੂੰ ਕੁੱਤਾ ਸਮਝਿਆ...ਮੈਂ ਹਲਕਿਆਂ ਪਿਆਂ...ਅੱਗੇ ਤਾਂ ਪੱਲਾ ਮੂਹਰੇ ਤਾਂ ਕਰ ਦਈਦਾ ਸੀ, ਸ਼ਾਮ ਸਿਉਂ ਨੇ ਜਾਣਾ ਤੇ ਰਾਮ ਸਿਉਂ ਨੇ ਆ ਜਾਣਾ।"

"ਕੀ ਮਤਲਬ?"

"ਜਾਗਰਾ ਪੂਰੀ ਸੁਣ ਤਾਂ ਲੈ" ਮਾਹਟਰ ਨੇ ਹਲਕਾ ਜਿਹਾ ਠੋਲਾ ਮਾਰਿਆ।"

"ਆਹੀ ਪਈ ਚਿੱਟੀਆਂ ਵਾਲੇ ਚਲੇ ਗਏ, ਨੀਲੀਆਂ ਵਾਲੇ ਆ ਗਏ...ਫੂਕਨਾ ਇੱਕੋ ਈ ਸੀ, ਕਦੀ ਉਹ ਫੂਕਾਂ ਮਾਰ ਲੈਂਦੀ ਸੀ, ਕਦੇ ਉਹ।"

"ਐਤਕਾਂ?"

"ਮਾਹਟਰਾ ਤੈਨੂੰ ਕਿਤੇ ਪਤਾ ਨਹੀਂ!" ਏਸ ਵਾਰ ਝੁਰਲੂ ਵੀ ਆ, ਜਿਹੜਾ ਮਦਾਰੀ ਆਂਗੂੰ ਫਿਰਨ ਨੂੰ ਕਾਹਲਾ।"

"ਲੈ ਬਈ ਜਾਗਰਾ, ਹੁਣ ਮੂੜ ਕੇ ਨਾ ਗਾਲ੍ਹ ਕੱਢੀਂ ਨਾਜਰ ਨੂੰ, ਸਭ ਪਤਾ ਇਹਨੂੰ।"

"ਕੀ ਪਤਾ ਇਹਨੂੰ?"

"ਜਾਗਰਾ, ਜਿਹੜਾ ਹੁਣ ਨਾਜਰ ਦੇ ਘਰੇ

"ਮਿਹਨਤ ਕੀਤੀ ਹੋਊ ਨਾਜਰਾ!"

"ਆਹੋ ਬਥੇਰੀ ਕਰ ਲਈ ਮਿਹਨਤ, ਪਿੰਡ ਗਾਲ੍ਹ 'ਤਾ ਚਿੱਟੇ ਨਾਲ...ਆਪਣੇ ਬਾਹਰ ਘੱਲ 'ਤੇ...ਇੱਧਰ ਲੋਕਾਂ ਦੇ ਪੁੱਤ ਖਾ ਗਿਐ।"

"ਇਹ ਨਿਹਾਲਾ ਵੇਚਦਾ ਤਾਂ ਸੁਣਿਆ ਨ੍ਹੀਂ ਕਦੇ!"

"ਬੱਲੇ ਓ ਤੁਹਾਡੇ ਵਾਲ੍ਹੇ ਸਿਆਣਿਆਂ ਦੇ...ਬੀਨ ਇਨ੍ਹਾਂ ਦੀ ਹੀ ਸੀ...ਲੋਕਾਂ ਨੇ ਤਾਂ ਬਸ ਫੂਕਾਂ ਹੀ ਮਾਰੀਆਂ।"

"ਹੁਣ ਸੁਣ ਪਰਸੋਂ ਠੋਲੂਕਿਆਂ ਦਾ ਫੁੰਮਣ ਮੱਝ ਦੇ ਗਿਆਰਾਂ ਮਾਰੇ। ਮੈਂ ਪੁੱਛਿਆ ਇਸ ਬੇਜ਼ੁਬਾਨ ਨੂੰ ਕਾਹਤੋਂ ਮਾਰਦੈਂ! ਅੱਗੋਂ ਬਣਾ ਸੁਆਰ ਕੇ ਕਹਿੰਦਾ, ਸਾਲੀ ਤਿੰਨ ਸਾਲ ਹੋਗੇ ਨਵੇਂ ਦੁੱਧ ਨੀ ਹੁੰਦੀ, ਡਾਂਗਾਂ ਆਲੇ ਬੁੱਚੜਾਂ ਨੂੰ ਦੇ ਦੇਣੀ ਆ।"

"ਗੱਲ ਕੋਈ ਹੋਰ ਸੀ, ਹੋਰ ਈ ਪਾਸੇ ਲੈ ਗਿਆ।"

"ਹੋਰ ਪਾਸੇ ਨੀ ਮੈਂ ਜਾਗਰਾ, ਮੈਂ ਫੁੰਮਣ ਨੂੰ ਕਿਹਾ ਕਿ ਟੀਕੇ ਲਾ-ਲਾ ਕੇ ਦੁੱਧ ਤਾਂ ਇਹਦੀਆਂ ਨਾੜਾਂ 'ਚੋਂ ਵੀ ਕੱਢ ਲਿਐ, ਹੁਣ ਕਿਹੜਾ ਨਵਾਂ ਦੁੱਧ ਭਾਲਦੈਂ?"

"ਆਹ ਗੱਲ ਮਾਰੀ ਨਾਜਰ ਨੇ ਟਿਕਾਣੇ 'ਤੇ...ਫੁੰਮਣ ਫੰਡਰ ਮੱਝ ਤੋਂ ਸੂਆ ਭਾਲਦਾ ਸੀ। ਇਹ ਜੁਆਨੀਆਂ ਖਾ ਕੇ ਵੋਟਾਂ ਮੰਗਦੇ ਆ...ਸਿਰੇ ਲਾ'ਤੀ ਨਾਜਾ ਅਸ਼ਕੇ ਤੇਰੇ।" ਮਾਹਟਰ ਨੇ ਬਾਹਾਂ ਖੜ੍ਹੀਆਂ ਕਰਕੇ ਬੰਨ੍ਹ 'ਤਾ ਠੁੱਕ ਨਾਜਰ ਦਾ।

"ਨਾ ਮਾਹਟਰ ਜੀ ਨਿਹਾਲਾ ਤਾਂ ਸਰਪੰਚੀ ਕਰਦਾ ਸੀ, ਵੋਟਾਂ ਤਾਂ ਹੁਣ ਉਪਰਲੀਆਂ ਪੈਣੀਆਂ ਨੇ!"

"ਲੋਹੜੀ 'ਤੇ ਡੱਫਣ ਗਿਆ ਸੀ ਨਾ, ਜੈਲਦਾਰਾਂ ਦੇ ਹਰੀ ਸਿੰਘ ਦੇ।"

"ਆਹੋ ਫੇਰ।"

"ਸਾਰੇ ਕਹੀ ਜਾਣ ਹਰੀ ਸਿੰਘ ਦੇ ਮੁੰਡੇ ਦੀ ਲੋਹੜੀ ਹੈ, ਭਲਾ ਕਿਸੇ ਨੇ ਕਿਹੈ ਕਿ ਜੰਮਿਆ ਤਾਂ ਉਹਦੀ ਘਰਵਾਲੀ ਭਗਵਾਨ ਕੌਰ ਨੇ ਆ...। ਸਾਲਿਆਂ ਜਿਨ੍ਹਾਂ ਦੇ ਨਾਂ ਇੰਤਕਾਲ ਹੁੰਦੇ ਆ...ਪੰਜਾਲੀ 'ਚ ਸਿਰ ਵੀ ਉਨ੍ਹਾਂ ਦੇ ਈ ਫਸਦੇ ਆ।"

"ਨਾ ਜਾਗਰਾ ਇਸ ਗੱਲ ਦਾ ਵੋਟਾਂ ਨਾਲ ਕੀ ਸਬੰਧ?"

"ਮੂਰਖ ਦੀ ਔਲਾਦ...ਪੂਛ ਤਾਂ ਸਾਡੇ ਕੁੱਤੇ ਆਂਗੂੰ ਬਥੇਰੀ ਚੁੱਕਦੈਂ, ਤੇ ਪਤਾ ਜਾਗਰਾ ਇੱਲ ਤੇ ਕੁੱਕੜ ਦਾ ਨਹੀਂ।"

"ਸਿਰ ਪਾੜ ਦੇਣਾ ਤੇਰਾ ਬਲਦੀ ਲੱਕੜ ਨਾਲ, ਕੰਜਰ ਦਾ ਮੈਨੂੰ ਟਰਰੀ ਨਸਲ ਦੇ ਕੁੱਤੇ ਦੀ ਪੂਛ ਦੱਸਦੈ...।"

"ਬਈ ਲੜੋ ਨਾ...ਜਿਹੜੇ ਅੱਜਕੱਲ ਕੁੱਕੜਾਂ ਆਂਗੂੰ ਫਸੇ ਪਏ ਆ...ਉਨ੍ਹਾਂ ਦੀ ਗੱਲ ਕਰੋ।"

"ਚੱਲ ਤੂੰ ਸਿਆਣਾ ਮਾਹਟਰਾ ਤੇਰੀ ਮੰਨ ਲੈਨੇ ਆਂ...ਨਹੀਂ ਤਾਂ ਇਹਨੂੰ ਹੁਣੇ ਦੱਸ ਦਿੰਦਾ ਮੈਂ।"

"ਚੱਲ ਆਪਣੇ ਪਿੰਡ 'ਚ ਵੋਟਾਂ ਦੱਸ ਕਿੱਧਰ ਪੈਣਗੀਆਂ? ਤੂੰ ਵੀ ਦੱਸ ਜਾਗਰਾ?"

"ਸਾਨੂੰ ਤਾਂ ਆਏਂ ਪੁੱਛਦਾ ਏ ਮਾਹਟਰਾ ਜਿੱਦਾ ਅਸੀਂ ਦਿੱਲੀ ਤੋਂ ਆਏ ਹੁੰਨੇ ਆਂ...ਤੂੰ ਦੱਸ ਪਹਿਲਾਂ...ਕਰ ਗੱਲ ਪੜ੍ਹਿਆਂ-ਲਿਖਿਆਂ ਵਾਲੀ।"

"ਪਹਿਲਾਂ ਵਾਰੀ ਝੋਡੀ।"

"ਅੱਛਾ ਇਹ ਦੱਸ ਆਪਣੇ ਪਿੰਡ ਆਲੇ ਅਗਰਵਾਲਾਂ ਦੇ ਸੁੰਦਰ ਲਾਲ ਨੇ ਘਰ ਲਸਣ ਨਹੀਂ ਵੜਨ ਦਿੱਤਾ ਸੀ...ਤੇ ਉਨ੍ਹਾਂ ਦਾ 'ਕੱਲਾ ਪੁੱਤ ਕਿਵੇਂ ਮਰ ਗਿਆ!" ਰਾਮ ਪਿਆਰੀ ਪਿੱਟ ਪਿੱਟ ਦੱਸੇ ਪਈ ਸਾਨੂੰ ਤਾਂ ਉਦਣ ਪਤਾ ਲੱਗਾ, ਜਿੱਦਣ ਪੁਲਸ ਆਈ ਕਿ ਥੋਡਾ ਮੁੰਡਾ ਸੁਨਿਆਰਾ ਲੁੱਟਣ ਆਲਿਆਂ 'ਚ ਸੀ...ਭਲਾ ਕਿਤੇ ਬਾਣੀਏ ਵੀ ਲੁਟੇਰੇ ਸੁਣੇ ਸੀ! ਰਾਮ ਪਿਆਰੀ ਦੀਆਂ ਧਾਂਹਾਂ ਨਾ ਬੰਦ ਹੋਣ, ਕਿ ਪੁੱਤ...ਇਹ ਕਿੱਦਾ ਦਾ ਪੁੱਤ ਸੀ, ਮਾਂ ਦੀਆਂ ਵਾਲੀਆਂ ਤੋੜ ਕੇ ਲੈ ਗਿਆ। ਜਿੱਦਣ ਪੁੱਤ ਮਰਿਆ ਚੌਥੇ ਦਿਨ ਸੁੰਦਰ ਲਾਲ ਵੀ ਮਰ ਗਿਆ...ਸ਼ਾਹੂਕਾਰ ਭਲਾ ਕੰਗਾਲ ਬਣਦੇ ਦੇਖੇ ਸੀ...ਬਹਿ ਗਿਆ ਸ਼ਰੀਫ ਬਾਣੀਏ ਦੀਆਂ ਜੜ੍ਹਾਂ 'ਚ ਚਿੱਟਾ।"

"ਜਾਗਰਾ ਤੂੰ?"

"ਚਿੱਟਾ ਮੱਛਰ ਨਰਮਾ ਖਾ ਗਿਆ ਬਲਦੇਵ ਸਿਉਂ ਦਾ...ਧੀ ਵਿਆਹੀ ਜਵਾਈ ਚਿੱਟਾ ਪੀਣ ਵਾਲਾ ਮਿਲ ਗਿਆ...ਸਾਲਾ ਵੀ ਜੀਜੇ ਨੇ ਲਾ ਲਿਆ...ਦੋਵੇਂ ਮਰ ਗਏ ਤੇ ਬਲਦੇਵ ਸਿਉਂ 70 ਹਜ਼ਾਰ ਦੇ ਕਰਜ਼ੇ ਨਾਲ ਫਾਹਾ ਲੈ ਕੇ ਜ਼ਿੰਦਗੀ ਦਾ ਖੇਲ ਖਤਮ ਕਰ ਗਿਆ...ਹਾਲੇ ਸਿਵਾ ਮਘਦੈ।"

"ਜਾਗਰਾ ਆਪਣੇ ਸ਼ਿੰਗਾਰੇ ਦੀ ਨੂੰਹ...?"

"ਜਿਹੜੀ ਨਰਸ!"

"ਆਹੋ ਫੱਤੋਕੇ ਦਿਆਂ ਦਾ ਸਰਪੰਚ ਹੱਥੋਪਾਈ ਕਰਕੇ ਆਇਆ, ਪਈ ਇਹਨੇ ਬਿੱਲ ਨੀ ਘਟਾਇਆ ਸਾਡਾ...ਲੁੱਚੇ ਸਰਪੰਚ ਦੇ ਪੁੱਤ ਨੇ ਚਪੇੜਾਂ ਮਾਰ ਕੇ, ਨੀਲ ਪਾ'ਤੇ, ਵਿਚਾਰੀ ਦੇ ਅੱਥਰੂ ਨਾ ਰੁਕਣ।"

"ਆਹੋ ਸਰਪੰਚ 'ਚ ਨੀਲੀ ਆਲਾ ਜੂ ਬੋਲਦਾ ਸੀ।"

"ਆਪਣੇ ਗਰੀਬੜੇ ਨੰਦ ਲਾਲ ਨੇ ਕਰਜ਼ਾ ਚੁੱਕ ਕੇ ਧੀ ਤੇ ਪੁੱਤ ਪੜ੍ਹਾਏ...ਰੋਜ ਜਾ ਕੇ ਟੈਂਕੀਆਂ ਤੇ ਚੜ੍ਹਦੇ ਆ...ਜਾਂ ਲੋਕਾਂ ਦੇ ਦਰਸ਼ਨਾਂ ਦੇ ਕੱਠ 'ਚ ਡਾਂਗਾਂ ਖਾਂਦੇ ਆ।"

"ਤੇਰਾ ਕੀ ਖਿਆਲ ਆ ਐਤਕੀਂ ਇਨ੍ਹਾਂ ਨੂੰ...?"

"ਦੇਖੀ ਚੱਲੀਂ, ਜਿੱਦਣ ਗਿਣਤੀ ਹੋਈ ਵੋਟਾਂ ਦੀ ਮਸ਼ੀਨਾਂ ਬੋਲਣਗੀਆਂ, ਪੁੱਤ ਕੀ ਹਾਲ ਐ...ਆ ਲੈ ਫੜ ਠੂਠਾ...ਸਿੱਧੀਆਂ ਕਪਾਲ 'ਚ ਪੈਣਗੀਆਂ...ਜਿਹੜੇ ਘੂੰ ਘੂੰ ਕਰਦੇ ਲੰਘਦੇ ਆ, ਨਾ ਤਖਤਿਆਂ ਓਹਲੇ ਖੜ੍ਹਕੇ ਪਿੱਟਦੇ ਵੇਖੀਂ।"

"ਫਿਰ ਵੋਟਾਂ ਪਾਈਏ ਕੀਹਨੂੰ ਨਾਜਰਾ।"

"ਬੱਲੇ ਓ ਜਾਗਰਾ ਤੈਂ ਤਾਂ ਉਹ ਕਰ'ਤੀ...। ਝੁੱਡੂ ਆਏ ਝੁੱਡੂਆਂ ਦੇ, ਝੁੱਡੂ ਨਾਲ ਲਿਆਏ, ਝੁੱਡੂ ਪੁੱਛਣ ਝੁੱਡੂਆਂ ਨੂੰ, ਝੁੱਡੂ ਕਿੱਥੋਂ ਆਏ! ਕੰਜਰ ਦਿਆ ਸਰੀਰ ਦੇ ਕਈ ਹਿੱਸਿਆਂ 'ਤੇ ਖਾਜ ਵੀ ਓਹਲੇ ਹੋ ਕੇ ਕਰਨੀ ਪੈਂਦੀ ਆ।"

"ਲੈ ਬਈ ਜੇ ਅਮਲੀ ਵੀ ਕੱਬੇ ਹੋ ਗਏ, ਤਾਂ ਸਮਝੋ ਚੜ੍ਹ ਗਿਆ ਬੋਤਾ ਰੇਲ 'ਤੇ...।"

ਮਾਹਟਰ ਦੇ ਹੱਸਦਿਆਂ ਤਾੜੀ ਮਾਰਨ ਦੀ ਦੇਰ ਸੀ, ਕਿ ਬੁਝੀ ਧੂਣੀ 'ਚ ਨਾਜਰ ਤੇ ਜਾਗਰ ਨੇ ਵੀ ਦੋਵੇਂ ਲੱਤਾਂ ਮਾਰ ਦਿੱਤੀਆਂ।

## ਗੱਲ ਬਣੀ ਕਿ ਨਹੀਂ

-ਐਸ. ਅਸ਼ੋਕ ਭੌਰਾ

### ਮੋਦੀ-ਰਾਹੁਲ ਦੀ ਮਹਿੰਗੀ ਡਾਈ

ਕੈਸੀ ਚੜ੍ਹ ਗਈ ਧੂੜ ਵਿਰੋਧੀ, ਉਲਟ ਹਵਾਵਾਂ ਵਗੀਆਂ ਨੇ।
ਮਾਰ ਕੇ ਪੁੱਛਦੇ ਲੋਕਾਂ ਨੂੰ, ਇਹ ਸੱਟਾਂ ਕਿੱਦਾਂ ਲੱਗੀਆਂ ਨੇ।
ਐਵੇਂ ਉਪਰੋਂ ਦਾਅਵੇ ਕਰਦੇ, ਅੰਦਰੋਂ ਚਿੱਤ ਨੂੰ ਚੋਰ ਪਏ ਨੇ।
ਲੋਕ ਇਨ੍ਹਾਂ ਦੇ ਸਕੇ ਨ੍ਹੀਂ ਬਣਦੇ, ਚੋਰਾਂ ਨੂੰ ਵੀ ਮੋਰ ਪਏ ਨੇ।
ਚਿੱਟਾ ਵੇਚ ਗਏ ਚਿੱਟੇ ਪਾ ਕੇ, ਨਹੀਂ ਭੋਰਾ ਕੋਈ ਦਾਗ ਪਿਆ।
ਪਰਸੋਂ ਜਾਗੀ ਧਰਮ ਕੌਰ, ਤੇ ਕੱਲ ਦਾ ਕਿਸ਼ਨਾ ਜਾਗ ਪਿਆ।
ਲਾਲ ਪਰੀ ਵਿਚ ਡੋਬ ਜ਼ਮੀਰਾਂ, ਸਾਰਾ ਕੁਝ ਜੋ ਖੋ ਗਏ ਨੇ।
ਸਿਰ ਪਾੜਨ ਨੂੰ ਫਿਰਦੇ ਉਹ, ਹੁਣ ਥਣ ਲੋਹੇ ਦੇ ਹੋ ਗਏ ਨੇ।
ਰੰਗ ਜਰਦ ਜਹੇ ਹੋਈ ਜਾਵਣ, ਹੁੰਦੀਆਂ ਵੇਖ ਕੇ ਚੋਟਾਂ ਨੇ।
ਲਗਦਾ ਹੁਣ ਨਹੀਂ ਖੋਹ ਹੋਣੀਆਂ, ਨੋਟਾਂ ਦੇ ਨਾਲ ਵੋਟਾਂ ਨੇ।
ਕਈ ਆਖਦੇ ਕੁਝ ਨ੍ਹੀਂ! ਇਹ ਜੋ ਟੋਪੀਆਂ ਵਾਲੇ ਆਏ ਨੇ।
ਜੀਜੇ, ਸਾਲੇ, ਪੁੱਤ, ਬਾਪੂ ਕੀ? ਇਨ੍ਹਾਂ ਨੇ ਉਂਜ ਡਰਾਏ ਨੇ।
ਸਾਰੀ ਉਮਰ ਸਫਾਈਆਂ ਕਰਦੀ, ਮਰ ਗਈ ਧੰਨੋ ਮਾੜੂ ਦੀ।
ਹੁਣ ਸਮਝੀ ਉਹ ਪੂਜਾ ਘਰ ਘਰ, ਹੁੰਦੀ ਕਾਹਤੋਂ ਝਾੜੂ ਦੀ।
ਦਸ ਕੀ ਵੀਰਿਆ ਬਣੂੰਗਾ ਸਾਡਾ, ਤੱਕੜੀ ਪੁੱਛਦੀ ਪੰਜੇ ਨੂੰ।
ਰਾਹੁਲ-ਮੋਦੀ ਹੱਥ ਫੜਾ ਗਏ, ਮਹਿੰਗੀ ਡਾਈ ਗੰਜੇ ਨੂੰ।
ਵਕਤ ਕਿਸੇ ਦਾ ਸਕਾ ਨਹੀਂ ਹੁੰਦਾ, ਜਦੋਂ ਘੁਮਾਉਂਦਾ ਪਹੀਆ ਏ।
ਹੁਣ 'ਭੌਰੇ' ਪੰਜਾਬ 'ਚ ਹੋਣ ਨੂੰ ਫਿਰਦੀ ਥਈਆ ਥਈਆ ਏ।

# ਕੀ ਹੈ 'ਹਲੇਮੀ ਰਾਜ' ਦੀ ਪਰਿਭਾਸ਼ਾ

ਵਿਚਾਰ-ਚਰਚਾ

***'ਹਲੇਮੀ ਰਾਜ' ਤੇ 'ਨੇਸ਼ਨ ਸਟੇਟ' ਬਾਰੇ ਪੰਜਾਬ ਟਾਈਮਜ਼ ਵਿਚ ਚਲ ਰਹੀ ਵਿਚਾਰ ਚਰਚਾ ਦੇ ਸਿਲਸਿਲੇ ਵਿਚ (28 ਜਨਵਰੀ 2017) ਸ. ਕਰਮਜੀਤ ਸਿੰਘ ਚੰਡੀਗੜ੍ਹ ਦਾ ਲੇਖ 'ਅਜਮੇਰ ਸਿੰਘ ਦੇ ਚਿੰਤਨ ਵਿਰੁਧ ਬਹਿਸ ਦਾ ਪੱਧਰ ਉਚੀ ਦਿਸ਼ਾ ਵੱਲ' ਛਪਿਆ ਸੀ ਜਿਸ ਵਿਚ ਉਨ੍ਹਾਂ ਉਸਾਰੂ ਬਹਿਸ ਬਾਰੇ ਕੁਝ ਨੁਕਤੇ ਛੋਹੇ ਸਨ। ਹਥਲੇ ਲੇਖ ਵਿਚ ਚਿੰਤਕ ਗੁਰਬਚਨ ਸਿੰਘ ਨੇ ਇਨ੍ਹਾਂ ਨੁਕਤਿਆਂ ਨੂੰ ਵਧੇਰੇ ਪਰਿਪੇਖ ਵਿਚ ਪੇਸ਼ ਕੀਤਾ ਹੈ। -ਸੰਪਾਦਕ***

ਸ. ਕਰਮਜੀਤ ਸਿੰਘ ਨੇ ਆਪਣੀ ਲਿਖਤ ਵਿਚ ਇਕ 'ਸਰਬਪਖੀ ਬਹਿਸ' ਚਲਾਉਣ ਦੀ ਰਵਾਇਤ ਬਾਰੇ ਚਰਚਾ ਕੀਤੀ ਹੈ। ਅਜੋਕੇ ਸੰਸਾਰ ਦੀਆਂ ਬਹੁਤ ਗੁੰਝਲਦਾਰ ਹੋ ਚੁਕੀਆਂ ਹਾਲਤਾਂ ਦੇ ਪ੍ਰਸੰਗ ਵਿਚ ਰਖ ਕੇ, ਜੇ ਸਿੱਖ ਪੰਥ ਦੇ ਮੁਦਿਆਂ ਨੂੰ ਵਿਚਾਰੀਏ ਤਾਂ ਇਹ ਹੋਰ ਵੀ ਉਲਝੇ ਹੋਏ ਜਾਪਦੇ ਹਨ। ਕਿਉਂਕਿ ਅੱਜ ਸਿੱਖ ਦੁਨੀਆਂ ਭਰ ਵਿਚ ਫੈਲੇ ਹੋਏ ਹਨ, ਇਸ ਲਈ ਜਿਥੇ-ਜਿਥੇ ਉਹ ਰਹਿੰਦੇ ਹਨ, ਉਥੋਂ ਦੀਆਂ ਹਾਲਤਾਂ ਉਨ੍ਹਾਂ ਨੂੰ ਪ੍ਰਭਾਵਿਤ ਕਰਦੀਆਂ ਹਨ। ਅਜੋਕਾ ਪੰਜਾਬ ਬੌਧਿਕ ਦਿਵਾਲੀਏਪਣ ਦੀ ਹਾਲਤ ਵਿਚੋਂ ਗੁਜ਼ਰ ਰਿਹਾ ਹੋਣ ਕਰਕੇ ਇਸ ਵੇਲੇ ਸਿੱਖ ਮੁਦਿਆਂ ਤੇ ਖਾਸ ਕਰ ਕੇ ਖਾਲਿਸਤਾਨ ਬਾਰੇ ਸਾਰੀ ਬਹਿਸ ਪੰਜਾਬੋਂ ਬਾਹਰ ਚੱਲ ਰਹੀ ਹੈ। ਇਸ ਹਾਲਤ ਵਿਚ ਕੋਈ

ਗੁਰਬਚਨ ਸਿੰਘ

ਵੀ ਇਕੱਲਾ ਸਿੱਖ ਚਿੰਤਕ ਸਿੱਖਾਂ ਦੇ ਮਸਲਿਆਂ ਨੂੰ ਹੱਲ ਕਰਨ ਜਾਂ ਸਿੱਖ ਲਹਿਰ ਨੂੰ ਅਗਵਾਈ ਦੇਣ ਦੇ ਯੋਗ ਨਹੀਂ ਹੋ ਸਕਦਾ। ਜਦੋਂ ਇਹ ਸਪਸ਼ਟ ਹੋ ਗਿਆ ਹੈ ਕਿ ਅੰਤਿਮ ਸੱਚ ਕਿਸੇ ਕੋਲ ਨਹੀਂ ਤੇ ਨਾ ਹੀ ਕੋਈ ਇਕੱਲਾ ਵਿਅਕਤੀ ਅੰਤਿਮ ਸੱਚ ਪ੍ਰਾਪਤ ਕਰਨ ਦੇ ਯੋਗ ਹੋ ਸਕਦਾ ਹੈ, ਤਾਂ ਫਿਰ ਕਿਸੇ ਵੀ ਸਾਰਥਕ ਸਿੱਟੇ 'ਤੇ ਪਹੁੰਚਣ ਲਈ ਇਕ ਸਮੂਹਿਕ 'ਸਰਬਪਖੀ ਬਹਿਸ', ਕਿਸੇ ਵੀ ਭਾਈਚਾਰੇ ਲਈ ਉਸ ਦੀ ਅਣਸਰਦੀ ਲੋੜ ਹੈ। ਪਰ ਇਸ ਬਹਿਸ ਨੂੰ ਕਿਸੇ ਦੇ ਚਿੰਤਨ ਵਿਰੁਧ ਜਾਂ ਕਿਸੇ ਦੇ ਹੱਕ ਵਿਚ ਚਲਾਉਣ ਦੀ ਬਜਾਏ ਇਸ ਬਹਿਸ ਨੂੰ ਦਰਪੇਸ਼ ਮਸਲਿਆਂ ਜਾਂ ਮੁਦਿਆਂ ਉਤੇ ਕੇਂਦਰਿਤ ਕਰਕੇ ਚਲਾਉਣ ਦੀ ਲੋੜ ਹੈ।

ਸ. ਕਰਮਜੀਤ ਸਿੰਘ ਨੇ ਆਪਣੇ ਇਸ ਖਿਆਲ ਦੇ ਹੱਕ ਵਿਚ ਇਤਿਹਾਸ ਅੰਦਰ 'ਸਾਹਿਤ, ਫਿਲਾਸਫੀ, ਧਰਮ, ਰਾਜਨੀਤੀ, ਵਿਦਿਆ ਅਤੇ ਮਨੋਵਿਗਿਆਨ ਦੇ ਖੇਤਰਾਂ' ਵਿਚ ਹੋਈਆਂ ਅਨੇਕਾਂ ਬਹਿਸਾਂ ਦੀ ਮਿਸਾਲ ਦਿਤੀ ਹੈ। ਪਹਿਲੀ ਮਿਸਾਲ 1963 ਵਿਚ ਚੀਨ ਅਤੇ ਰੂਸ (ਉਸ ਵੇਲੇ ਸੋਵੀਅਤ ਯੂਨੀਅਨ) ਦੀਆਂ ਕਮਿਊਨਿਸਟ ਪਾਰਟੀਆਂ ਦਰਮਿਆਨ ਸਮਾਜਵਾਦ ਤੇ ਕਮਿਊਨਿਜ਼ਮ ਦੇ ਭਵਿਖ ਬਾਰੇ ਹੋਈ ਬਹਿਸ ਦੀ ਹੈ, ਜਿਸ ਨੂੰ ਉਸ ਦੌਰ ਵਿਚ 'ਮਹਾਨ ਬਹਿਸ' ਦਾ ਨਾਂ ਦਿਤਾ ਗਿਆ। ਕਹਿਣ ਨੂੰ ਭਾਵੇਂ ਇਹ ਬਹਿਸ ਸ਼ਾਂਤੀ, ਸਹਿਹੋਂਦ ਤੇ ਸਮਾਜਵਾਦ ਬਾਰੇ ਸੀ, ਪਰ ਇਸ ਦਾ ਮੁਖ ਮੰਤਵ ਉਸ ਵੇਲੇ ਦੀ ਆਲਮੀ ਕਮਿਊਨਿਸਟ ਲਹਿਰ ਦੀ ਹੋਂਦ ਤੇ ਹੋਣੀ ਨੂੰ ਦਰਪੇਸ਼ ਕੁਝ ਗੰਭੀਰ ਸਮੱਸਿਆਵਾਂ ਦਾ ਹੱਲ ਲਭਣਾ ਸੀ। ਇਹ ਬਹਿਸ ਭਾਵੇਂ ਇਨ੍ਹਾਂ ਸਾਰੀਆਂ ਸਮੱਸਿਆਵਾਂ ਦਾ ਹੱਲ ਨਾ ਕਰ ਸਕੀ, ਪਰ ਇਸ ਦਾ ਇਕ ਫਾਇਦਾ ਇਸ ਸਪਸ਼ਟਤਾ ਵਿਚ ਹੋਇਆ ਕਿ ਸੋਵੀਅਤ ਯੂਨੀਅਨ ਵਿਚ ਲਾਗੂ ਕੀਤਾ ਜਾ ਰਿਹਾ ਰਾਜਪ੍ਰਬੰਧ ਸਮਾਜਵਾਦੀ ਨਹੀਂ। ਆਲਮੀ ਕਮਿਊਨਿਸਟ ਲਹਿਰ ਦੀ ਅਗਵਾਈ ਚੀਨ ਦੀ ਕਮਿਊਨਿਸਟ ਪਾਰਟੀ ਤੇ ਖਾਸ ਕਰਕੇ ਪਾਰਟੀ ਦੇ ਚੇਅਰਮੈਨ ਮਾਓ-ਜੇ ਤੁੰਗ ਕੋਲ ਚਲੀ ਗਈ। ਮਾਓ-ਜੇ-ਤੁੰਗ ਦੇ ਦੇਹਾਂਤ ਤਕ ਇਹ ਅਗਵਾਈ ਉਨ੍ਹਾਂ ਕੋਲ ਰਹੀ। ਪਰ ਕਿਉਂਕਿ ਇਸ 'ਮਹਾਨ ਬਹਿਸ' ਵਿਚ ਆਲਮੀ ਕਮਿਊਨਿਸਟ ਲਹਿਰ ਦੇ ਵਜੂਦ ਸਮੋਈਆਂ ਕੁਝ ਸੀਮਿਤਾਈਆਂ ਨੂੰ ਹੱਲ ਨਹੀਂ ਸੀ ਕੀਤਾ ਗਿਆ, ਇਸ ਲਈ ਮਾਓ-ਜੇ-ਤੁੰਗ ਦੇ ਦੇਹਾਂਤ ਤੋਂ ਬਾਅਦ ਚੀਨ ਦੀ ਕਮਿਊਨਿਸਟ ਪਾਰਟੀ ਵੀ ਰੂਸ ਵਾਲੇ ਰਾਹ ਉਤੇ ਹੀ ਚੱਲ ਪਈ ਅਤੇ ਪੱਛਮੀ ਸਾਮਰਾਜ ਦੇ ਵਿਰੋਧ ਦੀ ਅਗਵਾਈ ਇਰਾਨ ਵਿਚ ਹੋਏ ਇਨਕਲਾਬ ਨਾਲ ਇਸਲਾਮ ਕੋਲ ਚਲੀ ਗਈ।

ਇਹੋ ਕੁਝ ਮਨੋਵਿਗਿਆਨ ਦੇ ਖੇਤਰ ਵਿਚ ਸਿਗਮੰਡ ਫਰਾਇਡ ਤੇ ਕਾਰਲ ਜੁੰਗ ਵਿਚਾਲੇ ਹੋਈ ਬਹਿਸ ਬਾਰੇ ਕਿਹਾ ਜਾ ਸਕਦਾ ਹੈ। ਡਾ. ਗੁਰਭਗਤ ਸਿੰਘ ਦੀ ਪੁਸਤਕ 'ਵਿਸਮਾਦੀ ਪੂੰਜੀ' ਵਿਚ ਦਿਤੀ ਗਈ ਜਾਣਕਾਰੀ ਅਨੁਸਾਰ, "ਫਰਾਇਡ ਨੇ ਤਾਂ ਇਥੋਂ ਤਕ ਕਹਿ ਦਿਤਾ ਕਿ ਸਾਰੀ ਪੱਛਮੀ ਸਭਿਅਤਾ ਪ੍ਰੇਮਾਤਮਕ ਊਰਜਾ ਨਾਲੋਂ ਟੁਟੀ ਹੋਈ ਹੈ ਅਤੇ ਬਿਮਾਰ ਹੈ। ਇਸ ਸਭਿਅਤਾ ਦੇ ਸੁਪਨੇ ਵੀ ਇਸ ਉਦਾਸੀਨਤਾ ਜਾਂ ਬੀਮਾਰੀ ਤੋਂ ਪ੍ਰਭਾਵਿਤ ਹਨ। ਨਤੀਜੇ ਵਜੋਂ ਪੱਛਮੀ ਸਭਿਅਤਾ ਦਾ ਅਵਚੇਤਨ ਬਿਮਾਰ ਅਵਚੇਤਨ ਹੈ।"

ਫਰਾਇਡ ਤੇ ਕਾਰਲ ਜੁੰਗ ਵਿਚਾਲੇ ਮਨੁੱਖੀ ਅਵਚੇਤਨ ਬਾਰੇ ਹੋਈ ਸਾਰੀ ਬਹਿਸ ਰੋਗੀ ਅਵਚੇਤਨ ਬਾਰੇ ਬਹਿਸ ਹੈ। ਯੂਰਪ ਵਿਚ ਤੰਦਰੁਸਤ ਮਨ ਜਾਂ ਅਵਚੇਤਨ ਦੀ ਬਹਿਸ ਤਾਂ ਇਸ ਤੋਂ ਪਹਿਲਾਂ ਜਰਮਨੀ ਦੇ ਦੋ ਫਿਲਾਸਫਰਾਂ-ਹੀਗਲ ਤੇ ਮਾਰਕਸ ਦਰਮਿਆਨ ਹੋ ਚੁਕੀ ਸੀ, ਜਿਸ ਨੂੰ ਉਕਾ ਹੀ ਅਣਗੌਲਿਆ ਕਰ ਦਿਤਾ ਗਿਆ। ਇਸ ਲਈ ਇਸ ਸਾਰੀ ਬਹਿਸ ਨੇ ਰੋਗੀ ਮਨ (ਅਵਚੇਤਨ) ਦੇ ਮਨੋਵਿਗਿਆਨ ਨੂੰ ਜਨਮ ਦਿਤਾ, ਜਿਸ ਦਾ ਖਮਿਆਜਾ ਲਗਾਤਾਰ ਹੋ ਰਹੇ ਸਭਿਆਚਾਰਕ ਨਿਘਾਰ ਦੇ ਰੂਪ ਵਿਚ ਅੱਜ ਪੱਛਮੀ ਸਭਿਅਤਾ ਭੁਗਤ ਰਹੀ ਹੈ। ਅੱਜ ਪੱਛਮੀ ਸਭਿਅਤਾ ਤੇ ਇਸਲਾਮ ਵਿਚਾਲੇ ਚੱਲ ਰਹੀ ਟੱਕਰ ਦਾ ਮੂਲ ਕਾਰਨ ਵੀ ਇਹੀ ਨਿਘਾਰ ਹੈ।

'ਮਨੁਖ ਦੇ ਅਵਚੇਤਨ ਸੰਸਾਰ ਦੀ ਤਾਕਤ ਤੇ ਇਸ ਦਾ ਪ੍ਰਭਾਵ ਕਿੰਨੀ ਦੂਰ ਤਕ ਜਾਂਦਾ ਹੈ', ਇਸ ਬਾਰੇ ਇਸ ਤੋਂ ਪਹਿਲਾਂ ਇਕ ਭਰਵੀਂ ਬਹਿਸ ਉਪਨਿਸ਼ਦ, ਬੁਧਮਤਿ, ਗੁਰਮਤਿ ਤੇ ਮਾਰਕਸ ਕਰ ਚੁਕੇ ਸਨ। ਉਸ ਤੰਦਰੁਸਤ ਮਨ ਦੀ ਬਹਿਸ ਨੂੰ ਫਿਰ ਤੋਂ ਅਗੇ ਤੋਰਨ ਦੀ ਲੋੜ ਹੈ।

ਜਿਥੋਂ ਤਕ ਪੰਜਾਬ ਵਿਚ ਪ੍ਰਿੰਸੀਪਲ ਸੰਤ ਸਿੰਘ ਸੇਖੋਂ ਤੇ ਪ੍ਰੋਫੈਸਰ ਕਿਸ਼ਨ ਸਿੰਘ ਵਿਚਾਲੇ ਚੱਲੀ ਬਹਿਸ ਦੀ ਗੱਲ ਹੈ, ਇਸ ਨੂੰ ਇਕ ਵਾਰ ਫਿਰ ਤੋਂ ਅਗੇ ਤੋਰਨ ਦੀ ਲੋੜ ਹੈ। ਇਸੇ ਬਹਿਸ ਨੇ ਪੰਜਾਬ ਦੇ ਬੌਧਿਕ ਜਮੂਦ ਨੂੰ ਤੋੜਨਾ ਹੈ। ਪਰ ਇਸ ਬਹਿਸ ਦਾ ਘੇਰਾ ਵਧਾਉਣ ਦੀ ਲੋੜ ਹੈ। ਇਸ ਬਹਿਸ ਨੂੰ 500 ਸਾਲ ਪਹਿਲਾਂ ਹੋਈ 'ਸਭ ਤੋਂ ਵਡੀ ਤੇ ਯਾਦਗਾਰੀ ਬਹਿਸ' ਤੋਂ ਅਗੇ ਤੋਰਨ ਦੀ ਲੋੜ ਹੈ। 'ਸਿਧ ਗੋਸਟਿ' ਦੇ ਸਿਰਲੇਖ ਹੇਠ ਹੋਈ ਇਸ ਬਹਿਸ ਦੀ ਇਕ ਹੋਰ ਮਹਾਨਤਾ ਇਸ ਪਖੋਂ ਵੀ ਹੈ ਕਿ ਇਸ ਵਿਚ ਵਿਰੋਧੀ ਦਾ ਪੱਖ ਵੀ ਗੁਰੂ ਸਾਹਿਬ ਨੇ ਆਪ ਹੀ ਪੇਸ਼ ਕੀਤਾ ਹੈ। ਇਸ ਤਰ੍ਹਾਂ ਦੀ ਬਹਿਸ ਦੀ ਮੁਸ਼ਕਿਲ ਇਹ ਹੁੰਦੀ ਹੈ ਕਿ ਜੇ ਤੁਸੀਂ ਵਿਰੋਧੀ ਦਾ ਪੱਖ ਠੀਕ ਢੰਗ ਨਾਲ ਪੇਸ਼ ਨਾ ਕਰ ਸਕੇ, ਤਾਂ ਤੁਸੀਂ ਆਪਣੇ ਪੱਖ ਦੇ ਨਵੇਂਪਣ ਨੂੰ ਵੀ ਨਹੀਂ ਉਭਾਰ ਸਕਦੇ। ਇਹੀ ਇਸ ਬਹਿਸ ਦਾ ਨਿਵੇਕਲਾਪਣ ਹੈ।

ਕਿਸੇ ਨੂੰ ਇਹ ਧਾਰਨਾ ਬੜੀ ਓਪਰੀ ਲਗ



ਮਾਓ-ਜੇ-ਤੁੰਗ

ਸਕਦੀ ਹੈ ਕਿ 500 ਸਾਲ ਅਗੇ ਆ ਗਏ ਸਮੇਂ ਨੂੰ ਪਿਛੇ ਮੋੜਨ ਦੀ ਲੋੜ ਹੈ। ਇਸ ਦੀ ਲੋੜ ਇਸ ਕਰਕੇ ਪਈ ਹੈ, ਕਿਉਂਕਿ ਸਾਮਰਾਜੀ-ਪੂੰਜੀਵਾਦੀ ਰਿਸ਼ਤਿਆਂ ਉਤੇ ਆਧਾਰਤ ਅਜੋਕੀ (ਲਿਬਰਲ) ਜਮਹੂਰੀਅਤ ਨੇ ਯੂਰਪੀਨ ਯੂਨੀਅਨ ਵਿਚ ਪੈ ਰਹੀਆਂ ਤਰੇੜਾਂ ਤੇ ਮੋਦੀ-ਟਰੰਪ ਜਿੱਤ ਦੇ ਰੂਪ ਵਿਚ ਆਪਣੀ ਅੰਤਿਮ ਸੀਮਾ ਪ੍ਰਗਟ ਕਰ ਦਿਤੀ ਹੈ। ਇਸ ਤੋਂ ਬਾਅਦ ਤਾਂ ਵਧ ਰਹੇ ਨਸਲਵਾਦ, ਬੇਮੁਹਾਰੀ ਹਿੰਸਾ ਤੇ ਤੀਜੀ ਸਾਮਰਾਜੀ ਸੰਸਾਰ ਜੰਗ ਦੀਆਂ ਸੰਭਾਵਨਾਵਾਂ ਹੀ ਨਜ਼ਰ ਆ ਰਹੀਆਂ ਹਨ। ਇਸ ਦੀ ਪੁਸ਼ਟੀ ਖੁਦ ਸਾਮਰਾਜੀ ਮੀਡੀਆ ਕਰ ਰਿਹਾ ਹੈ। ਪੰਕਜ ਮਿਸ਼ਰਾ ਦੀ ਨਵੀਂ ਕਿਤਾਬ 'ਰੋਹ ਦਾ ਯੁਗ' ਵੀ ਇਸੇ ਸੱਚ ਦੀ ਪੁਸ਼ਟੀ ਕਰਦੀ ਹੈ।

ਇਸ ਵਰਤਾਰੇ ਦੀ ਬੜੀ ਸਟੀਕ ਪੇਸ਼ਕਾਰੀ ਲੰਘੀ 29 ਜਨਵਰੀ ਦੇ 'ਪੰਜਾਬੀ ਟ੍ਰਿਬਿਊਨ' ਦੀ ਸੰਪਾਦਕੀ ਵਿਚ ਸੁਰਿੰਦਰ ਸਿੰਘ ਤੇਜ ਨੇ ਕੀਤੀ ਹੈ। ਪੰਕਜ ਮਿਸ਼ਰਾ ਦੀ ਇਸ ਕਿਤਾਬ ਦੇ ਪ੍ਰਸੰਗ ਵਿਚ ਸ. ਤੇਜ ਦਾ ਕਹਿਣਾ ਹੈ, 'ਰੋਹ ਦੇ ਯੁਗ' ਵਿਚ "ਪੰਜਾਬ ਬਾਰੇ ਕੁਝ ਵੀ ਨਹੀਂ, ਪਰ ਇਸ ਨੂੰ ਪੜ੍ਹਦਿਆਂ ਇਹੋ ਆਭਾਸ ਹੁੰਦਾ ਹੈ ਕਿ ਸਾਡੇ ਸੂਬੇ ਵਿਚ ਜੋ ਕੁਝ ਵਾਪਰ ਰਿਹਾ ਹੈ, ਉਹ ਬਾਕੀ ਦੁਨੀਆਂ ਦੇ ਲੋਕਤੰਤਰਾਂ ਵਿਚਲੇ ਵਰਤਮਾਨ ਵਰਤਾਰੇ ਤੋਂ ਬਹੁਤਾ ਵਖਰਾ ਨਹੀਂ। ਬਹੁਤੀ ਥਾਈਂ ਰਵਾਇਤੀ ਧਿਰਾਂ ਨੂੰ ਚੋਣ ਰਾਜਨੀਤੀ ਵਿਚ ਮਾਤ ਮਿਲ ਰਹੀ ਹੈ ਅਤੇ ਉਹ ਆਗੂ ਉਭਰ ਰਹੇ ਹਨ, ਜਿਹੜੇ ਰਾਜਸੀ ਤੇ ਸਮਾਜਕ ਕੁਲੀਨਤਾ ਵਰਗੀ



ਕਾਰਲ ਮਾਰਕਸ

ਦਰਜਾਬੰਦੀ ਵਿਚ ਕਦੇ ਸ਼ੁਮਾਰ ਨਹੀਂ ਸਨ। ਦਰਅਸਲ, ਯੂਰਪ ਦੇ ਬਹੁਤੇ ਦੇਸ਼ਾਂ ਦੀ ਰੋਹਲੇ ਯੁਗ ਵਾਲੀ ਦ੍ਰਿਸ਼ਾਵਲੀ ਸਾਡੀ ਹੀ ਧਰਤੀ ਉਤੇ ਸਾਡੀਆਂ ਨਜ਼ਰਾਂ ਦੇ ਸਾਹਮਣੇ ਲਗਾਤਾਰ ਸਿਰਜੀ ਜਾ ਰਹੀ ਹੈ।'

ਬੜੀ ਸਟੀਕ ਸ਼ਬਦਾਵਲੀ ਵਿਚ ਅਜੋਕੇ ਪੰਜਾਬ ਦੀ ਇਸ ਸੱਚਾਈ ਨੂੰ ਪ੍ਰਗਟ ਕਰਨ ਤੋਂ ਬਾਅਦ, ਸੂਝਵਾਨ ਸੰਪਾਦਕ ਨੇ ਇਸ ਦੇ ਕੁਝ ਕਾਰਨਾਂ ਦੀ ਨਿਸ਼ਾਨਦੇਹੀ ਵੀ ਕੀਤੀ ਹੈ, "ਪੰਜਾਬ ਵਿਚ ਜਿਹੜੀ ਰੋਹਲੀ ਹਵਾ ਵਗ ਰਹੀ ਹੈ, ਉਹ ਕੁਸ਼ਾਸਨ ਜਾਂ ਬਦਇੰਤਜ਼ਾਮੀ ਦੀ ਪੈਦਾਇਸ਼ ਹੈ।...ਕੁਸ਼ਾਸਨ ਖਿਲਾਫ ਪ੍ਰਚੰਡਤਾ ਏਨੀ ਵਿਆਪਕ ਹੈ ਕਿ ਹੁਕਮਰਾਨ ਧਿਰ ਤੋਂ ਇਲਾਵਾ ਇਸ ਦੀ ਰਵਾਇਤੀ ਵਿਰੋਧੀ ਜਮਾਤ ਵੀ ਇਸ ਵਿਚ ਲਪੇਟੀ ਜਾ ਚੁਕੀ ਹੈ। ਇਹੋ ਸਾਡੀ ਸਰਜ਼ਮੀ ਉਪਰ ਰੋਹ ਦੇ ਯੁਗ ਦੀ ਆਮਦ ਦਾ ਸੱਚ ਹੈ।"

ਇਹ ਚੋਣਾਂ ਇਸ ਰੋਹ ਦੇ ਯੁਗ ਦਾ ਕੀ ਹੱਲ ਕਰਨਗੀਆਂ, ਇਸ ਦਾ ਪਤਾ ਤਾਂ 11 ਮਾਰਚ ਨੂੰ ਲਗ ਜਾਏਗਾ, ਪਰ ਪੰਜਾਬ ਵਿਚ ਪੈਦਾ ਹੋਏ ਇਸ 'ਰੋਹ ਦੇ ਯੁਗ' ਦਾ ਕਾਰਨ ਕੁਸ਼ਾਸਨ ਤੋਂ ਕਿਤੇ ਵਡੇਰਾ ਹੈ। ਇਸ ਦੀਆਂ ਜੜ੍ਹਾਂ 1975 ਤੋਂ 1995 ਦੇ ਦੌਰ ਵਿਚ ਪਈਆਂ ਹਨ। ਇਸ ਲਿਖਤ ਵਿਚ ਸਾਡਾ ਮਸਲਾ ਇਹੀ ਦੌਰ ਹੈ, ਜਿਸ ਨੇ ਖਾਲਿਸਤਾਨ ਦੀ ਲਹਿਰ ਨੂੰ ਜਨਮ ਦਿਤਾ। ਇਥੇ ਸਾਡਾ ਮਸਲਾ ਖਾਲਿਸਤਾਨ ਦੀ ਰਾਜਨੀਤੀ ਬਾਰੇ ਚਰਚਾ ਕਰਨਾ ਨਹੀਂ, ਸਗੋਂ ਖਾਲਿਸਤਾਨ ਦੀ ਫਿਲਾਸਫੀ ਬਾਰੇ ਚਰਚਾ ਕਰਨਾ ਹੈ। ਇਹੀ ਚਰਚਾ ਸਾਨੂੰ 500 ਸਾਲ ਪਹਿਲਾਂ ਹੋਈ 'ਸਿਧ ਗੋਸਟਿ' ਦੀ ਫਿਲਾਸਫੀ ਤਕ ਲੈ ਜਾਂਦੀ ਹੈ। ਇਸ ਬਾਣੀ ਵਿਚ ਗੁਰੂ ਸਾਹਿਬ ਨੇ ਆਪਣੇ ਤੋਂ ਪਹਿਲੀ ਸਾਰੀ ਫਿਲਾਸਫੀ ਦੇ ਗਿਆਨ ਨੂੰ ਆਤਮਸਾਤ ਕਰਕੇ ਤੇ ਇਸ ਨੂੰ ਆਪਣੇ ਇਲਹਾਮ ਵਿਚ ਪ੍ਰਾਪਤ ਹੋਏ ਨਵੇਂ ਸੱਚ ਦੀ ਕਸਵਟੀ ਉਤੇ ਲਾ ਕੇ, ਇਸ ਨੂੰ ਉਚੇਰੇ ਤੇ ਨਵੇਂ ਰੂਪ ਵਿਚ ਪੇਸ਼ ਕੀਤਾ ਹੈ। ਇਸ ਤੋਂ ਬਾਅਦ ਸਮੁਚੇ ਮਨੁੱਖੀ ਸਮਾਜ ਨੂੰ ਤੇ ਖਾਸ ਕਰਕੇ ਪੰਜਾਬੀ ਸਮਾਜ ਨੂੰ ਇਸ ਨਵੇਂ ਗਿਆਨ ਦੇ ਆਧਾਰ ਉਤੇ ਜਥੇਬੰਦ ਕਰਨਾ ਮਨੁੱਖ ਜਾਤੀ ਦੀ ਆਪਣੀ ਲੋੜ ਹੈ, ਪਰ ਇਹ ਕਾਰਜ ਅਜੇ ਅਧੂਰਾ ਪਿਆ ਹੈ।

'ਸਿਧ ਗੋਸਟਿ' ਗੁਰੂ ਗ੍ਰੰਥ ਸਾਹਿਬ ਦੇ 8 ਪੰਨਿਆਂ ਵਿਚ ਫੈਲੀ ਇਕ ਲੰਬੀ ਬਾਣੀ ਹੈ, ਜਿਸ ਵਿਚ ਗੁਰੂ ਸਾਹਿਬ ਪਹਿਲਾਂ ਆਪਣੇ ਤੋਂ ਪਹਿਲੇ 'ਬੌਧਿਕ ਜਗਤ' ਦੇ ਆਗੂ ਸਮਝੇ ਜਾਂਦੇ ਸਿਧਾਂ ਦਾ ਪੱਖ ਪੇਸ਼ ਕਰਦੇ ਹਨ ਤੇ ਫਿਰ ਉਸ ਪੱਖ ਬਾਰੇ ਆਪਣਾ ਮਤ ਦਿੰਦੇ ਹਨ। ਗੁਰੂ ਸਾਹਿਬ ਤੋਂ ਪਹਿਲਾਂ ਪੁਰਾਣਾ ਸੱਚ ਕੀ ਸੀ ਤੇ ਗੁਰੂ ਸਾਹਿਬ ਨੇ ਕੀ ਨਵਾਂ ਸੱਚ ਪ੍ਰਗਟ ਕੀਤਾ, ਇਸ ਦੀ ਜਾਣਕਾਰੀ ਇਸ ਬਾਣੀ ਤੋਂ ਮਿਲਦੀ ਹੈ। ਉਂਜ ਇਸ ਬਾਣੀ ਦੇ ਮੁਢ ਵਿਚ ਹੀ ਸਮੁੱਚੀ ਬਾਣੀ ਦਾ ਤਤ ਬਿਆਨ ਕਰ ਦਿਤਾ ਗਿਆ ਹੈ,

ਕਿਆ ਭਵੀਐ ਸਚਿ ਸੂਚਾ ਹੋਇ॥
ਸਾਚ ਸਬਦ ਬਿਨ ਮੁਕਤਿ ਨ ਕੋਇ॥
(ਪੰਨਾ 938)

ਭਾਵ ਥਾਂ-ਥਾਂ (ਤੀਰਥ ਅਸਥਾਨਾਂ ਉਤੇ) ਜਾ ਕੇ ਭੌਣ ਦਾ ਕੋਈ ਲਾਭ ਨਹੀਂ, ਸੱਚ ਹਮੇਸ਼ਾਂ ਪਵਿਤਰ ਹੁੰਦਾ ਹੈ। ਇਹ ਪਵਿਤਰ ਸੱਚ ਕੀ ਹੈ? ਸੱਚੇ ਸ਼ਬਦ ਭਾਵ ਸਦੀਵੀ ਸੱਚ ਦਾ ਗਿਆਨ ਦੇਣ ਵਾਲੇ ਸ਼ਬਦ ਤੋਂ ਬਿਨਾ ਮੁਕਤੀ ਨਹੀਂ ਮਿਲ ਸਕਦੀ। ਸਾਰੇ ਗੁਰੂ ਗ੍ਰੰਥ ਸਾਹਿਬ ਵਿਚ ਮੁਕਤੀ ਸ਼ਬਦ ਦੀ ਵਾਰ-ਵਾਰ ਵਿਆਖਿਆ ਕੀਤੀ ਗਈ ਹੈ। ਇਸ ਮੁਕਤੀ ਦਾ ਤਤਸਾਰ ਹੈ, ਸ਼ਬਦ ਵਿਚ ਪ੍ਰਗਟ ਹੁੰਦੇ ਆਤਮਕ ਗਿਆਨ ਨਾਲ ਆਪਣੇ ਮਨ ਨੂੰ ਵਿਕਸਿਤ ਕਰਕੇ ਤੇ ਸਦਜਾਗਤ ਰਖ ਕੇ ਉਸ ਨੂੰ ਸਵੈਜਬਤ ਵਿਚ ਰਖਣਾ ਭਾਵ ਆਪਣਾ ਆਤਮਕ ਤੇ ਮਾਨਸਿਕ ਵਿਕਾਸ ਕਰਕੇ ਆਪਣੇ ਵਿਕਾਰਾਂ ਉਤੇ ਕਾਬੂ ਪਾਉਣਾ।

ਇਸ ਗੋਸਟਿ ਵਿਚ ਸਿਧ ਗੁਰੂ ਸਾਹਿਬ ਨੂੰ ਸੁਆਲ ਕਰਦੇ ਹਨ,

ਕਵਣ ਮੂਲੁ ਕਵਣ ਮਤਿ ਵੇਲਾ॥
ਤੇਰਾ ਕਵਣੁ ਗੁਰੂ ਜਿਸ ਕਾ ਤੂ ਚੇਲਾ॥
ਕਵਣ ਕਥਾ ਲੇ ਰਹਹੁ ਨਿਰਾਲੇ॥
ਬੋਲੈ ਨਾਨਕੁ ਸੁਣਹੁ ਤੁਮ ਬਾਲੇ॥
ਏਸੁ ਕਥਾ ਕਾ ਦੇਇ ਬੀਚਾਰੁ॥
ਭਵਜਲੁ ਸਬਦਿ ਲੰਘਾਵਣਹਾਰੁ॥
(ਪੰਨਾ 942)

ਭਾਵ ਮਨੁੱਖੀ ਜਿੰਦਗੀ ਦਾ ਮੂਲ ਕੀ ਹੈ? ਮਤਿ ਭਾਵ ਅਕਲ ਜਾਂ ਬੁਧਿ ਪ੍ਰਾਪਤ ਕਰਨ ਦਾ ਠੀਕ ਸਮਾਂ ਕੀ ਹੈ? ਤੇਰਾ ਗੁਰੂ ਕੌਣ ਹੈ, ਜਿਸ ਦਾ ਤੂੰ ਸ਼ਾਗਿਰਦ ਹੈਂ? ਕਿਹੜੀ ਸਿੱਖਿਆ ਲੈ ਕੇ ਤੂੰ ਨਿਰਲੇਪ ਭਾਵ ਵਿਕਾਰਾਂ ਤੋਂ ਬਚਿਆ ਰਹਿ ਸਕਦਾ ਹੈਂ? ਹੇ ਨਾਨਕ! ਸਾਨੂੰ ਵਿਚਾਰ ਕੇ ਦੱਸ, ਕਿ ਇਸ ਸੰਸਾਰ ਭਵਸਾਗਰ ਤੋਂ ਸ਼ਬਦ ਕਿਵੇਂ ਪਾਰ ਲੰਘਾ ਸਕਦਾ ਹੈ?

ਗੁਰੂ ਸਾਹਿਬ ਦਾ ਜੁਆਬ ਹੈ,

ਪਵਨ ਅਰੰਭੁ ਸਤਿਗੁਰ ਮਤਿ ਵੇਲਾ॥
ਸਬਦੁ ਗੁਰੂ ਸੁਰਤਿ ਧੁਨਿ ਚੇਲਾ॥
(ਪੰਨਾ 943)

ਪ੍ਰਾਣ ਮਨੁੱਖੀ ਜਿੰਦਗੀ ਦਾ ਮੂਲ ਆਧਾਰ ਹਨ ਭਾਵ ਜਦੋਂ ਮਨੁੱਖ ਜਨਮਦਾ ਹੈ ਜਾਂ ਪਹਿਲਾ ਸਾਹ ਲੈਂਦਾ ਹੈ, ਉਦੋਂ ਜਿੰਦਗੀ ਸ਼ੁਰੂ ਹੁੰਦੀ ਹੈ। ਭਾਵ ਮਨੁੱਖੀ ਜਿੰਦਗੀ ਦਾ ਮੂਲ ਮਨੁੱਖੀ ਸਰੀਰ ਹੈ। ਜਦੋਂ ਸਦੀਵੀ ਸੱਚ ਦਾ ਗਿਆਨ ਦੇਣ ਵਾਲਾ ਗੁਰੂ ਮਿਲ ਜਾਏ, ਗਿਆਨ ਲੈਣ ਦਾ ਉਹੀ ਠੀਕ ਸਮਾਂ ਹੈ। ਸ਼ਬਦ ਗੁਰੂ ਹੈ ਤੇ ਮਨੁੱਖ ਦੀ ਸੁਰਤੀ ਭਾਵ ਉਸ ਦਾ ਮਨ ਸ਼ਬਦ ਦਾ ਚੇਲਾ ਹੈ। ਭਾਵ ਸਦੀਵੀ ਸੱਚ ਦਾ ਗਿਆਨ ਦੇਣ ਵਾਲੇ ਗੁਰੂ ਰਾਹੀਂ ਸ਼ਬਦ ਵਿਚ ਪ੍ਰਗਟ ਹੋਏ ਆਤਮਕ ਗਿਆਨ ਦਾ ਮਨੁੱਖੀ ਮਨ ਵਿਚ ਹੋਇਆ ਸੰਚਾਰ ਹੀ ਇਸ ਭਵਜਲ ਰੂਪੀ ਸੰਸਾਰ ਨੂੰ ਪਾਰ ਕਰਨ ਵਿਚ ਸਹਾਇਤਾ ਕਰ ਸਕਦਾ ਹੈ।

ਗਿਆਨ ਕਾ ਬਧਾ ਮਨੁ ਰਹੈ
ਗੁਰ ਬਿਨੁ ਗਿਆਨੁ ਨ ਹੋਇ॥ (ਪੰਨਾ 469)
ਗਿਆਨੀ ਹੋਇ ਜੋ ਚੇਤੰਨੁ ਹੋਇ
ਅਗਿਆਨੀ ਅੰਧੁ ਕਮਾਇ॥ (ਪੰਨਾ556)

ਚੇਤਨਾ ਹੋਰ ਕੁਝ ਨਹੀਂ, ਸਗੋਂ ਚੇਤੰਨ ਮਨੁੱਖੀ ਹੋਂਦ ਹੈ। (ਮਾਰਕਸ, ਜਰਮਨ ਵਿਚਾਰਧਾਰਾ)

ਅਜੋਕੀ ਮਨੁੱਖ ਜਾਤੀ ਨੂੰ ਦਰਪੇਸ਼ ਸਾਰੀਆਂ ਗੰਭੀਰ ਸਮੱਸਿਆਵਾਂ ਦਾ ਕਾਰਨ ਇਹੀ ਹੈ, ਉਸ ਨੇ ਸਾਮਰਾਜੀ ਖਪਤਕਾਰੀ ਦੇ ਮਾਨਸਿਕ ਰੋਗ ਵਿਚ ਗ੍ਰਸਤ ਹੋ ਕੇ, ਸਦੀਆਂ ਵਿਚ ਹੰਢਾਈ ਤੇ ਪਰਖੀ ਚੇਤਨਾ (ਆਤਮਕ ਗਿਆਨ) ਨੂੰ ਵਿਸਾਰ ਦਿਤਾ ਹੈ। ਗੁਰਮਤਿ ਤੇ ਮਾਰਕਸ ਦੇ ਵਿਕਸਿਤ ਕੀਤੇ ਫਿਲਾਸਫੀ ਦੇ ਇਸੇ ਗਿਆਨ ਨੂੰ ਫਿਰ ਤੋਂ ਜੀਵਤ ਕਰਨ ਦੀ ਲੋੜ ਹੈ।

ਮਨੁੱਖ ਜਾਤੀ ਨੂੰ ਦਰਪੇਸ਼ ਕੁਝ ਸਮਸਿਆਵਾਂ ਦਾ ਜਿਕਰ ਸ਼. ਅਜਮੇਰ ਸਿੰਘ ਨੇ ਵੀ ਕੀਤਾ ਹੈ। ਉਨ੍ਹਾਂ ਅਨੁਸਾਰ, "ਇਸ ਵੇਲੇ ਕੁਝ ਵਿਕਰਾਲ ਸਮੱਸਿਆਵਾਂ ਤੇ ਚੁਣੌਤੀਆਂ ਮਾਨਵਤਾ ਨੂੰ ਘੂਰ ਰਹੀਆਂ ਹਨ। ਹਕੀਕਤ ਨੂੰ ਜੇਕਰ ਖੁਲ੍ਹੀਆਂ ਅੱਖਾਂ ਨਾਲ ਦੇਖਿਆ ਜਾਏ ਤਾਂ ਮਾਨਵਤਾ ਦੇ ਸਿਰ ਉਤੇ ਸਰਬਨਾਸ ਦਾ ਖਤਰਾ ਮੰਡਰਾ ਰਿਹਾ ਹੈ। ਦਰਪੇਸ਼ ਸੰਕਟ ਦਾ ਸਭ ਤੋਂ ਗੂੜ੍ਹਾ ਇਜ਼ਹਾਰ ਵਾਤਾਵਰਣ ਦੀ ਖਰਾਬੀ ਦੇ ਰੂਪ ਵਿਚ ਹੋ ਰਿਹਾ ਏ।...ਇਸ ਕਰਕੇ ਇਸ ਵੇਲੇ ਮਨੁੱਖਤਾ ਦੇ ਸਨਮੁਖ ਸਭ ਨਾਲੋਂ ਵਡਾ ਤੇ ਤਦੀ ਵਾਲਾ ਸੁਆਲ ਇਹ ਖੜਾ ਹੋ ਗਿਆ ਹੈ, ਵਾਤਾਵਰਣ ਦੀ ਖਰਾਬੀ ਦੇ ਬੇਰੋਕ ਵਗ ਰਹੇ ਇਸ ਰੁਝਾਣ ਨੂੰ ਠੱਲ੍ਹ ਕਿਵੇਂ ਪਾਈ ਜਾਵੇ?"

"ਦੂਜਾ ਵਡਾ ਮਸਲਾ ਚਾਰੇ ਤਰਫ਼ ਫੈਲੀ ਲੁਟ-ਖਸੁਟ, ਖੋਹਾ-ਖੋਹੀ, ਜੁਰਮ-ਜਬਰ, ਹਿੰਸਾ ਤੇ ਖੂਨ-ਖਰਾਬੇ ਦਾ ਹੈ...ਚਕਾਚੂੰਧ ਕਰ ਦੇਣ ਵਾਲੀ ਸਾਰੀ ਪਦਾਰਥਕ ਤਰੱਕੀ ਦੇ ਬਾਵਜੂਦ ਮਨੁੱਖ ਰੂਹਾਨੀ ਤੌਰ ਉਤੇ ਪਹਿਲਾਂ ਦੇ ਮੁਕਾਬਲੇ ਕਿਤੇ ਜ਼ਿਆਦਾ ਕੰਗਾਲ ਹੋ ਗਿਆ ਹੈ। ਉਸ ਦੀ ਹਿਰਸ ਦਾ ਕੋਈ ਹੱਦ-ਬੰਨਾ ਨਹੀਂ ਰਿਹਾ। ਹਰ ਕਿਸਮ ਦੇ ਵਿਸ਼ੇ-ਵਿਕਾਰ ਵਧੇ ਹਨ, ਘਟੇ ਨਹੀਂ। ਸੰਸਾਰ ਅੰਦਰ ਆਰਥਕ ਨਾਬਰਾਬਰੀ, ਸਮਾਜੀ ਵਿਤਕਰਾ, ਰਾਜਸੀ ਦਾਬਾ ਤੇ ਜਬਰ, ਅਨਿਆਂ, ਜ਼ੁਲਮੋਂ-ਤਸ਼ਦਦ, ਜੁਰਮ, ਹਿੰਸਾ, ਝਗੜੇ-ਬਿਖਾਦ, ਖੂਨੀ ਜੰਗਾਂ, ਸਮੂਹਕ ਕਤਲੇਆਮ ਤੇ ਨਸਲਕੁਸ਼ੀ ਦੀਆਂ ਵਾਰਦਾਤਾਂ ਵਿਚ ਓੜਕਾਂ ਦਾ ਵਾਧਾ ਹੋਇਆ ਹੈ।"

ਅਜੋਕੀ ਮਨੁੱਖ ਜਾਤੀ ਦੀਆਂ ਇਹੀ ਗੰਭੀਰ ਸਮੱਸਿਆਵਾਂ ਹਨ, ਜਿਨ੍ਹਾਂ ਦਾ ਮੌਜੂਦਾ ਰਾਜ ਪ੍ਰਬੰਧ ਕੋਲ ਕੋਈ ਹੱਲ ਨਹੀਂ ਹੈ। ਆਪਣੀ ਇਕ ਗੱਲਬਾਤ ਵਿਚ ਪੰਕਜ ਮਿਸ਼ਰਾ ਨੇ ਇਸੇ ਨੁਕਤੇ ਵੱਲ ਇਸ਼ਾਰਾ ਕੀਤਾ ਹੈ। ਉਸ ਦਾ ਕਹਿਣਾ ਹੈ ਕਿ 19ਵੀਂ ਸਦੀ ਤੇ 20ਵੀਂ ਸਦੀ ਦੇ ਸ਼ੁਰੂ ਵਿਚਲੇ ਆਧੁਨਿਕਤਾਵਾਦੀਆਂ ਨੇ ਧਰਮ ਤੇ ਫਿਲਾਸਫੀ ਵਿਚਲੀਆਂ ਜਿਹੜੀਆਂ ਕਦਰਾਂ-ਕੀਮਤਾਂ ਨੂੰ ਬੁਲੰਦ ਕਰਨ ਦੀ ਗੱਲ ਕੀਤੀ ਸੀ, ਪਿਛਲੇ 20-30 ਸਾਲਾਂ ਵਿਚ ਉਨ੍ਹਾਂ ਨੂੰ ਬਿਲਕੁਲ ਭੁਲਾ ਦਿਤਾ ਗਿਆ ਹੈ। ਸਿਰਫ ਤੇ ਸਿਰਫ ਪਦਾਰਥਕ ਤਰੱਕੀ ਨੂੰ ਮਨੁੱਖੀ ਵਿਕਾਸ ਦਾ ਇਕੋ-ਇਕ ਪੈਮਾਨਾ ਬਣਾ ਲਿਆ ਗਿਆ ਹੈ। ਮਨੁੱਖੀ ਜਿੰਦਗੀ ਦਾ ਇਕੋ-ਇਕ ਮੰਤਵ ਮੁਨਾਫਾ ਕਮਾਉਣਾ ਤੇ ਵਧਾਉਣਾ ਰਹਿ ਗਿਆ ਹੈ। ਇਹ ਗੱਲ ਅਸਲੋਂ ਹੀ ਵਿਸਾਰ ਦਿਤੀ ਗਈ ਹੈ ਕਿ ਮਨੁੱਖੀ ਸਵੈਮਾਣ, ਅਣਖ, ਸਥਿਰਤਾ, ਸੁਰੱਖਿਆ ਅਤੇ ਸਾਰਿਆਂ ਦੀ ਬਰਾਬਰੀ ਵਰਗੇ ਪ੍ਰੇਰਨਾਮਈ ਆਦਰਸ਼, ਪਦਾਰਥਕ ਤਰੱਕੀ ਨਾਲੋਂ ਮਨੁੱਖੀ ਸਭਿਅਤਾ ਦੇ ਵਿਕਾਸ ਲਈ ਜਿਆਦਾ ਕੀਮਤੀ ਹਨ। ਇਹੀ ਇਕ ਨੁਕਤਾ ਖਾਲਿਸਤਾਨ ਲਈ ਸੰਘਰਸ਼ ਕਰ ਰਹੀਆਂ ਧਿਰਾਂ ਦੀ ਸੋਚ ਦਾ ਅੰਗ ਬਣਾਉਣ ਦੀ ਲੋੜ ਹੈ।

ਇਹ ਧਿਰਾਂ ਗੁਰੂ ਸਾਹਿਬ ਦੀ ਫਿਲਾਸਫੀ ਨੂੰ ਆਪਣੇ ਮਨੋਂ ਵਿਸਾਰ ਬੈਠੀਆਂ ਹਨ। ਇਹੀ



ਸਿਗਮੰਡ ਫਰਾਇਡ

ਕਾਰਨ ਹੈ, 'ਖਾਲਿਸਤਾਨ ਹੁਣ ਉਨ੍ਹਾਂ ਦੀ ਰੂਹ ਦੀ ਪਿਆਸ ਨਹੀਂ', 'ਜਦੋਂ ਖਾਲਿਸਤਾਨ ਦੀ ਮੰਜਿਲ ਉਤੇ ਪਤਝੜ ਦੇ ਪਹਿਰੇ ਹਨ', ਜਦੋਂ ਖਾਲਿਸਤਾਨੀ ਵੀਰ, ਉਨ੍ਹਾਂ ਦੇ ਹਮਦਰਦ ਅਤੇ ਦੂਰ ਨੇੜੇ ਦੇ ਸਮਰਥਕ ਵੀ ਥਕੇ-ਥਕੇ ਲਗਦੇ ਹਨ ਅਤੇ ਮਹਿਸੂਸ ਕਰਨ ਲਗ ਪਏ ਹਨ ਕਿ ਹੁਣ ਇਹੋ ਜਿਹੀਆਂ ਬਹਿਸਾਂ ਦਾ ਕੋਈ ਫਾਇਦਾ ਨਹੀਂ।' ਜਦੋਂ ਇਹ ਧਿਰਾਂ ਭੇਖ ਨੂੰ ਟਪ ਕੇ ਗੁਰਮਤਿ ਦੇ ਤਤ ਨੂੰ ਫੜਨਗੀਆਂ ਤਾਂ ਇਨ੍ਹਾਂ ਨੂੰ ਖਾਲਿਸਤਾਨ, ਖਾਲਸਾ ਰਾਜ, ਹਲੇਮੀ ਰਾਜ, ਬੇਗਮ ਪੁਰਾ ਸਮਾਜ ਵਰਗੇ ਸੰਕਲਪਾਂ ਦੀ ਸਮਝ ਆਵੇਗੀ। ਫਿਰ ਇਨ੍ਹਾਂ ਨੂੰ ਸਮਝ ਆਵੇਗੀ ਕਿ 'ਹਲੇਮੀ ਰਾਜ' ਦਾ ਰਾਹ ਖਾਲਿਸਤਾਨ ਵਿਚੋਂ ਹੋ ਕੇ ਲੰਘਦਾ ਹੈ। ਇਸ ਵਿਚ 'ਨੇਸ਼ਨ ਸਟੇਟ' ਦਾ ਕੋਈ ਰੌਲਾ ਨਹੀਂ ਤੇ 'ਸਾਵਰੈਨਿਟੀ' ਤੇ 'ਪਾਤਿਸ਼ਾਹੀ' ਦਾ ਭਾਵ ਅਰਥ ਇਕੋ ਹੀ ਹੈ। ਫਿਰ ਇਨ੍ਹਾਂ ਨੂੰ ਇਹ ਵੀ ਸਮਝ ਆਵੇਗਾ ਕਿ ਮਸਲਾ ਸ਼ਬਦਾਂ ਦਾ ਨਹੀਂ ਤਤ ਦਾ ਹੈ।

ਵਿਚਾਰ-ਚਰਚਾ

# ਖਾਲਿਸਤਾਨ ਬਾਰੇ ਕੁਝ ਵਿਚਾਰ

***ਕਮਿਊਨਿਸਟ (ਨਕਸਲੀ) ਆਗੂ ਤੋਂ ਸਿੱਖ ਵਿਦਵਾਨ ਬਣੇ ਸ. ਅਜਮੇਰ ਸਿੰਘ ਵੱਲੋਂ ਇਕ ਟੀ.ਵੀ. ਚੈਨਲ ਨੂੰ ਦਿਤੀ ਇੰਟਰਵਿਊ ਨਾਲ ਸਿੱਖ ਹਲਕਿਆਂ ਵਿਚ ਬੜੀ ਤਿੱਖੀ ਹਲਚਲ ਹੋਈ ਹੈ। ਇਸੇ ਪ੍ਰਸੰਗ ਵਿਚ 'ਪੰਜਾਬ ਟਾਈਮਜ਼' ਵਿਚ ਸੀਨੀਅਰ ਪੱਤਰਕਾਰ ਤੇ ਸਿੱਖ ਵਿਦਵਾਨ ਕਰਮਜੀਤ ਸਿੰਘ ਚੰਡੀਗੜ੍ਹ, ਹਜਾਰਾ ਸਿੰਘ ਮਿਸੀਸਾਗਾ (ਕੈਨੇਡਾ), ਤਰਲੋਕ ਸਿੰਘ ਨਿਊ ਜਰਸੀ, ਕਮਲਜੀਤ ਸਿੰਘ ਬਾਸੀ, ਡਾ. ਸੰਦੀਪ ਸਿੰਘ ਅਤੇ ਅਜਮੇਰ ਸਿੰਘ ਦੇ ਸਾਥੀ ਰਹੇ ਗੁਰਬਚਨ ਸਿੰਘ ਦੇ ਵਿਚਾਰ ਛਾਪੇ ਜਾ ਚੁਕੇ ਹਨ। ਇਸੇ ਲੜੀ ਵਿਚ ਐਤਕੀਂ ਕਮਲਜੀਤ ਸਿੰਘ ਫਰੀਮਾਂਟ ਅਤੇ ਹਾਕਮ ਸਿੰਘ ਦੇ ਵਿਚਾਰ ਛਾਪੇ ਜਾ ਰਹੇ ਹਨ। ਅਦਾਰਾ 'ਪੰਜਾਬ ਟਾਈਮਜ਼' ਨੂੰ ਖੁਸ਼ੀ ਹੈ ਕਿ ਪਹਿਲਾਂ ਅਹਿਮ ਮਸਲਿਆਂ ਉਤੇ ਚੱਲੀਆਂ ਬਹਿਸਾਂ ਵਾਂਗ, ਇਸ ਮਸਲੇ ਬਾਰੇ ਵੀ ਵਿਦਵਾਨ ਆਪੋ-ਆਪਣਾ ਹਿੱਸਾ ਪਾ ਰਹੇ ਹਨ। ਸਾਡਾ ਲੇਖਕਾਂ ਦੇ ਵਿਚਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ, ਸਾਡਾ ਮਨਸ਼ਾ ਇਸ ਮਸਲੇ ਬਾਰੇ ਸੰਜੀਦਾ ਬਹਿਸ ਚਲਾਉਣਾ ਹੈ। ਆਈਆਂ ਹੋਰ ਲਿਖਤਾਂ ਨੂੰ ਵੀ ਬਣਦੀ ਥਾਂ ਦਿੱਤੀ ਜਾਵੇਗੀ। ਬੱਸ ਇਕ ਹੀ ਬੇਨਤੀ ਹੈ ਕਿ ਧੀਰਜ ਤੇ ਸ਼ਾਇਸਤਗੀ ਦਾ ਪੱਲਾ ਨਾ ਛੱਡਿਆ ਜਾਵੇ। -ਸੰਪਾਦਕ***

ਖਾਲਿਸਤਾਨ ਸਿੱਖ ਸਟੇਟ ਦਾ ਸੰਕਲਪ ਹੈ। ਸਿੱਖੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ 'ਤੇ ਆਧਾਰਤ ਨਿਜੀ ਜੀਵਨ ਮਾਰਗ ਹੈ ਅਤੇ ਸਟੇਟ ਪੱਛਮੀ ਵਿਚਾਰਧਾਰਾ ਦਾ ਸਮਾਜਕ ਸੰਕਲਪ। ਸਟੇਟ ਸਮਾਜਕ ਅਸਤਿੱਤਵ ਹੈ ਅਤੇ ਸਿੱਖੀ ਗੁਰਬਾਣੀ ਦੀ ਅਧਿਆਤਮਕ ਵਿਚਾਰਧਾਰਾ 'ਤੇ ਆਧਾਰਤ ਵਿਅਕਤੀਗਤ ਜੀਵਨ ਢੰਗ। ਇਨ੍ਹਾਂ ਦੋ ਅਸਬੰਧਤ ਅਤੇ ਵਖਰੀਆਂ ਧਰਾਤਲਾਂ 'ਤੇ ਵਿਚਰ ਰਹੇ ਅਸਤਿੱਤਵਾਂ ਦਾ ਸੁਮੇਲ ਸੰਭਵ ਨਹੀਂ। ਅਸਲ ਵਿਚ ਸਿੱਖ ਸਟੇਟ ਦਾ ਸੰਕਲਪ ਜਥੇਦਾਰੀ ਸੰਸਥਾ ਦੀ ਮੱਧਕਾਲੀ ਸੋਚ ਦਾ ਆਧੁਨਿਕ ਸਿਆਸਤ ਨਾਲ ਮਿਲਗੋਭੇ ਦੀ ਉਪਜ ਹੈ। ਸਿੱਖਾਂ ਨੂੰ ਆਪਣੇ ਉਜਲ ਭਵਿੱਖ ਲਈ ਜਥੇਦਾਰਾਂ ਦੀ ਸੋਚ ਦੇ ਪ੍ਰਭਾਵ ਤੋਂ

**ਹਾਕਮ ਸਿੰਘ**
E-mail: hak1270@yahoo.com

ਮੁਕਤ ਹੋਣ ਅਤੇ ਸਿੱਖ ਇਤਿਹਾਸ ਦੇ ਮਾਣ ਦਾ ਭਾਰ ਹੌਲਾ ਕਰਕੇ ਸਮੇਂ ਦੇ ਹਾਣੀ ਬਣ ਕੇ ਪੰਜਾਬ ਦੇ ਭਵਿੱਖ ਬਾਰੇ ਸਮਝਦਾਰੀ ਤੇ ਸੰਜੀਦਗੀ ਨਾਲ ਸੋਚਣ ਦੀ ਲੋੜ ਹੈ।

ਗੁਰੂ ਗ੍ਰੰਥ ਸਾਹਿਬ ਦੀ ਬਾਣੀ ਅਧਿਆਤਮਕ ਗਿਆਨ ਹੈ। ਇਹ ਦਿਖਾਈ ਦੇ ਰਹੇ ਸੰਸਾਰ ਦਾ ਪਦਾਰਥਕ, ਸਮਾਜਕ ਜਾਂ ਮਾਨਵੀ ਗਿਆਨ ਨਹੀਂ ਹੈ। ਇਹ ਤਾਂ ਸ੍ਰਿਸ਼ਟੀ ਦੇ ਕਰਤੇ, ਨਿਰਾਕਾਰ ਅਤੇ ਸੱਚੇ ਪ੍ਰਭੂ ਦੇ ਮਨੁੱਖ ਨੂੰ ਸਮਝ ਆਉਣ ਵਾਲੇ ਗੁਣਾਂ ਦਾ ਗਿਆਨ ਹੈ। ਇਸ ਵਿਚ ਮਨੁੱਖਤਾ ਨੂੰ ਪ੍ਰਭੂ ਦੇ ਨੂਰ ਤੋਂ ਉਪਜੀ ਅਤੇ ਹਰ ਇੱਕ ਮਨੁੱਖ ਨੂੰ ਸੁਤੰਤਰ ਤੇ ਬਰਾਬਰ ਮੰਨਿਆ ਗਿਆ ਹੈ। ਗੁਰਬਾਣੀ, ਮਨੁੱਖਾ ਜੀਵਨ ਦਾ ਮਨੋਰਥ ਪ੍ਰਭੂ ਮਿਲਾਪ ਦੱਸਦੀ ਹੈ। ਗੁਰਬਾਣੀ ਅਨੁਸਾਰ ਸੰਸਾਰ ਵਿਚ ਪ੍ਰਭੂ ਨੇ ਮਾਇਆ ਦੇ ਛਲਾਵੇ ਦਾ ਭਰਮਜਾਲ ਵਿਛਾਇਆ ਹੋਇਆ ਹੈ, ਜਿਸ ਨੇ ਦਿਖਾਈ ਦੇਣ ਵਾਲੀ ਹਰ ਗਤੀਸ਼ੀਲ ਵਸਤੂ ਨੂੰ ਭਰਮਾਊ ਬਣਾ ਦਿੱਤਾ ਹੈ। ਮਾਇਆ ਦੇ ਪ੍ਰਭਾਵ ਕਾਰਨ ਸਮਾਜ ਦੇ ਸਾਰੇ ਰਿਸ਼ਤੇ-ਨਾਤੇ ਝੂਠੇ ਸੁਪਨੇ ਤੇ ਸੰਸਾਰਕ ਪਦਵੀਆਂ ਅਤੇ ਸਫਲਤਾਵਾਂ ਭਰਮਾਊ ਬਣੀਆਂ ਹੋਈਆਂ ਹਨ। ਗੁਰਬਾਣੀ ਸੰਸਾਰਕ ਪ੍ਰਾਪਤੀਆਂ ਅਤੇ ਰਾਜ ਭਾਗ ਨੂੰ ਕੋਈ ਮਹੱਤਤਾ ਨਹੀਂ ਦਿੰਦੀ।

ਖਾਲਿਸਤਾਨ ਦੀ ਸਥਾਪਨਾ ਤਾਂ ਦੂਰ ਦੀ ਗੱਲ ਹੈ, ਗੁਰਬਾਣੀ ਵਿਚ ਤਾਂ ਸਿੱਖ ਧਰਮ ਦੀ ਕੋਈ ਸੰਸਥਾ ਸੰਗਠਤ ਕਰਨ ਦਾ ਉਪਦੇਸ਼ ਵੀ ਨਹੀਂ ਹੈ। ਗੁਰੂ ਸਾਹਿਬਾਨ ਨੇ ਵੀ ਕੋਈ ਸੰਸਥਾਗਤ ਜਾਂ ਸਮਾਜਕ ਸਿੱਖ ਧਰਮ ਸਥਾਪਤ ਨਹੀਂ ਸੀ ਕੀਤਾ। ਸੰਸਥਾਗਤ ਸਿੱਖ ਧਰਮ ਗੁਰੂ ਸਾਹਿਬਾਨ ਦੇ ਪਰਿਵਾਰਕ ਵਿਰੋਧੀਆਂ ਨੇ ਗੁਰਗੱਦੀ, ਗੁਰਬਾਣੀ ਪੋਥੀ ਅਤੇ ਸੰਪਤੀ ਦੀ ਮਲਕੀਅਤ ਨੂੰ ਲੈ ਕੇ ਨਿਜੀ ਲਾਭ ਲਈ ਸਥਾਪਤ ਕੀਤਾ ਸੀ ਜੋ ਰਹਿਤ ਮਰਿਆਦਾ ਦੀ ਪਰੰਪਰਾ ਰਾਹੀਂ ਅੱਜ ਵੀ ਪ੍ਰਚਲਿਤ ਹੈ। ਨਿਜੀ ਲਾਭ ਲਈ ਅਧਿਆਤਮਕ ਗਿਆਨ ਦਾ ਸਮਾਜੀਕਰਨ ਕਰਕੇ ਸਥਾਪਤ ਕੀਤੇ ਸੰਸਥਾਗਤ ਸਿੱਖ ਧਰਮ ਵਿਚ ਖਾੜਕੂਵਾਦ ਅਤੇ ਖਾਲਿਸਤਾਨ ਦੀ ਮੰਗ ਪੈਦਾ ਹੋ ਜਾਣੀ ਸੁਭਾਵਕ ਸੀ।

ਖਾਲਿਸਤਾਨ ਦਾ ਦਸਮ ਗ੍ਰੰਥ ਨਾਲ ਡੂੰਘਾ ਸਬੰਧ ਹੈ। ਖਾਲਿਸਤਾਨ ਦੇ ਉਪਾਸ਼ਕਾਂ ਨੇ ਦਸਮ ਗ੍ਰੰਥ ਨੂੰ ਆਪਣੇ ਉਦੇਸ਼ ਦਾ ਆਧਾਰ ਬਣਾ ਲੈਣਾ ਸੀ ਜੇ ਕੁਝ ਚਿੰਤਾਜਨਕ ਔਕੜਾਂ ਪੇਸ਼ ਨਾ ਆਉਂਦੀਆਂ। ਇੱਕ ਤੇ ਗੁਰੂ ਗੋਬਿੰਦ ਸਿੰਘ ਜੀ ਦੇ ਗੁਰੂ ਗ੍ਰੰਥ ਸਾਹਿਬ ਦਾ ਸੰਕਲਣ ਕਰਕੇ ਗੁਰੂ ਘੋਸ਼ਿਤ ਕਰਨ ਨਾਲ ਦਸਮ ਗ੍ਰੰਥ ਦਾ ਸੰਕਲਪ ਹੀ ਸ਼ੱਕੀ ਬਣ ਗਿਆ ਸੀ ਅਤੇ ਦੂਜੇ, ਦਸਮ ਗ੍ਰੰਥ ਅਸ਼ਲੀਲ ਕਵਿਤਾਵਾਂ, ਹਿੰਦੂ ਮਿਥਿਹਾਸਕ ਕਥਾਵਾਂ, ਪਿਛਲੇ ਜਨਮ ਦੀਆਂ ਕਲਪਿਤ ਕਰਾਮਾਤਾਂ ਅਤੇ ਚੰਡੀ ਦੇਵੀ ਦੇ ਯੁਧਾਂ ਦੇ ਬਿਰਤਾਂਤਾਂ ਨਾਲ ਭਰਿਆ ਪਿਆ ਹੋਣ ਕਾਰਨ ਸਿੱਖ ਜਗਤ ਵਿਚ ਧਾਰਮਕ ਗ੍ਰੰਥ ਵਜੋਂ ਪ੍ਰਵਾਨ ਨਾ ਚੜ੍ਹਿਆ। ਜਿਸ ਨਾਟਕੀ ਢੰਗ ਨਾਲ ਬਚਿੱਤਰ ਨਾਟਕ ਲੱਭਿਆ ਗਿਆ ਅਤੇ ਉਸ ਦਾ ਨਾਂ ਬਦਲਿਆ ਗਿਆ, ਉਸ ਸਾਰੀ ਪ੍ਰਕ੍ਰਿਆ ਵਿਚ ਅੰਗਰੇਜ਼ਾਂ ਦੀ ਮਿਲੀਭੁਗਤ ਦੇ ਸ਼ੰਕੇ ਅਤੇ ਸਬੰਧਤ ਮਿਥਹਾਸ ਨੇ ਵੀ ਦਸਮ ਗ੍ਰੰਥ ਦੀ ਵਾਸਤਵਿਕਤਾ 'ਤੇ ਪ੍ਰਸ਼ਨ ਚਿੰਨ੍ਹ ਲਾ ਦਿਤੇ। ਭਾਵੇਂ ਦਸਮ ਗ੍ਰੰਥ ਦੀਆਂ ਰਚਨਾਵਾਂ ਨੂੰ ਗੁਰਬਾਣੀ ਦਾ ਦਰਜਾ ਪ੍ਰਾਪਤ ਨਹੀਂ ਹੈ ਫਿਰ ਵੀ ਖਾਲਿਸਤਾਨੀ ਜਦੋਂ ਵੀ ਗੁਰਬਾਣੀ ਦਾ ਹਵਾਲਾ ਦਿੰਦੇ ਹਨ ਤਾਂ ਬਹੁਤੀ ਵੇਰ ਉਹ ਤੁਕਾਂ ਦਸਮ ਗ੍ਰੰਥ ਵਿਚੋਂ ਲੈਂਦੇ ਹਨ। ਦਰਅਸਲ ਦਸਮ ਗ੍ਰੰਥ ਵਿਚ ਧਰਮ ਦੀ ਰੱਖਿਆ ਲਈ ਰਾਜ ਦਾ ਹੋਣਾ ਜ਼ਰੂਰੀ ਦੱਸਿਆ ਗਿਆ ਹੈ ਅਤੇ ਇਸੇ ਵਿਚਾਰ ਨੂੰ ਖਾਲਿਸਤਾਨੀ ਆਪਣੀ ਲਹਿਰ ਦਾ ਆਧਾਰ ਮੰਨਦੇ ਹਨ।

ਭਾਰਤ ਵਿਚ ਦਸਮ ਗ੍ਰੰਥ ਨੂੰ ਗੁਰੂ ਗੋਬਿੰਦ ਸਿੰਘ ਦੀ ਰਚਨਾ ਮੰਨਣ ਵਾਲਿਆਂ ਦੇ ਦੋ ਵੱਡੇ ਧੜੇ ਹਨ: ਇੱਕ, ਖਾਲਿਸਤਾਨ ਦੇ ਸਮਰਥਕਾਂ ਦਾ; ਦੂਜਾ, ਆਰ.ਐਸ.ਐਸ. ਤੇ ਦੂਜੀਆਂ ਹਿੰਦੂਤਵੀ ਜਥੇਬੰਦੀਆਂ ਦਾ। ਖਾਲਿਸਤਾਨੀ ਦਸਮ ਗ੍ਰੰਥ ਨੂੰ ਗੁਰੂ ਸਾਹਿਬ ਦੀ ਕਿਰਤ ਮੰਨ ਕੇ ਆਪਣੇ ਜੰਗੀ ਸੰਘਰਸ਼ ਲਈ ਪ੍ਰੇਰਨਾ ਸਰੋਤ ਵਜੋਂ ਵਰਤਦੇ ਹਨ, ਅਤੇ ਹਿੰਦੂਤਵੀ ਇਸ ਨੂੰ ਸਿੱਖ ਗੁਰੂ ਵਲੋਂ ਹਿੰਦੂ ਮਿਥਿਹਾਸ ਨੂੰ ਲੋਕ ਮਾਨਤਾ ਦੇਣ ਤੇ ਮੁਗਲ ਰਾਜ ਦੇ ਵਿਰੋਧ ਨੂੰ ਹਿੰਦੂਤਵੀ ਏਜੰਡੇ ਦਾ ਸਮਰਥਨ ਸਮਝਦੇ ਹਨ। ਪਰ ਸਿੱਖ ਜਗਤ ਦਸਮ ਗ੍ਰੰਥ ਨੂੰ ਗੁਰੂ ਗੋਬਿੰਦ ਸਿੰਘ ਦੀ ਕਿਰਤ ਮੰਨਣ ਤੋਂ ਇਨਕਾਰੀ ਹੈ।

***ਖਾਲਿਸਤਾਨ ਦੀ ਸਥਾਪਨਾ ਤਾਂ ਦੂਰ ਦੀ ਗੱਲ ਹੈ, ਗੁਰਬਾਣੀ ਵਿਚ ਤਾਂ ਸਿੱਖ ਧਰਮ ਦੀ ਕੋਈ ਸੰਸਥਾ ਸੰਗਠਤ ਕਰਨ ਦਾ ਉਪਦੇਸ਼ ਵੀ ਨਹੀਂ ਹੈ। ਗੁਰੂ ਸਾਹਿਬਾਨ ਨੇ ਵੀ ਕੋਈ ਸੰਸਥਾਗਤ ਜਾਂ ਸਮਾਜਕ ਸਿੱਖ ਧਰਮ ਸਥਾਪਤ ਨਹੀਂ ਸੀ ਕੀਤਾ। ਸੰਸਥਾਗਤ ਸਿੱਖ ਧਰਮ ਗੁਰੂ ਸਾਹਿਬਾਨ ਦੇ ਪਰਿਵਾਰਕ ਵਿਰੋਧੀਆਂ ਨੇ ਗੁਰਗੱਦੀ, ਗੁਰਬਾਣੀ ਪੋਥੀ ਅਤੇ ਸੰਪਤੀ ਦੀ ਮਲਕੀਅਤ ਨੂੰ ਲੈ ਕੇ ਨਿਜੀ ਲਾਭ ਲਈ ਸਥਾਪਤ ਕੀਤਾ ਸੀ ਜੋ ਰਹਿਤ ਮਰਿਆਦਾ ਦੀ ਪਰੰਪਰਾ ਰਾਹੀਂ ਅੱਜ ਵੀ ਪ੍ਰਚਲਿਤ ਹੈ।***

ਖਾਲਿਸਤਾਨ ਦੀ ਮੰਗ ਪੰਜਾਬ ਨਾਲ ਸਬੰਧਤ ਹੈ। ਪੰਜਾਬ ਤੇ ਪੰਜਾਬੀ ਕੌਮ ਗੁਰੂ ਨਾਨਕ ਸਾਹਿਬ ਦੇ ਉਪਦੇਸ਼ ਅਤੇ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦੇ ਪ੍ਰਭਾਵ ਦੀ ਉਪਜ ਹੈ। ਸਿੱਖ ਮਿਸਲਾਂ ਅਤੇ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਵਿਚ ਪੰਜਾਬੀ ਕੌਮ ਇੱਕ ਧਰਮ ਨਿਰਪੱਖ ਨੇਸ਼ਨ ਸਟੇਟ ਵਜੋਂ ਵਿਕਸਿਤ ਹੋ ਗਈ ਸੀ। ਅੰਗਰੇਜ਼ਾਂ ਦੇ ਪੰਜਾਬ 'ਤੇ ਕਬਜ਼ਾ ਕਰਨ ਉਪਰੰਤ ਉਨ੍ਹਾਂ ਦਾ ਪੰਜਾਬੀ ਕੌਮ ਨੂੰ ਬਰਬਾਦ ਕਰਨ ਦਾ ਮਨ ਬਣ ਗਿਆ ਸੀ ਕਿਉਂਕਿ ਅੰਗਰੇਜ਼ਾਂ ਲਈ ਗੁਰਬਾਣੀ ਦਾ ਮਨੁੱਖੀ ਬਰਾਬਰੀ ਤੇ ਸੁਤੰਤਰਤਾ ਦਾ ਮਾਨਵਵਾਦੀ ਉਪਦੇਸ਼ ਅਤੇ ਪੰਜਾਬੀ ਕੌਮ ਦੀ ਸ਼ਕਤੀ ਬਰਦਾਸ਼ਤ ਤੋਂ ਪਰੇ ਸਨ। ਉਨ੍ਹਾਂ ਨੇ 1909 ਐਕਟ ਦੇ ਮਿੰਟੋ ਮੋਰਲੇ ਰਿਫੋਰਮ ਅਤੇ 1919 ਐਕਟ ਰਾਹੀਂ ਭਾਰਤ ਵਿਚ ਧਰਮਾਂ ਦੇ ਆਧਾਰ 'ਤੇ ਵੱਖਵਾਦੀ ਭਾਵਨਾਵਾਂ ਉਤੇਜਿਤ ਕਰ ਦਿੱਤੀਆਂ ਸਨ। ਉਨ੍ਹਾਂ ਵੱਖਵਾਦੀ ਭਾਵਨਾਵਾਂ ਦੇ ਆਧਾਰ 'ਤੇ ਹੀ ਅੰਗਰੇਜ਼ਾਂ ਨੇ ਪੰਜਾਬੀ ਸਮਾਜ ਦੇ ਤਿੰਨੇ ਧਰਮਾਂ ਵਿਚ ਪਰਸਪਰ ਵਿਰੋਧ ਨੂੰ ਉਤਸ਼ਾਹਿਤ ਕਰਨਾ ਸ਼ੁਰੂ ਕਰ ਦਿੱਤਾ ਅਤੇ ਪੰਜਾਬੀ ਕੌਮ ਦੀ ਬਰਬਾਦੀ ਦਾ ਅਰਬ ਦੇਸ਼ਾਂ ਵਾਲਾ ਚਿਰਜੀਵੀ ਜੰਗੀ ਮਾਹੌਲ ਸਿਰਜ ਦਿੱਤਾ।

ਪੰਜਾਬੀ ਹਿੰਦੂਆਂ ਨੇ ਹਜ਼ਾਰਾਂ ਸਾਲ ਪੁਰਾਣੇ ਆਰੀਆ ਸਮਾਜੀ ਸਭਿਆਚਾਰ ਨੂੰ ਅਪਨਾਉਣ ਦਾ ਢੌਂਗ ਰਚ ਕੇ ਪੰਜਾਬੀ ਭਾਸ਼ਾ ਅਤੇ ਸਭਿਆਚਾਰ ਨੂੰ ਪਰਾਇਆ ਕਰ ਦਿੱਤਾ, ਮੁਸਲਮਾਨ ਆਪਣੇ ਆਪ ਨੂੰ ਮੁਗਲ ਰਾਜ ਦੇ ਜਾਂਨਸ਼ੀਨ ਸਮਝਣ ਲੱਗ ਪਏ, ਸਿੱਖਾਂ ਨੇ ਇੱਕ ਵਖਰੀ ਕੌਮ ਹੋਣ ਦਾ ਭਰਮ ਪਾਲ ਲਿਆ, ਭਾਵੇਂ ਸਿੱਖਾਂ ਵਿਚ ਕੌਮ ਵਾਲੇ ਗੁਣਾਂ ਦੀ ਅਣਹੋਂਦ ਸੀ।

ਗੁਰੂ ਸਾਹਿਬਾਨ ਨੇ ਤਾਂ ਸਿੱਖਾਂ ਨੂੰ ਸਭ ਨਾਲ ਇਕੱਠੇ ਰਹਿਣ ਦਾ ਉਪਦੇਸ਼ ਦਿਤਾ ਸੀ ਪਰ ਉਨ੍ਹਾਂ ਨੇ ਮੀਣਿਆਂ, ਧੀਰਮੱਲੀਆਂ, ਰਾਮਰਾਈਆਂ, ਉਦਾਸੀਆਂ ਅਤੇ ਨਿਰਮਲਿਆਂ ਦੇ ਪਿਛੇ ਲੱਗ ਕੇ ਪਹਿਲਾਂ ਗੁਰਮਤਿ ਵਿਚਾਰਧਾਰਾ ਨੂੰ ਤਿਲਾਂਜਲੀ ਦਿੱਤੀ ਅਤੇ ਫਿਰ ਇੱਕ ਵਖਰੀ ਕੌਮ ਹੋਣ ਦਾ ਐਲਾਨ ਕਰ ਦਿੱਤਾ। 1947 ਦਾ ਕਹਿਰ ਤੇ ਪੰਜਾਬ ਦੀ ਵੰਡ, ਪੰਜਾਬੀ ਸੂਬੇ ਦੀ ਨਿਆਂਹੀਣ ਵੰਡ, 1984 ਦੀ ਕਤਲੋਗਾਰਤ ਅਤੇ ਖਾਲਿਸਤਾਨੀ ਲਹਿਰ ਵਿਚ ਸਿੱਖਾਂ ਦੀ ਨਸਲਕੁਸ਼ੀ-ਇਹ ਸਭ ਉਸੇ ਵੱਖਵਾਦੀ ਸੋਚ ਦੇ ਪਰਿਣਾਮ ਸਨ।

1947 ਦੀ ਵੰਡ ਪਿਛੋਂ ਪੰਜਾਬ ਵਿਚ ਚਿਰਜੀਵੀ ਅਸ਼ਾਂਤੀ ਦਾ ਮਾਹੌਲ ਬਣ ਗਿਆ ਹੈ ਜਿਸ ਦਾ ਸਭ ਤੋਂ ਵਧ ਨੁਕਸਾਨ ਸਿੱਖਾਂ ਨੂੰ ਝਲਣਾ ਪੈ ਰਿਹਾ ਹੈ। ਕੁਦਰਤ ਨੇ ਪੰਜਾਬ (ਅਤੇ ਕਸ਼ਮੀਰ) ਨੂੰ ਸਭਿਆਚਾਰਕ ਏਕਤਾ ਅਤੇ ਆਰਥਕ ਖੁਸ਼ਹਾਲੀ ਦੀ ਬਖਸ਼ਿਸ਼ ਕੀਤੀ ਸੀ ਪਰ ਪੰਜਾਬੀਆਂ ਦੀ ਧਰਮ ਆਧਾਰਤ ਭਰਾ-ਮਾਰੂ ਸੋਚ ਅਤੇ ਗੈਰਪੰਜਾਬੀਆਂ ਵਲੋਂ ਉਨ੍ਹਾਂ ਦੇ ਵੈਰ ਵਿਚ ਵਾਧਿਆਂ ਨੇ ਭਰਾਵਾਂ ਨੂੰ ਪੱਕੇ ਦੁਸ਼ਮਣ ਬਣਾ ਦਿੱਤਾ।

ਖਾਲਿਸਤਾਨ ਦੀ ਮੰਗ ਸਿੱਖ ਸੰਘਰਸ਼ ਦੇ ਪਿਛੋਕੜ ਨੂੰ ਨਜ਼ਰ-ਅੰਦਾਜ਼ ਕਰਕੇ ਹੋਂਦ ਵਿਚ ਆਈ ਹੈ। ਸਭ ਨੂੰ ਪਤਾ ਹੈ ਕਿ 1947 ਵਿਚ ਪੰਜਾਬ ਦੀ ਵੰਡ ਸਮੇਂ ਅਕਾਲੀ ਆਗੂਆਂ ਨੇ, ਇਹ ਜਾਣਦਿਆਂ ਵੀ ਕਿ ਕਾਂਗਰਸ ਵਿਚ ਸਿੱਖ ਤੇ ਪੰਜਾਬ ਵਿਰੋਧੀ ਆਰੀਆਂ ਸਮਾਜੀਆਂ ਦਾ ਡੂੰਘਾ ਪ੍ਰਭਾਵ ਹੈ, ਬਿਨਾ ਕਿਸੇ ਸ਼ਰਤ ਦੇ ਭਾਰਤ ਵਿਚ ਸ਼ਾਮਲ ਹੋਣ ਦਾ ਪ੍ਰਸਤਾਵ ਰੱਖ ਦਿੱਤਾ ਸੀ। ਉਨ੍ਹਾਂ ਨੇ ਤਾਂ ਮਾਲਵੇ ਅਤੇ ਬਾਂਗਰ ਦੇ ਇਲਾਕੇ ਵਿਚ ਫੂਲਕੀਆਂ ਰਿਆਸਤਾਂ ਨਾਲ ਹੋਰ ਇਲਾਕਾ ਮਿਲਾ ਕੇ ਭਾਰਤ ਤੇ ਪਾਕਿਸਤਾਨ ਵਿਚਕਾਰ ਆਜ਼ਾਦ ਸਿੱਖ ਦੇਸ਼ ਬਣਾਉਣ ਬਾਰੇ ਸੋਚਣ ਤੋਂ ਵੀ ਇਨਕਾਰ ਕਰ ਦਿਤਾ ਸੀ। ਕਹਿੰਦੇ ਹਨ, ਸਰ ਸਟੈਫੋਰਡ ਕਰਿਪਸ ਨੇ ਪੰਜਾਬ ਦੇ ਨਕਸ਼ੇ 'ਤੇ ਫੂਲਕੀਆਂ ਸਟੇਟਾਂ 'ਤੇ ਪੈਂਸਲ ਫੇਰ ਕੇ ਸਿੱਖ ਆਗੂਆਂ ਨੂੰ ਇਸ਼ਾਰਾ ਕੀਤਾ ਸੀ ਕਿ ਉਹ ਸਿੱਖ ਰਾਜਿਆਂ ਦੇ ਰਾਜ-ਖੇਤਰ ਨਾਲ ਕੁਝ ਹੋਰ ਇਲਾਕਾ ਮਿਲਾ ਕੇ ਵਖਰਾ ਸੁਤੰਤਰ ਰਾਜ ਸਥਾਪਤ ਕਰਨ ਬਾਰੇ ਵੀ ਵਿਚਾਰ ਕਰਨ ਪਰ ਉਨ੍ਹਾਂ ਨੇ ਨਨਕਾਣਾ ਸਾਹਿਬ, ਲਾਹੌਰ ਅਤੇ ਅੰਮ੍ਰਿਤਸਰ ਦੀ ਰਟ ਲਾਈ ਰੱਖੀ ਅਤੇ ਉਸ ਦੇ ਸੁਝਾ ਨੂੰ ਅਣਗੌਲਿਆਂ ਕਰ ਦਿੱਤਾ। ਅਸਲ ਵਿਚ ਮਝੈਲ, ਮਾਲਵੇ ਦੇ ਸਿੱਖ ਰਾਜਿਆਂ ਨੂੰ ਸਿੱਖ ਹੀ ਨਹੀਂ ਸਮਝਦੇ ਸਨ ਅਤੇ ਪੋਠੋਹਾਰ ਦੇ ਅਕਾਲੀ ਆਗੂਆਂ ਨੂੰ ਮਾਲਵੇ ਤੇ ਬਾਂਗਰ ਬਾਰੇ ਬਹੁਤਾ ਪਤਾ ਨਹੀਂ ਸੀ। ਜਦੋਂ ਅਗਿਆਨ ਤੇ ਪੱਖਪਾਤ ਪ੍ਰਧਾਨ ਹੋਵੇ ਅਤੇ ਅਠਾਰਵੀਂ ਸਦੀ ਦੀਆਂ ਪ੍ਰਾਪਤੀਆਂ ਦੀ ਪੰਡ ਸਿਰ 'ਤੇ ਚੁੱਕੀ ਹੋਵੇ ਤਾਂ ਵਿਵੇਕ ਅਤੇ ਯਥਾਰਥ ਦੀ ਪ੍ਰਤੀਤ ਕਰਨੀ ਔਖੀ ਹੋ ਜਾਂਦੀ ਹੈ।

ਮੁਹੰਮਦ ਅਲੀ ਜਿਨਾਹ ਨੇ ਵੀ ਸਿੱਖ

(ਬਾਕੀ ਅਗਲੇ ਸਫੇ 'ਤੇ)

# ਵਿਚਾਰਾਂ ਦੀ ਤਬਦੀਲੀ ਤੇ ਸ਼ਖਸੀਅਤਾਂ ਬਾਰੇ

'ਵਿਚਾਰ ਚਰਚਾ' ਹੇਠ ਅਜਮੇਰ ਸਿੰਘ ਉਤੇ ਚੱਲ ਰਹੀ ਟੀਕਾ-ਟਿੱਪਣੀ ਵਿਚ ਉਨ੍ਹਾਂ ਨੂੰ ਕਈ ਲੇਖਕਾਂ ਦਾ ਵਿਰੋਧ ਝੱਲਣਾ ਪੈ ਰਿਹਾ ਹੈ। ਮੇਰਾ ਇਸ਼ਾਰਾ 'ਪੰਜਾਬ ਟਾਈਮਜ਼' (ਅੰਕ 28 ਜਨਵਰੀ) ਵਿਚ ਦਰਜ ਕਰਮਜੀਤ ਸਿੰਘ, ਗੁਰਬਚਨ ਸਿੰਘ ਅਤੇ ਇਸ ਤੋਂ ਪਹਿਲਾਂ ਸੰਦੀਪ ਸਿੰਘ ਸਿੰਘ ਦੀਆਂ ਲਿਖਤਾਂ ਵੱਲ ਹੈ।

ਸਧਾਰਨ ਪਾਠਕ ਨੂੰ ਇਨ੍ਹਾਂ 'ਚਿੰਤਕਾਂ' ਦੀਆਂ ਲਿਖਤਾਂ ਤੋਂ ਇਹ ਮਹਿਸੂਸ ਹੁੰਦਾ ਹੈ ਕਿ

**ਕਮਲਜੀਤ ਸਿੰਘ ਫਰੀਮਾਂਟ**
*kamcalcal@hotmail.com*

ਇਹ ਲਿਖਾਰੀ ਅਜਮੇਰ ਸਿੰਘ ਨਾਲ ਜ਼ਾਤੀ ਤੌਰ 'ਤੇ ਕੁਝ ਜ਼ਿਆਦਾ ਉਲਾਂਭਾ ਜਾਂ ਆਪਣੀਆਂ ਖਾਲਿਸਤਾਨ ਵਾਸਤੇ ਪ੍ਰਾਪਤੀਆਂ ਹੀ ਦੱਸ ਰਹੇ ਹਨ। ਚਾਹੀਦਾ ਤਾਂ ਇਹ ਸੀ ਕਿ ਇਹ ਸੱਜਣ ਅਜਮੇਰ ਸਿੰਘ ਦੀ ਬਦਲੀ ਹੋਈ ਵਿਚਾਰਧਾਰਾ ਤੱਕ ਸੀਮਤ ਰਹਿੰਦੇ, ਉਨ੍ਹਾਂ ਦੀ ਇਸ ਬਦਲੀ ਹੋਈ ਵਿਚਾਰਧਾਰਾ ਦੇ ਕਾਰਨ ਜਾਂ ਉਨ੍ਹਾਂ ਦੀ ਮਨੋਵਿਗਿਆਨਕ ਚੀਰ-ਫਾੜ ਕਰਨਾ ਸ਼ੁਰੂ ਨਾ ਕਰਦੇ। ਹਾਂ, ਉਹ ਅਜਮੇਰ ਸਿੰਘ ਦੀ ਬਦਲੀ ਹੋਈ ਵਿਚਾਰਧਾਰਾ ਦੇ ਕਾਰਨਾਂ ਦਾ ਸਬੂਤ ਮੰਗ ਸਕਦੇ ਸਨ। ਜੇ ਅਜਮੇਰ ਸਿੰਘ ਨੇ ਖਾਲਿਸਤਾਨੀਆਂ ਨੂੰ 'ਡਿਸਗਸਟਿੰਗ' ਕਹਿ ਦਿੱਤਾ ਤਾਂ ਇਸ ਬਾਰੇ ਅਜਮੇਰ ਸਿੰਘ ਪਾਸੋਂ ਹੀ ਵਜ੍ਹਾ ਦੀ ਮੰਗ ਕਰਨੀ ਬਿਹਤਰ ਸੀ।

ਇਸ ਲੜੀ ਵਿਚ ਚੱਲ ਰਹੀਆਂ ਲਿਖਤਾਂ ਤੋਂ ਆਮ ਪਾਠਕ ਨੂੰ ਇਹ ਮਹਿਸੂਸ ਹੁੰਦਾ ਹੈ ਕਿ ਇਹ ਸੱਜਣ ਮਾਜ਼ੀ ਵਿਚ ਇਕੋ ਕਿਸ਼ਤੀ ਵਿਚ ਸਵਾਰ ਸਨ ਜਿਹੜੇ ਹੁਣ ਵੱਖ-ਵੱਖ ਪੱਤਣਾਂ ਵੱਲ ਚੱਲ ਪਏ ਹਨ। ਮੈਂ ਕਦੇ ਵੀ ਅੰਗਰੇਜ਼ੀ ਲਿਖਾਰੀਆਂ ਨੂੰ ਅਖਬਾਰ ਦੇ ਸਫਿਆਂ 'ਤੇ ਸਿੱਧੇ ਨਾਂ ਲੈ-ਲੈ ਕੇ ਵਿਰੋਧੀਆਂ ਦੀ ਸੋਚ ਨੂੰ ਕੱਟਦਿਆਂ ਨਹੀਂ ਦੇਖਿਆ, ਬਲਕਿ ਉਹ ਵਿਚਾਰਾਂ ਜਾਂ ਫਿਲਾਸਫੀਆਂ ਤੱਕ ਹੀ ਸੀਮਤ ਰਹਿੰਦੇ ਹਨ। ਇਹ ਰੁਝਾਨ ਪੰਜਾਬੀ ਲਿਖਾਰੀਆਂ ਵਿਚ ਜ਼ਰੂਰ ਮਿਲਦਾ ਹੈ। ਪੰਜਾਬੀ ਚਿੰਤਕ ਆਪਣਾ ਫਲਸਫਾ ਪੇਸ਼ ਕਰਨ ਵਕਤ ਵਿਰੋਧੀ ਫਲਸਫੇ ਦੇ ਲਿਖਾਰੀਆਂ ਨੂੰ ਜ਼ਾਤੀ ਤੌਰ 'ਤੇ ਕੋਸਣ ਲੱਗ ਪੈਂਦੇ ਹਨ। ਖੈਰ, ਸਮੱਸਿਆ ਤਾਂ ਅਜਮੇਰ ਸਿੰਘ ਵੱਲੋਂ ਖਾਲਿਸਤਾਨੀਆਂ ਨਾਲ ਗਹਿ-ਗੱਚ ਹੋਣ ਦੇ ਕਈ ਦੇਰ ਬਾਅਦ ਉਨ੍ਹਾਂ ਵਿਚ ਬਦਲਾਓ ਆਉਣ ਦੀ ਹੈ।

ਵਿਚਾਰ ਬਦਲਣਾ ਜਾਂ ਨਵਿਆਉਣਾ ਕੋਈ ਗੁਨਾਹ ਨਹੀਂ। ਵੱਡੇ-ਵੱਡੇ ਲੀਡਰ, ਫਿਲਾਸਫਰ ਵੀ ਇਸ ਪੈਂਡੇ ਤੋਂ ਗੁਜ਼ਰ ਚੁੱਕੇ ਹਨ। ਖਾਲਿਸਤਾਨੀ ਵੀਰ ਤਾਂ ਬਹੁਤ ਛੋਟੀ ਜਿਹੀ ਸਿੱਖਿਆ ਤੱਕ ਪਹੁੰਚ ਸਕੇ ਸਨ। ਹੁਣ ਜਦ ਕਰਮਜੀਤ ਸਿੰਘ ਨੇ ਵਿਚਾਰ ਚਰਚਾ ਦੇ ਪਿੜ ਵਿਚੋਂ ਬਾਹਰ ਹੋ ਕੇ ਸ਼ਖਸੀਅਤਾਂ ਦਾ ਜ਼ਿਕਰ ਕਰ ਹੀ ਦਿੱਤਾ ਹੈ ਤਾਂ ਪਾਠਕ ਦਾ ਮਨ ਉਨ੍ਹਾਂ ਸ਼ਖਸੀਅਤਾਂ ਬਾਰੇ ਜਾਣਨ ਨੂੰ ਉਤਸੁਕ ਹੋ ਜਾਂਦਾ ਹੈ ਜਿਨ੍ਹਾਂ ਤੋਂ ਕਰਮਜੀਤ ਸਿੰਘ ਪ੍ਰਭਾਵਿਤ ਹੋਏ ਜਾਪਦੇ ਹਨ। ਮੇਰੀ ਮੁਰਾਦ ਇਕ ਸੱਜਣ, ਜਸਜੀਤ ਸਿੰਘ ਤੋਂ ਹੈ ਜਿਸ ਬਾਰੇ ਜ਼ਿਕਰ ਕਰਮਜੀਤ ਸਿੰਘ ਨੇ ਕੀਤਾ ਹੈ। ਉਨ੍ਹਾਂ ਕਿਹਾ ਹੈ ਕਿ ਇਹ ਸੱਜਣ ਗੁਰਦੁਆਰਿਆਂ ਦੀਆਂ ਚੋਣਾਂ ਦੇ



*ਸੰਤ ਜਰਨੈਲ ਸਿੰਘ ਭਿੰਡਰਾਂਵਾਲੇ*

ਯੋਧੇ ਹਨ ਅਤੇ ਸਿੱਖਾਂ ਵਿਚ ਇਨ੍ਹਾਂ ਦੀ ਕਾਫੀ ਪੁੱਛ-ਪ੍ਰਤੀਤ ਹੈ। ਪਰ ਮੈਂ ਦੇਖਿਆ ਹੈ ਕਿ ਆਮ ਸ਼ਹਿਰੀ ਸਿੱਖ ਇਸ ਸੱਜਣ ਨੂੰ ਘੱਟ ਹੀ ਜਾਣਦੇ ਹਨ, ਸ਼ਾਇਦ ਉਹ ਸਾਧਾਰਨ ਸਿੱਖਾਂ ਵਿਚ ਵਿਚਰਦੇ ਨਾ ਹੋਣ।

ਕਰਮਜੀਤ ਸਿੰਘ ਨੇ ਦੱਸਿਆ ਹੈ ਕਿ ਇਹ ਸੱਜਣ 'ਅੰਮ੍ਰਿਤਸਰ ਟਾਈਮਜ਼' ਨਾਂ ਦਾ ਅਖਬਾਰ ਵੀ ਚਲਾਉਂਦੇ ਹਨ, ਹੁਣ ਇਸ ਦਾ ਨਾਂ 'ਕੌਮਾਂਤਰੀ ਅੰਮ੍ਰਿਤਸਰ ਟਾਈਮਜ਼' ਰੱਖ ਲਿਆ ਗਿਆ ਹੈ। ਹੋ ਸਕਦਾ ਹੈ ਕਿ ਇਹ ਕੋਈ ਕਾਨੂੰਨੀ ਦਾਅ-ਪੇਚ ਹੋਵੇ। ਇਥੇ ਇਕ ਗੱਲ ਨੋਟ ਕਰਨੀ ਬਣਦੀ ਹੈ ਕਿ ਬੇਅ ਏਰੀਏ ਵਿਚ ਅੱਧੀ ਦਰਜਨ ਤੋਂ ਵੱਧ ਪੰਜਾਬੀ ਹਫਤਾਵਾਰ ਮੁਫਤ ਵੰਡੇ ਜਾਂਦੇ ਹਨ। ਇਨ੍ਹਾਂ ਸਾਰੇ ਪਰਚਿਆਂ ਵਿਚ ਐਡੀਟਰਾਂ ਦੇ ਨਾਮ, ਪਤੇ, ਫੋਨ ਨੰਬਰ ਉਪਲਬਧ ਹਨ, ਪਰ 'ਕੌਮਾਂਤਰੀ ਅੰਮ੍ਰਿਤਸਰ ਟਾਈਮਜ਼' ਇਕੱਲਾ ਐਸਾ ਪਰਚਾ ਹੈ ਜਿਸ ਵਿਚ ਨਾ ਮਾਲਕ, ਨਾ ਸੰਪਾਦਕ ਤੇ ਨਾ ਪ੍ਰਬੰਧਕ ਦਾ ਨਾਂ ਹੁੰਦਾ ਹੈ। ਇਹ ਗੁੰਮਨਾਮ ਪੱਤਰਕਾਰੀ ਜੇ ਕਰਮਜੀਤ ਸਿੰਘ ਵੱਲੋਂ ਵਡਿਆਈ ਸ਼ਖਸੀਅਤ ਵੱਲੋਂ ਹੀ ਕੀਤੀ ਜਾ ਰਹੀ ਹੈ ਤਾਂ ਉਹ ਆਪ ਅੰਦਾਜ਼ਾ ਲਗਾ ਸਕਦੇ ਹਨ ਕਿ ਐਸੀਆਂ ਹਸਤੀਆਂ ਕਿਸੇ ਮੁੱਦੇ ਦੇ ਹੱਕ ਵਿਚ ਜਾਂ ਉਲਟ ਕਿੰਨਾ ਕੁ ਪਹਿਰਾ ਦੇ ਸਕਦੀਆਂ ਹਨ। ਕਰਮਜੀਤ ਸਿੰਘ ਨੇ ਜਿਸ ਜਸਜੀਤ ਸਿੰਘ ਦਾ ਜ਼ਿਕਰ ਕੀਤਾ ਹੈ, ਉਨ੍ਹਾਂ ਮੁਤਾਬਕ ਇਹ ਸੱਜਣ ਖਾਲਿਸਤਾਨੀ ਹਨ ਅਤੇ ਪੱਤਰਕਾਰ ਵੀ।

ਕਰਮਜੀਤ ਸਿੰਘ ਆਪਣੀ ਗੱਲ ਵਿਚਾਰਾਂ ਦੇ ਪਿੜ ਵਿਚੋਂ ਕੱਢ ਕੇ ਸ਼ਖਸੀਅਤਾਂ ਵੱਲ ਲੈ ਗਏ ਹਨ, ਪਰ ਮੁੜ ਮੁੱਦੇ ਨੂੰ ਵਿਚਾਰ ਦੇ ਹੰਦਿਆਂ ਵਿਚੋਂ ਹੀ ਲੰਘਾਉਣਾ ਬਣਦਾ ਹੈ।

ਅਜਮੇਰ ਸਿੰਘ ਨੂੰ ਗੁਮਨਾਮੀ ਵਾਲੀ ਪੱਤਰਕਾਰੀ ਦੇ ਜਿਸ ਮਾਲਕ ਨੇ ਬਚਾਉਣ ਦੀ ਕੋਸ਼ਿਸ਼ ਕੀਤੀ ਹੈ, ਇਹ ਉਨ੍ਹਾਂ ਦਾ ਹੱਕ ਹੈ, ਵਿਚਾਰ ਦਾ ਹੱਕ ਹੈ, ਜ਼ਾਤੀ ਕੁਝ ਨਹੀਂ। ਹਲੀਮੀ ਵੀ ਇਸ ਵਿਚ ਹੀ ਹੈ ਕਿ ਹਰ ਕਿਸੇ ਦੇ ਵਿਚਾਰ, ਸੋਚ ਨੂੰ ਬਣਦਾ ਮਾਣ-ਸਨਮਾਨ ਖਿੜੇ ਮੱਥੇ ਦਿੱਤਾ ਜਾਵੇ। ਕਿਸੇ ਨੂੰ ਵੀ ਕਿਸੇ ਹੋਰ ਬਾਰੇ ਮਾਨਸਿਕ ਚੀਰ-ਫਾੜ ਕਰਨ ਦਾ ਹੱਕ ਨਾ ਦਿੱਤਾ ਜਾਵੇ। ਇਸ ਸਬੰਧ ਵਿਚ ਕਿਹਾ ਜਾ ਸਕਦਾ ਹੈ ਕਿ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਵੀ ਕਦੇ ਕਾਂਗਰਸੀਆਂ ਦੇ ਫੰਕਸ਼ਨ ਮਾਣਦੇ ਰਹੇ ਹਨ (ਦੇਖੋ ਸਫਾ 96-97, ਮਾਰਕ ਤੁਲੀ ਦੀ ਕਿਤਾਬ 'ਅੰਮ੍ਰਿਤਸਰ: ਮਿਸੇਜ਼ ਗਾਂਧੀ'ਜ਼ ਲਾਸਟ ਬੈਟਲ।' ਇਸ ਕਿਤਾਬ ਦੀ ਇਕ ਫੋਟੋ ਵਿਚ ਉਹ ਗਿਆਨੀ ਜ਼ੈਲ ਸਿੰਘ ਅਤੇ ਰਾਜੀਵ ਗਾਂਧੀ ਨਾਲ ਸਟੇਜ ਸਾਂਝੀ ਕਰਦੇ ਦੇਖੇ ਜਾ ਸਕਦੇ ਹਨ)। ਸਮਾਂ ਪਾ ਕੇ ਉਨ੍ਹਾਂ ਵਿਚ ਵੀ ਤਬਦੀਲੀ ਆਈ ਸੀ।

ਇਵੇਂ ਹੀ ਸਭ ਨੂੰ ਅਜਮੇਰ ਸਿੰਘ ਦੀ ਜ਼ਿਹਨੀ, ਵਿਚਾਰਕ, ਬੌਧਿਕ ਆਜ਼ਾਦੀ ਨੂੰ ਬਣਦਾ ਸਨਮਾਨ ਦੇਣਾ ਚਾਹੀਦਾ ਹੈ ਅਤੇ ਅਜਮੇਰ ਸਿੰਘ ਵੱਲੋਂ ਇੰਨਾ ਹੀ ਕਹਿਣਾ ਬਣਦਾ ਹੈ,

ਹੰਗਾਮਾ ਹੈ ਕਿਉਂ ਬਰਪਾ
ਥੋੜ੍ਹੀ ਸੀ ਜੋ ਤਬਦੀਲੀ ਹੈ,
ਡਾਕਾ ਤੋ ਨਹੀਂ ਡਾਲਾ,
ਚੋਰੀ ਤੋ ਨਹੀਂ ਕੀ ਹੈ।

# ਕੰਧਾਂ ਭਰਨ ਹੁੰਗਾਰਾ

## ਜ਼ਿੰਦਗੀ ਦਾ ਨਾਦ

***ਡਾ. ਗੁਰਬਖਸ਼ ਸਿੰਘ ਭੰਡਾਲ ਆਪਣੀ ਨਿਵੇਕਲੀ ਸ਼ੈਲੀ ਵਿਚ ਜੀਵਨ ਦੀਆਂ ਪਰਤਾਂ ਫਰੋਲਦੇ ਹਨ, ਜ਼ਿੰਦਗੀ ਦੇ ਨਾਦ ਦੀ ਤਲਾਸ਼ ਵਿਚ ਰਹਿੰਦੇ ਹਨ। ਪਿਛਲੇ ਇਕ ਅਰਸੇ ਤੋਂ ਪੰਜਾਬ ਟਾਈਮਜ਼ ਦੇ ਪਾਠਕ ਉਨ੍ਹਾਂ ਦੀਆਂ ਲਿਖਤਾਂ ਪੜ੍ਹਦੇ ਆ ਰਹੇ ਹਨ ਅਤੇ ਉਨ੍ਹਾਂ ਦੀ ਨਿਵੇਕਲੀ ਸ਼ੈਲੀ ਤੋਂ ਪ੍ਰਭਾਵਿਤ ਵੀ ਹੋਏ ਹਨ। ਡਾ. ਭੰਡਾਲ ਘਰ ਦੀਆਂ ਬਰਕਤਾਂ ਦੀ ਵਾਰਤਾ ਸੁਣਾ ਚੁਕੇ ਹਨ ਕਿ ਘਰ ਜਦੋਂ ਘਰ ਦੇ ਸਮੁੱਚੇ ਅਰਥਾਂ 'ਚ ਸਾਡੀ ਜ਼ਿੰਦਗੀ ਦਾ ਹਿੱਸਾ ਬਣਦਾ ਏ ਤਾਂ ਉਹ ਸਾਡੀ ਝੋਲੀ 'ਚ ਹਰ ਤਰ੍ਹਾਂ ਦੀਆਂ ਨਿਆਮਤਾਂ ਪਾਉਂਦਾ, ਸਾਡੀ ਸਰਬ-ਸੁੱਖੀ ਖੁਸ਼ਹਾਲੀ ਦਾ ਸ਼ੁਭਚਿੰਤਕ ਬਣ ਜਾਂਦਾ ਏ। ਉਨ੍ਹਾਂ ਘਰ ਦੇ ਬੂਹੇ ਦੀਆਂ ਬਰਕਤਾਂ ਦੀ ਬਾਤ ਪਾਈ ਹੈ ਅਤੇ ਵਿਹੜੇ ਦੀਆਂ ਸਿਫਤਾਂ ਕਰਦਿਆਂ ਕਿਹਾ ਹੈ, ਵਿਹੜਾ ਅਕੀਦਤ ਏ, ਨਰੋਈਆਂ ਕਦਰਾਂ-ਕੀਮਤਾਂ ਤੇ ਸਭਿਆਚਾਰ ਦੀ, ਸਾਡੇ ਬੀਤੇ ਹੋਏ ਸਹਿਜ ਸੰਸਾਰ ਦੀ, ਸਾਡੇ ਬਜ਼ੁਰਗਾਂ ਦੀ ਅਸੀਸ ਤੇ ਸਹਿਚਾਰ ਦੀ ਅਤੇ ਸਾਡੇ ਉਪਰ ਅਸਰ ਅੰਦਾਜ਼ ਹੋਏ ਰੌਸ਼ਨ-ਵਿਚਾਰ ਦੀ। ਹਥਲੇ ਲੇਖ ਵਿਚ ਉਨ੍ਹਾਂ ਕੰਧਾਂ ਦੀ ਵਾਰਤਾ ਸੁਣਾਉਂਦਿਆਂ ਕਿਹਾ ਹੈ ਕਿ ਕੰਧਾਂ ਇਤਿਹਾਸ ਬਣਦੀਆਂ ਨੇ। ਅਕੀਦਤਯੋਗ ਥਾਂਵਾਂ ਬਣਦੀਆਂ ਨੇ। ਕੰਧਾਂ ਹੁੰਗਾਰਾ ਭਰਦੀਆਂ ਨੇ, ਸੰਵਾਦ ਰਚਾਉਂਦੀਆਂ ਨੇ। ਕਦੇ ਕੰਧ ਦੀ ਓਟ 'ਚ ਬੈਠ ਕੇ ਨੀਝ ਨਾਲ ਨਿਹਾਰਿਓ, ਕੰਧ ਤੁਹਾਥੋਂ ਕੁਝ ਮੰਗਦੀ, ਤੁਹਾਡਾ ਧਿਆਨ ਲੋੜਦੀ ਏ। ਤਾਹੀਓਂ ਤਾਂ ਕਹਿੰਦੇ ਨੇ ਕਿ ਕੰਧਾਂ ਦੇ ਵੀ ਕੰਨ ਹੁੰਦੇ ਨੇ। -ਸੰਪਾਦਕ***

ਫਤਿਹਗੜ੍ਹ ਸਾਹਿਬ ਗੁਰਦੁਆਰੇ 'ਚ ਮੱਥਾ ਟੇਕਣ ਲੱਗਿਆਂ, ਸਰਹਿੰਦ ਦੀ ਦੀਵਾਰ ਦੇ ਦੀਦਾਰ। ਦੀਵਾਰ ਜੋ ਜਾਲਮ ਤੇ ਜ਼ੁਲਮ ਦੀ ਚਸ਼ਮਦੀਦ ਗਵਾਹ। ਸੂਬਾ ਸਰਹਿੰਦ ਦੇ ਹੁਕਮਨਾਮਿਆਂ ਤੇ ਜ਼ਾਲਮਾਨਾ ਵਰਤਾਰੇ ਦੀ ਆਹ। ਕੰਧ ਦੀ ਓਟ 'ਚ ਦੋ ਮਾਸੂਮ ਟਹਿਕਦੇ ਫੁੱਲ। ਉਨ੍ਹਾਂ ਦੇ ਮੁੱਖੜਿਆਂ ਤੋਂ ਟਪਕਦੀ ਨੂਰੀ ਝਲਕ ਅਤੇ ਜ਼ੁਲਮ ਸਾਹਵੇਂ ਹਿੱਕ ਡਾਹੁਣ ਦੀ ਦਲੇਰੀ। ਈਨ ਨਾ ਮੰਨਣ ਦਾ ਜੇਰਾ। ਮਲੇਰਕੋਟਲਾ ਦੇ ਨਵਾਬ ਦਾ ਹਾਅ ਦਾ ਨਾਅਰਾ।  ਨਿੱਕੇ-ਨਿੱਕੇ ਸਾਹਿਬਜ਼ਾਦਿਆਂ ਨੂੰ ਕੰਧਾਂ 'ਚ ਚਿਣਨ ਦਾ ਹੁਕਮ ਅਤੇ ਉਨ੍ਹਾਂ ਦੀ ਲਾਸਾਨੀ ਸ਼ਹਾਦਤ। ਕੰਧ ਆਪਣੀ ਹੋਂਦ ਨੂੰ ਕੋਸਦੀ, ਵਕਤ ਦੇ ਨੈਣਾਂ 'ਚ ਪ੍ਰਸ਼ਨ ਕਰਦੀ ਕਿ ਇਹ ਕਿਸ ਕਿਸਮ ਦੀ ਬਹਾਦਰੀ ਅਤੇ ਕਿਹੜੇ ਧਰਮ ਦਾ ਈਮਾਨ! ਸਦੀਆਂ ਤੋਂ ਰੋਂਦੀ ਕੰਧ, ਆਪਣੀ ਅਉਧ 'ਤੇ ਪਛਤਾਉਂਦੀ। ਪਛਤਾਵੇ ਦੇ ਹੌਕਿਆਂ 'ਚ ਆਪੇ ਨੂੰ ਗਾਲ਼ਦੀ। ਹਰ ਸ਼ਰਧਾਲੂ ਦੀ ਸੋਚ 'ਚ, ਉਸ ਅਜ਼ੀਮ ਸ਼ਹਾਦਤ ਦਾ ਤਸੱਵੁਰ ਧਰ, ਅੱਖਾਂ 'ਚ ਰੋਹ ਧਰਦੀ। ਹਰ ਨਮ ਅੱਖ, ਉਸ ਕੰਧ ਤੋਂ ਕਈ ਪ੍ਰਸ਼ਨ ਪੁੱਛਦੀ। ਪਰ ਮੌਨ ਹੋ ਚੁੱਕੀ ਕੰਧ, ਹੁੰਗਾਰਾ ਕਿੰਜ ਭਰੇ। ਉਸ ਦੇ ਦੀਦਿਆਂ 'ਚੋਂ ਪੜ੍ਹਨ ਵਾਲੇ ਬੜਾ ਕੁਝ ਪੜ੍ਹ, ਅਕੀਦਤ ਕਰ, ਘਰਾਂ ਨੂੰ ਪਰਤਦੇ।

ਡਾ. ਗੁਰਬਖ਼ਸ਼ ਸਿੰਘ ਭੰਡਾਲ
ਫੋਨ: 647-702-5445

ਅਸੀਂ ਕੰਧਾਂ ਉਸਾਰਦੇ ਹਾਂ, ਵਲਗਣਾਂ ਲਈ, ਕਬਜ਼ੇ ਲਈ, ਆਪਣਾ ਹੱਕ ਜਤਾਉਣ ਲਈ ਅਤੇ ਉਸ ਕੰਧ ਤੀਕ ਹੀ ਆਪਣੇ ਸੋਚ ਦੇ ਦਾਇਰੇ ਸੀਮਤ ਕਰਨ ਲਈ। ਵਿਸ਼ਾਲ ਸੋਚ ਵਾਲੇ ਮਨੁੱਖ ਨੂੰ, ਕੰਧਾਂ ਦੀ ਕਦੇ ਲੋੜ ਨਹੀਂ ਪੈਂਦੀ।

ਚਾਰ ਕੰਧਾਂ ਰਲ਼ ਕੇ ਕਮਰਾ ਬਣਾਉਂਦੀਆਂ ਨੇ। ਜੇ ਕੰਧਾਂ 'ਚ ਬੂਹੇ, ਬਾਰੀਆਂ ਅਤੇ ਰੋਸ਼ਨਦਾਨ ਹੋਣ ਤਾਂ ਉਹ ਘਰ ਦਾ ਹਿੱਸਾ ਬਣ ਜਾਂਦਾ ਹੈ। ਬਾਰੀਆਂ ਜਾਂ ਰੌਸ਼ਨਦਾਨ ਤੋਂ ਵਿਰਵਾ ਕਮਰਾ, ਸੈਲੂਲਰ ਜੇਲ੍ਹ ਦਾ ਹਿੱਸਾ ਬਣਦਾ ਏ ਜਿਸ ਵਿਚ ਗੁੰਮ ਜਾਂਦੀਆਂ ਨੇ ਆਸਾਂ, ਵਿਧਵਾ ਹੋ ਜਾਂਦੇ ਨੇ ਬੋਲ, ਵਿਰਲਾਪ ਬਣਦਾ ਏ ਹਾਸਾ ਅਤੇ ਪੱਲੇ ਪੈਂਦੀ ਏ ਨਿਰਾਸ਼ਾ। ਦੇਸ਼ ਭਗਤਾਂ ਲਈ ਕੈਦ ਕੋਠੜੀ ਦਾ ਲੰਮਾ ਸਾਥ ਨੈਲਸਨ ਮੰਡੇਲਾ ਪੈਦਾ ਕਰਦਾ ਏ, ਭਗਤ ਸਿੰਘ ਦੀ ਸ਼ਹਾਦਤ ਬਣਦਾ ਏ, ਜਾਂ ਡਾ. ਦੀਵਾਨ ਸਿੰਘ ਕਾਲੇਪਾਣੀ ਵਰਗੀ ਸ਼ਖਸੀਅਤ ਘੜਦਾ ਏ, ਜਿਹੜੀ ਤਸੀਹਿਆਂ 'ਚੋਂ ਵੀ ਮਨੁੱਖਤਾ ਦਾ ਧਰਮ ਪਾਲਦੀ ਏ।

ਕੰਧਾਂ ਇਤਿਹਾਸ ਬਣਦੀਆਂ ਨੇ। ਅਕੀਦਤਯੋਗ ਥਾਂਵਾਂ ਬਣਦੀਆਂ ਨੇ। ਇਤਿਹਾਸ ਦੇ ਅਮੀਰ ਖਜ਼ਾਨੇ ਨੂੰ ਸਮੋਈ ਬਾਬੇ ਨਾਨਕ ਦੇ ਵਿਆਹ ਦੀ ਚਸ਼ਮਦੀਦ ਬਟਾਲੇ ਦੀ ਕੰਧ, ਖੁਸ਼ੀਆਂ ਤੇ ਖੇੜਿਆਂ ਦੀ ਨਿੱਘੀ ਯਾਦ, ਹਿੱਕ 'ਚ ਛੁਪਾਈ, ਹਰ ਸ਼ਰਧਾਲੂ ਦੀ ਸੋਚ 'ਚ ਰਾਂਗਲੇ ਦਿਨਾਂ ਦੇ ਨਕਸ਼ ਉਘਾੜਦੀ ਏ। ਇਤਿਹਾਸ ਦਾ ਇਕ ਸੁਨਹਿਰੀ ਵਰਕਾ, ਅੱਖਾਂ ਸਾਹਵੇਂ ਸਿਰਜਦੀ।

ਉਸਰਦੀਆਂ ਕੰਧਾਂ ਸ਼ੁਭ ਸ਼ਗਨ ਹੁੰਦਾ ਏ ਇਕ ਘਰ ਵਸਾਉਣ ਲਈ, ਇਕ ਪਰਿਵਾਰ ਨੂੰ ਆਪਣੀ ਹਿਫਾਜ਼ਤ 'ਚ ਲਿਆਉਣ ਲਈ। ਪਰ ਝੜੀ 'ਚ ਜਦੋਂ ਕੱਚੀਆਂ ਕੰਧਾਂ ਢਹਿੰਦੀਆਂ ਨੇ ਤਾਂ ਗੁੰਮ ਜਾਂਦਾ ਏ ਉਹਲਾ, ਅਲੋਪ ਹੋ ਜਾਂਦੀ ਏ ਛੱਤ, ਮਿੱਟ ਜਾਂਦਾ ਏ ਘਰ ਦਾ ਵਜੂਦ ਅਤੇ ਦਫਨ ਹੋ ਜਾਂਦੇ ਨੇ ਗਰੀਬ ਦੇ ਸੁਪਨੇ। ਗਰੀਬ ਦੀ ਜ਼ਿੰਦਗੀ ਦਾ ਸੱਚ, ਜੱਗ-ਜ਼ਾਹਰ ਹੋ, ਬਹੁਤੀ ਵਾਰ ਕਿਸੇ ਦੇ ਮਨ 'ਚ ਤਰਸ ਦੀ ਭਾਵਨਾ ਉਪਜਾਉਣ ਤੋਂ ਵੀ ਇਨਕਾਰੀ ਹੁੰਦਾ ਏ।

ਕੰਧਾਂ ਹੁੰਗਾਰਾ ਭਰਦੀਆਂ ਨੇ, ਸੰਵਾਦ ਰਚਾਉਂਦੀਆਂ ਨੇ। ਕਦੇ ਕੰਧ ਦੀ ਓਟ 'ਚ ਬੈਠ ਕੇ ਨੀਝ ਨਾਲ ਨਿਹਾਰਿਓ, ਕੰਧ ਤੁਹਾਥੋਂ ਕੁਝ ਮੰਗਦੀ, ਤੁਹਾਡਾ ਧਿਆਨ ਲੋੜਦੀ ਏ। ਤਾਹੀਓਂ ਤਾਂ ਕਹਿੰਦੇ ਨੇ ਕਿ ਕੰਧਾਂ ਦੇ ਵੀ ਕੰਨ ਹੁੰਦੇ ਨੇ।

ਧਾਰਮਿਕ ਕੱਟੜਤਾ ਦੀ ਕੰਧ, ਜਦੋਂ ਮਨ 'ਚ ਉਸਰਦੀ ਏ ਤਾਂ ਉਡ ਜਾਂਦਾ ਏ ਵਿਵੇਕ, ਠੁੱਸ ਹੋ ਕੇ ਰਹਿ ਜਾਂਦੀ ਏ ਹਰ ਦਲੀਲ ਅਤੇ ਠੁਕਰਾਈ ਜਾਂਦੀ ਏ ਹਰ ਅਪੀਲ। ਜਨੂੰਨ ਦੀ ਹੱਦ ਤੀਕ ਪਹੁੰਚਦਿਆਂ ਧਰਮ, ਅਧਰਮ ਬਣ, ਖੰਜ਼ਰ ਤੋਂ ਖ਼ੂਨ-ਖਰਾਬੇ ਤੀਕ ਦਾ ਸਫਰ ਤੈਅ ਕਰ ਅੱਗਾਂ ਲਾਉਂਦਾ, ਆਮ ਮਨੁੱਖ ਦੀ ਝੋਲੀ 'ਚ ਹਾਉਕੇ ਤੇ ਹਾਵੇ ਪਾਉਂਦਾ ਏ।

ਮਹਿਲਾਂ ਤੇ ਕਿਲਿਆਂ ਦੀਆਂ ਬੌਣੀਆਂ ਕੰਧਾਂ ਮੀਂਹ ਹਨੇਰੀ 'ਚ ਖੁਰਦੀਆਂ ਆਪਣੀ ਹੋਂਦ ਨੂੰ ਗਵਾ, ਕੁਕਰਮਾਂ ਤੇ ਕੁਲਹਿਣੇ ਵਕਤਾਂ ਦੀ ਕਰੂਰ ਯਾਦ ਨੂੰ, ਮਨਾਂ 'ਚੋਂ ਮਿਟਾਉਣਾ ਲੋਚਦੀਆਂ ਨੇ। ਇਸੇ ਲਈ ਤਾਂ ਉਜੜੇ ਥੇਹਾਂ ਵੰਨੀ ਕੋਈ ਮੂੰਹ ਨਹੀਂ ਕਰਦਾ।

ਖੁਸ਼ੀਆਂ, ਖੇੜਿਆਂ ਦੇ ਵਿਹੜੇ 'ਚ ਉਸਰਦੀ ਹੌਕਿਆਂ ਦੀ ਕੰਧ ਦੀ ਕੌਣ ਤਮੰਨਾ ਕਰੇਗਾ? ਕੌਣ ਹਾਮੀ ਭਰੇਗਾ? ਅਜਿਹੀ ਕੰਧ ਉਸਰਨ ਤੋਂ ਪਹਿਲਾਂ ਹੀ ਆਪਣਾ ਮਰਸੀਆ ਪੜ੍ਹਨ ਬਹਿ ਜਾਂਦੀ ਏ।

ਮਾਨਸਿਕ ਹਨੇਰਿਆਂ ਦੀ ਕੰਧ ਉਸਾਰ, ਚਾਨਣ ਦੀ ਕਿੰਜ ਆਸ ਕਰੋਗੇ? ਕਿਹੜੇ ਚਿਰਾਗ ਸੰਵੇਦਨਾਵਾਂ ਦੀਆਂ ਪਲਕਾਂ 'ਤੇ ਧਰੋਗੇ? ਨਿੱਘ ਤੋਂ ਬਗੈਰ ਠੁਰ ਠੁਰ ਕੇ ਮਰੋਗੇ ਅਤੇ ਇਲਜ਼ਾਮ ਆਪਣੀ ਹੋਣੀ ਦੇ ਸਿਰ ਮੜੋਗੇ।

ਦੋ ਭਰਾਵਾਂ 'ਚ ਗਲਤਫਹਿਮੀ ਅਤੇ ਨਿਜੀ ਮੁਫਾਦ ਦੇ ਟਕਰਾਅ ਕਾਰਨ, ਘਰ 'ਚ ਉਸਰੀ ਹੋਈ ਕੰਧ, ਵੰਡ ਦਿੰਦੀ ਏ ਮਾਂ-ਪਿਓ। ਟੋਟੇ ਟੋਟੇ ਹੋ ਜਾਂਦੇ ਨੇ ਰਿਸ਼ਤੇ। ਦੋਫਾੜ ਹੋ ਜਾਂਦਾ ਏ ਮੋਹ ਦਾ ਚੌਂਕਾ। ਮਸੋਸੇ ਜਾਂਦੇ ਨੇ ਸਾਂਝੇ ਪਰਿਵਾਰ ਦੇ ਕਹਿਕਹੇ। ਰੁਆਂਸੀ ਜਾਂਦੀ ਏ ਖੁਸ਼-ਗਵਾਰ ਫਿਜ਼ਾ। ਸਿਸਕਦੇ ਨੇ ਕੰਧਾਂ ਤੇ ਓਟਿਆਂ 'ਤੇ ਪਾਏ ਘੁੱਗੀਆਂ ਤੇ ਮੋਰ। ਟੁੱਟ ਟੁੱਟ ਜਾਂਦੀ ਏ ਚਰਖੇ ਦੀ ਤੰਦ ਅਤੇ ਹਟਕੋਰਾ ਬਣ ਜਾਂਦੇ ਨੇ ਸੰਦੂਕ 'ਚ ਸਾਂਭੇ ਦਰੀਆਂ ਤੇ ਖੇਸ। ਕੁਤਰਿਆ ਜਾਂਦਾ ਏ ਮਾਪਿਆ ਦਾ ਕਾਲਜਾ। ਕਈ ਵਾਰ ਤਾਂ ਬੁੱਢੇ ਮਾਪਿਆਂ ਦੀਆਂ ਅਸਥੀਆਂ ਦੀ ਵੰਡ-ਵੰਡਾਈ ਤੱਕ ਕੇ ਹਵਾ ਵੀ ਰੋਣ ਲੱਗ ਪੈਂਦੀ ਏ।

ਕਦੇ ਕਦੇ ਕੰਧ, ਕਹਿਰ ਤੇ ਕੁੜਿੱਤਣਾਂ ਦਾ ਸਿਰਲੇਖ ਬਣੀ, ਕਲਯੁੱਗ ਦੇ ਕੁਲਹਿਣੇ ਵਕਤ ਦਾ ਕਾਲਾ ਵਰਕਾ ਵੀ ਬਣਦੀ ਹੈ।



***ਬਾਬਾ ਜ਼ੋਰਾਵਰ ਸਿੰਘ ਅਤੇ ਬਾਬਾ ਫਤਿਹ ਸਿੰਘ ਨੂੰ ਸੂਬਾ ਸਰਹਿੰਦ ਦੇ ਹੁਕਮ 'ਤੇ ਕੰਧ ਵਿਚ ਚਿਣੇ ਜਾਣ ਦਾ ਇਕ ਚਿੱਤਰ***

ਸਮਾਜਿਕ ਤੇ ਆਰਥਿਕ ਨਾ-ਬਰਾਬਰੀ ਦੀ ਕੰਧ ਨੇ ਮਨੁੱਖ ਨੂੰ ਵਰਣਾਂ ਤੇ ਧੜਿਆਂ 'ਚ ਵੰਡਿਆ। ਲੜਾਈਆਂ ਝਗੜਿਆਂ ਦਾ ਮੁੱਢ ਬੰਨਿਆ। ਮਨੁੱਖਤਾ ਦਾ ਵਿਨਾਸ਼ ਕੀਤਾ। ਇਕ ਲੰਮੀ ਜੱਦੋ ਜਹਿਦ ਨੂੰ ਜਨਮ ਦਿੱਤਾ ਜੋ ਅਜੇ ਤੀਕ ਵੀ ਜਾਰੀ ਏ। ਅਤੇ ਉਨਾਂ ਚਿਰ ਜਾਰੀ ਰਹੇਗੀ ਜਦੋਂ ਤੀਕ ਹਰ ਮਨੁੱਖ ਨੂੰ ਕੁੱਲੀ, ਗੁੱਲੀ ਤੇ ਜੁੱਲੀ ਵਰਗੀਆਂ ਮੁੱਢਲੀਆਂ ਸਹੂਲਤਾਂ ਨਸੀਬ ਨਹੀਂ ਹੁੰਦੀਆਂ।

ਕੰਧ ਵੰਡਦੀ ਏ ਥਾਂਵਾਂ ਨੂੰ, ਰਾਹਵਾਂ ਨੂੰ, ਭਰਾਵਾਂ ਅਤੇ ਧਾਰਾਵਾਂ ਨੂੰ। ਪਰ ਕੰਧ ਕਦੇ ਵੀ ਵੰਡ ਨਹੀਂ ਸਕੀ, ਵਗਦੇ ਦਰਿਆਵਾਂ ਨੂੰ, ਰੁਮਕਦੀਆਂ ਹਵਾਵਾਂ ਨੂੰ, ਪੰਛੀਆਂ ਦੀਆਂ ਉਡਾਣਾਂ ਨੂੰ, ਸਾਂਝੀਆਂ ਭਾਸ਼ਾਵਾਂ ਨੂੰ, ਵਿਰਸੇ ਨੂੰ, ਮੋਹ ਦੇ ਭਰੇ ਵਗਦੇ ਦਰਿਆ ਨੂੰ, ਮਨਾਂ 'ਚ ਮਿਲਣ ਦੇ ਚਾਅ ਨੂੰ ਅਤੇ ਇਕ ਦੂਜੇ ਤੋਂ ਸਦਕੇ ਜਾਣ ਦੇ ਸ਼ੁਦਾਅ ਨੂੰ।

ਮਾਨਵੀ ਕਦਰਾਂ-ਕੀਮਤਾਂ ਅਤੇ ਮਰਿਆਦਾ ਦੀ ਉਸਰੀ ਹੋਈ ਕੰਧ ਹੀ, ਮਨੁੱਖ ਨੂੰ ਹੈਵਾਨ ਬਣਨ ਤੋਂ ਰੋਕਦੀ ਏ ਅਤੇ ਨਿਰਧਾਰਿਤ ਦਾਇਰਿਆਂ 'ਚ ਰਹਿੰਦਿਆਂ, ਸਮਾਜ ਦਾ ਨਰੋਆ ਅੰਗ ਬਣਨ ਦਾ ਕਾਰਨ ਬਣਦੀ ਏ। ਇਨਸਾਨੀਅਤ ਦੇ ਮਾਪਦੰਡ ਅਪਨਾਉਂਦਿਆਂ ਹੀ, ਮਨੁੱਖ, ਮਨੁੱਖ ਬਣਨ ਦਾ ਹੱਕ ਅਦਾ ਕਰ, ਸਮੁੱਚੀ ਜੀਵ-ਪ੍ਰਣਾਲੀ ਦਾ ਮੁੱਖੀ ਬਣਨ ਦਾ ਮਾਣ ਹਾਸਲ ਕਰਦਾ ਏ।

ਕੰਧਾਂ ਸਾਡੀ ਜ਼ਿੰਦਗੀ ਦਾ ਹਿੱਸਾ ਬਣ ਗਈਆਂ ਨੇ। ਚਾਰ ਚੁਫੇਰੇ ਦੀਆਂ ਕੰਧਾਂ, ਮਨੁੱਖ ਨੇ ਆਪਣੇ ਦੁਆਲੇ ਆਪ ਉਸਾਰੀਆਂ ਨੇ। ਜੰਗਲਾਂ 'ਚ ਰਹਿੰਦੇ ਆਦਿ ਮਨੁੱਖ ਨੂੰ, ਕਦੇ ਵੀ ਕੰਧਾਂ ਉਸਾਰਨ ਦੀ ਜ਼ਰੂਰਤ ਮਹਿਸੂਸ ਨਹੀਂ ਸੀ ਹੋਈ। ਉਹ ਤਾਂ ਕੁਦਰਤ ਵਿਚ ਵਿਚਰਦਾ, ਕੁਦਰਤ ਦਾ ਹਿੱਸਾ ਬਣ, ਕੁਦਰਤ ਨੂੰ ਵਿਸਥਾਰਦਾ ਤੇ ਨਮਸਕਾਰਦਾ ਵੀ ਰਿਹਾ।

ਇਕ ਡਿੱਗੀ ਕੰਧ, ਵਕਤ ਦੀ ਅੱਖ 'ਚ ਸੁਪਨਾ ਵੀ ਧਰ ਸਕਦੀ ਏ ਅਤੇ ਸੰਤਾਪ ਵੀ। ਕੁਝ ਚੰਗੇਰਾ ਕਰਨ ਦੀ ਆਸ ਵੀ ਅਤੇ ਵਿਨਾਸ਼ ਵੀ। ਇਹ ਤਾਂ ਕੰਧ ਦੀ ਤਾਸੀਰ 'ਤੇ ਨਿਰਭਰ ਕਰਦਾ ਹੈ। ਜਦੋਂ ਬਰਲਿਨ ਦੀ ਦੀਵਾਰ ਡਿਗਦੀ ਹੈ ਤਾਂ ਚਿਰ-ਵਿਛੁੰਨੇ ਅੰਮਾ-ਜਾਏ ਗਲੇ ਮਿਲਦੇ ਨੇ। ਸਾਂਝਾਂ ਦੀ ਪੌਣ ਰੁਮਕਦੀ ਏ। ਮੁਹੱਬਤ ਦੇ ਬੋਲ ਹੁੰਗਾਰਾ ਭਰਦੇ ਨੇ। ਵਿਛੋੜੇ ਦਾ ਡੂੰਘਾ ਸੱਲ ਮਿਲਣੀ ਸੰਗ ਭਰ ਜਾਂਦਾ ਏ। ਆਪਣਿਆਂ ਦੀ ਗਲਵੱਕੜੀ ਦਾ ਨਿੱਘ, ਚੁਫੇਰੇ ਫੈਲ ਜਾਂਦਾ ਏ। ਵਕਤ ਦੁਆਵਾਂ ਮੰਗਦਾ ਹੈ ਕਿ ਅਜਿਹੀ ਸਾਂਝ ਦੀ ਮਿਠਾਸ 'ਚ ਕੋਈ ਕੁੜਿੱਤਣ ਨਾ ਘੋਲੇ ਅਤੇ ਹਰ ਸਾਹ 'ਚ ਹੀ ਆਪਣਿਆਂ ਦੇ ਚੰਗੇਰੇ ਭਵਿੱਖ ਦੀ ਕਾਮਨਾ ਦਾ ਵਰ ਟੋਲੇ। ਹੱਦਾਂ, ਸਰਹੱਦਾਂ ਦੇ ਰੇੜਕੇ ਮੁੱਕ ਜਾਣ। ਹਰ ਖੇਤ ਕੇਸਰ ਦੀ ਖੇਤੀ ਕਰੇ ਅਤੇ ਹਰ ਸੁਪਨੇ ਦੀ ਸੰਪੂਰਨਤਾ, ਮਨੁੱਖੀ ਅੱਖ 'ਚ ਤਰੇ। ਯੂਰਪੀ ਦੇਸ਼ਾਂ ਵਲੋਂ ਯੂਰਪੀਨ ਸੰਗਠਨ ਦਾ ਹੰਭਲਾ, ਬਰਲਿਨ ਦੀ ਟੁੱਟੀ ਦੀਵਾਰ ਦਾ, ਉਸਾਰੂ ਹੁੰਗਾਰਾ ਹੀ ਤਾਂ ਹੈ।

ਕੰਧਾਂ ਇਤਿਹਾਸ ਬਣਦੀਆਂ ਨੇ। ਉਨ੍ਹਾਂ ਦੀ ਹਰ ਇੱਟ 'ਤੇ ਇਤਿਹਾਸ ਦੀਆਂ ਚਿੱਪਰਾਂ, ਬੀਤੇ ਸਮੇਂ ਦੀਆਂ ਪਰਤਾਂ ਫਰੋਲਦੀਆਂ, ਸਾਡੀਆਂ ਸੰਵੇਦਨਾਵਾਂ ਝੰਜੋੜਦੀਆਂ, ਸਾਡਾ ਪ੍ਰਤੀਕਰਮ ਲੋੜਦੀਆਂ ਨੇ। ਚੀਨ ਦੀ ਦੀਵਾਰ, ਆਪਣੀ ਹਦੂਦ 'ਚ ਵਾਪਰੀਆਂ ਹੋਣੀਆਂ, ਅਣਹੋਣੀਆਂ ਨੂੰ ਜੱਗ ਜ਼ਾਹਰ ਹੋਣ ਤੋਂ ਰੋਕਦੀ, ਆਜ਼ਾਦ ਪੌਣਾਂ ਲਈ ਬੰਦਿਸ਼ਾਂ ਪੈਦਾ ਕਰਦੀ, ਮਹਿਕਾਂ ਨੂੰ ਜੰਜ਼ੀਰਾਂ 'ਚ ਬੰਨ੍ਹਦੀ, ਕਦੇ-ਕਦੇ ਤਾਈਮਨ ਸੁਕੇਅਰ ਦਾ ਸੰਤਾਪ ਵੀ ਬਣਦੀ ਏ। ਇਸ ਦੀ ਕਠੋਰਤਾ 'ਚ ਆਈ ਨਰਮਾਈ ਸਦਕਾ ਹੀ ਦੁਨਿਆਵੀ ਸਾਂਝ ਦਾ ਸੰਕਲਪ, ਉਸ ਧਰਤ 'ਤੇ ਪੁੰਗਰਨਾ ਸ਼ੁਰੂ ਹੋਇਆ ਏ ਅਤੇ ਉਸ ਚੌਗਿਰਦੇ ਦੀ ਬਦਹਵਾਸੀ ਪੌਣ, ਇਸ ਦੇ ਫਲਣ ਤੇ ਫੈਲਣ ਦੀਆਂ ਸ਼ੁਭ-ਕਾਮਨਾਵਾਂ ਮੰਗਦੀ ਏ।

ਦੇਸ਼ ਦੇ ਰਹਿਨੁਮਾ, ਪੰਜ ਪਾਣੀਆਂ 'ਚ ਕੰਧ ਉਸਾਰਨ ਦਾ ਭਰਮ ਪਾਲਦੇ ਰਹੇ। ਨਫਰਤਾਂ ਦੀ ਜ਼ਹਿਰ ਉਗਲਦੇ ਰਹੇ। ਸਾਹਾਂ ਨੂੰ ਵੰਡਣ ਦੀਆਂ ਤਰਕੀਬਾਂ ਘੜਦੇ ਰਹੇ ਅਤੇ ਸੋਚ 'ਚ ਕੁੜਿੱਤਣਾਂ ਦਾ ਵਣਜ ਕਰਦੇ ਰਹੇ। ਕੰਧ 'ਚ ਪਏ ਨਿੱਕੇ ਜਿਹੇ ਮਘੋਰੇ ਸਦਕਾ, ਮੋਹ-ਮੁਹੱਬਤਾਂ ਦੀ ਭਿੱਜੀ ਪੌਣ ਦੀ ਰੁਮਕਣੀ, ਧਰਤ ਸੁਹਾਵੀ ਕਰ, ਮਨਾਂ 'ਚ ਉਪਜੀ ਮਸਨੂਈ ਨਫਰਤ ਨੂੰ ਮਲੀਆਮੇਟ ਕਰ, ਨਵੀਆਂ ਸਾਂਝਾਂ ਦਾ ਨਵਾਂ ਦੌਰ ਸਿਰਜਣ ਦੇ ਆਹਰ ਵਿਚ ਏ।

ਕੰਧ ਦੀ ਕਥਾ ਜ਼ਰੂਰ ਸੁਣਿਓ। ਹੁੰਗਾਰਾ ਜ਼ਰੂਰ ਭਰਿਓ। ਇਸ ਉਪਰ ਨਰੋਏ ਵਕਤਾਂ ਦੀ ਚਿਤਰਕਾਰੀ ਕਰਿਓ। ਇਸ ਦੇ ਨਕਸ਼ ਨਿਹਾਰੋ, ਇਸ ਦੀ ਸਾਰਥਿਕਤਾ ਵਿਚਾਰੋ ਅਤੇ ਉਸ ਵਿਚਾਰ-ਰਿੜਕਵੀ 'ਚੋਂ, ਨਵੇਂ ਸੰਸਾਰਕ ਸੰਦਰਭ ਉਸਾਰੋ ਤੇ ਵਿਸਥਾਰੋ। ਇਹ ਕੰਧ ਮਨੁੱਖੀ ਵਰਤਾਰਿਆਂ ਦੇ ਸਲੀਕੇ ਦੀ ਹੋਵੇ, ਸਮਾਜਕ ਵਿਚਰਨ ਦੀ ਹੋਵੇ। ਪਰਿਵਾਰ ਨੂੰ ਪਰਿਭਾਸ਼ਤ ਕਰਨ ਦੀ ਹੋਵੇ। ਜੀਵਨ ਨੂੰ ਨਵੇਂ ਦਿਸਹੱਦਿਆਂ ਦੀ ਬੁਲੰਦੀ ਬਖਸ਼ਣ ਦੀ ਹੋਵੇ। ਇਸ 'ਚੋਂ ਨਵੇਂ ਅਰਥਾਂ ਦੀ ਅਤੇ ਜੀਵਨ ਦੇ ਮਾਨਵੀ ਸਰੋਕਾਰਾਂ ਦੀ ਝਲਕ ਪਵੇ। ਇਸ ਦੀ ਅਰਾਧਨਾ ਕਰਦਿਆਂ ਅਸੀਂ ਜੀਵਨ ਵਿਚਲੇ ਸੂਹੇ ਸਵੇਰਿਆਂ ਦੀ ਆਰਤੀ ਉਤਾਰੀਏ ਅਤੇ ਮਨੁੱਖਾ ਜੀਵਨ ਨੂੰ ਦੂਰ-ਦਿਸੇਂਦੇ ਅੰਬਰ ਤੀਕ ਵਿਸਥਾਰ ਸਕੀਏ।

# ਖਾਲਿਸਤਾਨ ਬਾਰੇ ਕੁਝ ਵਿਚਾਰ

***(ਪਿਛਲੇ ਸਫੇ ਦੀ ਬਾਕੀ)***

ਆਗੂਆਂ ਨੂੰ ਪਾਕਿਸਤਾਨ ਨਾਲ ਮਿਲਣ ਦਾ ਪ੍ਰਸਤਾਵ ਰੱਖਿਆ ਸੀ। ਗੁਰਬਾਣੀ ਹਿੰਦੂਆਂ ਤੇ ਮੁਸਲਮਾਨਾਂ ਵਿਚ ਕੋਈ ਫਰਕ ਨਹੀਂ ਕਰਦੀ ਅਤੇ ਨਾ ਹੀ ਗੁਰੂ ਨਾਨਕ ਨੇ ਕੀਤਾ ਸੀ, ਪਰ ਗੁਰੂ ਨਾਨਕ ਦੇ ਸਿੱਖ ਅਖਵਾਉਣ ਵਾਲੇ ਆਗੂਆਂ ਨੇ ਮੁਸਲਮਾਨਾਂ ਨੂੰ ਪਰਾਏ ਅਤੇ ਹਿੰਦੂਆਂ ਨੂੰ ਆਪਣੇ ਹਿਤੈਸ਼ੀ ਭਾਈ ਸਮਝਿਆ। ਜੇ ਸਿੱਖ ਆਗੂ ਪਾਕਿਸਤਾਨ ਦੀ ਹੋਂਦ ਨੂੰ ਸਵੀਕਾਰ ਕਰ ਲੈਂਦੇ ਅਤੇ ਉਸ ਵਿਚ ਰਹਿਣ ਦਾ ਮਨ ਬਣਾ ਲੈਂਦੇ ਤਾਂ ਹਿੰਦੂਆਂ ਨੇ ਵੀ ਐਸਾ ਹੀ ਕਰਨਾ ਸੀ। ਅਜਿਹਾ ਕਰਨ ਨਾਲ ਪੰਜਾਬ ਦੀ ਵੰਡ ਤੇ 1947 ਦਾ ਕਹਿਰ ਵਾਪਰਨ ਦੀ ਸੰਭਾਵਨਾ ਘਟ ਜਾਣੀ ਸੀ, ਰੈਡਕਲਿਫ ਲਾਈਨ ਸ਼ਾਇਦ ਥੋੜੀ ਪੂਰਬ ਵਲ ਖਿਸਕ ਜਾਂਦੀ, ਪਾਕਿਸਤਾਨ ਤੇ ਪੰਜਾਬ ਦਾ ਭਵਿੱਖ ਅਤੇ ਭਾਰਤ ਦਾ ਪਾਕਿਸਤਾਨ ਨਾਲ ਰਿਸ਼ਤਾ ਸੁਖਾਵਾਂ ਹੋਣ ਦੀ ਆਸ ਬਝ ਜਾਣੀ ਸੀ। ਖੈਰ, ਜੋ ਹੋਇਆ ਹੀ ਨਹੀਂ ਉਸ ਬਾਰੇ ਹੁਣ ਕਿਆਸ ਲਾਉਣ ਦਾ ਕੀ ਅਰਥ!

ਸਿੱਖ ਆਗੂਆਂ ਨੇ ਫੂਲਕੀਆਂ ਸਟੇਟਾਂ ਨੂੰ ਨਜ਼ਰ-ਅੰਦਾਜ਼ ਕਰਕੇ ਅਤੇ ਜਿਨਾਹ ਦੇ ਪ੍ਰਸਤਾਵ ਨੂੰ ਠੁਕਰਾ ਕੇ ਭਾਰਤ ਵਿਚ ਸ਼ਾਮਲ ਹੋਣ ਦਾ ਨਿਰਣਾ ਕੀਤਾ ਸੀ। ਪਰ ਉਹ ਆਪਣੇ ਇਸ ਫੈਸਲੇ 'ਤੇ ਵੀ ਕਾਇਮ ਨਾ ਰਹਿ ਸਕੇ ਕਿਉਂਕਿ ਧਰਮ ਅਤੇ ਸਿਆਸਤ ਦੇ ਮਨੋਰਥਾਂ ਵਿਚ ਇੱਕਸੁਰਤਾ ਨਹੀਂ ਸੀ। ਇੱਕਸੁਰਤਾ ਕਿਵੇਂ ਹੋਣੀ ਸੀ ਜਦੋਂ ਜਿਸ ਮਾਇਆ ਨੂੰ ਧਰਮ ਤਿਆਗਣ ਦੀ ਗੱਲ ਕਰਦਾ ਹੈ, ਉਸੇ ਮਾਇਆ ਦੀ ਸਿਆਸਤ ਦਾਸੀ ਬਣਨ ਲਈ ਉਤਸੁਕ ਹੁੰਦੀ ਹੈ। ਧਰਮ ਅਧਿਆਤਮਕ ਜੀਵਨ ਢੰਗ ਹੈ ਅਤੇ ਸਿਆਸਤ ਇੱਕ ਸੰਸਾਰਕ ਕਿੱਤਾ। ਇਨ੍ਹਾਂ ਦੋਵਾਂ ਦੇ ਦ੍ਰਿਸ਼ਟੀਕੋਣ, ਸੋਚ ਅਤੇ ਮਨੋਰਥ ਵਿਚ ਬਹੁਤ ਅੰਤਰ ਹੈ।

ਸਿੱਖ ਸਿਆਸਤ ਸਿੱਖ ਜਥੇਦਾਰਾਂ ਦੇ ਕੰਟਰੋਲ ਵਿਚ ਰਹੀ ਹੈ। ਜਥੇਦਾਰ ਰਾਜਨੀਤੀ ਵਿਗਿਆਨ ਤੋਂ ਅਣਜਾਣ ਹੁੰਦੇ ਹਨ। ਬਹੁਤੇ ਜਥੇਦਾਰ ਪਾਠੀ ਜਾਂ ਪੁਜਾਰੀ ਸ਼੍ਰੇਣੀ ਨਾਲ ਸਬੰਧਤ ਹਨ। ਉਨ੍ਹਾਂ ਦੀ ਸੋਚ ਤੇ ਅਨੁਭਵ ਧਾਰਮਕ ਪਰੰਪਰਾ ਅਤੇ ਰਹਿਤ ਮਰਿਆਦਾ ਤੋਂ ਪ੍ਰਭਾਵਿਤ ਹੋਣ ਕਾਰਨ ਉਹ ਇੱਕੀਵੀਂ ਸਦੀ ਦੀ ਸਿਆਸਤ ਵੀ ਅਠਾਰਵੀਂ ਸਦੀ ਦੀ ਸੋਚ ਨਾਲ ਕਰਦੇ ਹਨ, ਜਿਸ ਨਾਲ ਅਕਸਰ ਨਿਰਾਸ਼ਾ ਪੱਲੇ ਪੈਂਦੀ ਹੈ ਕਿਉਂਕਿ ਆਧੁਨਿਕ ਸਿਆਸਤ ਵਿਚ ਸਫਲਤਾ ਬਹੁਤ ਹੱਦ ਤੱਕ ਉਚ ਵਿਦਿਆ, ਵਿਸ਼ਾਲ ਸੂਝ-ਬੂਝ, ਦੂਰ ਅੰਦੇਸ਼ੀ, ਦ੍ਰਿੜਤਾ, ਲੋਕਾਂ ਦੀਆਂ ਭਾਵਨਾਵਾਂ ਅਤੇ ਲੋੜਾਂ ਦਾ ਸਹੀ ਅਨੁਮਾਨ ਲਾ ਕੇ ਪ੍ਰਗਟਾਉਣ ਤੇ ਹੱਲ ਕਰਨ ਦੀ ਯੋਗਤਾ ਦੀ ਮੰਗ ਕਰਦੀ ਹੈ। ਸਿਆਸਤ ਨੂੰ ਸਮਾਜ ਦਾ ਇੱਕ ਬਹੁਤ ਔਖਾ ਕਿੱਤਾ ਸਮਝਿਆ ਗਿਆ ਹੈ। ਇਸ ਵਿਚ ਭਾਵਨਾਵਾਂ ਅਤੇ ਅਤੀਤ ਦੀ ਕੋਈ ਪ੍ਰਸੰਗਿਕਤਾ ਨਹੀਂ ਹੁੰਦੀ ਪਰ ਸਿੱਖ ਸਿਆਸਤ ਦਾ ਤਾਂ ਜ਼ਿਆਦਾਤਰ ਆਧਾਰ ਹੀ ਭਾਵਨਾਵਾਂ ਅਤੇ ਇਤਿਹਾਸਕ ਪ੍ਰਾਪਤੀਆਂ ਹਨ। ਖਾਲਿਸਤਾਨ ਦੀ ਮੰਗ ਜਥੇਦਾਰੀ ਸੋਚ ਦਾ ਹੀ ਇੱਕ ਅਸਧਾਰਨ ਵਿਸਥਾਰ ਹੈ ਜੋ ਸ਼ਰਧਾਵੱਸ ਪੰਜਾਬ ਦੀਆਂ ਜ਼ਮੀਨੀ ਹਕੀਕਤਾਂ ਨੂੰ ਨਜ਼ਰ-ਅੰਦਾਜ਼ ਕਰਕੇ ਹੋਂਦ ਵਿਚ ਆਇਆ ਹੈ। ਪੰਜਾਬ ਵਿਚ ਹਿੰਦੂਆਂ, ਦਲਿਤਾਂ, ਈਸਾਈਆਂ ਅਤੇ ਮੁਸਲਮਾਨਾਂ ਦੀ ਭਾਰੀ ਗਿਣਤੀ ਹੈ। ਖਾਲਿਸਤਾਨੀ ਉਨ੍ਹਾਂ ਨਾਲ ਗੱਲ ਕਰਨ ਲਈ ਵੀ ਤਿਆਰ ਨਹੀਂ ਹਨ, ਫਿਰ ਉਹ ਲੋਕ ਖਾਲਿਸਤਾਨ ਦਾ ਸਮਰਥਨ ਕਿਉਂ ਕਰਨਗੇ? ਉਨ੍ਹਾਂ ਦੇ ਸਹਿਯੋਗ ਅਤੇ ਸਮਰਥਨ ਤੋਂ ਬਿਨਾ ਖਾਲਿਸਤਾਨ ਬਣਾਉਣਾ ਅਤੇ ਬਰਕਰਾਰ ਰੱਖਣਾ ਸੰਭਵ ਨਹੀਂ। ਉਨ੍ਹਾਂ ਦਾ ਸਮਰਥਨ ਕਿਵੇਂ ਪ੍ਰਾਪਤ ਕੀਤਾ ਜਾਵੇ? ਇਸ ਸਵਾਲ ਦਾ ਭਰੋਸੇਯੋਗ ਉਤਰ ਸ਼ਾਇਦ ਖਾਲਿਸਤਾਨ ਦੇ ਉਪਾਸ਼ਕਾਂ ਕੋਲ ਵੀ ਨਾ ਹੋਵੇ।

ਗੁਰੂ ਗ੍ਰੰਥ ਸਾਹਿਬ ਦੀ ਬਾਣੀ ਇੱਕ ਵਿਕਸਿਤ ਅਧਿਆਤਮਕ ਵਿਚਾਰਧਾਰਾ ਦੇ ਨਾਲ ਨਾਲ ਮਨੁੱਖ ਦੇ ਮੂਲ ਹੱਕਾਂ ਦਾ ਮਾਨਵਵਾਦੀ ਉਪਦੇਸ਼ ਵੀ ਹੈ। ਸਿੱਖ ਸਿਆਸਤ ਨੇ ਗੁਰਬਾਣੀ ਉਪਦੇਸ਼ ਨੂੰ ਧੁੰਦਲਾ ਕਰਕੇ ਪ੍ਰਭਾਵਹੀਣ ਬਣਾ ਦਿੱਤਾ ਹੈ। ਇਸੇ ਕਰਕੇ ਸਿੱਖ ਵਿਦਵਾਨ ਗੁਰਬਾਣੀ ਉਪਦੇਸ਼ ਦਾ ਸਿੱਖੀ ਜੀਵਨ ਨਾਲ ਨਾਤਾ ਜੋੜਨ ਵਿਚ ਸਫਲ ਨਹੀਂ ਹੁੰਦੇ। ਸਿਆਸਤ ਵਿਚ ਸਿੱਖ ਧਰਮ ਦੀ ਭਾਗੀਦਾਰੀ ਦਾ ਇੱਕ ਹੋਰ ਚਿੰਤਾਜਨਕ ਪਹਿਲੂ ਵੀ ਹੈ। ਸਿੱਖ ਧਰਮ ਦੀ ਵਾਗਡੋਰ ਧਰਮ-ਸ਼ਾਸਤਰੀਆਂ ਅਤੇ ਸਿੱਖ ਵਿਦਵਾਨਾਂ ਦੀ ਥਾਂ ਸਰਕਾਰੀ ਕਾਨੂੰਨ ਨਾਲ ਬਣੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਬੰਧਕਾਂ ਅਤੇ ਉਨ੍ਹਾਂ ਦੇ ਨਿਯੁਕਤ ਕੀਤੇ ਪਾਠੀ/ਪੁਜਾਰੀਆਂ ਦੇ ਹੱਥ ਵਿਚ ਹੈ। ਇਹ ਪ੍ਰਬੰਧਕ ਅਤੇ ਪੁਜਾਰੀ ਸਿੱਖ ਵਿਦਵਾਨਾਂ ਨੂੰ ਧਰਮ ਕਾਰਜਾਂ ਵਿਚ ਭਾਗੀਦਾਰ ਨਹੀਂ ਬਣਾਉਂਦੇ। ਦੁਨੀਆਂ ਦੇ ਹੋਰ ਕਿਸੇ ਧਰਮ ਵਿਚ ਸ਼ਾਇਦ ਹੀ ਐਸਾ ਹੁੰਦਾ ਹੋਵੇ। ਇਹ ਪ੍ਰਬੰਧਕ ਅਤੇ ਜਥੇਦਾਰ ਵਿਦਵਾਨਾਂ ਦੀਆਂ ਲਿਖਤਾਂ ਨੂੰ ਸੈਂਸਰ ਕਰਕੇ ਉਨ੍ਹਾਂ ਦੀ ਸੋਚ ਅਤੇ ਉਨ੍ਹਾਂ ਦੀਆਂ ਗਤੀਵਿਧੀਆਂ ਨੂੰ ਕਾਬੂ ਵਿਚ ਰੱਖਣ ਦਾ ਯਤਨ ਵੀ ਕਰਦੇ ਹਨ। ਸਿੱਖ ਧਰਮ 'ਤੇ ਗੈਰਰਸਮੀ ਰਚਨਾ ਕਰਨ ਵਾਲੇ ਲੇਖਕ ਨੂੰ ਅਕਸਰ ਡਰਾਇਆ-ਧਮਕਾਇਆ ਜਾਂਦਾ ਹੈ। ਸਿੱਖ ਸਿਆਸਤ ਨੇ ਗੁਰਬਾਣੀ ਉਪਦੇਸ਼ ਦੀ ਖੁਲ੍ਹੀ ਵਿਚਾਰ-ਚਰਚਾ ਵੀ ਔਖੀ ਕੀਤੀ ਹੋਈ ਹੈ।

# ਸਦਾਬਹਾਰ ਗੁਲਜ਼ਾਰ ਸਿੰਘ ਸੰਧੂ

*ਪ੍ਰਿੰਸੀਪਲ ਸਰਵਣ ਸਿੰਘ ਬੇਸ਼ਕ ਬਹੁਤਾ ਖੇਡ ਲੇਖਕ ਵਜੋਂ ਜਾਣੇ ਜਾਂਦੇ ਹਨ, ਪਰ ਉਨ੍ਹਾਂ ਦੀਆਂ ਲਿਖਤਾਂ ਵਿਚ ਕਥਾ ਰਸ ਕਮਾਲ ਦਾ ਹੁੰਦਾ ਹੈ। ਇਸੇ ਕਰਕੇ ਉਨ੍ਹਾਂ ਦੀਆਂ ਖੇਡ ਲਿਖਤਾਂ ਵੀ ਕਹਾਣੀਆਂ ਵਾਂਗ ਜਾਪਦੀਆਂ ਹਨ। ਇਸ ਵਿਚ ਸ਼ੱਕ ਨਹੀਂ ਕਿ ਉਨ੍ਹਾਂ ਦੀਆਂ ਗਲਪ ਰਚਨਾਵਾਂ ਪਾਠਕ ਬੜੀ ਦਿਲਚਸਪੀ ਨਾਲ ਪੜ੍ਹਦੇ ਹਨ। ਜੀਵਨੀਨੁਮਾ ਲੇਖ ਵੀ ਉਹ ਬਹੁਤ ਸੋਹਣੇ ਲਿਖਦੇ ਹਨ। ਪਿਛਲੇ ਕੁਝ ਸਮੇਂ ਵਿਚ 'ਪੰਜਾਬ ਟਾਈਮਜ਼' ਦੇ ਪਾਠਕ 'ਮਘਦਾ ਰਹੀਂ ਵੇ ਸੂਰਜਾ ਕੰਮੀਆਂ ਦੇ ਵਿਹੜੇ' ਵਰਗਾ ਇਨਕਲਾਬੀ ਗੀਤ ਲਿਖਣ ਵਾਲੇ ਸ਼ਾਇਰ ਮਰਹੂਮ ਸੰਤ ਰਾਮ ਉਦਾਸੀ ਅਤੇ ਨਾਟਕਕਾਰ (ਨਾਟਕਬਾਜ਼) ਬਲਵੰਤ ਗਾਰਗੀ ਬਾਰੇ ਲੰਮੇ ਲੇਖ ਪੜ੍ਹ ਚੁਕੇ ਹਨ। ਹੁਣ ਉਨ੍ਹਾਂ ਸਾਹਿਤਕਾਰ ਤੇ ਪੱਤਰਕਾਰ ਗੁਲਜ਼ਾਰ ਸਿੰਘ ਸੰਧੂ ਬਾਰੇ ਇਹ ਲੰਮਾ ਲੇਖ ਭੇਜਿਆ ਹੈ ਜੋ ਉਨ੍ਹਾਂ ਦੀ ਮਾਰਚ ਮਹੀਨੇ ਛਪ ਕੇ ਆ ਰਹੀ ਪੁਸਤਕ 'ਪੰਜਾਬ ਦੇ ਕੋਹੇਨੂਰ ਭਾਗ ਦੂਜਾ' ਵਿਚ ਸ਼ਾਮਲ ਹੋਵੇਗਾ। ਇਹ ਲੇਖ ਅਸੀਂ ਕਿਸ਼ਤਾਂ ਵਿਚ ਪਾਠਕਾਂ ਦੀ ਨਜ਼ਰ ਕਰ ਰਹੇ ਹਾਂ। ਪ੍ਰਿੰਸੀਪਲ ਸਰਵਣ ਸਿੰਘ ਵੀ ਸੰਧੂ ਜੱਟ ਹਨ। ਹੁਣ ਇਹ ਫੈਸਲਾ ਪਾਠਕਾਂ 'ਤੇ ਛਡਦੇ ਹਾਂ ਕਿ ਉਹ ਇਸ ਲੇਖ ਵਿਚ ਆਪਣੇ ਸੰਧੂ ਭਰਾ (ਗੁਲਜ਼ਾਰ ਸੰਧੂ) ਦੀ ਵਡਿਆਈ ਕਰਦੇ ਹਨ ਜਾਂ ਫਿਰ ਸ਼ਰੀਕ ਬਣ ਕੇ ਉਨ੍ਹਾਂ ਦੇ ਪਾਜ਼ ਉਧੇੜਦੇ ਹਨ। -ਸੰਪਾਦਕ*

**ਪ੍ਰਿੰ. ਸਰਵਣ ਸਿੰਘ**
ਫੋਨ: 905-799-1661

ਗੁਲਜ਼ਾਰ ਸਿੰਘ ਸੰਧੂ ਸਦਾਬਹਾਰ ਲੇਖਕ ਹੈ। ਇਹ ਖਿਤਾਬ ਉਸ ਨੂੰ ਬਲਵੰਤ ਗਾਰਗੀ ਨੇ ਦਿੱਤਾ ਸੀ। ਤਰਾਸੀ ਕੋਹ ਦੀ ਦੌੜ ਲਾ ਕੇ ਵੀ ਉਹਦੀ ਕਲਮ ਪਹਿਲਾਂ ਵਾਂਗ ਚੱਲ ਰਹੀ ਹੈ ਤੇ ਹਾਸਾ ਵੀ ਪਹਿਲਾਂ ਵਾਂਗ ਹੀ ਛਣਕ ਰਿਹੈ। ਆਂਢੀਆਂ-ਗੁਆਂਢੀਆਂ ਨੂੰ ਪਤਾ ਲੱਗ ਜਾਂਦੈ ਕਿ ਅਗਲਿਆਂ ਦੇ ਘਰ ਗੁਲਜ਼ਾਰ ਆਇਆ ਹੋਊ। ਹਾਸਾ ਉਹਦੀ ਰੂਹ ਦੀ ਖੁਰਾਕ ਹੈ। ਹਾਸੇ ਦੇ ਸਿਰ 'ਤੇ ਉਹ ਜੀਵਨ 'ਚ ਆਈਆਂ ਔਕੜਾਂ ਤੋਂ ਬਚਦਾ ਆ ਰਿਹੈ। ਹਾਸੇ ਕਰ ਕੇ ਹੀ ਉਹ ਗੁਲਜ਼ਾਰ ਹੈ ਤੇ ਸਦਾਬਹਾਰ ਹੈ। ਹਸਮੁੱਖ ਬੰਦੇ ਕਰਮਾਂ ਦੇ ਬਲੀ ਹੁੰਦੇ ਹਨ। ਸੰਧੂ ਕਰਮਾਂ ਦਾ ਬਲੀ ਹੈ। ਉਹਦੇ ਹਾਸੇ ਦੀਆਂ ਕਈ ਕਿਸਮਾਂ ਹਨ। ਕਦੇ ਛੈਣਿਆਂ ਵਾਂਗ ਉਚਾ, ਕਦੇ ਝਾਂਜਰ ਵਾਂਗ ਮੱਧਮ। ਕਦੇ ਖੁਸ਼ੀ ਪ੍ਰਗਟਾਉਂਦਾ, ਕਦੇ ਉਦਾਸੀ। ਕਦੇ ਹਉਮੈ ਵਿਖਾਉਂਦਾ, ਕਦੇ ਨਿਮਰਤਾ। ਕਦੇ ਸ਼ਾਬਾਸ਼ੇ ਦਿੰਦਾ, ਕਦੇ ਦਿਲ ਧਰਾਉਂਦਾ। ਕਦੇ ਸਹਿਮਤੀ ਜਤਾਉਂਦਾ, ਕਦੇ ਅਸਹਿਮਤੀ। ਕਦੇ ਉਹਦਾ ਹਾਸਾ ਬੇਪਰਵਾਹੀ ਦਾ ਹੁੰਦਾ ਤੇ ਕਦੇ ਲਾਪਰਵਾਹੀ ਦਾ। ਕਦੇ ਅੰਗੂਰੀ, ਕਦੇ ਸੰਧੂਰੀ। ਇਸ ਹਾਸੇ ਤੋਂ ਬਿਨਾ ਗੁਲਜ਼ਾਰ, ਗੁਲਜ਼ਾਰ ਸੰਧੂ ਨਹੀਂ ਲੱਗਦਾ। ਰੱਬ ਦਾ ਸ਼ੁਕਰ ਹੈ ਕਿ ਚੁਰਾਸੀ ਨੂੰ ਢੁੱਕ ਕੇ ਵੀ ਉਹਦਾ ਹਾਸਾ ਖੇੜਾ ਕਾਇਮ ਹੈ।



ਬਲਵੰਤ ਗਾਰਗੀ ਨੇ ਗੁਲਜ਼ਾਰ ਸਿੰਘ ਸੰਧੂ ਦੀ ਦੋਸਤੀ ਦਾ ਰੱਜਵਾਂ ਸਵਾਦ ਮਾਣਿਆ। ਉਹ ਗੁਲਜ਼ਾਰ ਦੇ ਹਾਸੇ ਬਾਰੇ ਲਿਖ ਗਿਐ, "ਉਹਦਾ ਹਾਸਾ ਉਹਦੇ ਮੋਕਲੇ ਹੱਡਾਂ ਵਾਂਗ ਚੌੜਾ ਤੇ ਵਿਸ਼ਾਲ ਹੈ। ਉਹਦੇ ਰੋਸੇ ਵਿਚ ਵੀ ਕੌੜੀ ਉਦਾਰਤਾ ਦਾ ਨਿੱਘ ਹੁੰਦਾ ਹੈ।"

ਕਵੀ ਮੋਹਣ ਸਿੰਘ ਜਲੰਧਰ ਤੋਂ 'ਪੰਜ ਦਰਿਆ' ਪਰਚਾ ਕੱਢਦਾ ਸੀ। ਸੰਧੂ ਨੇ ਦਿੱਲੀ ਤੋਂ ਆਪਣੀ ਕਹਾਣੀ 'ਸੀਤ ਪੋਟੇ' ਭੇਜੀ। ਮੋਹਣ ਸਿੰਘ ਨੇ 1961 ਵਿਚ ਸੰਧੂ ਬਾਰੇ ਲਿਖਿਆ, "ਗੁਲਜ਼ਾਰ ਸੰਧੂ ਛਣਕਦੇ ਹਾਸੇ ਵਾਲੀ ਰੰਗਲੀ ਸ਼ਖਸੀਅਤ ਦਾ ਮਾਲਕ ਹੈ। ਮੈਂ ਉਸ ਨੂੰ ਉਸ ਦੀ ਕਹਾਣੀ 'ਸੀਤ ਪੋਟੇ' ਤੋਂ ਪਛਾਣਿਆ ਸੀ ਜੋ 1958 ਵਿਚ ਪੰਜ ਦਰਿਆ ਲਈ ਉਸ ਨੇ ਭੇਜੀ ਸੀ।"

ਸੰਧੂ ਦੇ ਬੁੱਲ੍ਹ ਬੋਤੇ ਦੇ ਬੁੱਲ੍ਹ ਵਾਂਗ ਢਾਲੂ, ਅੱਖਾਂ ਮੋਟੀਆਂ ਤੇ ਮਦਮਸਤ, ਮੁੱਛਾਂ ਨੱਕ ਤਕ ਤੇ ਦਾੜ੍ਹੀ ਗੋਲ-ਮੋਲ ਹੈ। ਅੱਖਾਂ ਉਤੇ ਛਾਂ ਕਰਦੀਆਂ ਸੰਘਣੀਆਂ ਸਿਹਲੀਆਂ ਅਜੇ ਵੀ ਕਾਲੀਆਂ ਹਨ। ਉਹ ਮੱਥਾ-ਢਕਵੀਂ ਪੱਗ ਬੰਨ੍ਹਦੈ ਤੇ ਵੱਡੀ ਸਾਰੀ ਐਨਕ ਲਾਉਂਦੈ। ਉਹਦੀ ਚੰਗੀ ਫਰੀ ਹੋਈ ਦਾੜ੍ਹੀ ਸਾਰੇ ਮੂੰਹ ਨੂੰ ਆਪਣੀ ਮਿਲਖ ਸਮਝਦੀ ਹੈ। ਜਦੋਂ ਜੁਆਨ ਸੀ ਤਾਂ ਨਾਈ ਦੀ ਦੁਕਾਨ 'ਤੇ ਜਾ ਕੇ ਦਾੜ੍ਹੀ ਠਪਾਅ ਲਿਆਉਂਦਾ ਸੀ। ਐਮਰਜੈਂਸੀ ਵਿਚ ਘਰ ਵੀ ਕੈਂਚੀ ਫੇਰ ਲੈਂਦਾ ਸੀ। ਹੁਣ ਨਾਈ ਹੀ ਘਰ ਆ ਕੇ ਠੀਕ-ਠਾਕ ਕਰਦਾ ਹੈ ਤੇ ਇਕ ਗੇੜੀ ਦੇ ਡੇਢ ਸੌ ਰੁਪਏ ਲੈਂਦਾ ਹੈ। ਨਾਈ ਦੀ ਦੁਕਾਨ 'ਤੇ ਇਹੋ ਕੰਮ ਪੰਜਾਹਾਂ 'ਚ ਹੋ ਸਕਦੈ, ਪਰ ਉਥੇ ਜਾਣ ਤੋਂ ਸੰਧੂ ਹੁਣ ਸੰਗਣ ਲੱਗ ਪਿਐ।

ਜਿਹੜੇ ਉਹਦੇ ਭੇਤੀ ਨਹੀਂ, ਉਨ੍ਹਾਂ ਨੂੰ ਉਹ ਅਜੇ ਵੀ ਗਿਆਨੀ ਧਿਆਨੀ ਦਿਸਦੈ, ਉਂਜ ਹੈ ਉਹ ਖਾਣ ਪੀਣ ਵਾਲਾ। ਜਦੋਂ ਉਹ ਪਿੰਡੋਂ ਦਿੱਲੀ ਗਿਆ ਤਾਂ ਪਹਿਲਾਂ ਪਹਿਲ ਦਿੱਲੀ ਦੇ ਭਾਪੇ ਉਹਦੀ ਖੁੱਲ੍ਹੀ ਦਾੜ੍ਹੀ ਵੇਖ ਕੇ ਉਸ ਨੂੰ ਜੱਟ ਨਹੀਂ ਸੀ ਸਮਝਦੇ। ਡਾ. ਹਰਿਭਜਨ ਸਿੰਘ ਤੇ ਤਾਰਾ ਸਿੰਘ ਕਾਮਲ ਵਾਂਗ ਰਾਮਗੜ੍ਹੀਆ ਹੀ ਸਮਝਦੇ। ਪਤਾ ਉਦੋਂ ਲੱਗਦਾ ਜਦੋਂ ਉਹਦੇ ਅੰਦਰਲਾ ਜੱਟ ਖਿੜਦਾ।

ਸੰਧੂ ਪੰਜਾਬੀ ਦਾ ਹਰਫਨਮੌਲਾ ਸਾਹਿਤਕਾਰ ਹੈ- ਕਹਾਣੀਕਾਰ, ਨਾਵਲਕਾਰ, ਨਿਬੰਧਕਾਰ, ਪੱਤਰਕਾਰ, ਰੇਖਾ ਚਿੱਤਰਕਾਰ, ਸਫਰਨਾਮੀਆ, ਅਨੁਵਾਦਕ ਤੇ ਸੰਪਾਦਕ। ਅਖਬਾਰਾਂ ਦਾ ਕਾਲਮਨਵੀਸ। ਗੱਲਾਂ ਦਾ ਧਨੀ। ਸਾਹਿਤ ਸਭਾਵਾਂ ਤੇ ਅਕਾਡਮੀਆਂ ਦਾ ਪ੍ਰਧਾਨ, ਸਕੱਤਰ ਤੇ ਸਲਾਹਕਾਰ। ਵਫਾਦਾਰ ਪਤੀ, ਰਿਸ਼ਤੇਦਾਰਾਂ ਦਾ ਸਕਾ-ਸਨੇਹੀ ਤੇ ਮਿੱਤਰਾਂ ਦਾ ਮਿੱਤਰ। ਉਹ ਹੋਰ ਵੀ ਬਹੁਤ ਕੁਝ ਹੈ, ਪਰ ਹੈ ਸਭ ਕਾਸੇ ਤੋਂ ਬੇਨਿਆਜ਼। 'ਕੋਈ ਰੌਲਾ ਨੀ' ਉਹਦਾ ਤਕੀਆ ਕਲਾਮ ਹੈ। ਹਾਲ-ਚਾਲ ਪੁੱਛੋ ਤਾਂ ਅਜੋਕਾ ਜਵਾਬ ਹੈ, 'ਚੱਲਦੈ'! ਪਹਿਲਾਂ ਉਹ 'ਚੜ੍ਹਦੀ ਕਲਾ' ਕਹਿੰਦਾ ਸੀ, ਫਿਰ 'ਇਕ ਨੰਬਰ' ਕਹਿਣ ਲੱਗ ਪਿਆ ਤੇ ਹੁਣ 'ਹਾਲੀ ਤਕ ਠੀਕ ਹੈ।' ਹੁਣ ਉਹਦੀ ਹਾਲਤ ਉਸ ਗੇਂਦ ਵਰਗੀ ਹੈ ਜੋ ਰੁੜ੍ਹ ਤਾਂ ਰਹੀ ਹੈ ਪਰ ਉਹਦਾ ਰੁੜ੍ਹਨਾ ਰੁਕਣ ਵਾਲਾ ਹੈ:

ਰੌਅ ਮੇਂ ਹੈ ਰਖਸ਼-ਏ-ਉਮਰ
ਕਹਾਂ ਦੇਖੀਏ ਥਮੇਂ।
ਨਾ ਹਾਥ ਬਾਗ ਪਰ ਹੈ
ਨਾ ਪਾ ਹੈ ਰਕਾਬ ਮੇਂ।

ਉਸ ਦੀਆਂ ਪੁਸਤਕਾਂ ਦੇ ਨਾਂ ਹਨ- ਸਾਡੇ ਹਾਰ ਸ਼ਿੰਗਾਰ, ਹੁਸਨ ਦੇ ਹਾਣੀ, ਇਕ ਸਾਂਝ ਪੁਰਾਣੀ, ਸੋਨੇ ਦੀ ਇੱਟ, ਅਮਰ ਕਥਾ, ਗਮਲੇ ਦੀ ਵੇਲ, ਚੋਣਵੀਆਂ ਕਹਾਣੀਆਂ, ਰੁਦਨ ਬਿੱਲੀਆਂ ਦਾ, ਦਿਨ ਦੀਵੀਂ ਲੁੱਟ, ਇਕ ਇੱਟ ਵਾਲੀ ਹਵੇਲੀ, ਤਿੰਨ ਛੱਕੇ, ਕੰਧੀਂ ਜਾਏ, ਧਰੂ ਤਾਰੇ, ਗੋਰੀ ਹਿਰਨੀ, ਮੇਰਾ ਪੰਜਾਬ ਤੇ ਮੇਰੀ ਪੱਤਰਕਾਰੀ, 25 ਮੁਲਕ 75 ਗੱਲਾਂ, ਸਾਹਿਤਕ ਸਵੈਜੀਵਨੀ, ਮੇਰੀ ਸਹੁੰ/ਸਰਗੋਸ਼ੀਆਂ-1, ਮਿੱਤਰਾਂ ਦਾ ਮੈਂ ਤੇ ਅੱਸੀ ਕੋਹ ਦੀ ਦੌੜ/ਜੀਵਨ ਦਰਪਨ। ਟੈੱਸ, ਪਾਕਿਸਤਾਨ ਮੇਲ, ਜੀਵਨ ਤੇ ਸਾਹਿਤ, ਸਾਥੀ, ਬਾਲ ਬਿਰਖ ਤੇ ਸੂਰਜ, ਲਹਿਰਾਂ ਦੀ ਆਵਾਜ਼ ਤੇ ਭਾਰਤੀ ਸੈਨਾ ਦੀਆਂ ਪ੍ਰਾਪਤੀਆਂ ਅਨੁਵਾਦਤ ਪੁਸਤਕਾਂ ਹਨ। ਅੱਗ ਦਾ ਸਫਰ ਸ਼ਿਵ ਬਟਾਲਵੀ ਦੀ ਚੋਣਵੀਂ ਕਵਿਤਾ, ਪੰਜਾਬ ਦਾ ਛੇਵਾਂ ਦਰਿਆ ਐਮ.ਐਸ. ਰੰਧਾਵਾ, ਨਵਯੁਗ ਟਕਸਾਲ ਭਾਪਾ ਪ੍ਰੀਤਮ ਸਿੰਘ, ਵਾਸਨਾ ਵਿਸਕੀ ਵਿਦਵਤਾ ਖੁਸ਼ਵੰਤ ਸਿੰਘ ਤੇ ਲਾਲ ਕਿਲੇ ਦੀਆਂ ਟਾਹਣੀਆਂ ਸੰਪਾਦਤ ਪੁਸਤਕਾਂ ਵੱਖਰੀਆਂ ਹਨ। ਉਸ ਦੀਆਂ ਕਹਾਣੀਆਂ ਦੇ ਸੰਗ੍ਰਿਹ ਅੰਗਰੇਜ਼ੀ ਤੇ ਉਰਦੂ ਵਿਚ ਵੀ ਛਪੇ ਹਨ। ਪੰਜਾਬੀਜ਼ ਵਾਰ ਐਂਡ ਵਿਮਨ, ਗਾਡਜ਼ ਆਨ ਟਰਾਇਲ ਤੇ ਅਮਰ ਕਥਾ। ਉਹ ਸਪਤਾਹਿਕ ਤੇ ਮਾਸਕ ਰਸਾਲਿਆਂ ਤੋਂ ਇਲਾਵਾ ਰੋਜ਼ਾਨਾ ਅਖਬਾਰ 'ਪੰਜਾਬੀ ਟ੍ਰਿਬਿਊਨ' ਤੇ 'ਦੇਸ਼ ਸੇਵਕ' ਦਾ ਸੰਪਾਦਕ ਵੀ ਰਿਹਾ ਹੈ। ਉਹ 1954 ਤੋਂ ਲਗਾਤਾਰ ਲਿਖ ਰਿਹੈ। ਸੱਤਵਾਂ ਦਹਾਕਾ ਚੱਲ ਰਿਹੈ, ਉਹਦੀ ਲੇਖਣੀ ਦੀ ਮੈਰਾਥਨ ਦਾ।

ਉਹਦੀਆਂ ਲਿਖਤਾਂ ਸਕੂਲਾਂ/ਯੂਨੀਵਰਸਿਟੀਆਂ ਦੀਆਂ ਪਾਠ ਪੁਸਤਕਾਂ ਵਿਚ ਪੜ੍ਹਾਈਆਂ ਜਾ ਰਹੀਆਂ ਹਨ। 'ਪੰਜਾਬੀਜ਼ ਵਾਰ ਐਂਡ ਵਿਮਨ' ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿਚ ਐਮ.ਏ. ਅੰਗਰੇਜ਼ੀ ਦੇ ਸਿਲੇਬਸ ਵਿਚ ਲੱਗੀ ਹੈ। ਉਹਦੀਆਂ ਕਹਾਣੀਆਂ ਉਤੇ ਐਮ.ਫਿਲ. ਦੇ ਖੋਜ ਨਿਬੰਧ ਅਤੇ ਡਾ. ਗੁਰਪ੍ਰੀਤ ਕੌਰ ਨੇ ਪੀਐਚ.ਡੀ. ਦਾ ਥੀਸਸ ਲਿਖਿਆ ਹੈ। ਉਸ ਨੂੰ ਭਾਰਤੀ ਸਾਹਿਤ ਅਕੈਡਮੀ ਤੋਂ ਲੈ ਕੇ ਦੇਸ-ਪਰਦੇਸ ਦੀਆਂ ਅਨੇਕਾਂ ਸਭਾਵਾਂ ਦੇ ਅਵਾਰਡ ਮਿਲੇ ਹਨ। ਵਿਚੇ ਪੰਜਾਬੀ ਭਾਸ਼ਾ ਵਿਭਾਗ ਦਾ ਸ਼੍ਰੋਮਣੀ ਸਾਹਿਤਕਾਰ ਪੁਰਸਕਾਰ ਤੇ ਵਿਚੇ ਪੰਜਾਬੀ ਸਾਹਿਤ ਅਕਾਡਮੀ ਦਾ ਕਰਤਾਰ ਸਿੰਘ ਧਾਲੀਵਾਲ ਅਵਾਰਡ।

ਉਹ ਭਾਰਤੀ ਖੇਤੀ ਮੰਤਰਾਲੇ ਵਿਚ ਡਾਇਰੈਕਟਰ, ਖੇਤੀਬਾੜੀ ਯੂਨੀਵਰਸਿਟੀ ਲੁਧਿਆਣੇ ਦਾ ਸੰਚਾਰ ਵਿਭਾਗ ਦਾ ਮੁਖੀ, 'ਪੰਜਾਬੀ ਟ੍ਰਿਬਿਊਨ' ਤੇ 'ਦੇਸ਼ ਸੇਵਕ' ਰੋਜ਼ਾਨਾ ਅਖਬਾਰਾਂ ਦਾ ਐਡੀਟਰ, ਪੰਜਾਬ ਆਰਟਸ ਕੌਂਸਲ ਦਾ ਚੇਅਰਮੈਨ, ਪੰਜਾਬ ਰੈਡ ਕਰਾਸ ਦਾ ਸਕੱਤਰ ਤੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਚ ਪੱਤਰਕਾਰੀ ਤੇ ਜਨ ਸੰਚਾਰ ਵਿਭਾਗ ਦਾ ਪ੍ਰੋਫੈਸਰ ਤੇ ਮੁਖੀ ਰਿਹੈ। ਉਹ ਪੰਜਾਬੀ ਯੂਨੀਵਰਸਿਟੀ ਦਾ ਪ੍ਰੋਫੈਸਰ ਆਫ ਐਮੀਨੈਂਸ ਤੇ ਤਾਜੀਵਨ ਫੈਲੋ ਹੈ ਤੇ ਪੰਜਾਬੀ ਸਾਹਿਤ ਸਭਾ ਨਵੀਂ ਦਿੱਲੀ ਦਾ ਪ੍ਰਧਾਨ। ਉਸ ਨੇ 1953 ਵਿਚ ਬੀ.ਏ. ਕੀਤੀ ਸੀ, ਅਗਲੇ ਸਾਲ ਗਿਆਨੀ ਤੇ 1958 ਵਿਚ ਕੈਂਪ ਕਾਲਜ ਨਵੀਂ ਦਿੱਲੀ ਤੋਂ ਅੰਗਰੇਜ਼ੀ ਦੀ ਐਮ.ਏ.।



*ਖੱਬਿਓਂ: ਲੇਖਕ ਪ੍ਰਿੰ. ਸਰਵਣ ਸਿੰਘ, ਗੁਲਜ਼ਾਰ ਸਿੰਘ ਸੰਧੂ ਅਤੇ ਸ਼ਮਸ਼ੇਰ ਸਿੰਘ ਸੰਧੂ*

ਗੁਲਜ਼ਾਰ ਸੰਧੂ ਨੂੰ ਮੈਂ 1962 ਤੋਂ ਜਾਣਨ ਲੱਗਾ ਜਦੋਂ ਮੈਂ ਵੀ ਉਹਦੇ ਵਾਂਗ ਦਿੱਲੀ ਪੁੱਜਾ। ਉਹ ਇੱਕੀਵੇਂ ਸਾਲ ਦੀ ਉਮਰੇ ਦਿੱਲੀ ਗਿਆ ਸੀ ਤੇ ਮੈਂ ਬਾਈਵੇਂ ਸਾਲ ਵਿਚ। ਪਿਛੋਕੜ ਸਾਡਾ ਇਕੋ ਜਿਹਾ ਸੀ। ਫਰਕ ਬਸ ਏਨਾ ਕੁ ਸੀ ਕਿ ਦਿੱਲੀ ਉਹਦੇ ਮਾਮਿਆਂ ਵਾਂਗ ਮੇਰੇ ਮਾਮਿਆਂ ਦੀਆਂ ਟੈਕਸੀਆਂ ਨਹੀਂ ਸਨ ਚਲਦੀਆਂ। ਮੇਰਾ ਕੋਈ ਰਿਸ਼ਤੇਦਾਰ ਨਹੀਂ ਸੀ ਉਥੇ। ਮੈਨੂੰ ਤਾਂ ਟਰੱਕ ਦਾ ਇਕ ਅਣੋਭੜ ਡਰਾਈਵਰ ਦਿੱਲੀ ਲੈ ਗਿਆ ਸੀ ਜਿਸ ਦੇ ਟਰੱਕ ਦਾ ਨੰਬਰ ਪੀ ਐਨ ਐਫ 5555 ਸੀ।

ਚੱਲਿਆ ਮੈਂ ਖਾਲਸਾ ਕਾਲਜ, ਅੰਮ੍ਰਿਤਸਰ ਵਿਚ ਦਾਖਲਾ ਲੈਣ ਸੀ। ਮੋਗੇ ਲਿਜਾਣ ਵਾਲੀ ਬੱਸ ਰਾਹ 'ਚ ਖੁੱਭ ਗਈ। ਜਦ ਮੋਗੇ ਪੁੱਜਾ ਤਾਂ ਅੰਮ੍ਰਿਤਸਰ ਜਾਣ ਵਾਲੀ ਆਖਰੀ ਬੱਸ ਨਿਕਲ ਚੁਕੀ ਸੀ। ਦਿਨ ਛਿਪਣ ਦੇ ਨੇੜੇ ਸੀ, ਪਿੰਡ ਮੈਂ ਮੁੜ ਨਹੀਂ ਸਾਂ ਸਕਦਾ। ਖੜ੍ਹੇ ਖੜ੍ਹੇ ਦਿੱਲੀ ਦੇ ਖਾਲਸਾ ਕਾਲਜ ਜਾਣ ਦਾ ਖਿਆਲ ਆ ਗਿਆ ਜਿਸ ਦੀ ਦੱਸ ਇਕ ਸੀਨੀਅਰ ਵਿਦਿਆਰਥੀ ਨੇ ਪਾਈ ਸੀ ਜੋ ਉਥੋਂ ਪੜ੍ਹਿਆ ਸੀ। ਮੈਂ ਸੋਚਿਆ, ਚਲੋ ਇਸ ਬਹਾਨੇ ਰਾਜਧਾਨੀ ਵੇਖੀ ਜਾਊ, ਉਂਜ ਪਤਾ ਨਹੀਂ ਕਦੋਂ ਮੌਕਾ ਮਿਲੇ? ਚੌਕ 'ਚ ਚਾਦਰੇ ਵਾਲੇ ਭਾਈ ਨੂੰ ਪੁੱਛ ਬੈਠਾ, "ਬਾਈ ਜੀ, ਦਿੱਲੀ ਨੂੰ ਕੋਟਕਪੂਰੇ ਤੋਂ ਗੱਡੀ ਫੜਨੀ ਠੀਕ ਰਹੂ ਜਾਂ ਲੁਧਿਆਣੇ ਤੋਂ?"

ਉਹਨੇ ਪੁੱਛ ਲਿਆ, "ਕਿੰਨੇ ਜਣੇ ਓਂ?" ਮੈਂ ਕਿਹਾ, "ਕੱਲਾ ਈ ਆਂ।" ਕਹਿਣ ਲੱਗਾ, "ਜੇ 'ਕੱਲਾ ਈ ਆਂ ਤਾਂ ਸਾਡੇ ਟਰੱਕ 'ਤੇ ਚੜ੍ਹ ਜਾ।" ਇਉਂ ਪਹੁੰਚਾ ਮੈਂ ਦਿੱਲੀ। ਸੰਧੂ ਉਦੋਂ ਰਾਜਿੰਦਰ ਨਗਰ ਵਿਚ ਰਹਿੰਦਾ ਸੀ ਜੋ ਖਾਲਸਾ ਕਾਲਜ ਦੇਵ ਨਗਰ ਤੋਂ ਬਹੁਤਾ ਦੂਰ ਨਹੀਂ ਸੀ। ਉਥੇ ਸਾਡਾ ਮੇਲ ਹੋਇਆ ਜੋ ਗਾਹੇ ਬਗਾਹੇ ਅੱਜ ਤਕ ਹੋਈ ਜਾ ਰਿਹੈ।

ਸੰਧੂ ਦਾ ਦਿੱਲੀ ਦੇ ਇਕ ਪ੍ਰਾਈਵੇਟ ਕਾਲਜ ਵਿਚ ਪੜ੍ਹਾਉਂਦਿਆਂ ਕਿਸੇ ਲੜਕੀ ਨਾਲ ਸਨੇਹ ਦਾ ਰਿਸ਼ਤਾ ਬਣ ਚੱਲਿਆ ਸੀ ਜੋ ਉਸ ਨੂੰ ਪ੍ਰੋਫੈਸਰੀ ਦੀ ਨੌਕਰੀ ਤੋਂ ਹਟਾਉਣ ਦਾ ਸਬੱਬ ਬਣਿਆ। ਉਹ ਸਨੇਹ ਸ਼ਾਇਦ ਇਕਪਾਸੜ ਹੀ ਹੋਵੇ ਪਰ ਉਸ ਵਿਗੋਚੇ ਨੇ ਗੁਲਜ਼ਾਰ ਨੂੰ ਚੜ੍ਹਦੀ ਉਮਰੇ ਲੇਖਕ ਬਣਨ ਦੇ ਰਾਹ ਪਾ ਦਿੱਤਾ। ਆਓ ਸੰਧੂ ਦੀ ਜ਼ਬਾਨੀ ਹੀ ਸੁਣੀਏ:

-ਮੇਰੀਆਂ ਰਚਨਾਵਾਂ ਦਾ ਮਨੋਵਿਗਿਆਨਕ ਪ੍ਰਸੰਗ ਮੇਰੀ ਛੇ ਦਹਾਕੇ ਪਹਿਲਾਂ ਵਾਲੀ ਉਸ ਵਿਦਿਆਰਥਣ ਨਾਲ ਜਾ ਜੁੜਦਾ ਹੈ ਜਿਸ ਦੇ ਚਿਹਰੇ ਅਤੇ ਮੇਰੇ ਵੱਲੋਂ ਪੁੱਛੇ ਜਾਂਦੇ ਪ੍ਰਸ਼ਨਾਂ ਦੇ ਉਤਰਾਂ ਨੇ ਮੈਨੂੰ ਸਾਹਿਤਕਾਰ ਬਣਨ ਲਈ ਪ੍ਰੇਰਿਆ। ਜਦੋਂ ਮੈਂ ਉਥੇ ਪੜ੍ਹਾਉਣ ਲੱਗਿਆ, ਮੈਂ ਨਵਾਂ ਨਵਾਂ ਪਿੰਡ ਤੋਂ ਦਿੱਲੀ ਗਿਆ ਸਾਂ। ਉਹ ਕੁੜੀ ਤੇ ਉਸ ਦੀਆਂ ਦੋ ਭੈਣਾਂ ਉਸ ਕਾਲਜ ਦੀਆਂ ਪਿਆਰੀਆਂ ਸ਼ਕਲਾਂ ਸਨ। ਸਾਦਾ ਪਹਿਰਾਵਾ ਤੇ ਤਿੰਨਾਂ ਦੇ ਕੰਨਾਂ ਵਿਚ ਇਕ ਹੀ ਤਰ੍ਹਾਂ ਦੀਆਂ ਚਪਟੀਆਂ ਮੁਰਕੀਆਂ। ਮੈਨੂੰ ਉਹ ਚੰਗੇ ਘਰ ਦੀਆਂ ਧੀਆਂ ਜਾਪਦੀਆਂ। ਮੇਰੇ ਗ੍ਰਾਮੀਣ ਪਿਛੋਕੜ ਨਾਲੋਂ ਬਹੁਤ ਚੰਗੇ ਤੇ ਅਮੀਰ ਪਿਛੋਕੜ ਵਾਲੀਆਂ।

ਉਨ੍ਹਾਂ ਵਿਚ ਸਭ ਤੋਂ ਵੱਡੀ ਕੱਦ ਵਿਚ ਵੀ ਵੱਡੀ ਸੀ। ਉਹ ਮੇਰੀਆਂ ਪੁੱਛਾਂ ਦਾ ਬੜੇ ਸਲੀਕੇ ਨਾਲ ਉਤਰ ਦਿੰਦੀ। ਮੇਰੇ ਵਰਗੇ ਪਿੰਡ ਦੇ ਜੰਮਪਲ ਨੂੰ ਜਾਪਦਾ ਜਿਵੇਂ ਮੈਂ ਉਸ ਦੇ ਸ਼ੌਕ ਦੇ ਹਾਣ ਦਾ ਨਾ ਹੋਵਾਂ। ਮਨ ਹੀ ਮਨ ਮੈਂ ਉਸ ਦੇ ਹਾਣ ਦਾ ਹੋਣਾ ਚਾਹੁੰਦਾ ਸਾਂ... ਮੈਨੂੰ ਉਸ ਦਾ ਪਰਿਵਾਰ ਆਪਣੇ ਪੇਂਡੂ ਪਰਿਵਾਰ ਨਾਲੋਂ ਬਹੁਤ ਉਚਾ ਲੱਗਦਾ ਸੀ। ਸ਼ਾਇਦ ਇਹੀਓ ਕਾਰਨ ਸੀ ਕਿ ਮੇਰਾ ਇਹ ਦੱਸਣ ਦਾ ਕਦੀ ਹੌਸਲਾ ਨਾ ਪਿਆ ਕਿ ਮੈਂ ਉਸ ਨੂੰ ਚਾਹੁਣ ਵਾਲਿਆਂ ਵਿਚੋਂ ਇਕ ਸਾਂ। ਪਤਾ ਨਹੀਂ ਕਿਉਂ, ਮੈਨੂੰ ਇਹ ਆਸ ਜ਼ਰੂਰ ਸੀ ਕਿ ਉਹਦੇ ਵੱਲੋਂ ਪਹਿਲ ਹੋ ਸਕਦੀ ਹੈ। ਉਹ ਮੈਨੂੰ ਪਸੰਦ ਕਰਦੀ ਸੀ ਜਾਂ ਨਹੀਂ, ਮੇਰੇ ਉਸ ਵੱਲ ਖਿੱਚੇ ਜਾਣ ਨੇ ਮੇਰੀ ਕੋਚਿੰਗ ਕਾਲਜ ਤੋਂ ਛੁੱਟੀ ਕਰਵਾ ਦਿੱਤੀ। ਕਾਲਜ ਤੋਂ ਛੁੱਟੀ ਹੋ ਜਾਣ ਪਿੱਛੋਂ ਇਕ ਵਾਰੀ ਮੈਂ ਸ਼ਕਤੀ ਨਗਰ ਦੀ ਉਹ ਗਲੀ ਦੇਖ ਕੇ ਆਇਆ ਸਾਂ ਜਿਸ ਵਿਚ ਉਨ੍ਹਾਂ ਦਾ ਘਰ ਸੀ। ਕਾਲਜ ਛੱਡਣ ਤੋਂ ਬਹੁਤ ਦੇਰ ਪਿੱਛੋਂ ਵੀ ਉਸ ਘਰ ਵਾਲੀ ਗਲੀ ਵਿਚੋਂ ਜਦੋਂ ਵੀ ਲੰਘਿਆ ਹਾਂ ਤਾਂ ਫੈਜ਼ ਅਹਿਮਦ ਫੈਜ਼ ਦਾ ਸ਼ਿਅਰ ਆਪਣੇ ਆਪ ਮੇਰੇ ਬੁੱਲ੍ਹਾਂ 'ਤੇ ਆ ਜਾਂਦਾ ਰਿਹਾ ਹੈ:

ਹਰ ਅਜਨਬੀ ਹਮੇਂ
ਮਹਿਰਮ ਦਿਖਾਈ ਦੇਤਾ ਹੈ
ਜੋ ਅਬ ਭੀ ਤੇਰੀ ਗਲੀ ਸੇ
ਗੁਜ਼ਰਨੇ ਲਗਤੇ ਹੈਂ।

ਉਸ ਕਾਲਜ ਤੋਂ ਵਿਦਾਇਗੀ ਸਮੇਂ ਵਾਲੀ ਉਹ ਗਰੁਪ ਫੋਟੋ ਸੰਧੂ ਨੇ ਅੱਜ ਤਕ ਸੰਭਾਲ ਕੇ ਰੱਖੀ ਹੈ ਜਿਸ ਵਿਚ ਉਹ ਕੁੜੀ ਸਭ ਤੋਂ ਉਚੀ ਤੇ ਸੋਹਣੀ ਲੱਗਦੀ ਹੈ। ਉਹ ਮਨ ਹੀ ਮਨ ਇਹ ਭਾਵਨਾ ਪਾਲਦਾ ਰਿਹਾ ਹੈ ਕਿ ਜ਼ਿੰਦਗੀ ਦੇ ਕਿਸੇ ਨਾ ਕਿਸੇ ਮੋੜ ਉਤੇ ਉਹਦੀ ਉਸ ਨਾਲ ਮੁਲਾਕਾਤ ਜ਼ਰੂਰ ਹੋਵਗੀ। ਛੇ ਦਹਾਕਿਆਂ ਦਾ ਲੰਮਾ ਸਮਾਂ ਲੰਘ ਜਾਣ 'ਤੇ ਸੰਧੂ ਏਸ ਨਤੀਜੇ 'ਤੇ ਪੁੱਜ ਚੁੱਕਾ ਹੈ ਕਿ ਉਹਦੇ ਮਨ ਵਿਚ ਸੰਧੂ ਪ੍ਰਤੀ ਕੋਈ ਚਾਹਨਾ ਨਹੀਂ ਸੀ। ਜੋ ਸੀ, ਉਹ ਸੰਧੂ ਦਾ ਵਹਿਮ ਸੀ। ਸੰਧੂ ਲਿਖਦੈ, "ਹੋ ਸਕਦਾ ਹੈ ਦੁਨੀਆ ਭਰ ਦੇ ਸਾਰੇ ਕਲਾਕਾਰ ਤੇ ਸਾਹਿਤਕਾਰ ਮੇਰੇ ਵਾਂਗ ਹੀ ਕਿਸੇ ਵਹਿਮ ਦਾ ਸ਼ਿਕਾਰ ਹੋ ਕੇ ਲੇਖਕ ਤੇ ਕਲਾਕਾਰ ਬਣੇ ਹੋਣ। ਫੇਰ ਵੀ ਮੈਂ ਏਨਾ ਜ਼ਰੂਰ ਚਾਹੁੰਦਾ ਹਾਂ ਕਿ ਕੋਈ ਮੇਰੇ ਮਨ ਦੀ ਇਹ ਗੱਲ ਉਸ ਨੂੰ ਜ਼ਰੂਰ ਪਹੁੰਚਾ ਦੇਵੇ ਕਿ ਉਸ ਦੀ ਮੇਰੇ ਉਤੇ ਕਿੰਨੀ ਤੇ ਕਿਹੋ ਜਿਹੀ ਮਿਹਰ ਹੈ!"

ਇਹ ਗੱਲ ਗੁਲਜ਼ਾਰ ਸੰਧੂ ਨੇ ਉਦੋਂ ਵੀ ਚਿਤਾਰੀ ਸੀ ਜਦੋਂ ਉਸ ਨੂੰ ਭਾਰਤੀ ਸਾਹਿਤ ਅਕਾਡਮੀ ਦਾ ਅਵਾਰਡ ਦੇਣ ਪਿੱਛੋਂ ਕੁਝ ਕਹਿਣ ਲਈ ਕਿਹਾ ਗਿਆ ਸੀ। ਮਨ ਅੰਦਰਲਾ ਸੱਚ ਦੱਸਣ ਉਤੇ ਸਾਥੀ ਸਾਹਿਤਕਾਰਾਂ ਨੇ ਸੰਧੂ ਨੂੰ ਵਧਾਈਆਂ ਦਿੱਤੀਆਂ ਸਨ। ਇਹ ਵੱਖਰੀ ਗੱਲ ਹੈ ਕਿ ਉਹ ਵਧਾਈਆਂ ਉਨ੍ਹਾਂ ਉਤੇ ਵੀ ਮਿਹਰਾਂ ਦਾ ਮੀਂਹ ਵਰਸਾਉਣ ਵਾਲਿਆਂ ਲਈ ਹੋਣ!

ਜਦੋਂ ਸੰਧੂ 'ਤੇ ਉਸ ਕੁੜੀ ਦੀ ਮਿਹਰ ਹੋਣ ਲੱਗੀ, ਉਦੋਂ ਦਿੱਲੀ ਵਿਚ ਕਹਾਣੀਕਾਰ ਬੂਟਾ ਸਿੰਘ ਦਾ ਗੁਲਜ਼ਾਰ ਨਾਲ ਬਹਿਣ ਉਠਣ ਸੀ। ਉਹ ਕਹਿੰਦਾ ਹੁੰਦਾ ਸੀ, ਮਹਾਤਮਾ ਬੁੱਧ ਨੂੰ ਤਾਂ ਬੋਹੜ ਥੱਲੇ ਸਮਾਧੀ ਲਾਉਣ ਉਤੇ ਭਗਵਾਨ ਦੇ ਦਰਸ਼ਨ ਹੋਏ, ਪਰ ਗੁਲਜ਼ਾਰ ਨੂੰ ਬਿਨਾ ਸਮਾਧੀ ਦੇ ਭਗਵਾਨ ਨੇ ਆਪ ਆ ਕੇ ਕਾਲਜ ਵਿਚ ਦਰਸ਼ਨ ਦਿੱਤੇ। ਉਨ੍ਹਾਂ ਦਰਸ਼ਨਾਂ ਕਰ ਕੇ ਹੀ ਗੁਲਜ਼ਾਰ ਸਿੰਘ ਨੂੰ ਕਾਲਜ ਦੀ 'ਪ੍ਰੋਫੈਸਰੀ' ਤੋਂ ਜਵਾਬ ਮਿਲਿਆ ਸੀ। ਕਾਲਜ ਤੋਂ ਵਿਦਾਇਗੀ ਵਾਲੇ ਦਿਨ ਕੁੜੀਆਂ ਸੰਧੂ ਨੂੰ ਘੇਰ ਕੇ ਕਹਿਣ ਲੱਗੀਆਂ, "ਸੰਧੂ ਸਾਹਿਬ, ਅੱਜ ਕਾਲਜ ਵਿਚ ਤੁਹਾਡਾ ਆਖਰੀ ਦਿਨ ਹੈ, ਜਾਂਦੇ ਜਾਂਦੇ ਕੋਈ ਗਜ਼ਲ ਈ ਸੁਣਾਉਂਦੇ ਜਾਓ।"

ਉਹ ਜਾਣਦੀਆਂ ਸਨ ਕਿ ਭਗਵਾਨ ਸਾਹਮਣੇ ਪ੍ਰੋ. ਸੰਧੂ ਇਨਕਾਰ ਨਹੀਂ ਕਰ ਸਕਦਾ। ਗੁਲਜ਼ਾਰ ਸਿੰਘ ਸੁਰ ਬੰਨ੍ਹ ਕੇ ਡਾ. ਹਰਿਭਜਨ ਸਿੰਘ ਦੀ ਗਜ਼ਲ ਗਾਉਣ ਲੱਗ ਪਿਆ। ਬੂਟਾ ਸਿੰਘ ਵੀ ਗੁਲਜ਼ਾਰ ਵਾਂਗ ਹਾਸੇ ਖੇੜੇ ਵਾਲਾ ਮਖੌਲੀਆ ਸੀ। ਉਹ ਗੁਲਜ਼ਾਰ ਦੀ ਗਾਇਕੀ ਦਾ ਮਖੌਲ ਉਡਾਉਂਦਿਆਂ ਕਹਿੰਦਾ ਹੁੰਦਾ ਸੀ, "ਗੁਲਜ਼ਾਰ ਦਾ ਗਾਉਣ ਇੰਜ ਜਾਪਦਾ ਹੈ ਜਿਵੇਂ ਪਿੰਡ ਦਾ ਭਰਾਈ ਵਾਢੀਆਂ ਤੋਂ ਬਾਅਦ ਹਾੜ੍ਹ ਦੀਆਂ ਦੁਪਹਿਰਾਂ ਵਿਚ ਆਪਣੀ ਟੁੱਟੀ ਹੋਈ ਸਾਰੰਗੀ ਨਾਲ ਕੋਈ ਕਿੱਸਾ ਸੁਣਾ ਰਿਹਾ ਹੋਵੇ!"

ਅਜਿਹੇ ਮਖੌਲ ਪਿੱਛੋਂ ਬੂਟਾ ਸਿੰਘ ਤੇ ਗੁਲਜ਼ਾਰ ਸਿੰਘ ਉਚੀ ਉਚੀ ਹੱਸਦੇ। ਹਜ਼ਾਰਾ ਸਿੰਘ ਗੁਰਦਾਸਪੁਰੀ ਦੇ ਹਾਸੇ ਦੀਆਂ ਛਿੱਟਾਂ ਕਾਫੀ ਪੀਂਦਿਆਂ ਦਿਆਂ ਕੱਪਾਂ ਵਿਚ ਡਿੱਗਣ ਲੱਗਦੀਆਂ!

(ਚਲਦਾ)

# ਗੁਜਰਾਤ ਫਾਈਲਾਂ



## ਪਰਦਾਪੋਸ਼ੀ ਦੀ ਚੀਰਫਾੜ

*'ਗੁਜਰਾਤ ਫਾਈਲਾਂ' ਕਿਤਾਬ ਦਲੇਰ ਪੱਤਰਕਾਰ ਰਾਣਾ ਅਯੂਬ ਦੀ ਅਜਿਹੀ ਮਿਸਾਲੀ ਲਿਖਤ ਹੈ ਜਿਸ 'ਚ ਗੁਜਰਾਤ ਵਿਚ ਮੁਸਲਮਾਨਾਂ ਦੇ ਕਤਲੇਆਮ ਦਾ ਖੁਲਾਸਾ ਹੋਇਆ ਹੈ। ਜਦੋਂ ਇਹ ਕਿਤਾਬ ਛਾਪਣ ਲਈ ਕਿਸੇ ਪ੍ਰਕਾਸ਼ਕ ਨੇ ਹਾਮੀ ਨਹੀਂ ਭਰੀ, ਉਹਨੇ ਇਹ ਕਿਤਾਬ ਆਪੇ ਛਾਪ ਲਈ। ਇਸ ਕਿਤਾਬ ਦਾ ਪੰਜਾਬੀ ਤਰਜਮਾ ਸਾਡੇ ਕਾਲਮਨਵੀਸ ਬੂਟਾ ਸਿੰਘ ਨੇ ਕੀਤਾ ਹੈ। ਉਨ੍ਹਾਂ ਨੇ ਵੀ ਇਹ ਕਿਤਾਬ ਖੁਦ ਹੀ ਛਪਵਾਈ ਹੈ। -ਸੰਪਾਦਕ*



### ਤੁਸੀਂ ਪੜ੍ਹ ਚੁੱਕੇ ਹੋ...

*ਹਫਤਾਵਾਰੀ 'ਤਹਿਲਕਾ' ਲਈ ਪੱਤਰਕਾਰੀ ਕਰਦਿਆਂ ਰਾਣਾ ਅਯੂਬ ਨੇ ਸਿਸਟਮ ਦਾ ਸੱਚ ਦੇਖਿਆ ਅਤੇ ਬੇਵੱਸ ਹੋਏ ਲੋਕਾਂ ਦੀ ਖਾਮੋਸ਼ੀ ਵਿਚੋਂ ਬੁਲੰਦ ਆਵਾਜ਼ ਲੱਭਦਿਆਂ ਉਹ ਖੁਦ ਡਿਪਰੈਸ਼ਨ ਦੇ ਗੇੜ ਵਿਚ ਜਾ ਧਸੀ। ਇਕ ਦਿਨ ਅਚਾਨਕ ਮੁੰਬਈ ਦੇ ਡਾਕਟਰ ਚਿਟਨਿਸ ਦੇ ਮਸ਼ਵਰੇ ਨੇ ਉਸ ਅੰਦਰ ਫਿਰ ਚਿਣਗ ਬਾਲੀ। ਫਿਰ ਜਦੋਂ ਅੰਮੜੀ ਵਲੋਂ ਅਖਬਾਰ ਪੜ੍ਹਦਿਆਂ ਸੋਹਰਾਬੂਦੀਨ ਦਾ ਜ਼ਿਕਰ ਆਇਆ ਤਾਂ ਰਾਣਾ ਦੇ ਜ਼ਿਹਨ ਅੰਦਰ ਉਹ ਨਰੇਂਦਰ ਮੋਦੀ ਘੁੰਮ ਗਿਆ ਜਿਹੜਾ ਸਵਾਲ ਪੁੱਛਣ 'ਤੇ ਉਸ ਵੱਲ ਬਿਨਾ ਅੱਖ ਝਪਕਾਏ ਅਤੇ ਬਿਨਾ ਕੁਝ ਬੋਲੇ ਲਗਾਤਾਰ ਤਿੱਖਾ ਝਾਕਦਾ ਰਿਹਾ ਸੀ। ਇਸੇ ਮੋਦੀ ਦੇ ਬਖੀਏ ਉਧੇੜਨ ਲਈ ਫਿਰ ਰਾਣਾ ਨੇ ਲੱਕ ਬੰਨ੍ਹ ਲਿਆ ਅਤੇ ਅਮਰੀਕੀ ਫਿਲਮਸਾਜ਼ ਮੈਥਿਲੀ ਤਿਆਗੀ ਦਾ ਭੇਸ ਵਟਾ ਕੇ ਸਬੂਤ ਜੁਟਾਉਣ ਲੱਗੀ। ਉਸ ਨੇ ਤਤਕਾਲੀ ਮੰਤਰੀ ਮਾਇਆ ਕੋਡਨਾਨੀ, ਅਤਿਵਾਦੀ ਵਿਰੋਧੀ ਦੇ ਮੁਖੀ ਜੀ.ਐਲ. ਸਿੰਘਲ, ਸਾਬਕਾ ਪੁਲਿਸ ਅਫਸਰ ਰਾਜਨ ਪ੍ਰਿਯਾਦਰਸ਼ੀ ਅਤੇ ਪੁਲਿਸ ਅਫਸਰ ਊਸ਼ਾ ਰਾਡਾ ਨਾਲ ਮੁਲਾਕਾਤਾਂ ਕੀਤੀਆਂ। ਹੁਣ ਪੜ੍ਹੋ ਅੱਗੇ...*

# ਮੋਦੀ ਅਤੇ ਤੋਗੜੀਆ ਦੀ ਜੋੜੀ

## ਕਾਂਡ ਛੇਵਾਂ

**ਅਸ਼ੋਕ ਨਰਾਇਣ**

ਮਾਈਕ ਨੇ ਅਜੇ ਦਿੱਲੀ ਤੋਂ ਵਾਪਸ ਮੁੜਨਾ ਸੀ। ਉਹਦਾ ਪਰਿਵਾਰ ਉਹਨੂੰ ਇਥੇ ਮਿਲਣ ਆਇਆ ਹੋਇਆ ਸੀ ਅਤੇ ਮੈਂ ਉਹਨੂੰ ਗੁਜਰਾਤ ਵਿਚਲੇ ਆਪਣੇ ਕੰਮ ਬਾਰੇ ਸੁਚੇਤ ਰਹਿਣ ਦੀ ਤਾਕੀਦ ਕਰ ਦਿੱਤੀ ਸੀ। ਇਸੇ ਦੌਰਾਨ 'ਤਹਿਲਕਾ' ਨੇ ਗੁਜਰਾਤ ਦੇ ਆਈ.ਪੀ.ਐਸ. ਅਫ਼ਸਰ ਸੰਜੀਵ ਭੱਟ ਦੇ ਬਿਆਨ ਨੂੰ ਮੁੱਖ ਸਫ਼ੇ ਉਪਰ ਛਾਪਿਆ। ਇਸ ਬਿਆਨ ਦੀ ਸਟੋਰੀ ਮੇਰੇ ਸਾਥੀ ਪੱਤਰਕਾਰ ਅਸ਼ੀਸ਼ ਖੇਤਾਨ ਦੀ ਸੀ ਜੋ ਉਦੋਂ ਇਨਵੈਸਟੀਗੇਸ਼ਨ ਦਾ ਸੰਪਾਦਕ ਸੀ। ਸੰਜੀਵ ਭੱਟ ਅਨੁਸਾਰ, ਉਹ ਉਸ ਕਥਿਤ ਮੀਟਿੰਗ ਵਿਚ ਸ਼ਾਮਲ ਸੀ ਜੋ ਮੋਦੀ ਅਤੇ ਸਬੰਧਤ ਪੁਲਿਸ ਅਫ਼ਸਰਾਂ ਅਤੇ ਨੌਕਰਸ਼ਾਹਾਂ ਦਰਮਿਆਨ ਹੋਈ ਸੀ ਜਿਸ ਵਿਚ ਮੋਦੀ ਨੇ ਉਨ੍ਹਾਂ ਨੂੰ 2002 ਦੀ ਹਿੰਸਾ ਦੌਰਾਨ ਮੁਸਲਮਾਨਾਂ ਨੂੰ ਮਾਰਨ ਦੀ ਖੁੱਲ੍ਹੀ ਛੁੱਟੀ ਦਿੱਤੀ ਸੀ। ਹਿੰਸਾ ਦੀ ਕਵਰੇਜ਼ ਕਰਨ ਵਾਲੇ ਬਹੁਤ ਸਾਰੇ ਪੱਤਰਕਾਰ, ਕਾਰਕੁਨ ਅਤੇ ਵਕੀਲ ਇਸ ਨੂੰ ਲੈ ਕੇ ਹੈਰਾਨ-ਪ੍ਰੇਸ਼ਾਨ ਸਨ। ਜਿਨ੍ਹਾਂ ਬਹੁਤ ਸਾਰਿਆਂ ਨੂੰ ਮੈਂ ਜਾਣਦੀ ਸੀ ਅਤੇ ਜਿਨ੍ਹਾਂ ਨਾਲ ਮੈਂ ਗੱਲ ਕੀਤੀ, ਉਨ੍ਹਾਂ ਨੂੰ ਜ਼ਾਤੀ ਤੌਰ 'ਤੇ ਉਹਦੀ ਦਲੀਲ ਕਾਇਲ ਨਹੀਂ ਕਰਦੀ ਸੀ। ਉਨ੍ਹਾਂ ਦਾ ਕਹਿਣਾ ਸੀ ਕਿ ਕੋਈ ਵੀ ਮੁੱਖ ਮੰਤਰੀ ਦਰਜਨਾਂ ਚੋਟੀ ਦੇ ਨੌਕਰਸ਼ਾਹਾਂ ਅਤੇ ਅਫ਼ਸਰਾਂ ਵਿਚ ਬੈਠ ਕੇ ਇਸ ਤਰ੍ਹਾਂ ਦਾ ਹੁਕਮ ਦੇ ਕੇ ਆਪਣੇ ਸਿਆਸੀ ਭਵਿਖ ਨੂੰ ਖ਼ਤਰੇ ਵਿਚ ਨਹੀਂ ਪਾਏਗਾ। ਇਸ ਬਾਰੇ ਬਹੁਤ ਸਾਰੇ ਸਵਾਲ ਸਨ। ਸੰਜੀਵ ਭੱਟ ਨੂੰ ਅੱਗੇ ਆਉਣ ਅਤੇ ਇਹ ਬਿਆਨ ਦੇਣ ਲਈ ਐਨਾ ਵਕਤ ਕਿਉਂ ਲੱਗਿਆ? ਗੁਜਰਾਤ ਬਾਰੇ ਐਨੇ ਸਾਲਾਂ ਤੋਂ ਰਿਪੋਰਟ ਕਰਦਿਆਂ ਮੇਰਾ ਵਾਹ ਸੰਜੀਵ ਭੱਟ ਜਾਂ ਉਸ ਵਲੋਂ ਦਿੱਤੇ ਵੇਰਵਿਆਂ ਨਾਲ ਨਹੀਂ ਸੀ ਪਿਆ।

ਸ਼ੋਮਾ ਨੇ ਮੈਨੂੰ ਫ਼ੋਨ ਕੀਤਾ ਅਤੇ ਕਿਹਾ ਕਿ ਮੈਂ ਜੇ ਸੰਜੀਵ ਭੱਟ ਬਾਰੇ ਅਫ਼ਸਰਾਂ ਦਾ ਮੂੰਹ ਖੁੱਲ੍ਹਵਾ ਸਕਦੀ ਹੋਵਾਂ। ਮੈਂ ਇਸ ਬਾਰੇ ਸਵਾਲ ਪੁੱਛਣ ਨੂੰ ਲੈ ਕੇ ਥੋੜ੍ਹਾ ਚੌਕਸ ਸੀ। ਮੈਨੂੰ ਚੇਤੇ ਹੈ, ਮੈਂ ਸ਼ੋਮਾ ਨੂੰ ਕਿਹਾ ਸੀ ਕਿ ਬਹੁਤ ਸਾਰੇ ਤਕਨੀਕੀ ਕਾਰਨਾਂ ਕਰ ਕੇ ਮੈਂ ਸੰਜੀਵ ਭੱਟ ਦੇ ਬਿਆਨ ਉਪਰ ਯਕੀਨ ਨਹੀਂ ਕਰ ਸਕਦੀ। ਮੈਂ ਉਸ ਨਾਲ ਵਾਅਦਾ ਕੀਤਾ ਕਿ ਜੇ ਉਸ ਦੇ ਬਿਆਨ ਵਿਚ ਭੋਰਾ ਸਚਾਈ ਵੀ ਹੋਈ, ਇਸ ਦੀ ਸੂਹ ਲਾ ਲਵਾਂਗੀ।

ਮੈਂ ਗੁਜਰਾਤ ਹਿੰਸਾ ਦੌਰਾਨ ਅਹਿਮ ਫ਼ੈਸਲੇ ਲੈਣ ਵਾਲਿਆਂ ਨੂੰ ਮਿਲਣਾ ਚਾਹੁੰਦੀ ਸੀ। ਚਾਰ ਬੰਦੇ ਐਸੇ ਸਨ ਜਿਨ੍ਹਾਂ ਦੀ ਗੁਜਰਾਤ ਹਿੰਸਾ ਦੌਰਾਨ ਅਹਿਮ ਭੂਮਿਕਾ ਰਹੀ ਸੀ। ਗ੍ਰਹਿ ਸਕੱਤਰ ਅਸ਼ੋਕ ਨਰਾਇਣ, ਡੀ.ਜੀ.ਪੀ. ਚੱਕਰਵਰਤੀ, ਪੁਲਿਸ ਕਮਿਸ਼ਨਰ ਪੀ.ਸੀ.ਪਾਂਡੇ, ਅਤੇ ਸਵਰਨਕਾਂਤਾ ਵਰਮਾ ਜੋ 2002 ਦੀ ਹਿੰਸਾ ਦੌਰਾਨ ਮੁੱਖ ਮੰਤਰੀ ਦੀ ਪ੍ਰਮੁੱਖ ਸਲਾਹਕਾਰ ਸੀ। ਅਸ਼ੋਕ ਨਰਾਇਣ ਨੂੰ ਮੈਂ ਪਹਿਲਾਂ ਹੀ ਮਿਲਣਾ ਸ਼ੁਰੂ ਕਰ ਦਿੱਤਾ ਸੀ।

'ਤਹਿਲਕਾ' ਰਿਪੋਰਟ ਜਿਸ ਵਿਚ ਭੱਟ ਦਾ ਬਿਆਨ ਛਾਪਿਆ ਗਿਆ, ਅਨੁਸਾਰ ਜਿਨ੍ਹਾਂ ਅਫਸਰਾਂ ਦਾ ਮੈਂ ਉਪਰ ਜ਼ਿਕਰ ਕੀਤਾ ਹੈ, ਉਨ੍ਹਾਂ ਨੇ ਨਾਨਾਵਤੀ ਕਮਿਸ਼ਨ ਵਲੋਂ ਪੁੱਛਗਿੱਛ ਕੀਤੇ ਜਾਣ ਵਕਤ ਕੁਝ ਵੀ ਚੇਤੇ ਨਾ ਹੋਣ ਦਾ ਬਹਾਨਾ ਬਣਾ ਲਿਆ ਸੀ।

ਗੁਜਰਾਤ ਕਾਡਰ ਦੇ 1988 ਬੈਚ ਦੇ ਆਈ.ਪੀ.ਐਸ. ਅਫ਼ਸਰ ਦੇ ਬਿਆਨ ਅਨੁਸਾਰ, ਸੰਜੀਵ ਭੱਟ ਉਦੋਂ 'ਉਸ ਮੀਟਿੰਗ ਵਿਚ ਸ਼ਾਮਲ ਸੀ ਜੋ ਗੁਜਰਾਤ ਦੇ ਮੁੱਖ ਮੰਤਰੀ ਮੋਦੀ ਨੇ ਸੱਦੀ ਸੀ। ਮੋਦੀ ਨੇ ਆਹਲਾ ਪੁਲਿਸ ਅਧਿਕਾਰੀਆਂ ਨੂੰ ਕਿਹਾ ਸੀ ਕਿ 'ਹਿੰਦੂਆਂ ਨੂੰ ਘੱਟਗਿਣਤੀ ਭਾਈਚਾਰੇ ਦੇ ਖ਼ਿਲਾਫ਼ ਆਪਣਾ ਗੁੱਸਾ ਕੱਢ ਲੈਣ ਦਿਓ'।

ਬਾਅਦ ਵਿਚ, ਅਕਤੂਬਰ 2014 ਵਿਚ ਸੁਪਰੀਮ ਕੋਰਟ ਨੇ ਸੰਜੀਵ ਭੱਟ ਦੀ ਦਰਖ਼ਾਸਤ ਇਹ ਕਹਿ ਕੇ ਖਾਰਜ ਕਰ ਦਿੱਤੀ ਕਿ ਇਹ ਸਿਆਸਤ ਅਤੇ ਸਰਗਰਮੀ ਦੁਆਰਾ ਅਦਾਲਤ ਉਪਰ ਪ੍ਰਭਾਵ ਪਾਉਣ ਦਾ ਯਤਨ ਕਰਦੀ ਹੈ। ਅਦਾਲਤ ਨੇ ਕਿਹਾ:

ਜਦੋਂ ਉਸ ਨੇ ਨੌਂ ਸਾਲ ਬਾਅਦ ਐਸੇ ਸਨਸਨੀਖੇਜ਼ ਖ਼ੁਲਾਸੇ ਕੀਤੇ, ਉਸ ਨੂੰ ਈ-ਮੇਲ ਦਾ ਭੇਤ ਨਾ ਖੋਲ੍ਹਣ ਤੋਂ ਕਿਸ ਨੇ ਰੋਕਿਆ ਅਤੇ ਖ਼ਾਮੋਸ਼ ਬੈਠੇ ਰਹਿਣਾ ਰਹੱਸਮਈ ਵਤੀਰਾ ਹੈ। ਜਸਟਿਸ ਨਾਨਾਵਤੀ ਕਮਿਸ਼ਨ ਅੱਗੇ ਦਿੱਤੇ ਬਿਆਨ ਵਿਚ ਵੀ ਉਹ ਈ-ਮੇਲਾਂ ਬਾਰੇ ਦੱਸਣ ਵਿਚ ਨਾਕਾਮ ਰਿਹਾ। ਜਦੋਂ ਉਸ ਨੇ ਇਸ ਤਰ੍ਹਾਂ ਦੀਆਂ ਈ-ਮੇਲ ਭੇਜੀਆਂ ਹਨ ਕਿ ਸ਼ਰੀਕ ਸਿਆਸੀ ਪਾਰਟੀ ਵਲੋਂ ਉਸ ਦੀ ਸੰਭਾਵਨਾ ਦਾ ਪੂਰਾ ਲਾਹਾ ਨਹੀਂ ਲਿਆ ਗਿਆ, ਫਿਰ ਇਹ ਸਮਝੋਂ ਬਾਹਰ ਹੈ ਕਿ ਉਸ ਨੂੰ ਕਮਿਸ਼ਨ ਅੱਗੇ ਈ-ਮੇਲਾਂ ਬਾਰੇ ਬਿਆਨ ਦੇਣ ਤੋਂ ਕਿਸ ਚੀਜ਼ ਨੇ ਰੋਕਿਆ। ਦਰਖ਼ਾਸਤ ਕਰਤਾ ਦੇ ਕੁਲ ਵਤੀਰੇ ਉਪਰ ਯਕੀਨ ਨਹੀਂ ਬੱਝਦਾ।

ਅਗਸਤ 2015 ਵਿਚ, ਮੋਦੀ ਰਾਜ ਹੇਠ ਗ੍ਰਹਿ ਮੰਤਰਾਲੇ ਵਲੋਂ ਇੰਡੀਅਨ ਪੁਲਿਸ ਸਰਵਿਸ ਤੋਂ ਸੰਜੀਵ ਭੱਟ ਦੀਆਂ ਸੇਵਾਵਾਂ ਬਰਖ਼ਾਸਤ ਕਰ ਦਿੱਤੀਆਂ ਗਈਆਂ। ਉਸ ਦੇ ਦਾਅਵਿਆਂ ਵਿਚ ਬਹੁਤ ਸਾਰੀਆਂ ਵਿਰੋਧਤਾਈਆਂ ਹੋਣ ਕਾਰਨ, ਸੰਜੀਵ ਭੱਟ ਹਮੇਸ਼ਾ ਵਿਵਾਦਪੂਰਨ ਸ਼ਖ਼ਸੀਅਤ ਰਿਹਾ ਹੈ, ਇਹ ਉਸ ਦੇ ਸਹਿਕਰਮੀ ਕਹਿੰਦੇ ਹਨ। ਇਹ ਫਿਰ ਬਹੁਤ ਹੀ ਢੁੱਕਵਾਂ ਸੀ ਕਿ ਅਸ਼ੋਕ ਨਰਾਇਣ ਨੂੰ 2002 ਦੀਆਂ ਹੋਰ ਬੁਝਾਰਤਾਂ ਦੇ ਨਾਲ-ਨਾਲ ਇਹ ਸਵਾਲ ਵੀ ਪੁੱਛਿਆ ਜਾਵੇ।

ਜਦੋਂ ਮੈਂ ਉਸ ਨੂੰ ਮਿਲੀ, ਅਸ਼ੋਕ ਨਰਾਇਣ ਆਪਣੀ ਪਤਨੀ ਨਾਲ ਗਾਂਧੀਨਗਰ ਦੇ ਇਕ ਸੋਹਣੇ ਬੰਗਲੇ ਵਿਚ ਰਹਿ ਰਿਹਾ ਸੀ। ਇਕ ਵਾਰ ਫਿਰ ਗੁਜਰਾਤ ਪੁਲਿਸ ਦੇ ਬਹੁਤ ਹੀ ਫੁਰਤੀਲੇ ਕੰਟਰੋਲ ਰੂਮ ਦੀ ਕ੍ਰਿਪਾ ਨਾਲ ਉਸ ਨੂੰ ਮਿਲਣ ਵਿਚ ਬਹੁਤੀ ਮੁਸ਼ਕਿਲ ਨਹੀਂ ਆਈ। ਮੈਂ ਉਸ ਨੂੰ ਲੈਂਡਲਾਈਨ ਉਪਰ ਫ਼ੋਨ ਮਿਲਾਇਆ ਸੀ ਅਤੇ ਆਪਣੀ ਦਸਤਾਵੇਜ਼ੀ ਫਿਲਮ ਬਾਰੇ ਦੱਸਿਆ ਸੀ। ਮੈਂ ਉਸ ਨੂੰ ਦੱਸਿਆ ਕਿ ਉਸ ਦਾ ਜੀਵਨ ਬਿਓਰਾ ਬਹੁਤ ਪ੍ਰਭਾਵਸ਼ਾਲੀ ਸੀ ਅਤੇ ਮੈਂ ਆਪਣੇ ਸਾਥੀ ਸਮੇਤ ਉਸ ਨੂੰ ਮਿਲਣਾ ਪਸੰਦ ਕਰਾਂਗੀ।

ਜਿਸ ਸ਼ਾਮ ਮੈਂ ਅਸ਼ੋਕ ਨਰਾਇਣ ਨੂੰ ਉਸ ਦੇ ਘਰ ਮਿਲਣ ਜਾਣਾ ਸੀ, ਅਚਾਨਕ ਮੇਰਾ ਧਿਆਨ ਗਿਆ ਕਿ ਮੇਰਾ ਲੈਂਜ਼ ਸਾਲੂਸ਼ਨ ਤਾਂ ਖ਼ਤਮ ਹੋ ਚੁੱਕਾ ਸੀ। ਰਾਤ ਦੇ ਅੱਠ ਵਜੇ ਜਦੋਂ ਜ਼ਰੂਰੀ ਚੀਜ਼ਾਂ ਖ਼ਰੀਦਣੀਆਂ ਵੀ ਮੁਸ਼ਕਿਲ ਹੁੰਦੀਆਂ ਹਨ, ਮੈਂ ਕਿਤਿਓਂ ਲੈਂਜ਼ ਸਾਲੂਸ਼ਨ ਖ਼ਰੀਦਣ ਦੀ ਗੱਲ ਸੋਚ ਵੀ ਨਹੀਂ ਸਕਦੀ ਸੀ। ਮੈਂ ਆਨ-ਲਾਈਨ ਬਦਲਵੇਂ ਸਾਲੂਸ਼ਨ ਲੱਭਣ ਦੀ ਵਾਹ ਲਾਈ। ਕਿਸੇ ਸਾਈਟ ਉਪਰਲੀ ਵਿਚਾਰ-ਚਰਚਾ ਵਿਚ ਆਪਣੇ ਲੈਂਜ਼ਾਂ ਨੂੰ ਲੂਣ ਵਾਲੇ ਪਾਣੀ ਨਾਲ ਸਾਫ਼ ਕਰ ਲੈਣ ਦਾ ਮਸ਼ਵਰਾ ਦਿੱਤਾ ਗਿਆ ਸੀ। ਅਗਲੀ ਸਵੇਰ ਮੈਂ ਚਾਹ ਨਾਲ ਪਾਰਲੇ-ਜੀ ਲੈ ਕੇ ਲੂਣ ਵਾਲੇ ਪਾਣੀ ਦੇ ਪਿਆਲੇ ਵਿਚ ਰੱਖੇ ਲੈਂਜ਼ ਕੱਢੇ ਅਤੇ ਲਗਾ ਲਏ। ਮੇਰੀਆਂ ਅੱਖਾਂ ਵਿਚ ਜਲਣ ਸ਼ੁਰੂ ਹੋ ਗਈ ਅਤੇ ਮੈਨੂੰ ਅਹਿਸਾਸ ਹੋ ਗਿਆ ਕਿ ਮੈਂ ਤਾਂ ਕੰਮ ਹੋਰ ਜ਼ਿਆਦਾ ਵਿਗਾੜ ਲਿਆ ਸੀ। ਮੈਂ ਕਾਲੂ ਭਾਈ ਨੂੰ ਬਰਫ਼ ਦੇ ਟੁਕੜੇ ਲਿਆਉਣ ਲਈ ਕਿਹਾ। ਜਲਣ ਅਤੇ ਸੁੱਜ ਕੇ ਲਾਲ ਹੋਈਆਂ ਅੱਖਾਂ ਵਾਲੀ ਹਾਲਤ ਵਿਚ ਹੀ, ਮੈਂ ਟੈਕਸੀ ਕੀਤੀ ਅਤੇ ਟੈਕਸੀ ਵਾਲੇ ਦੇ ਹੱਥ ਨਰਾਇਣ ਦੇ ਘਰ ਦਾ ਸਿਰਨਾਵਾਂ ਫੜਾ ਦਿੱਤਾ। ਰਸਤੇ ਵਿਚ ਮੈਨੂੰ ਅਜੇ ਦਾ ਮੈਸੇਜ ਆਇਆ ਕਿ ਉਹ ਗਾਂਧੀਨਗਰ ਵਿਚ ਸੀ ਅਤੇ ਇਹ ਪਤਾ ਕਰਨਾ ਚਾਹੁੰਦਾ ਸੀ ਕਿ ਮੈਂ ਨੇੜੇ-ਤੇੜੇ ਹੀ ਹਾਂ। ਨਰਾਇਣ ਦੀ ਪਤਨੀ, ਇਕ ਜ਼ਿੰਦਾਦਿਲ ਸ਼ਖ਼ਸੀਅਤ ਨੇ ਮੈਨੂੰ ਜੀ ਆਇਆਂ ਨੂੰ ਕਿਹਾ। ਉਸ ਨੇ ਮੈਨੂੰ ਉਹ ਨਮਕੀਨ ਖੁਆ ਕੇ ਹੀ ਦਮ ਲਿਆ ਜੋ ਉਸ ਨੇ ਕਿਸੇ ਮਸ਼ਹੂਰ ਦੁਕਾਨ ਤੋਂ ਹੁਣੇ ਜਿਹੇ ਹੀ ਖ਼ਰੀਦਿਆ ਸੀ। ਮੈਨੂੰ ਦੱਸਿਆ ਗਿਆ ਕਿ ਅਸ਼ੋਕ ਨਰਾਇਣ ਜੋ 70ਵਿਆਂ ਦੀ ਉਮਰ ਦਾ ਬਜ਼ੁਰਗ ਸੀ, ਤਿਆਰ ਹੋ ਰਹੇ ਸਨ। ਸਾਡੇ ਚਾਹ ਪੀਂਦੇ-ਪੀਂਦੇ ਮੇਰੀ ਪਰਿਵਾਰਕ ਜ਼ਿੰਦਗੀ, ਨਾਲ ਹੀ ਕਾਨਪੁਰ ਵਿਚਲੇ ਮੇਰੇ ਜੱਦੀ ਘਰ ਅਤੇ ਮੇਰੇ ਵਿਆਹ ਦੀ ਸੰਭਾਵਨਾ ਨੂੰ ਲੈ ਕੇ ਚਰਚਾ ਹੁੰਦੀ ਰਹੀ। ਉਹ ਸਾਧਾਰਨ, ਪੜ੍ਹੀ-ਲਿਖੀ ਮੱਧ ਵਰਗੀ ਔਰਤ ਸੀ ਜੋ ਘਰੇਲੂ ਜ਼ਿੰਦਗੀ ਦਾ ਆਨੰਦ ਮਾਣ ਰਹੀ ਸੀ। ਉਸ ਦੀਆਂ ਧੀਆਂ ਵਿਦੇਸ਼ ਵਿਚ ਸਨ। ਉਸ ਨੇ ਮੈਨੂੰ ਆਪਣੀਆਂ ਦੋਹਾਂ ਧੀਆਂ ਦੀਆਂ ਤਸਵੀਰਾਂ ਦਿਖਾਈਆਂ ਅਤੇ ਅਗਲੀ ਵਾਰ ਆਉਣ 'ਤੇ ਉਨ੍ਹਾਂ ਦੇ ਵਿਆਹ ਦੀਆਂ ਐਲਬਮ ਦਿਖਾਉਣ ਦੀ ਪੇਸ਼ਕਸ਼ ਵੀ ਕੀਤੀ।

ਅਸ਼ੋਕ ਨਰਾਇਣ ਗਰਮਜੋਸ਼ੀ ਨਾਲ ਹੈਲੋ ਕਹਿੰਦਿਆਂ ਕਮਰੇ ਵਿਚ ਆਇਆ ਅਤੇ ਇਹ ਪਤਾ ਲਾਉਣ 'ਚ ਜੁੱਟ ਗਿਆ ਕਿ ਉਸ ਦੀ ਗ਼ੈਰਹਾਜ਼ਰੀ ਵਿਚ ਉਸ ਦੀ ਪਤਨੀ ਨੇ ਮੇਰੀ ਪੂਰੀ ਖ਼ਾਤਰਦਾਰੀ ਕੀਤੀ ਸੀ ਜਾਂ ਨਹੀਂ। ਅਸ਼ੋਕ ਜੀ ਕਾਫ਼ੀ ਬਜ਼ੁਰਗ ਸਨ ਜਾਂ ਸ਼ਾਇਦ ਮੇਰੇ ਪਿਤਾ ਜੀ ਤੋਂ ਵੀ ਵੱਧ ਉਮਰ ਦੇ ਸਨ, ਰੱਬ ਨੂੰ ਮੰਨਣ ਵਾਲਾ ਅਜਿਹਾ ਇਨਸਾਨ ਜੋ ਜੀਓ ਅਤੇ ਜਿਉਣ ਦਿਓ ਦੀ ਧਾਰਨਾ ਵਿਚ ਯਕੀਨ ਰੱਖਦਾ ਸੀ। ਸਾਹਿਤ ਅਤੇ ਮਿਥਹਾਸ ਬਾਰੇ ਉਸ ਦੇ ਇਲਮ ਤੋਂ ਮੈਂ ਹੈਰਾਨ ਰਹਿ ਗਈ। ਉਹ ਸ਼ਾਇਰ ਵੀ ਸੀ ਜੋ ਉਰਦੂ ਸ਼ਾਇਰੀ ਨੂੰ ਮੁਹੱਬਤ ਕਰਦਾ ਸੀ ਅਤੇ ਖ਼ੁਦ ਵੀ ਦੋ ਕਿਤਾਬਾਂ ਲਿਖ ਚੁੱਕਾ ਸੀ।

ਮੈਂ ਉਰਦੂ ਲੇਖਕ ਦੀ ਧੀ ਸੀ ਜਿਸ ਨੂੰ ਉਸ ਦੀਆਂ ਰਚਨਾਵਾਂ ਲਈ ਸਨਮਾਨ ਮਿਲ ਚੁੱਕੇ ਸਨ, ਤੇ ਮੈਂ ਆਪਣੇ ਘਰ ਮਹਿਫ਼ਿਲਾਂ ਅਤੇ ਮੁਸ਼ਾਇਰਿਆਂ ਦੌਰਾਨ ਜਵਾਨ ਹੋਈ ਸੀ। ਅਸ਼ੋਕ ਨਰਾਇਣ ਨੂੰ ਅੱਗਿਉਂ ਉਰਦੂ ਸ਼ੇਅਰੋ-ਸ਼ਾਇਰੀ ਵਿਚ ਜਵਾਬ ਦੇਣ ਦੀ ਪੁਰਜ਼ੋਰ ਤਲਬ ਤਾਂ ਹੋਈ, ਪਰ ਮੈਨੂੰ ਐਸਾ ਕਰਨ ਤੋਂ ਗੁਰੇਜ਼ ਕਰਨਾ ਪਿਆ। ਮੈਥਿਲੀ ਸੰਸਕ੍ਰਿਤ ਦੇ ਰੂੜ੍ਹੀਵਾਦੀ ਉਸਤਾਦ ਦੀ ਬੇਟੀ ਸੀ ਅਤੇ ਵਿਦੇਸ਼ ਵਿਚ ਰਹਿੰਦੀ ਸੀ। ਨਾਲ ਹੀ ਮੈਥਿਲੀ ਨੂੰ, ਖ਼ਾਸ ਕਰ ਕੇ ਉਸ ਦੀ ਸ਼ਨਾਖ਼ਤ ਦੇ ਹਿੱਸੇ ਵਜੋਂ ਮੁਸਲਮਾਨ ਫਿਰਕੇ ਦੇ ਤੌਰ 'ਤੇ ਉਂਵ ਹੀ ਪਿਆਰੇ ਨਹੀਂ ਸਨ।



ਗੁਜਰਾਤ ਦੀ ਜੋੜੀ: ਨਰੇਂਦਰ ਮੋਦੀ ਅਤੇ ਪ੍ਰਵੀਨ ਤੋਗੜੀਆ।

ਪਰ ਨਰਾਇਣ ਨੇ ਉਸ ਤਰ੍ਹਾਂ ਦਾ ਭੋਰਾ ਵੀ ਕੱਟੜਪੁਣਾ ਨਾ ਦਿਖਾਇਆ ਜੋ ਗੁਜਰਾਤ ਹਿੰਸਾ ਵਿਚ ਕਥਿਤ ਤੌਰ 'ਤੇ ਸ਼ਾਮਲ ਅਫਸਰਾਂ ਨਾਲ ਜੁੜਿਆ ਹੋਇਆ ਸੀ। ਧਰਮ ਦੇ ਸਵਾਲ ਉਪਰ ਉਹ ਉਦਾਰ ਖ਼ਿਆਲਾਂ ਦਾ ਸੀ ਅਤੇ ਉਸ ਰਾਤ ਉਸ ਨੇ ਮੈਨੂੰ ਰੂਹਾਨੀਅਤ ਬਾਰੇ ਇਕ ਈ-ਬੁੱਕ ਮੇਲ ਕੀਤੀ। ਮੈਂ ਉਸ ਨੂੰ ਦੱਸਿਆ ਸੀ ਕਿ ਮੈਨੂੰ ਅਕਸਰ ਚਿੰਤਾ-ਰੋਗ ਦੇ ਦੌਰੇ ਪੈਂਦੇ ਹਨ। ਉਸ ਵਿਚ ਮੈਨੂੰ ਐਸਾ ਮਨੁੱਖ ਮਿਲਿਆ ਜਿਸ ਦੇ ਦਿਲ ਵਿਚ ਦੂਜੇ ਬੰਦਿਆਂ, ਸੰਸਕ੍ਰਿਤੀਆਂ ਅਤੇ ਧਰਮਾਂ ਦਾ ਸਤਿਕਾਰ ਸੀ। ਇਸ ਤੋਂ ਮੈਂ ਹੋਰ ਵੀ ਆਸ਼ਾਵਾਦੀ ਹੋ ਗਈ ਕਿ ਉਸ ਤੋਂ ਗੁਜਰਾਤ ਹਿੰਸਾ ਅਤੇ ਫਰਜ਼ੀ ਮੁਕਾਬਲਿਆਂ ਦੌਰਾਨ ਦੀਆਂ ਘਟਨਾਵਾਂ ਬਾਰੇ ਜਾਣਕਾਰੀ ਕਢਵਾਈ ਜਾ ਸਕਦੀ ਹੈ। ਉਸ ਨੇ ਦੱਸਿਆ ਕਿ ਗੁਜਰਾਤ ਦੇ ਗ੍ਰਹਿ ਸਕੱਤਰ ਵਜੋਂ ਉਸ ਨੇ ਦ੍ਰਿੜਤਾ ਨਾਲ ਕਿਹਾ ਸੀ ਕਿ ਪ੍ਰਵੀਨ ਤੋਗੜੀਆ ਵਲੋਂ ਜਥੇਬੰਦ ਕੀਤੀ ਰੈਲੀ ਸਮੇਤ ਕਿਸੇ ਨੂੰ ਵੀ ਸਿਆਸੀ ਰੈਲੀ ਕਰਨ ਦੀ ਇਜਾਜ਼ਤ ਨਹੀਂ ਦਿੱਤੀ ਜਾਵੇਗੀ। ਉਸ ਨੇ ਇਹ ਵੀ ਕਿਹਾ ਕਿ ਉਹ ਗੁਜਰਾਤ ਦੇ ਬਿਹਤਰੀਨ ਅਫ਼ਸਰਾਂ ਵਿਚੋਂ ਇਕ ਰਾਹੁਲ ਸ਼ਰਮਾ ਦੀ ਮੁਅੱਤਲੀ ਦੇ ਖ਼ਿਲਾਫ਼ ਸੀ, ਹਿੰਸਾ ਤੋਂ ਛੇਤੀ ਬਾਅਦ ਉਸ ਨੂੰ ਮੋਦੀ ਦੀ ਅਗਵਾਈ ਹੇਠ ਸਰਕਾਰ ਵਲੋਂ ਮੁਅੱਤਲ ਕਰ ਦਿੱਤਾ ਗਿਆ ਸੀ।

ਇਹ ਗੱਲਾਂ ਚਾਰ ਦਿਨ ਚਲਦੀਆਂ ਰਹੀਆਂ, ਜ਼ਿਆਦਾਤਰ ਚਾਹ ਪੀਂਦਿਆਂ ਅਤੇ ਇਕ ਮੌਕੇ 'ਤੇ ਉਸ ਦੀ ਪਤਨੀ ਵਲੋਂ ਬਣਾਏ ਦੁਪਹਿਰ ਦੇ ਖਾਣੇ ਮੌਕੇ। ਉਨ੍ਹਾਂ ਮੇਰੇ ਨਾਲ ਆਪਣੇ ਪਰਿਵਾਰ ਦੇ ਜੀਅ ਵਾਂਗ ਵਰਤਾਓ ਕਰਨਾ ਸ਼ੁਰੂ ਕਰ ਦਿੱਤਾ ਸੀ। ਉਹ ਅਕਸਰ ਕਹਿੰਦੇ ਕਿ ਮੈਂ ਘਰ ਵਿਚ ਧੀਆਂ ਦੀ ਗ਼ੈਰਹਾਜ਼ਰੀ ਵਿਚ ਉਨ੍ਹਾਂ ਦੀ ਥਾਂ ਲੈ ਲਈ ਸੀ। ਜਦੋਂ ਮੈਂ ਇਹ ਸੁਣਿਆ ਕਿ ਮੋਦੀ ਦੀ ਅਗਵਾਈ ਹੇਠ ਸੂਬਾਈ ਰਾਜਤੰਤਰ ਵਲੋਂ ਗੁਜਰਾਤ ਦੀ ਹਿੰਸਾ ਨੂੰ ਦਾਅ ਪੇਚਕ ਹੱਲਾਸ਼ੇਰੀ ਦੇਣ ਵਿਰੁੱਧ ਡੱਟਣ ਸਮੇਂ ਅਸ਼ੋਕ ਨਰਾਇਣ ਨੇ ਦ੍ਰਿੜ ਨਿਹਚਾ ਨਹੀਂ ਦਿਖਾਈ ਤਾਂ ਮੇਰਾ ਦਿਲ ਅੰਦਰੋ-ਅੰਦਰੀ ਰੋਂਦਾ ਰਿਹਾ। ਇਹ ਮੇਰੇ ਵਲੋਂ ਕੱਢਿਆ ਨਤੀਜਾ ਨਹੀਂ ਸੀ। ਇਹ ਖ਼ੁਦ ਅਸ਼ੋਕ ਨਰਾਇਣ ਨੇ ਭਰਪੂਰ ਸ਼ਬਦਾਂ ਵਿਚ ਬਿਆਨ ਕੀਤਾ ਸੀ।

ਜਿਸ ਦਿਨ ਮੈਂ ਨਰਾਇਣ ਪਰਿਵਾਰ ਦੇ ਘਰ ਦੁਪਹਿਰ ਦਾ ਖਾਣਾ ਖਾਣਾ ਸੀ, ਮੈਂ ਇਸ ਜੋੜੀ ਨੂੰ ਦੋ ਕੁ ਘੰਟੇ ਗੱਲਬਾਤ ਲਈ ਦੇਣ ਲਈ ਕਿਹਾ ਸੀ ਤਾਂ ਜੋ ਉਨ੍ਹਾਂ ਦੇ ਰੇਖਾ ਚਿੱਤਰ ਸਿਰਜਣ ਲਈ ਮੇਰੇ ਕੋਲ ਚੋਖੀ ਸਮੱਗਰੀ ਹੋ ਜਾਵੇ। ਇਸ ਵਾਰ ਮੈਂ ਮਨਭਾਉਂਦਾ ਹਰਾ ਕੁੜਤਾ ਪਹਿਨਿਆ ਅਤੇ ਸ਼ਾਲ ਦੀ ਬੁੱਕਲ ਮਾਰ ਲਈ। ਮੈਂ ਜੋ ਘੜੀ ਬੰਨ੍ਹੀ ਹੋਈ ਸੀ, ਜਦੋਂ ਵੀ ਉਸ ਵਿਚ ਲੱਗਿਆ ਕੈਮਰਾ ਚੱਲਦਾ ਤਾਂ ਇਸ ਵਿਚ ਮੱਧਮ ਜਿਹਾ ਚਾਨਣ ਹੋ ਜਾਂਦਾ ਸੀ। ਮੇਰੇ ਕੋਲ ਜੋ ਡਾਇਰੀ ਸੀ, ਉਸ ਵਿਚ ਵੀ ਕੈਮਰਾ ਲੱਗਿਆ ਹੋਇਆ ਸੀ। ਕੋਈ ਵੀ ਕਦੇ ਇਨ੍ਹਾਂ ਮਿਲਣੀਆਂ ਦਾ ਮੌਕਾ ਗੁਆ ਲੈਣ ਦਾ ਜੋਖ਼ਮ ਨਹੀਂ ਲੈਣਾ ਚਾਹੁੰਦਾ, ਇਸੇ ਕਰ ਕੇ ਪੇਸ਼ੇਵਰਾਂ ਨੂੰ ਕਈ ਕਈ ਜਾਸੂਸੀ ਕੈਮਰਿਆਂ ਨਾਲ ਲੈਸ ਹੋ ਕੇ ਜਾਣ ਦਾ ਮਸ਼ਵਰਾ ਦਿੱਤਾ ਜਾਂਦਾ ਹੈ।

ਜਦੋਂ ਮੈਂ ਉਨ੍ਹਾਂ ਦੇ ਘਰ ਪਹੁੰਚੀ, ਦੁਪਹਿਰ ਦਾ ਖਾਣਾ ਤਿਆਰ ਸੀ। ਉਸ ਦਿਨ ਮੈਂ ਉਸ ਦੀਆਂ ਗੁਜਰਾਤ ਦਾ ਗ੍ਰਹਿ ਸਕੱਤਰ ਹੋਣ ਸਮੇਂ ਦੀਆਂ ਸਭ ਤੋਂ ਅਹਿਮ ਜ਼ਿੰਮੇਵਾਰੀਆਂ ਬਾਰੇ ਗੱਲਬਾਤ ਕਰਨੀ ਸ਼ੁਰੂ ਕੀਤੀ। ਮਾਹੌਲ ਪੂਰਾ ਢੁੱਕਵਾਂ ਸੀ। ਮੈਂ ਵਿਸ਼ਾ ਇਸ ਤਰੀਕੇ ਨਾਲ ਛੋਹਿਆ ਸੀ ਜੋ ਖਾਣੇ ਉਪਰ ਹਲਕੀ-ਫੁਲਕੀ ਗੱਲਬਾਤ ਹੀ ਜਾਪਦਾ ਸੀ। ਨਰਾਇਣ ਲਗਾਤਾਰ ਬੋਲਦਾ ਗਿਆ।

ਜਿਸ ਵਕਤ ਅਸੀਂ ਖਾਣੇ ਤੋਂ ਬਾਅਦ ਦੀ ਚਾਹ ਪੀਣ ਬੈਠੇ, ਉਸ ਨੇ ਇਹ ਵੇਰਵੇ ਦੱਸਣੇ ਸ਼ੁਰੂ ਕਰ ਦਿੱਤੇ ਸਨ ਕਿ ਮੋਦੀ ਨੇ ਹਿੰਸਾ ਨਾਲ ਕਿਵੇਂ ਨਜਿੱਠਿਆ। ਮੈਂ ਟਿੱਪਣੀ ਕੀਤੀ, 'ਤੁਸੀਂ ਜਾਣਦੇ ਹੋ ਨਰਾਇਣ ਜੀ, ਪਿਛਲੇ ਇਕ ਹਫ਼ਤੇ ਤੋਂ ਮੈਂ ਤੁਹਾਡੇ ਬਾਰੇ ਗੂਗਲ ਉਪਰ ਸਰਚ ਕਰ ਰਹੀ ਹਾਂ ਅਤੇ ਤੁਹਾਡੇ ਨਾਂ ਨਾਲ ਜੁੜ ਕੇ ਗੁਜਰਾਤ ਹਿੰਸਾ, ਮੋਦੀ, ਵੱਖੋ-ਵੱਖਰੇ ਕਮਿਸ਼ਨਾਂ ਬਾਰੇ ਬਹੁਤ ਸਾਰੇ ਲਿੰਕ ਸਾਹਮਣੇ ਆ ਜਾਂਦੇ ਹਨ। ਮੇਰੇ ਲਈ ਇਹ ਬਹੁਤ ਹੀ ਝੰਜੋੜਨ ਵਾਲਾ ਮਾਮਲਾ ਰਿਹਾ ਹੈ ਅਤੇ ਮੈਂ ਦਾਅਵੇ ਨਾਲ ਕਹਿ ਸਕਦੀ ਹਾਂ ਕਿ ਤੁਹਾਡੇ ਲਈ ਵੀ ਐਸੇ ਵਿਵਾਦਪੂਰਨ ਬੰਦੇ ਨਾਲ ਨਜਿੱਠਣਾ

(ਬਾਕੀ ਅਗਲੇ ਸਫੇ 'ਤੇ)

ਬਹੁਤ ਮੁਸ਼ਕਿਲ ਰਿਹਾ ਹੋਵੇਗਾ ਜੋ ਗੁਜਰਾਤ ਹਿੰਸਾ ਦੌਰਾਨ ਤਕਰੀਬਨ ਗਲਤ ਧਿਰ ਦੇ ਨਾਲ ਖੜ੍ਹਾ ਸੀ। ਤੁਹਾਡੇ ਵਰਗੇ ਐਨੇ ਆਦਰਸ਼ਵਾਦੀ, ਐਨੇ ਦਰਦਮੰਦ ਇਨਸਾਨ ਨੂੰ ਜਿਸ ਵਿਚੋਂ ਗੁਜ਼ਰਨਾ ਪਿਆ ਹੋਵੇਗਾ, ਉਸ ਦੀ ਮੈਂ ਸਿਰਫ਼ ਕਲਪਨਾ ਕਰਨ ਦਾ ਯਤਨ ਹੀ ਕਰ ਸਕਦੀ ਹਾਂ।'

ਤੇ ਗੱਲਬਾਤ ਇੰਜ ਸ਼ੁਰੂ ਹੋਈ:

**ਸਵਾਲ:** ਮੁੱਖ ਮੰਤਰੀ ਨੇ ਤੁਹਾਨੂੰ ਜਦੋਂ ਸੰਜਮ ਵਰਤਣ ਲਈ ਕਿਹਾ ਹੋਵੇਗਾ (ਹਿੰਸਾ 'ਤੇ ਕਾਬੂ ਪਾਉਣ ਦੌਰਾਨ), ਉਦੋਂ ਤਾਂ ਤੁਹਾਨੂੰ ਬਹੁਤ ਗੁੱਸਾ ਆਇਆ ਹੋਵੇਗਾ?

**ਜਵਾਬ:** ਉਨ੍ਹਾਂ ਨੇ ਐਸਾ ਨਹੀਂ ਕੀਤਾ। ਉਹ ਕਦੇ ਕਾਗਜ਼ ਉਪਰ ਕੁਝ ਨਹੀਂ ਲਿਖਦੇ ਸਨ। ਉਨ੍ਹਾਂ ਕੋਲ ਆਪਣੇ ਲੋਕ ਹਨ ਅਤੇ ਉਨ੍ਹਾਂ ਲੋਕਾਂ ਅਤੇ ਵਿਸ਼ਵ ਹਿੰਦੂ ਪ੍ਰੀਸ਼ਦ ਜ਼ਰੀਏ ਹੀ ਗੈਰਰਸਮੀ ਰਸਤਿਆਂ ਤੋਂ ਉਨ੍ਹਾਂ ਦੇ ਸੁਨੇਹੇ ਹੇਠਲੇ ਦਰਜੇ ਦੇ ਪੁਲਿਸ ਅਫ਼ਸਰਾਂ ਤਕ ਪੁੱਜਦੇ ਸਨ।

**ਸਵਾਲ:** ਐਸੇ ਹਾਲਾਤ ਵਿਚ ਤੁਸੀਂ ਤਾਂ ਬੇਵੱਸ ਮਹਿਸੂਸ ਕਰ ਰਹੇ ਹੋਵੋਗੇ?

**ਜਵਾਬ:** ਬਿਲਕੁਲ। ਫਿਰ ਅਸੀਂ ਕਹਿੰਦੇ, "ਓਹ, ਇੰਞ ਕਿਵੇਂ ਹੋ ਗਿਐ" ਪਰ ਉਦੋਂ ਤਾਂ ਸਭ ਕੁਝ ਹੋ ਚੁੱਕਾ ਹੁੰਦਾ ਸੀ।

**ਸਵਾਲ:** ਤੇ ਜਾਂਚ ਕਮਿਸ਼ਨਾਂ ਕੋਲ ਕੋਈ ਸਬੂਤ ਨਹੀਂ?

**ਜਵਾਬ:** ਕਈ ਵਾਰ ਤਾਂ ਖੁਦ ਮੰਤਰੀ ਸੜਕ ਉਤੇ ਖੜ੍ਹੇ ਹੋ ਕੇ ਹਿੰਸਾ ਭੜਕਾਉਂਦੇ ਸਨ। ਇਕ ਐਸੀ ਹੀ ਘਟਨਾ ਉਦੋਂ ਹੋਈ ਜਦੋਂ ਮੈਂ ਉਨ੍ਹਾਂ ਦੇ ਕਮਰੇ ਵਿਚ ਬੈਠਾ ਹੋਇਆ ਸੀ ਅਤੇ ਮੈਨੂੰ ਫ਼ੋਨ ਆਇਆ। ਮੈਂ ਉਨ੍ਹਾਂ ਨੂੰ ਦੱਸਿਆ ਕਿ ਇਕ ਮੰਤਰੀ ਐਸਾ ਕਰ ਰਿਹਾ ਹੈ। ਉਨ੍ਹਾਂ ਨੇ ਆਪ ਫ਼ੋਨ ਲਗਾ ਕੇ ਉਸ ਨਾਲ ਗੱਲ ਕੀਤੀ। ਘੱਟੋ-ਘੱਟ ਉਸ ਵਾਰ ਤਾਂ ਉਨ੍ਹਾਂ (ਮੋਦੀ) ਨੇ (ਕਿਸੇ ਨੂੰ) ਫ਼ੋਨ ਕੀਤਾ ਹੀ।

**ਸਵਾਲ:** ਭਾਜਪਾ ਦਾ ਮੰਤਰੀ ਸੀ?

**ਜਵਾਬ:** ਹਾਂ, ਉਨ੍ਹਾਂ ਦਾ ਆਪਣਾ ਮੰਤਰੀ ਸੀ।

**ਸਵਾਲ:** ਉਥੇ ਕੋਈ ਮਾਇਆ ਕੋਡਨਾਨੀ ਵੀ ਸੀ। ਮੈਂ ਸੁਣਿਆ, ਉਹ ਪੂਰੀ ਤਰ੍ਹਾਂ ਸਰਕਾਰ ਵਿਰੋਧੀ ਹੋ ਗਈ ਹੈ।

**ਜਵਾਬ:** ਹਾਂ, ਉਹ ਉਥੇ ਹੋਵੇਗੀ।

**ਸਵਾਲ:** ਜਨੂੰਨੀ ਮਾਹੌਲ ਸੀ?

**ਜਵਾਬ:** ਮੈਂ ਤੁਹਾਨੂੰ ਸਿੱਧੇ ਅਨੁਭਵ ਦੀ ਗੱਲ ਸੁਣਾਉਂਦਾ ਹਾਂ। ਮੈਂ ਇਕ ਐਸੇ ਮੁਸਲਿਮ ਸਿਵਲ ਸਰਵਿਸਿਜ਼ ਅਫ਼ਸਰ, ਪ੍ਰਸ਼ਾਸਨਿਕ ਅਫ਼ਸਰ ਨੂੰ ਜਾਣਦਾ ਹਾਂ। ਉਸ ਨੇ ਮੈਨੂੰ ਫ਼ੋਨ ਕੀਤਾ ਅਤੇ ਕਿਹਾ- ਸਰ, ਮੇਰੀ ਜਾਨ ਬਚਾ ਲਓ, ਮੇਰੇ ਘਰ ਨੂੰ ਘੇਰਾ ਪਾਇਆ ਜਾ ਰਿਹਾ ਹੈ। ਮੈਂ ਪੁਲਿਸ ਕਮਿਸ਼ਨਰ ਨੂੰ ਫ਼ੋਨ ਕੀਤਾ... ਉਸ ਨੇ ਇਹ ਮਾਮਲਾ ਦਰਜ ਕੀਤਾ ਜਾਂ ਨਹੀਂ, ਪਰ ਮੈਂ ਇਹ ਜਾਣਦਾ ਹਾਂ, ਉਸ ਬੰਦੇ ਦੀ ਜਾਨ ਬਚ ਗਈ। ਅਗਲੇ ਦਿਨ ਅਫ਼ਸਰ ਨੇ ਮੈਨੂੰ ਫ਼ੋਨ ਕੀਤਾ ਅਤੇ ਕਿਹਾ- ਸਰ ਕੱਲ੍ਹ ਤਾਂ ਮੈਂ ਜਿਵੇਂ ਕਿਵੇਂ ਬਚ ਗਿਆ, ਪਰ ਅੱਜ ਇਹ ਸੰਭਵ ਨਹੀਂ ਲੱਗਦਾ।

ਸੋ ਮੈਂ ਦੁਬਾਰਾ ਕਮਿਸ਼ਨਰ ਨੂੰ ਫ਼ੋਨ ਕੀਤਾ ਤੇ ਉਸ ਦੀ ਜਾਨ ਬਚਾਉਣ ਲਈ ਕਿਹਾ। ਪੰਦਰਾਂ ਦਿਨ ਬਾਅਦ ਉਹ ਅਫ਼ਸਰ ਮੇਰੇ ਕੈਬਿਨ ਵਿਚ ਆਇਆ। ਉਸ ਨੇ ਦੱਸਿਆ- ਸਰ, ਪੂਰੀ ਬਸਤੀ ਵਿਚ ਇਹੀ ਕਹਾਣੀ ਸੀ। ਹਿੰਦੂ ਬਹੁ-ਗਿਣਤੀ 'ਚ ਸਨ ਅਤੇ ਮੁਸਲਮਾਨਾਂ ਨੂੰ ਮਾਰਿਆ ਜਾ ਰਿਹਾ ਸੀ। ਉਸ ਨੇ ਮੈਨੂੰ ਦੱਸਿਆ- 'ਜਦੋਂ ਤੁਸੀਂ ਫ਼ੋਨ ਕੀਤਾ, ਪੁਲਿਸ ਫੋਰਸ ਆ ਗਈ ਅਤੇ ਇਕ ਮੰਤਰੀ ਉਥੇ ਖੜ੍ਹਾ ਹਜੂਮ ਦੀ ਅਗਵਾਈ ਕਰ ਰਿਹਾ ਸੀ। ਪੁਲਿਸ ਅਫ਼ਸਰ ਨੇ ਉਸ ਨੂੰ ਸਲੂਟ ਮਾਰਿਆ। ਉਸ ਨੇ ਪੁਲਿਸ ਅਫ਼ਸਰ ਵੱਲ ਦੇਖਿਆ ਅਤੇ ਉਸ ਨੂੰ ਦੱਸਿਆ ਕਿ ਉਥੇ ਸਭ ਕੁਝ ਠੀਕ-ਠਾਕ ਹੈ। ਬਾਅਦ ਵਿਚ ਕਿਵੇਂ ਨਾ ਕਿਵੇਂ ਇਕ ਪੁਲਿਸ ਅਫ਼ਸਰ ਨੇ ਮੈਨੂੰ ਪਛਾਣ ਲਿਆ ਅਤੇ ਮੇਰੀ ਜਾਨ ਬਚਾ ਲਈ।'

**ਸਵਾਲ:** ਇਹ ਮੰਤਰੀ ਜੇਲ੍ਹ ਦੀਆਂ ਸੀਖਾਂ ਪਿੱਛੇ ਹੈ?

**ਜਵਾਬ:** ਉਹ ਸਾਰੇ ਬਾਹਰ ਤੁਰੇ ਫਿਰਦੇ ਹਨ, ਪਰ ਕਿਸੇ ਨਾ ਕਿਸੇ ਨੂੰ ਤਾਂ ਇਹ ਕਰਨਾ ਹੀ ਪਵੇਗਾ। ਜਦੋਂ ਤਕ ਕੋਈ ਗਵਾਹੀ ਨਹੀਂ ਦਿੰਦਾ, ਕੋਈ ਐਸਾ ਕਿਵੇਂ ਕਰ ਸਕਦਾ ਹੈ?

**ਸਵਾਲ:** ਕਿਸੇ ਵਿਚ ਐਸਾ ਕਰਨ ਦੀ ਹਿੰਮਤ ਨਹੀਂ?

**ਜਵਾਬ:** ਕਿਸੇ ਵਿਚ ਵੀ ਐਸਾ ਕਰਨ ਦੀ ਹਿੰਮਤ ਨਹੀਂ।

**ਸਵਾਲ:** ਆਖਰਕਾਰ ਮੰਤਰੀਆਂ ਦੇ ਖ਼ਿਲਾਫ਼ ਕਾਰਵਾਈ ਕੌਣ ਕਰੇਗਾ?

**ਜਵਾਬ:** ਮੈਂ ਤੁਹਾਨੂੰ ਇਕ ਗੱਲ ਦੱਸਦਾ ਹਾਂ। ਗ੍ਰਹਿ ਸਕੱਤਰ ਤੋਂ ਬਾਅਦ ਮੈਂ ਵਿਜੀਲੈਂਸ ਵਿਭਾਗ ਦਾ ਸਕੱਤਰ ਬਣਿਆ। ਤੁਸੀਂ ਜਾਣਦੇ ਹੋ ਕਿ ਹਰ ਸੂਬੇ ਵਿਚ ਲੋਕ ਆਯੁਕਤ ਹੁੰਦਾ ਹੈ ਜੋ ਮੰਤਰੀਆਂ ਉਤੇ ਨਿਗਰਾਨੀ ਰੱਖਦਾ ਹੈ। ਇਕ ਦਿਨ ਮੈਂ ਉਨ੍ਹਾਂ ਕੋਲ ਗਿਆ। ਇਮਾਨਦਾਰੀ ਨਾਲ ਕਹਾਂ ਤਾਂ ਏ.ਸੀ. ਕਮਰੋਂ ਮੇਂ ਮੱਖੀਆਂ ਨਹੀਂ ਹੋਤਾ, ਵਰਨਾ ਮੈਂ ਉਸ ਬਾਬਤ ਯੇ ਹੀ ਕਹਤਾ, ਕੀ ਵੋਹ ਮੱਖੀਆਂ ਮਾਰ ਰਹੇ ਥੇ। ਮੈਂ ਪੁੱਛਿਆ- ਕੀ ਹੋ ਰਿਹਾ ਹੈ। ਉਹ ਬੋਲਿਆ- ਸਰ ਕੀ ਕਰੀਏ। ਮੰਤਰੀਆਂ ਦੇ ਖ਼ਿਲਾਫ਼ ਕੋਈ ਸ਼ਿਕਾਇਤ ਹੀ ਨਹੀਂ ਕਰਦਾ। ਜਦੋਂ ਭ੍ਰਿਸ਼ਟਾਚਾਰ ਅਤੇ ਰਿਸ਼ਵਤਖੋਰੀ ਦੇ ਮਾਮਲਿਆਂ ਵਿਚ ਲੋਕ ਮੰਤਰੀਆਂ ਨੂੰ ਚੁਣੌਤੀ ਦੇਣ ਲਈ ਤਿਆਰ ਹੀ ਨਹੀਂ ਹਨ, ਤਾਂ ਫ਼ਸਾਦਾਂ ਵਿਚ ਲੱਗੇ ਮੰਤਰੀਆਂ ਦੇ ਖ਼ਿਲਾਫ਼ ਜਾਣ ਦੀ ਹਿੰਮਤ ਉਹ ਕਿਵੇਂ ਜੁਟਾਉਣਗੇ। ਕਿਸ ਕੀ ਸ਼ਾਮਤ ਆਈ ਹੈ।

ਉਂਞ ਵੀ ਉਹ ਸਾਹਮਣੇ ਨਹੀਂ ਆਉਂਦੇ। ਉਹ ਇੰਨੇ ਚਲਾਕ ਨੇ ਅਤੇ ਫ਼ੋਨ ਉਤੇ ਏਨੀ ਚਤੁਰਾਈ ਨਾਲ ਗੱਲ ਕਰਦੇ ਹਨ- ਉਹ ਅਫ਼ਸਰਾਂ ਨੂੰ ਫ਼ੋਨ ਕਰ ਕੇ ਕਹਿੰਦੇ ਹਨ, "ਅੱਛਾ, ਉਸ ਇਲਾਕੇ ਦਾ ਖ਼ਿਆਲ ਰੱਖਣਾ।"

ਆਮ ਬੰਦੇ ਲਈ ਇਸ ਦਾ ਮਤਲਬ ਹੈ ਕਿ "ਖ਼ਿਆਲ ਰੱਖਣਾ ਉਸ ਇਲਾਕੇ ਵਿਚ ਫ਼ਸਾਦ ਨਾ ਹੋ ਸਕਣ" ਪਰ ਇਸ ਦਾ ਅਸਲ ਭਾਵ ਇਹ ਹੁੰਦਾ ਹੈ ਕਿ ਖ਼ਿਆਲ ਰੱਖਿਓ, ਉਸ ਇਲਾਕੇ ਵਿਚ ਫ਼ਸਾਦ ਲਾਜ਼ਮੀ ਕਰਵਾਉਣੇ ਹਨ।

ਉਹ ਖੁਦ ਕੋਈ ਕੰਮ ਨਹੀਂ ਕਰਦੇ, ਇਸ ਦੇ ਲਈ ਉਨ੍ਹਾਂ ਕੋਲ ਏਜੰਟਾਂ-ਦਰ-ਏਜੰਟਾਂ ਦਾ ਪੂਰਾ ਸਿਲਸਿਲਾ ਹੈ।


ਅਸ਼ੋਕ ਨਰਾਇਣ

> ***ਜਿਸ ਵਕਤ ਅਸੀਂ ਖਾਣੇ ਤੋਂ ਬਾਅਦ ਦੀ ਚਾਹ ਪੀਣ ਬੈਠੇ, ਉਸ ਨੇ ਇਹ ਵੇਰਵੇ ਦੱਸਣੇ ਸ਼ੁਰੂ ਕਰ ਦਿੱਤੇ ਸਨ ਕਿ ਮੋਦੀ ਨੇ ਹਿੰਸਾ ਨਾਲ ਕਿਵੇਂ ਨਜਿੱਠਿਆ। ਮੈਂ ਟਿੱਪਣੀ ਕੀਤੀ, 'ਤੁਸੀਂ ਜਾਣਦੇ ਹੋ ਨਰਾਇਣ ਜੀ, ਪਿਛਲੇ ਇਕ ਹਫ਼ਤੇ ਤੋਂ ਮੈਂ ਤੁਹਾਡੇ ਬਾਰੇ ਗੂਗਲ ਉਪਰ ਸਰਚ ਕਰ ਰਹੀ ਹਾਂ ਅਤੇ ਤੁਹਾਡੇ ਨਾਂ ਨਾਲ ਜੁੜ ਕੇ ਗੁਜਰਾਤ ਹਿੰਸਾ, ਮੋਦੀ, ਵੱਖੋ-ਵੱਖਰੇ ਕਮਿਸ਼ਨਾਂ ਬਾਰੇ ਬਹੁਤ ਸਾਰੇ ਲਿੰਕ ਸਾਹਮਣੇ ਆ ਜਾਂਦੇ ਹਨ। ਮੇਰੇ ਲਈ ਇਹ ਬਹੁਤ ਹੀ ਝੰਜੋੜਨ ਵਾਲਾ ਮਾਮਲਾ ਰਿਹਾ ਹੈ ਅਤੇ ਮੈਂ ਦਾਅਵੇ ਨਾਲ ਕਹਿ ਸਕਦੀ ਹਾਂ ਕਿ ਤੁਹਾਡੇ ਲਈ ਵੀ ਐਸੇ ਵਿਵਾਦਪੂਰਨ ਬੰਦੇ ਨਾਲ ਨਜਿੱਠਣਾ ਬਹੁਤ ਮੁਸ਼ਕਿਲ ਰਿਹਾ ਹੋਵੇਗਾ ਜੋ ਗੁਜਰਾਤ ਹਿੰਸਾ ਦੌਰਾਨ ਤਕਰੀਬਨ ਗ਼ਲਤ ਧਿਰ ਦੇ ਨਾਲ ਖੜ੍ਹਾ ਸੀ। ਤੁਹਾਡੇ ਵਰਗੇ ਐਨੇ ਆਦਰਸ਼ਵਾਦੀ, ਐਨੇ ਦਰਦਮੰਦ ਇਨਸਾਨ ਨੂੰ ਜਿਸ ਵਿਚੋਂ ਗੁਜ਼ਰਨਾ ਪਿਆ ਹੋਵੇਗਾ, ਉਸ ਦੀ ਮੈਂ ਸਿਰਫ਼ ਕਲਪਨਾ ਕਰਨ ਦਾ ਯਤਨ ਹੀ ਕਰ ਸਕਦੀ ਹਾਂ।'***

ਅੱਛਾ ਫਿਰ ਤੁਸੀਂ ਦੇਖੋਗੇ ਕਿ ਐਫ.ਆਈ.ਆਰ. ਹਜੂਮ ਦੇ ਖ਼ਿਲਾਫ਼ ਦਰਜ ਕੀਤੀਆਂ ਜਾਂਦੀਆਂ ਹਨ। ਹੁਣ ਤੁਸੀਂ ਹਜੂਮ ਨੂੰ ਕਿਵੇਂ ਗ੍ਰਿਫ਼ਤਾਰ ਕਰੋਗੇ?

**ਸਵਾਲ:** ਤਾਂ ਕੀ ਫ਼ਸਾਦਾਂ ਦੀ ਜਾਂਚ ਲਈ ਬਣੇ ਕਮਿਸ਼ਨ ਕਿਸੇ ਕੰਮ ਦੇ ਸਾਬਤ ਨਹੀਂ ਹੋਏ?

**ਜਵਾਬ:** ਇਕ ਨਾਨਾਵਤੀ ਕਮਿਸ਼ਨ ਸੀ ਜਿਸ ਵਿਚੋਂ ਅੱਜ ਤਕ ਕੁਝ ਵੀ ਨਹੀਂ ਨਿਕਲਿਆ। ਉਹ ਹੁਣ ਤਕ ਆਪਣੀ ਕੋਈ ਰਿਪੋਰਟ ਹੀ ਨਹੀਂ ਦੇ ਸਕਿਆ।

ਮੈਂ ਜਦੋਂ ਤੱਕ ਗ੍ਰਹਿ ਸਕੱਤਰ ਰਿਹਾ ਹਾਂ, ਮੈਂ ਨਿਰਦੇਸ਼ ਜਾਰੀ ਕੀਤੇ ਸਨ ਕਿ ਬਿਨਾ ਲਿਖਤੀ ਆਦੇਸ਼ ਦੇ ਕੋਈ ਵੀ ਕੰਮ ਨਹੀਂ ਕੀਤਾ ਜਾਵੇਗਾ। ਜਦੋਂ ਬੰਦ ਦਾ ਸੱਦਾ ਦਿੱਤਾ ਗਿਆ, ਤਾਂ ਮੁੱਖ ਸਕੱਤਰ ਸੂਬਾਰਾਓ ਨੇ ਮੈਨੂੰ ਫ਼ੋਨ ਕੀਤਾ ਅਤੇ ਕਿਹਾ ਕਿ ਵੀ.ਐਚ.ਪੀ. ਦੇ ਨੇਤਾ ਪ੍ਰਵੀਨ ਤੋਗੜੀਆ ਰੈਲੀ ਕਰਨਾ ਚਾਹੁੰਦੇ ਹਨ। ਮੈਂ ਕਿਹਾ- ਸਰ ਐਸੀ ਕੋਈ ਵੀ ਇਜਾਜ਼ਤ ਹਰਗਿਜ਼ ਨਹੀਂ ਦਿੱਤੀ ਜਾਣੀ ਚਾਹੀਦੀ, ਨਹੀਂ ਤਾਂ ਹਾਲਾਤ ਬੇਕਾਬੂ ਹੋ ਸਕਦੇ ਹਨ। ਮੁੱਖ ਮੰਤਰੀ ਨੂੰ ਇਸ ਬਾਰੇ ਪਤਾ ਲੱਗ ਗਿਆ। ਉਹ ਬੋਲੇ, ਤੁਸੀਂ ਐਸਾ ਕਿਵੇਂ ਕਹਿ ਸਕਦੇ ਹੋ। ਸਾਨੂੰ ਇਜਾਜ਼ਤ ਦੇਣੀ ਹੀ ਹੋਵੇਗੀ। ਮੈਂ ਕਿਹਾ- ਠੀਕ ਹੈ ਫਿਰ, ਮੈਨੂੰ ਲਿਖ ਕੇ ਦੇ ਦਿਓ। ਉਨ੍ਹਾਂ (ਮੋਦੀ) ਘੂਰ ਕੇ ਮੇਰੇ ਵੱਲ ਦੇਖਿਆ।

ਇਕ ਵਕਤ ਸੀ ਜਦੋਂ ਗੁਜਰਾਤ ਵਿਚ ਹਿੰਦੂਤਵ ਦੇ ਵਧਾਰੇ-ਪਸਾਰੇ ਲਈ ਮੋਦੀ ਅਤੇ ਪ੍ਰਵੀਨ ਤੋਗੜੀਆ ਸਮਾਨਅਰਥੀ ਸਨ। ਮੋਦੀ (64) ਅਤੇ ਡਾ. ਪ੍ਰਵੀਨ ਤੋਗੜੀਆ (58) ਸੂਬੇ ਵਿਚ ਇਕੱਠੇ ਆਰ.ਐਸ.ਐਸ. ਦੀਆਂ ਸ਼ਾਖਾਵਾਂ ਵਿਚ ਜਾਂਦੇ ਰਹੇ ਹਨ। ਦੋਹਾਂ ਬਾਰੇ ਬਹੁਤ ਹੀ ਪ੍ਰਚਲਤ ਕਥਾ ਹੈ ਕਿ ਇਹ ਜੋੜੀ ਇਕੋ ਮੋਟਰਸਾਈਕਲ ਜਾਂ ਸਕੂਟਰ 'ਤੇ ਸਵਾਰ ਹੋ ਕੇ ਗੁਜਰਾਤ ਵਿਚ ਸੰਘ ਦੀ ਵਿਚਾਰਧਾਰਾ ਦਾ ਪ੍ਰਚਾਰ ਕਰਦੀ ਸੀ। ਤੋਗੜੀਆ ਹਮੇਸ਼ਾ ਬਾਈਕ ਚਲਾਉਂਦਾ ਅਤੇ ਮੋਦੀ ਪਿਛਲੀ ਸੀਟ 'ਤੇ ਬੈਠਾ ਹੁੰਦਾ। ਤੋਗੜੀਆ ਕੈਂਸਰ ਦਾ ਮਾਹਰ ਸਰਜਨ ਸੀ ਜੋ 1983 ਵਿਚ ਵਿਸ਼ਵ ਹਿੰਦੂ ਪ੍ਰੀਸ਼ਦ ਵਿਚ ਸ਼ਾਮਲ ਹੋਇਆ, ਤੇ ਕੁਲ-ਵਕਤੀ ਪ੍ਰਚਾਰਕ ਮੋਦੀ ਨੂੰ 1984 ਵਿਚ ਭਾਜਪਾ ਵਿਚ ਲਿਆ ਗਿਆ। ਜਦੋਂ ਕੇਸ਼ੂਭਾਈ ਪਟੇਲ ਮੁੱਖ ਮੰਤਰੀ ਸੀ, ਦੋਵੇਂ ਉਸ ਕੋਰ ਕਮੇਟੀ ਵਿਚ ਸਨ ਜੋ ਸਰਕਾਰ ਲਈ ਅਹਿਮ ਫ਼ੈਸਲੇ ਕਰਦੀ ਸੀ। ਜਦੋਂ ਕੇਸ਼ੂਭਾਈ ਪਟੇਲ ਨੂੰ ਸ਼ੰਕਰ ਸਿੰਘ ਵਘੇਲਾ ਦੀ ਬਗ਼ਾਵਤ ਦਾ ਸਾਹਮਣਾ ਕਰਨਾ ਪਿਆ ਜਿਸ ਨੇ ਤੋਗੜੀਆ ਨੂੰ ਕੈਦ ਕਰ ਲਿਆ ਸੀ, ਤਾਂ ਇਹ ਮੋਦੀ ਸੀ ਜੋ ਉਸ ਦੇ ਨਾਲ ਖੜ੍ਹਿਆ।

1995 ਤੋਂ ਲੈ ਕੇ 2001 ਤਕ ਜਦੋਂ ਮੋਦੀ ਨੂੰ ਸੂਬੇ ਵਿਚੋਂ ਤਕਰੀਬਨ ਜਲਾਵਤਨ ਹੀ ਕਰ ਦਿੱਤਾ ਗਿਆ ਸੀ ਅਤੇ ਗੁਜਰਾਤ ਵਿਚ ਉਸ ਨੂੰ ਕੋਈ ਪੁੱਛਦਾ ਨਹੀਂ ਸੀ, ਉਹ ਭਾਜਪਾ ਦੀ ਬਜਾਏ ਵੀ.ਐਚ.ਪੀ. ਦੇ ਦਫ਼ਤਰ ਵਿਚ ਆਪਣਾ ਜ਼ਿਆਦਾ ਵਕਤ ਗੁਜ਼ਾਰਦਾ ਸੀ। ਰਿਪੋਰਟ ਇਹ ਹੈ ਕਿ ਇਹ ਅਡਵਾਨੀ ਸੀ ਜਿਸ ਨੇ ਤੋਗੜੀਆ ਨੂੰ ਅਕਤੂਬਰ 2001 ਵਿਚ ਮੋਦੀ ਨੂੰ ਗੁਜਰਾਤ ਲਿਆ ਕੇ ਮੁੱਖ ਮੰਤਰੀ ਬਣਾਉਣ ਲਈ ਮਨਾਇਆ। ਤੋਗੜੀਆ ਰੱਦੋਬਦਲ ਕਰਨ ਲਈ ਸਹਿਮਤ ਹੋ ਗਿਆ ਅਤੇ ਮੋਦੀ ਵਜ਼ਾਰਤ ਵਿਚ ਆਪਣੇ ਸੱਜੇ ਹੱਥ ਗੋਰਧਨ ਜ਼ੜਫੀਆ ਨੂੰ ਸੂਬੇ ਦਾ ਗ੍ਰਹਿ ਮੰਤਰੀ ਬਣਾ ਲਿਆ। ਭਗਵੇਂ ਪੁਲਿਸ ਅਫ਼ਸਰਾਂ ਦੀਆਂ ਨਿਯੁਕਤੀਆਂ ਕਰਨ ਵਿਚ ਤੋਗੜੀਆ ਦੀ ਵਾਹਵਾ ਪੁੱਗਤ ਸੀ ਜਿਨ੍ਹਾਂ ਵਿਚੋਂ ਜ਼ਿਆਦਾਤਰ ਨੇ ਗੋਧਰਾ ਕਾਂਡ ਤੋਂ ਪਿੱਛੋਂ ਫਰਵਰੀ-ਮਾਰਚ 2002 ਦੀ ਹਿੰਸਾ ਵਿਚ ਸ਼ੱਕੀ ਭੂਮਿਕਾ ਨਿਭਾਈ ਜਦੋਂ ਵੀ.ਐਚ.ਪੀ. ਅਤੇ ਬਜਰੰਗ ਦਲ ਦੇ ਕਾਡਰਾਂ ਨੇ ਸੂਬੇ ਅੰਦਰ ਦਹਿਸ਼ਤ ਦਾ ਸਿਲਸਿਲਾ ਚਲਾਇਆ।

ਜੇ ਲੋਕਾਂ ਦੇ ਚੇਤਿਆਂ ਵਿਚੋਂ ਤਾਜ਼ਾ ਮਿਸਾਲ ਲੈਣੀ ਹੋਵੇ, ਤਾਂ ਇਹ ਪਟੇਲ ਭਾਈਚਾਰੇ ਦੇ 21 ਸਾਲਾ ਨੌਜਵਾਨ ਹਾਰਦਿਕ ਪਟੇਲ ਨੇ ਰਾਖਵੇਂਕਰਨ ਦੇ ਸਵਾਲ ਉਪਰ ਸੂਬੇ ਨੂੰ ਜਾਮ ਕਰ ਦਿੱਤਾ ਹੈ। ਉਹ ਨੰਗੀ ਤਲਵਾਰ ਲਹਿਰਾਉਂਦਾ ਹੈ ਅਤੇ ਕਿਸੇ ਰਿਪੋਰਟਰ ਨੂੰ ਪੁੱਛਦਾ ਹੈ ਕਿ ਉਹ ਜਾਣਦਾ ਹੈ ਕਿ ਉਹ ਕਿੰਨਿਆਂ ਦੇ ਹੱਥ ਵੱਢ ਚੁੱਕਾ ਹੈ। ਇਹ ਵਿਸ਼ਵਾਸ ਕੀਤਾ ਜਾਂਦਾ ਹੈ ਕਿ ਹਾਰਦਿਕ ਕੇਸ਼ੂਭਾਈ ਪਟੇਲ ਅਤੇ ਪ੍ਰਵੀਨ ਤੋਗੜੀਆ ਦਾ ਪੈਦਾ ਕੀਤਾ ਹੋਇਆ ਹੈ ਜਿਨ੍ਹਾਂ ਨੂੰ ਮੋਦੀ ਨੇ ਗੁਜਰਾਤ ਵਿਚ ਖੂੰਜੇ ਲਾ ਦਿੱਤਾ ਸੀ। ਇਹ ਵੀ ਕਿਹਾ ਜਾਂਦਾ ਹੈ ਕਿ ਹਾਰਦਿਕ, ਗੁਜਰਾਤ ਦੀ (ਤਤਕਾਲੀ) ਮੁੱਖ ਮੰਤਰੀ ਆਨੰਦੀਬੇਨ ਨੂੰ ਪਾਸੇ ਕਰਨ ਦੀ ਚਾਲ ਹੈ ਜੋ ਮੋਦੀ ਦੇ ਸਭ ਦੇ ਨੇੜਲਿਆਂ ਵਿਚੋਂ ਹੈ। ਆਨੰਦੀਬੇਨ ਖੁਦ ਪਟੇਲ ਹੈ ਅਤੇ ਉਹ ਹੁਣ ਖੁਦ ਨੂੰ ਉਸੇ ਹਾਲਤ ਵਿਚ ਦੇਖ ਰਹੀ ਹੈ ਜਿਵੇਂ ਕੇਸ਼ੂਭਾਈ ਨੇ ਗੁਜਰਾਤ ਵਿਚ ਮੋਦੀ ਦੇ ਦਾਖ਼ਲ ਹੋਣ ਤੋਂ ਪਹਿਲਾਂ ਕੀਤਾ ਸੀ।

2002 ਦੀ ਹਿੰਸਾ ਅਤੇ ਇਸ ਤੋਂ ਪਿੱਛੋਂ ਇਹ ਪ੍ਰਵੀਨ ਤੋਗੜੀਆ ਸੀ ਜਿਸ ਨੇ ਵੀ.ਐਚ.ਪੀ. ਦੇ ਕਾਡਰਾਂ ਦੀ ਅਗਵਾਈ ਹੇਠ ਹਿੰਦੂ ਅਵਾਮ ਨੂੰ ਕਤਲੋਗ਼ਾਰਤ ਲਈ ਭੜਕਾਇਆ ਸੀ। ਗੁਜਰਾਤ ਵਿਚ ਕੀਤੀ ਇਕ ਤਕਰੀਰ ਵਿਚ ਪ੍ਰਵੀਨ ਤੋਗੜੀਆ ਨੇ ਕਿਹਾ- ਗੋਧਰਾ ਕੇ ਰੇਲਵੇ ਸਟੇਸ਼ਨ ਉਪਰ ਆਤੰਕਵਾਦ ਇਸ ਲੀਏ ਆਯਾ ਕਿਉਂਕਿ ਇਸ ਦੇਸ਼ ਮੇਂ ਮਹਾਤਮਾ ਗਾਂਧੀ ਕੀ ਵਿਚਾਰਧਾਰਾ ਚਲ ਰਹੀ ਹੈ। ਹਮਨੇ ਅਠਾਈਸ ਤਾਰੀਕ ਕੋ ਮਹਾਤਮਾ ਗਾਂਧੀ ਕੋ ਆਪਣੇ ਕਰੜੇ ਤਾਲੇ ਮੇਂ ਬੰਦ ਕਰ ਦੀਯਾ ਥਾ। ਯਾ ਤੋ ਤੁਮ (ਮੁਸਲਮਾਨ) ਗਤੀਵਿਧੀ ਛੋੜ ਦੋ, ਯਾ ਹਮ ਗਾਂਧੀ ਕੋ ਛੋੜ ਦੇਂਗੇ। ਔਰ ਜਬ ਤਕ ਇਸ ਧਰਤੀ ਪਰ ਬਾਕੀ ਹੈ ਗਾਂਧੀ ਕੀ ਵਿਚਾਰਧਾਰਾ, ਮੁਸਲਮਾਨੋਂ ਕੇ ਸਾਹਮਣੇ ਘੁਟਨੇ ਟੇਕਨੇ ਕੀ ਵਿਚਾਰਧਾਰਾ ਹਮ ਨਹੀਂ ਛੋੜੇਂਗੇ। ਆਤੰਕਵਾਦ ਨਹੀਂ ਨਿਪਟੇਗਾ। ਮੇਰੇ ਭਾਈਓ, ਹਮੇ ਗਾਂਧੀ ਕੋ ਛੋੜਨਾ ਹੋਗਾ। ਰਾਮਾਇਣ ਕੀ ਘਟਨਾ ਤੋ ਆਪ ਜਾਨਤੇ ਹੈਂ। ਵੋ ਕੌਨ ਥਾ ਗੋਧਰਾ ਸਟੇਸ਼ਨ ਪਰ, ਵੋ ਆਜ ਵੀ ਪ੍ਰਾਸੁਤ ਹੈ। ਸਤਾਈਸ ਤਾਰੀਕ, ਸੁਬਹਾ ਪੌਨੇ ਆਠ ਵਜੇ ਸਿਗਨਲ ਫਾਲੀਆ ਕੇ ਪਾਸ ਜਲਾਯਾ ਹੁਆ ਐਸ-6 ਕਾ ਡਿੱਬਾ ਵੋਹ ਹਨੂਮਾਨ ਜੀ ਕੀ ਪੂੰਛ ਥੀ।

ਸਰੋਤੇ ਤਾੜੀਆਂ ਮਾਰਦੇ ਹਨ, ਜੈ ਸ੍ਰੀ ਰਾਮ ਦੇ ਨਾਅਰੇ ਲਾਉਂਦੇ ਹਨ। ਫਿਰ ਉਹ ਹਜੂਮ ਨੂੰ ਸਵਾਲ ਕਰਦਾ ਹੈ ਜੋ ਰਾਤ ਨੂੰ ਹਜ਼ਾਰਾਂ ਦੀ ਤਾਦਾਦ 'ਚ ਉਥੇ ਜੁੜਿਆ ਹੋਇਆ ਸੀ- ਹਨੂਮਾਨ ਜੀ ਕੀ ਪੂੰਛ ਕਿਸ ਨੇ ਜਲਾਈ, ਕਿਸ ਨੇ ਜਲਾਈ? ਰਾਵਣ ਨੇ ਜਲਾਈ। ਹਨੂਮਾਨ ਜੀ ਪੂੰਛ ਲੇ ਕੇ ਨਿਕਲੇ। ਸੁਨਾ ਹੈ ਕੀ ਹਨੂਮਾਨ ਜੀ ਗੋਧਰਾ ਮੇਂ ਆਏ ਥੇ (ਹਜੂਮ ਹੱਸਦਾ ਹੈ ਅਤੇ ਖ਼ੁਸ਼ੀ ਨਾਲ ਚੀਕ ਰਿਹਾ ਹੈ) ਹਾਲੋਲ ਮੇਂ ਆਏ ਥੇ, ਕਾਲੋਲ ਮੇਂ ਆਏ ਥੇ, ਸਰਦਾਰਪੁਰਾ ਮੇਂ ਗਏ ਥੇ ਔਰ ਕਰਨਾਵਤੀ (ਅਹਿਮਦਾਬਾਦ) ਮੇਂ ਸੇ ਤੋਂ ਵਾਪਸ ਜਾਨੇ ਕਾ ਨਾਮ ਨਹੀਂ ਲੇ ਰਹੇ ਥੇ।

ਹਵਾਲਾ ਸਾਫ਼ ਸੀ, ਰਾਵਣ ਸ਼ਬਦ ਮੁਸਲਮਾਨਾਂ ਲਈ ਇਸਤੇਮਾਲ ਕੀਤਾ ਗਿਆ ਹੈ। ਇਹ ਗੁਜਰਾਤ ਵਿਚ ਮੁਸਲਮਾਨਾਂ ਨੂੰ ਮਾਰਨ ਅਤੇ ਉਨ੍ਹਾਂ ਦੀ ਕਤਲੋਗ਼ਾਰਤ ਕਰਨ ਦਾ ਜੰਗੀ ਹੋਕਾ ਸੀ। ਜਦੋਂ ਤੋਗੜੀਆ ਇਹ ਸਖ਼ਤ ਮਿਹਨਤ ਕਰ ਰਿਹਾ ਸੀ, ਮੋਦੀ ਨੂੰ ਬਹੁਗਿਣਤੀ ਦੀ 'ਹਿੰਦੂ ਹਿਰਦੇ ਸਮਰਾਟ' ਸਮਝੇ ਜਾਣ ਦੀ ਪੁੱਛ-ਪ੍ਰਤੀਤ ਵਧਦੀ ਜਾ ਰਹੀ ਸੀ ਜਿਨ੍ਹਾਂ ਨੂੰ ਇਹ ਵਾਰ-ਵਾਰ ਚੇਤੇ ਕਰਾਇਆ ਜਾ ਰਿਹਾ ਸੀ ਕਿ ਮੁਸਲਮਾਨ ਉਨ੍ਹਾਂ ਦਾ ਖ਼ਾਤਮਾ ਕਰਨ 'ਤੇ ਤੁਲੇ ਹੋਏ ਹਨ; ਪਰ ਜਦੋਂ ਮੋਦੀ ਮੁੱਖ ਮੰਤਰੀ ਬਣ ਗਿਆ, ਇਸ ਭਾਈਬੰਦੀ ਦਾ ਥੋੜ੍ਹੇ ਦਿਨਾਂ ਵਿਚ ਹੀ ਭੋਗ ਪੈ ਗਿਆ। ਦੋਹਾਂ ਵਿਚ ਅਣਬਣ ਹੋ ਗਈ। 'ਟਾਈਮਜ਼ ਆਫ ਇੰਡੀਆ' ਦੀ ਰਿਪੋਰਟ ਤਾਂ ਠੋਕ-ਵਜਾ ਕੇ ਕਹਿੰਦੀ ਹੈ: ਦਸੰਬਰ 2002 ਵਿਚ ਹੋਈਆਂ ਅਗਲੀਆਂ ਵਿਧਾਨ ਸਭਾ ਚੋਣਾਂ ਵਿਚ ਤੋਗੜੀਆ ਭਾਜਪਾ ਦੀ ਹਮਾਇਤ ਵਿਚ 100 ਤੋਂ ਉਪਰ ਰੈਲੀਆਂ ਨੂੰ ਸੰਬੋਧਨ ਕਰਦੇ ਨਜ਼ਰ ਆਏ, ਤਕਰੀਬਨ ਦੋ ਹਫ਼ਤੇ ਇਕ ਹੈਲੀਕਾਪਟਰ ਲਗਾਤਾਰ ਇਸਤੇਮਾਲ ਕੀਤਾ ਗਿਆ। ਜਦੋਂ ਮੋਦੀ ਨੇ ਚੋਣਾਂ ਜਿੱਤ ਲਈਆਂ ਤਾਂ ਹਾਲਤ ਬਦਲ ਗਈ। ਉਸ ਨੇ ਤੁਰੰਤ ਜ਼ੜਫੀਆ ਨੂੰ ਆਪਣੇ ਮੰਤਰੀ ਮੰਡਲ ਵਿਚੋਂ ਹਟਾ ਦਿੱਤਾ, ਇਹ ਤੋਗੜੀਆ ਨੂੰ ਸਪਸ਼ਟ ਇਸ਼ਾਰਾ ਸੀ ਕਿ ਹੁਣ ਸਰਕਾਰ ਚਲਾਉਣ ਲਈ ਉਸ ਦੀ ਦਖ਼ਲਅੰਦਾਜ਼ੀ ਦੀ ਲੋੜ ਨਹੀਂ। ਤੋਗੜੀਆ ਅਤੇ ਸੰਘ ਪਰਿਵਾਰ ਦੇ ਹੋਰ ਧੜਿਆਂ ਨਾਲ ਸਲਾਹ-ਮਸ਼ਵਰੇ ਦਾ ਅਮਲ ਠੱਪ ਹੋ ਗਿਆ।

ਅਸ਼ੋਕ ਨਰਾਇਣ ਨਾਲ ਮਿਲਣੀ ਅਤੇ ਗੁਜਰਾਤ ਦੀ ਹਿੰਸਾ ਬਾਰੇ ਉਸ ਦੀ ਗੱਲਬਾਤ ਦੇ ਅੰਸ਼ ਟੇਪਾਂ ਉਪਰ ਹਾਸਲ ਕਰ ਲੈਣ ਤੋਂ ਬਾਅਦ ਮੈਂ ਉਸ ਨੂੰ ਦੱਸਿਆ ਕਿ ਮੈਂ ਉਸ ਦੇ ਮਿੱਤਰ ਅਤੇ ਹਿੰਸਾ ਦੇ ਉਨ੍ਹਾਂ ਦਿਨਾਂ ਦੇ ਵਿਸ਼ਵਾਸਪਾਤਰ ਚਕਰਵਰਤੀ ਨੂੰ ਮਿਲਣਾ ਚਾਹਾਂਗੀ ਜੋ ਉਦੋਂ ਗੁਜਰਾਤ ਪੁਲਿਸ ਦਾ ਡਾਇਰੈਕਟਰ ਜਨਰਲ ਸੀ। ਮੈਂ ਉਸ ਦੀ ਭੂਮਿਕਾ ਬਾਰੇ ਉਦੋਂ ਚੁਕੰਨੀ ਹੋਈ ਜਦੋਂ ਨਰਾਇਣ ਅਤੇ ਉਸ ਦੀ ਪਤਨੀ ਇਹ ਕਹਿ ਰਹੇ ਸਨ ਕਿ ਕਿਵੇਂ ਉਨ੍ਹਾਂ ਭਿਆਨਕ ਦਿਨਾਂ ਵਿਚ ਇਹ ਨਰਾਇਣ ਦਾ ਇਕੋ ਇਕ ਮਿੱਤਰ ਚਕਰਵਰਤੀ ਸੀ ਜਿਸ ਦੀ ਬਦੌਲਤ ਉਨ੍ਹਾਂ ਦੀ ਜ਼ਿੰਦਗੀ ਘੱਟ ਸੰਤਾਪੀ ਹੋਈ ਸੀ। ਇਹ ਉਸ ਵਕਤ ਦੀ ਗੱਲ ਹੈ ਜਦੋਂ ਜ਼ਿਆਦਾਤਰ ਪੁਲਿਸ ਅਫ਼ਸਰਾਂ ਨੇ ਦਿਆਨਤਦਾਰੀ ਦਾ ਪੱਲਾ ਛੱਡ ਕੇ ਮੋਦੀ ਸਰਕਾਰ ਨਾਲ ਸਮਝੌਤੇ ਦਾ ਫ਼ੈਸਲਾ ਕਰ ਲਿਆ ਸੀ। ਚਕਰਵਰਤੀ ਨਾਲ ਮਿਲਣੀਆਂ ਅਤੇ ਉਸ ਵਲੋਂ ਕੀਤੇ ਖੁਲਾਸਿਆਂ ਬਾਰੇ ਚਰਚਾ ਤਾਂ ਅਗਲੇ ਕਾਂਡ ਵਿਚ ਕੀਤੀ ਜਾਵੇਗੀ, ਪਰ ਅਸ਼ੋਕ ਨਰਾਇਣ ਬਾਰੇ ਇਹ ਅਹਿਮ ਹੈ ਕਿ ਮੈਂ ਪਾਠਕਾਂ ਨਾਲ ਉਹ ਬਾਕੀ ਵਾਰਤਾਲਾਪ ਸਾਂਝੀਆਂ ਕਰਾਂ ਜੋ ਉਸ ਨਾਲ ਕੀਤੀਆਂ ਗਈਆਂ। ਇਸ ਵਕਤ ਜਦੋਂ ਮੈਂ ਚਕਰਵਰਤੀ ਨੂੰ ਮੁੰਬਈ ਵਿਚ ਮਿਲੀ, ਉਸ ਨਾਲ ਮੈਂ ਪਹਿਲੀ ਮਿਲਣੀ ਨਿਪਟਾ ਚੁੱਕੀ ਸੀ, ਵਾਕਈ ਗੁਜਰਾਤ ਹਿੰਸਾ ਬਨਾਮ ਹੋਰ ਅਫ਼ਸਰਾਂ ਬਾਰੇ ਮੇਰੀ ਚਰਚਾ ਨਾਲ ਵਧੇਰੇ ਸੌਖ ਹੋ ਗਈ ਸੀ ਅਤੇ ਇਹ ਘੱਟ ਸ਼ੱਕੀ ਹੋ ਗਈ ਸੀ।

ਅਸ਼ੋਕ ਨਰਾਇਣ ਨਾਲ ਮੇਰੀ ਮਿਲਣੀ ਲਗਭਗ ਉਸ ਸਭ ਕਾਸੇ ਦੀ ਤਸਦੀਕ ਸੀ ਜੋ ਮੈਂ ਸਾਲਾਂ ਤੋਂ ਅਧਿਕਾਰੀਆਂ ਨਾਲ ਆਫ-ਦਿ-ਰਿਕਾਰਡ ਗੱਲਬਾਤ ਵਿਚ ਸੁਣਦੀ ਆ ਰਹੀ ਸੀ। ਜਿਨ੍ਹਾਂ ਕੁਝ ਸਰਕਾਰੀ ਅਧਿਕਾਰੀਆਂ ਨੇ ਸਰਕਾਰ ਦਾ ਸਾਥ ਦੇਣ ਦੀ ਚੋਣ ਕੀਤੀ, ਉਨ੍ਹਾਂ ਨੂੰ ਸਨਮਾਨਿਆ ਗਿਆ, ਬਾਕੀਆਂ ਨੂੰ ਪਾਸੇ ਕਰ ਦਿੱਤਾ ਗਿਆ। ਦਲੀਲ ਖ਼ਾਤਰ ਮੰਨ ਲੈਂਦੇ ਹਾਂ ਕਿ ਅਸ਼ੋਕ ਨਰਾਇਣ ਫ਼ਤਵੇ ਦੇ ਰਿਹਾ ਸੀ ਅਤੇ ਮੂੜ੍ਹਮੱਤੀਆ ਸੀ, ਫਿਰ ਵੀ ਉਨ੍ਹਾਂ ਅਫ਼ਸਰਾਂ ਪ੍ਰਤੀ ਮੋਦੀ ਸਰਕਾਰ ਦਾ ਬਦਲੇਖ਼ੋਰ ਰਵੱਈਆ ਅਤੇ ਉਨ੍ਹਾਂ ਦੇ ਤਬਾਦਲੇ ਸਾਰਿਆਂ ਨੂੰ ਸਪਸ਼ਟ ਨਜ਼ਰ ਆਉਂਦੇ ਹਨ ਜਿਨ੍ਹਾਂ ਨੇ ਸਰਕਾਰ ਨਾਲ ਆਢਾ ਲਾਇਆ। ਰਾਹੁਲ ਸ਼ਰਮਾ, ਰਜਨੀਸ਼ ਰਾਏ, ਸਤੀਸ਼ ਵਰਮਾ, ਕੁਲਦੀਪ ਸ਼ਰਮਾ, ਇਨ੍ਹਾਂ ਸਾਰੇ ਹੀ ਅਫ਼ਸਰਾਂ ਦੇ ਖ਼ਿਲਾਫ਼ ਘੱਟੋ-ਘੱਟ 20 ਸਾਲ ਪੁਰਾਣੇ ਗ਼ੈਰ-ਨੁਕਸਾਨਦੇਹ ਮਾਮਲੇ ਕੱਢ ਲਏ ਗਏ ਅਤੇ ਫਿਰ ਉਨ੍ਹਾਂ ਦੇ ਖ਼ਿਲਾਫ਼ ਇਸਤੇਮਾਲ ਕੀਤੇ ਗਏ। ਇਹ ਉਹ ਅਫ਼ਸਰ ਸਨ ਜਿਨ੍ਹਾਂ ਨੇ ਉਸ ਵਕਤ ਨਿਆਂ ਦਾ ਪਰਚਮ ਬੁਲੰਦ ਰੱਖਣ ਦੀ ਵਾਹ ਲਾਈ ਜਦੋਂ ਗੁਜਰਾਤ ਅੰਦਰ ਨਿਆਂ ਨਿਵਾਣਾਂ ਛੂਹ ਰਿਹਾ ਸੀ, ਤੇ ਇਸ ਦੇ ਕਾਰਨ ਉਨ੍ਹਾਂ ਨੂੰ ਅੱਜ ਤਕ ਤੰਗ-ਪ੍ਰੇਸ਼ਾਨ ਕੀਤਾ ਜਾ ਰਿਹਾ ਹੈ।

ਹੁਣ ਅਸੀਂ ਦੇਖਾਂਗੇ ਕਿਵੇਂ ਕੁਲਦੀਪ ਸ਼ਰਮਾ ਜਿਸ ਨੇ ਗੁਜਰਾਤ ਦਾ ਡੀ.ਜੀ.ਪੀ. ਬਣਨਾ ਸੀ, ਨੂੰ ਬਸ ਇਸ ਕਾਰਨ ਤਰੱਕੀ ਤੋਂ ਨਾਂਹ ਕਰ ਦਿੱਤੀ ਗਈ ਕਿਉਂਕਿ ਉਸ ਨੇ ਤੱਤਕਾਲੀ ਗ੍ਰਹਿ ਮੰਤਰੀ ਅਮਿਤ ਸ਼ਾਹ ਖ਼ਿਲਾਫ਼ ਮਾਧੋਪੁਰਾ ਕੋਆਪਰੇਟਿਵ ਮਾਮਲੇ ਵਿਚ ਜਾਂਚ ਸ਼ੁਰੂ ਕਰ ਦਿੱਤੀ ਸੀ। ਐਸ.ਪੀ. ਰਾਹੁਲ ਸ਼ਰਮਾ ਨੂੰ ਮੁਅੱਤਲ ਕਰ ਦਿੱਤਾ ਗਿਆ ਅਤੇ ਮਦਰੱਸੇ ਵਿਚ ਫ਼ਸਾਦੀਆਂ ਨੂੰ ਰੋਕਣ ਅਤੇ ਬਾਅਦ ਵਿਚ ਗੁਜਰਾਤ ਹਿੰਸਾ ਦੌਰਾਨ ਵੱਖ-ਵੱਖ ਮੰਤਰੀਆਂ ਵਲੋਂ ਕੀਤੀਆਂ ਫ਼ੋਨ ਕਾਲਾਂ ਦਾ ਰਿਕਾਰਡ ਜਾਂਚ ਕਮਿਸ਼ਨਾਂ ਨੂੰ ਮੁਹੱਈਆ ਕਰਾਉਣ ਦੇ ਕੇਸ ਉਸ ਦੇ ਉਪਰ ਪਾ ਦਿੱਤੇ ਗਏ। ਇਹ ਤਾਂ ਧੁੰਦ ਮਿਟਣ ਦੀ ਅਜੇ ਸ਼ੁਰੂਆਤ ਹੀ ਹੋਈ ਸੀ। ਅਸ਼ੋਕ ਨਰਾਇਣ ਨੇ ਉਸ ਸਟੇਟ ਦੇ ਪੱਖਪਾਤ ਅਤੇ ਮਿਲੀਭੁਗਤ ਦੀ ਤਸਦੀਕ ਕੀਤੀ ਸੀ ਜਿਥੇ ਇਕ ਸਭ ਤੋਂ ਘਾਤਕ ਹਿੰਸਾ ਅੰਦਰ ਲਹੂ ਵਹਾਏ ਜਾਣ ਦੀ ਪੂਰੀ ਖੁੱਲ੍ਹ-ਖੇਡ ਦਿੱਤੀ ਗਈ ਜੋ ਤਿੰਨ ਮਹੀਨੇ ਤਕ ਜਾਰੀ ਰਹੀ।

(ਚਲਦਾ)

> ***ਅਸ਼ੋਕ ਨਰਾਇਣ ਨਾਲ ਮੇਰੀ ਮਿਲਣੀ ਲਗਭਗ ਉਸ ਸਭ ਕਾਸੇ ਦੀ ਤਸਦੀਕ ਸੀ ਜੋ ਮੈਂ ਸਾਲਾਂ ਤੋਂ ਅਧਿਕਾਰੀਆਂ ਨਾਲ ਆਫ-ਦਿ-ਰਿਕਾਰਡ ਗੱਲਬਾਤ ਵਿਚ ਸੁਣਦੀ ਆ ਰਹੀ ਸੀ। ਜਿਨ੍ਹਾਂ ਕੁਝ ਸਰਕਾਰੀ ਅਧਿਕਾਰੀਆਂ ਨੇ ਸਰਕਾਰ ਦਾ ਸਾਥ ਦੇਣ ਦੀ ਚੋਣ ਕੀਤੀ, ਉਨ੍ਹਾਂ ਨੂੰ ਸਨਮਾਨਿਆ ਗਿਆ, ਬਾਕੀਆਂ ਨੂੰ ਪਾਸੇ ਕਰ ਦਿੱਤਾ ਗਿਆ। ਦਲੀਲ ਖ਼ਾਤਰ ਮੰਨ ਲੈਂਦੇ ਹਾਂ ਕਿ ਅਸ਼ੋਕ ਨਰਾਇਣ ਫ਼ਤਵੇ ਦੇ ਰਿਹਾ ਸੀ ਅਤੇ ਮੂੜ੍ਹਮੱਤੀਆ ਸੀ, ਫਿਰ ਵੀ ਉਨ੍ਹਾਂ ਅਫ਼ਸਰਾਂ ਪ੍ਰਤੀ ਮੋਦੀ ਸਰਕਾਰ ਦਾ ਬਦਲੇਖ਼ੋਰ ਰਵੱਈਆ ਅਤੇ ਉਨ੍ਹਾਂ ਦੇ ਤਬਾਦਲੇ ਸਾਰਿਆਂ ਨੂੰ ਸਪਸ਼ਟ ਨਜ਼ਰ ਆਉਂਦੇ ਹਨ ਜਿਨ੍ਹਾਂ ਨੇ ਸਰਕਾਰ ਨਾਲ ਆਢਾ ਲਾਇਆ। ਰਾਹੁਲ ਸ਼ਰਮਾ, ਰਜਨੀਸ਼ ਰਾਏ, ਸਤੀਸ਼ ਵਰਮਾ, ਕੁਲਦੀਪ ਸ਼ਰਮਾ, ਇਨ੍ਹਾਂ ਸਾਰੇ ਹੀ ਅਫ਼ਸਰਾਂ ਦੇ ਖ਼ਿਲਾਫ਼ ਘੱਟੋ-ਘੱਟ 20 ਸਾਲ ਪੁਰਾਣੇ ਗ਼ੈਰ-ਨੁਕਸਾਨਦੇਹ ਮਾਮਲੇ ਕੱਢ ਲਏ ਗਏ ਅਤੇ ਫਿਰ ਉਨ੍ਹਾਂ ਦੇ ਖ਼ਿਲਾਫ਼ ਇਸਤੇਮਾਲ ਕੀਤੇ ਗਏ। ਇਹ ਉਹ ਅਫ਼ਸਰ ਸਨ ਜਿਨ੍ਹਾਂ ਨੇ ਉਸ ਵਕਤ ਨਿਆਂ ਦਾ ਪਰਚਮ ਬੁਲੰਦ ਰੱਖਣ ਦੀ ਵਾਹ ਲਾਈ ਜਦੋਂ ਗੁਜਰਾਤ ਅੰਦਰ ਨਿਆਂ ਨਿਵਾਣਾਂ ਛੂਹ ਰਿਹਾ ਸੀ, ਤੇ ਇਸ ਦੇ ਕਾਰਨ ਉਨ੍ਹਾਂ ਨੂੰ ਅੱਜ ਤਕ ਤੰਗ-ਪ੍ਰੇਸ਼ਾਨ ਕੀਤਾ ਜਾ ਰਿਹਾ ਹੈ।... ਕਿਵੇਂ ਕੁਲਦੀਪ ਸ਼ਰਮਾ ਜਿਸ ਨੇ ਗੁਜਰਾਤ ਦਾ ਡੀ.ਜੀ.ਪੀ. ਬਣਨਾ ਸੀ, ਨੂੰ ਬਸ ਇਸ ਕਾਰਨ ਤਰੱਕੀ ਤੋਂ ਨਾਂਹ ਕਰ ਦਿੱਤੀ ਗਈ ਕਿਉਂਕਿ ਉਸ ਨੇ ਤੱਤਕਾਲੀ ਗ੍ਰਹਿ ਮੰਤਰੀ ਅਮਿਤ ਸ਼ਾਹ ਖ਼ਿਲਾਫ਼ ਮਾਧੋਪੁਰਾ ਕੋਆਪਰੇਟਿਵ ਮਾਮਲੇ ਵਿਚ ਜਾਂਚ ਸ਼ੁਰੂ ਕਰ ਦਿੱਤੀ ਸੀ। ਐਸ.ਪੀ. ਰਾਹੁਲ ਸ਼ਰਮਾ ਨੂੰ ਮੁਅੱਤਲ ਕਰ ਦਿੱਤਾ ਗਿਆ ਅਤੇ ਮਦਰੱਸੇ ਵਿਚ ਫ਼ਸਾਦੀਆਂ ਨੂੰ ਰੋਕਣ ਅਤੇ ਬਾਅਦ ਵਿਚ ਗੁਜਰਾਤ ਹਿੰਸਾ ਦੌਰਾਨ ਵੱਖ-ਵੱਖ ਮੰਤਰੀਆਂ ਵਲੋਂ ਕੀਤੀਆਂ ਫ਼ੋਨ ਕਾਲਾਂ ਦਾ ਰਿਕਾਰਡ ਜਾਂਚ ਕਮਿਸ਼ਨਾਂ ਨੂੰ ਮੁਹੱਈਆ ਕਰਾਉਣ ਦੇ ਕੇਸ ਉਸ ਦੇ ਉਪਰ ਪਾ ਦਿੱਤੇ ਗਏ।***



ਚਿੱਤ ਚੇਤਾ

ਕਾਨਾ ਸਿੰਘ
ਫੋਨ:+91-95019-44944

*'ਪੰਜਾਬ ਟਾਈਮਜ਼' ਦੇ ਸੁਘੜ ਪਾਠਕਾਂ ਨੇ ਕਾਨਾ ਸਿੰਘ ਦੀਆਂ ਲਿਖਤਾਂ ਨੂੰ ਗਾਹੇ-ਬ-ਗਾਹੇ ਖੂਬ ਹੁੰਗਾਰਾ ਭਰਿਆ ਹੈ। ਸੱਚਮੁੱਚ ਉਹ ਸ਼ਬਦਾਂ ਦੀ ਜਾਦੂਗਰ ਹੈ। ਉਹਦੀ ਹਰ ਲਿਖਤ ਸਹਿਜ ਅਤੇ ਸੁਹਜ ਦੀ ਤਸਦੀਕ ਹੋ ਨਿਬੜਦੀ ਹੈ। ਉਹ ਗੱਲਾਂ ਗੱਲਾਂ ਵਿਚ ਹੋਰ ਗੱਲਾਂ ਲਈ ਪਿੜ ਮੋਕਲਾ ਕਰਦੀ ਜਾਂਦੀ ਹੈ। ਖੌਰੇ ਇਸੇ ਕਰ ਕੇ ਉਹਦੀਆਂ ਰਚਨਾਵਾਂ ਵਿਚ ਇੰਨੀ ਰਵਾਨੀ ਹੈ। ਉਹਦੀ ਭਾਖਾ ਦੀ ਪੋਠੋਹਾਰੀ ਪੁੱਠ ਉਹਦੀ ਰਚਨਾ ਨੂੰ ਹੋਰ ਵੀ ਸੁਆਦਲੀ ਬਣਾ ਦਿੰਦੀ ਹੈ। 'ਸਿਰਫ ਚਾਰ ਦਿਨ' ਵਾਲਾ ਬਿਰਤਾਂਤ ਉਸ ਨੇ ਇਸ ਢੰਗ ਨਾਲ ਸਿਰਜਿਆ ਹੈ ਕਿ ਪਾਠਕ ਵੀ ਉਹਦੀ ਪੀੜ ਨਾਲ ਪੀੜ ਹੋਈ ਜਾਂਦਾ ਹੈ। ਇਹ ਪੀੜ ਨਿੱਜ ਤੋਂ ਪਰ ਵੱਲ ਸਫਰ ਕਰਦੀ ਪ੍ਰਤੀਤ ਹੁੰਦੀ ਹੈ। ਇਹ ਲੰਮਾ ਲੇਖ ਦੋ ਕਿਸ਼ਤਾਂ ਵਿਚ ਛਾਪਿਆ ਜਾ ਰਿਹਾ ਹੈ। ਦੂਜੀ ਕਿਸ਼ਤ ਅਗਲੇ ਅੰਕ ਵਿਚ ਛਾਪੀ ਜਾਵੇਗੀ। -ਸੰਪਾਦਕ*

# ਸਿਰਫ ਚਾਰ ਦਿਨ

"ਇਹ ਤੁਸਾਂ ਨੀ ਬਹੂੰ ਲਾਡਲੀ ਐ, ਇਸਕੀ ਵੀ ਤੈ ਆਖੋ ਨਾ ਦੋ-ਚਾਰ ਵਲਟੋਹੀਆਂ ਭਰ ਕੇ ਆਣੈ।" ਮਾਨਾ ਖਿਝ ਕੇ ਬੋਲੀ।

ਸ਼ਾਹਦਰੇ ਦੇ ਤੇਲੀਵਾੜੇ ਮੁਹੱਲੇ ਦੀ ਭੀੜੀ ਜਿਹੀ ਬੰਦ ਗਲੀ ਦੇ ਸ਼ੁਰੂ ਵਿਚ ਸੀ ਸਾਡਾ ਘਰ ਅਤੇ ਪਾਣੀ ਦਾ ਨਲਕਾ ਗਲੀ ਤੋਂ ਵੀ ਬਾਹਰ, ਖਾਸ ਤੇਲੀਵਾੜੇ ਦੇ ਚੌੜੇ ਲਾਂਘੇ ਵਿਚ। ਉਥੋਂ ਹੀ ਪਾਣੀ ਭਰਦੇ ਸਨ ਸਾਰੇ ਮੁਹੱਲੇ ਦੇ ਵਸਨੀਕ।

ਵਤਨੋਂ ਉਜੜ ਕੇ ਇਥੇ ਆ-ਟਿਕਣ ਨੂੰ ਹਾਲੇ ਦੋ ਤਿੰਨ ਸਾਲ ਹੀ ਹੋਏ ਸਨ। ਲੁੱਟੇ-ਪੁੱਟੇ। ਉਖੜੇ-ਪੁਖੜੇ। ਹਰ ਕੋਈ ਮੁੜ ਵੱਸਣ-ਕਮਾਣ ਦੀ ਜਦੋਜਹਿਦ ਵਿਚ ਸੀ। ਇਥੋਂ ਉਜੜ ਕੇ ਪਰਵਾਸ ਕਰ ਗਏ ਮੁਸਲਮਾਨਾਂ ਦੇ ਉਨ੍ਹਾਂ ਘਰਾਂ ਵਿਚ ਨਾ ਬਿਜਲੀ ਸੀ ਤੇ ਨਾ ਪਾਣੀ।

"ਕੋਈ ਭਰਨ ਤਾਂ ਦੇਵੈ, ਮੈਂਨ ਤੈ ਪਾਣੀ ਭਰਨਾ ਬਹੂੰ ਚੰਗਾ ਲਗਨਾ ਵੈ।" ਬਾਰ੍ਹਾਂ ਤੇਰ੍ਹਾਂ ਵਰ੍ਹਿਆਂ ਦੀ ਬਾਲੜੀ ਸਾਂ ਮੈਂ, ਮੈਂ ਵਲਟੋਹੀ ਚੁੱਕ ਲਈ।

"ਨਾ ਨੀ ਬੱਚੀਏ...।" ਮਾਂ ਮਨ੍ਹਾਂ ਕਰਦੀ ਰਹੀ, ਪਰ ਮੈਂ ਖੱਬੀ ਵੱਖੀ ਉਤੇ ਵਲਟੋਹੀ ਟਿਕਾਅ ਕੇ ਚਾਈਂ ਚਾਈਂ ਦੌੜ ਗਈ।

000

ਚਾਰ ਪੰਜ ਸਾਲਾਂ ਦੀ ਹੋਵਾਂਗੀ ਜਦੋਂ ਖੂਨੀ ਪੇਚਿਸ ਲੱਗੀ ਸੀ ਮੈਨੂੰ। ਬਚਣ ਦੀ ਉਮੀਦ ਨਹੀਂ ਸੀ ਰਹੀ। ਉਦੋਂ ਤੋਂ ਹੀ ਮੇਰੀਆਂ ਆਂਤੜੀਆਂ ਕਮਜ਼ੋਰ ਸਨ। ਵਜ਼ਨ ਚੁੱਕਣਾ ਬਚਪਨ ਤੋਂ ਹੀ ਮਨ੍ਹਾ ਸੀ ਮੇਰੇ ਲਈ। ਮੇਰੇ ਨਾਹੁਣ ਲਈ ਗੁਸਲਖਾਨੇ ਵਿਚ ਬਾਲਟੀ ਵੀ ਕੋਈ ਵੱਡਾ ਭਰਾ ਹੀ ਰੱਖ ਦੇਂਦਾ ਸੀ।

ਕਮਜ਼ੋਰ ਬਾਲਕ ਦਾ ਹੋਰਨਾਂ ਨਾਲੋਂ ਵੱਧ ਧਿਆਨ ਰੱਖਣਾ ਕਿਸੇ ਮਾਂ ਲਈ ਸੁਭਾਵਕ ਹੀ ਹੈ, ਪਰ ਮਾਨਾ ਇਸ ਨੂੰ ਲਾਡ ਸਮਝਦੀ ਸੀ ਅਤੇ ਆਪਣੇ ਨਾਲ ਵਿਤਕਰਾ ਵੀ।

ਵਲਟੋਹੀ ਮੈਂ ਭਰ ਕੇ ਲੈ ਆਈ।

ਆਪਣੀ ਹੋਸ਼ ਵਿਚ ਮੈਂ ਪਹਿਲੀ ਵਾਰ ਭਾਰ ਚੁੱਕਿਆ ਸੀ। ਬੜੀ ਖੁਸ਼ ਹੋਈ ਕਿ ਹੁਣ ਮੈਂ ਵੀ ਮਾਨਾ ਜਿੰਨੀ ਤਾਕਤਵਰ ਹੋ ਗਈ ਸਾਂ।

ਮੈਥੋਂ ਕੇਵਲ ਦੋ ਸਾਲ ਹੀ ਵੱਡੀ ਸੀ ਮਾਨਾ, ਪਰ ਵੇਖਣ ਨੂੰ ਚਾਰ ਪੰਜ ਸਾਲ ਵਡੇਰੀ ਜਾਪਦੀ ਸੀ। ਉਚੀ-ਲੰਮੀ, ਤੱਖੜ-ਕੱਦਾਵਰ, ਖੇਡਣ-ਕੁੱਦਣ ਦੀ ਆਦਤ, ਲੰਮੀਆਂ ਦੁਲਾਂਘਾ ਭਰਦੀ ਉਹ ਹੁਣ ਵੱਡਿਆਂ ਵਿਚ ਪੈਰ ਪਾਉਂਦੀ ਸੀ। ਉਸ ਦੀਆਂ ਸਹੇਲੀਆਂ ਵੀ ਉਸ ਜਿੱਡੀਆਂ ਜਾਂ ਉਸ ਤੋਂ ਵੀ ਵੱਡੀਆਂ ਹੁੰਦੀਆਂ।

ਕੁਝ ਬਾਲੜੀ ਜਾਣ ਕੇ ਤੇ ਕੁਝ ਉਪਰੋਤਲੀ ਦੀ ਸੁਭਾਵਕ ਈਰਖਾ ਕਾਰਨ ਮਾਨਾ ਮੈਨੂੰ ਕਦੇ ਨਾ ਰਲਾਂਦੀ ਆਪਣੇ ਝੁੰਡ ਵਿਚ।

ਇਕ ਦੋ ਤਿੰਨ। ਮੈਂ ਚਾਈਂ ਚਾਈਂ ਵਲਟੋਹੀਆਂ ਢੋਣ ਲੱਗੀ। ਬੜੀ ਖੁਸ਼ ਕਿ ਹੁਣ ਮੈਂ ਨਿੱਕੀ ਨਹੀਂ ਸਾਂ ਰਹੀ, ਮਾਨਾ ਦੇ ਬਰਾਬਰ ਹੋ ਗਈ ਸਾਂ। ਮਾਂ ਹੋੜਦੀ ਰਹੀ, ਪਰ ਮੈਂ ਆਖੇ ਨਾ ਲੱਗੀ।

ਕੱਲ੍ਹ ਵਾਂਗੂੰ ਯਾਦ ਹੈ ਉਸ ਤੋਂ ਅਗਲਾ ਦਿਨ।

000

ਮਾਰਚ-ਅਪਰੈਲ ਦਾ ਮਹੀਨਾ। ਵਿਸਾਖ ਦੀ ਰੁੱਤ। ਚਿੱਟੇ ਸੂਟ ਵਿਚ ਸਾਂ ਮੈਂ। ਚਿੱਟੀ ਪੁਸ਼ਾਕ ਦੀ ਮੈਂ ਮੁੱਢ ਤੋਂ ਹੀ ਸ਼ੌਕੀਨ ਸਾਂ।

ਗੁਲਾਟੀਦਾਰ ਗਲਾ, ਮੜ੍ਹੇ ਹੋਏ ਤਸਮੇਦਾਰ ਚਿੱਟੇ ਬਟਨਾਂ ਵਾਲਾ ਤੇ ਬੜੇ ਮਹੀਨ ਗੁਲਾਬੀ ਰੇਸ਼ਮ ਨਾਲ ਕੱਢੀ ਹੋਈ ਜਾਲੋਜਾਲ ਚਿੱਟੀ ਜਾਲੀ ਦੀ ਚੁੰਨੀ। ਇਸ ਚੁੰਨੀ ਦੀ ਕਢਾਈ ਸੰਪੂਰਨ ਕਰਨ ਵਿਚ ਮਾਂ ਨੇ ਪੂਰਾ ਮਹੀਨਾ ਲਾ ਦਿਤਾ ਸੀ। ਇਸ ਦਾ ਨਮੂਨਾ ਲਾਹੁਣ ਲਈ ਮੇਰੀਆਂ ਜਮਾਤਣਾਂ ਵਾਰੋ-ਵਾਰ ਚੁੰਨੀ ਆਪਣੀਆਂ ਮਾਵਾਂ ਕੋਲ ਲਿਜਾਂਦੀਆਂ ਰਹਿੰਦੀਆਂ।

ਕਜਲੇ ਦੀ ਲੰਮੀ ਧਾਰ ਅਤੇ ਉਡ ਉਡ ਪੈਂਦੇ ਵਾਲਾਂ ਨਾਲ ਡਾਢੀ ਖਿੜੀ-ਖਿੜੀ ਸਾਂ ਮੈਂ।

ਅੱਧੀ ਛੁੱਟੀ ਦਾ ਵੇਲਾ। ਅੱਡੀ-ਟੱਪਾ ਖੇਡ ਰਹੀਆਂ ਸਾਂ ਅਸੀਂ ਜਮਾਤਣਾਂ। ਮੇਰੀ ਵਾਰੀ ਆਈ।

ਕੁੱਦਦੀ ਵੱਲ ਸੈਨਤਾਂ ਕਰ ਕਰ ਕੇ ਅਚਾਨਕ ਸਾਰੀਆਂ ਦੀ ਹਾ... ਹਾ... ਹਾ... ਨੇ ਮੈਨੂੰ ਇਕਦਮ ਚੁਕੰਨਾ ਕਰ ਦਿਤਾ।

ਤੇ ਇਹ ਕੀ ਭਾਣਾ ਵਰਤ ਗਿਆ ਸੀ ਮੇਰੇ ਨਾਲ ਕਿ ਮੈਂ ਸਭ ਦੇ ਹਾਸੇ ਦਾ ਸ਼ਿਕਾਰ ਹੋ ਗਈ।

ਕੁੜੀਆਂ ਹੱਸੀ ਜਾਣ, ਹੱਸੀ ਜਾਣ ਤੇ ਮੈਂ ਬਹੁਤ ਹੀ ਘਬਰਾਈ ਹੋਈ, ਸ਼ਰਮਸਾਰ। ਕੀ ਵਾਪਰ ਗਿਆ ਸੀ? ਥਰ ਥਰ ਕੰਬਦੀ ਦੇ ਪਸੀਨੇ ਛੁੱਟ ਗਏ। ਕਾਂਤਾ ਪਿਸ਼ੌਰਨ ਮੈਥੋਂ ਵੱਡੀ ਸੀ, ਕੱਦਾਵਰ ਪਠਾਣੀ ਜਿਹੀ। ਉਹ ਮੈਨੂੰ ਖਿੱਚ ਕੇ ਇਕ ਪਾਸੇ ਲੈ ਗਈ।

"ਤੂੰ ਕਪੜੇ ਹੋਈ ਏਂ।"

"ਕੱਪੜੇ?" ਮੈਨੂੰ ਸਮਝ ਨਾ ਆਵੇ।

"ਪਿੱਛੇ ਤੱਕ! ਤੇਰੇ ਕਪੜੇ ਖੂਨੋ-ਖੂਨ ਨੇ।"

ਤੇ ਮੈਂ ਪਿੱਛੇ ਪਰਤ ਕੇ ਤੱਕਿਆ।

ਚਿੱਟੀ ਕਮੀਜ਼ ਦੇ ਪੇਛੇ ਉਪਰ ਸੂਹਾ-ਸੁਰਖ ਖੂਨੀ ਚਟਾਖ ਅਤੇ ਸਲਵਾਰ ਵੀ ਲਾਲੋ-ਲਾਲ, ਧਤੀਰੀਦਾਰ!

ਇਹ ਕੀ? ਸੱਟ ਤੇ ਕਿਧਰੇ ਨਹੀਂ ਸੀ ਲੱਗੀ ਤੇ ਨਾ ਹੀ ਕੋਈ ਜ਼ਖਮ। ਪੀੜ ਵੀ ਕੋਈ ਨਾ ਤੇ ਮੇਰੀ ਚਿੱਟੀ ਪੁਸ਼ਾਕ ਲਹੂ-ਲਹੂ ਸੀ। ਫੱਕ ਹੋ ਗਿਆ ਰੰਗ। ਜਿਵੇਂ ਸਕਤਾ ਮਾਰ ਗਿਆ ਹੋਵੇ।

"ਤੂੰ ਜੁਆਨ ਹੋ ਗਈ ਏਂ। ਹੁਣ ਤੈਨੂੰ ਹਰ ਮਹੀਨੇ ਖੂਨ ਪਿਆ ਕਰੇਗਾ। ਕਿਸੇ ਨੂੰ ਦੋ ਜਾਂ ਤਿੰਨ ਦਿਨ ਪੈਂਦਾ ਹੈ, ਕਿਸੇ ਨੂੰ ਚਾਰ ਦਿਨ ਤੇ ਕਿਸੇ ਕਿਸੇ ਨੂੰ ਛੇ ਵੀ। ਤੂੰ ਕਪੜਾ ਰੱਖ।"

"ਪਰ ਕਿਵੇਂ?" ਮੈਂ ਰੋਣ ਲੱਗ ਪਈ।

ਇੰਦਰ ਕੌਰ ਭੈਣ ਜੀ ਉਸ ਗੈਰ-ਸਰਕਾਰੀ, ਗਾਂਧੀ ਮੈਮੋਰੀਅਲ ਮਿਡਲ ਸਕੂਲ ਦੀ ਮੁੱਖ ਅਧਿਆਪਕਾ ਸਨ। ਉਨ੍ਹਾਂ ਤਕ ਖ਼ਬਰ ਪੁੱਜੀ ਤੇ ਮੈਨੂੰ ਕਾਂਤਾ ਨਾਲ ਘਰ ਤੋਰ ਦਿਤਾ ਗਿਆ।

ਕਾਂਤਾ ਦਾ ਘਰ ਸਕੂਲ ਕੋਲ ਹੀ ਸੀ, ਜੋੜਵਾਂ। ਉਨ੍ਹਾਂ ਦੇ ਘਰ ਦਾ ਮਾਹੌਲ ਖੁੱਲ੍ਹਾ ਡੁੱਲ੍ਹਾ ਸੀ, ਤਿੰਨ ਭੈਣਾਂ ਇਕੋ ਜਿਹੀਆਂ ਸੋਹਣੀਆਂ ਤੇ ਉਪਰੋਤਲੀ ਦੀਆਂ। ਭਰਾ ਡਾਕਟਰ ਤੇ ਭਰਜਾਈ ਵੀ ਸਹੇਲੀਆਂ ਵਰਗੀ।

ਕਾਂਤਾ ਦੀ ਭਾਬੀ ਨੇ ਮੈਨੂੰ ਕੱਪੜਾ ਰੱਖਣਾ ਸਿਖਾਇਆ, ਸੂਟ ਦੇ ਦਾਗ਼ ਧੋਤੇ। ਉਸ ਦੀ ਮਾਂ ਨੇ ਮੈਨੂੰ ਠੰਢਾ ਦੁੱਧ ਪਿਲਾਇਆ, ਅਰ ਦਿਲਾਸਾ ਦਿਤਾ।

ਘਬਰਾਈ ਘਬਰਾਈ ਘਰ ਗਈ ਤਾਂ ਇੰਝ ਲੱਗੇ ਜਿਵੇਂ ਮੈਂ ਕੋਈ ਦੋਸ਼ੀ ਹੋਵਾਂ। ਘੋਰ ਅਪਰਾਧ ਹੋ ਗਿਆ ਹੋਵੇ ਜਿਵੇਂ ਮੇਰੇ ਕੋਲੋਂ।


ਦੋ ਤਿੰਨ ਦਿਨ ਹੀ ਲੰਘੇ ਸਨ ਕਿ ਮੇਰੇ ਵੱਡੇ ਵੀਰ ਜੀ ਆ ਗਏ। ਬੰਗਲੌਰੋਂ। ਉਹ ਉਥੇ ਏਅਰ ਫੋਰਸ ਵਿਚ ਫਲਾਈਟ ਲੈਫ਼ਟੀਨੈਂਟ ਸਨ। ਪੰਜ ਸੱਤ ਦਿਨਾਂ ਵਿਚ ਹੀ ਉਨ੍ਹਾਂ ਮੇਰੀ ਅੰਗਰੇਜ਼ੀ ਦੀ ਲੋੜਵੀਂ ਤਿਆਰੀ ਕਰਵਾਈ ਅਤੇ ਦਿੱਲੀ ਦੇ ਜਾਮਾ ਮਸਜਿਦ ਖੇਤਰ ਸਥਿਤ, ਦਰੀਬਾ ਕਲਾਂ 'ਚ ਸਥਾਪਤ ਸਰਕਾਰੀ ਹਾਈ ਸਕੂਲ ਵਿਚ ਟੈਸਟ ਦੁਆ ਕੇ ਅਠਵੀਂ ਜਮਾਤ ਵਿਚ ਦਾਖ਼ਲ ਕਰਵਾ ਗਏ।

ਉਦੋਂ ਗੈਰ-ਸਰਕਾਰੀ ਸਕੂਲਾਂ ਦੀ ਕੋਈ ਮਾਨਤਾ ਨਹੀਂ ਸੀ। ਕਾਨਵੈਂਟ ਤਾਂ ਸਾਰੀ ਦਿੱਲੀ ਵਿਚ ਇਕ ਦੋ ਹੀ ਸਨ, ਅੰਗਰੇਜ਼ੀ ਰਾਜ ਵੇਲੇ ਦੇ। ਬਸ ਕੁਝ ਰਈਸਾਂ ਦੇ ਬੱਚੇ ਹੀ ਜਾਂਦੇ ਸਨ ਉਨ੍ਹਾਂ ਸਕੂਲਾਂ ਵਿਚ।

ਇੰਦਰਪ੍ਰਸਥ ਸਕੂਲ ਦੇ ਮੁਕਾਬਲੇ ਸਾਡੀ ਦਰੀਬੇ ਵਾਲੀ ਸਰਕਾਰੀ ਸਕੂਲ ਦੀ ਇਮਾਰਤ ਬੇਮਿਸਾਲ ਸੀ। ਖੁੱਲ੍ਹੇ ਹਵਾਦਾਰ ਕਮਰੇ ਤੇ ਹੇਠਾਂ ਲੰਮ-ਸਲੰਮੇ ਤਹਿਖ਼ਾਨੇ। ਤਹਿਖ਼ਾਨਿਆਂ ਵਿਚ ਲੈਬਾਰਟਰੀ, ਲਾਇਬਰੇਰੀ ਅਤੇ ਕਲਾਸਾਂ ਵੀ।

ਪਤਾ ਨਹੀਂ ਕਿਥੋਂ ਤੱਕ ਠੀਕ ਹੈ, ਪਰ ਸੁਣਿਆ ਕਰਦੇ ਸਾਂ ਕਿ ਇਹ ਇਮਾਰਤ ਮੁਗ਼ਲਾਂ ਦੇ ਵੇਲੇ ਦਾ ਹਸਪਤਾਲ ਸੀ। ਇਸ ਦੇ ਆਊਟ-ਹਾਊਸਾਂ ਵਿਚ ਪੱਛਮੀ ਪੰਜਾਬ ਤੋਂ ਉਜੜ ਕੇ ਆਏ ਬੜੇ ਪਰਿਵਾਰ ਰਹਿ ਰਹੇ ਸਨ। ਸੁਣਦੀ ਸਾਂ ਕਿ ਵੰਡ ਤੋਂ ਪਹਿਲਾਂ ਇਸ ਸਕੂਲ ਦਾ ਨਾਂ ਐਮ.ਬੀ. ਹਾਈ ਸਕੂਲ ਸੀ।

ਸਕੂਲ ਦੀਆਂ ਚਾਰ ਪੰਜ ਬੱਸਾਂ ਸਨ ਜੋ ਦੂਰ ਦੇਵ ਨਗਰ, ਅਨੰਦ ਪਰਬਤ, ਭੋਗਲ, ਆਸ਼ਰਮ ਜਾਂ ਮਹਿਰੌਲੀ ਤੱਕ ਦੀਆਂ ਵਿਦਿਆਰਥਣਾਂ ਨੂੰ ਲੈਣ-ਛੱਡਣ ਜਾਂਦੀਆਂ ਸਨ। ਵੰਡ ਤੋਂ ਪਹਿਲਾਂ ਇਸ ਸਕੂਲ ਦੀਆਂ ਬਾਹਲੀਆਂ ਵਿਦਿਆਰਥਣਾਂ ਨੇੜੇ ਦੀਆਂ ਬਸਤੀਆਂ ਚਿਤਲੀ ਕਬਰ, ਨਈ ਸੜਕ, ਦਿੱਲੀ ਗੇਟ, ਤੁਰਕਮਾਨ ਗੇਟ, ਚਾਵੜੀ ਬਜ਼ਾਰ, ਖਾਰੀ ਬਾਵਲੀ, ਪੁਲਬੰਗਸ਼ ਆਦਿ ਦੀਆਂ ਮੁਸਲਮਾਨ ਰਈਸਜ਼ਾਦੀਆਂ ਸਨ ਜਿਨ੍ਹਾਂ ਨੂੰ ਲੈਣ-ਛੱਡਣ ਲਈ ਘੋੜਾ-ਬੱਘੀਆਂ ਵੀ ਜਾਂਦੀਆਂ ਸਨ। ਇਹ ਬੱਘੀਆਂ ਹੁਣ ਧੂੜੋ-ਧੂੜ ਹੋਈਆਂ ਵਰਾਂਡਿਆਂ ਵਿਚ ਖਲੋਤੀਆਂ ਇਸ ਤੱਥ ਦੀ ਹਾਮੀ ਭਰਦੀਆਂ। ਇਨ੍ਹਾਂ ਬੱਘੀਆਂ ਦੇ ਘੋੜੇ ਕਿਥੇ ਗਏ? ਕੀ ਉਹ ਵੀ ਮੁਸਲਮਾਨ ਸਨ? ਮੈਂ ਸੋਚਦੀ।



*ਲਿਖਾਰੀ ਕਾਨਾ ਸਿੰਘ ਦੀ ਅੰਮੜੀ ਅਤੇ ਵੱਡੀ ਭੈਣ ਦੀ ਤਸਵੀਰ।*

ਆਉਂਦੀਆਂ ਤਾਂ ਹੁਣ ਵੀ ਸਨ ਸ਼ਮੀਮ, ਮੁਮਤਾਜ਼ ਤੇ ਜ਼ੁਲੈਖ਼ਾ ਵਰਗੀਆਂ ਮੇਰੀਆਂ ਮੁਸਲਮਾਨ ਸਹੇਲੀਆਂ, ਪਰ ਕਾਲੇ ਬੁਰਕਿਆਂ ਵਿਚ, ਤੇ ਪੈਦਲ ਹੀ।

ਮੇਰਾ ਦਾਖਲਾ ਅੱਠਵੀਂ ਜਮਾਤ ਦੀ ਏ ਡਿਵੀਜ਼ਨ ਵਿਚ ਹੋਇਆ। ਇਸ ਡਿਵੀਜ਼ਨ ਵਿਚ ਅੰਗਰੇਜ਼ੀ ਅਤੇ ਹਿਸਾਬ ਵਿਚ ਕਾਬਲ ਕੁੜੀਆਂ ਨੂੰ ਦਾਖਲ ਕੀਤਾ ਜਾਂਦਾ ਸੀ। ਉਦੋਂ ਗਣਿਤ, ਰੇਖਾ ਗਣਿਤ ਜਾਂ ਬੀਜ ਗਣਿਤ ਅਤੇ ਅਰਥਸ਼ਾਸਤਰ ਅਰ ਸਰੀਰ-ਵਿਗਿਆਨ ਆਦਿ ਵਿਸ਼ੇ ਹਾਲਾਂ ਅੰਗਰੇਜ਼ੀ ਮਾਧਿਅਮ ਰਾਹੀਂ ਹੀ ਪੜ੍ਹਾਏ ਜਾਂਦੇ ਸਨ। ਅੱਠਵੀਂ ਜਮਾਤ ਦੇ ਪੰਜ ਡਿਵੀਜ਼ਨ ਸਨ। ਬਾਕੀ ਦੇ ਚਾਰ ਡਿਵੀਜ਼ਨਾਂ ਦਾ ਮੁੱਖ ਵਿਸ਼ਾ ਗਣਿਤ ਦੀ ਥਾਂ ਤੇ ਗ੍ਰਹਿ-ਵਿਗਿਆਨ ਹੁੰਦਾ ਸੀ, ਕਿਉਂਕਿ ਹਰ ਸਾਲ ਦੇ ਮੈਟ੍ਰਿਕ ਦੇ ਬੋਰਡ ਦੇ ਇਮਤਿਹਾਨ ਵਿਚ ਇਸ ਸਕੂਲ ਜਾਂ ਇੰਦਰਪ੍ਰਸਥ ਸਕੂਲ ਦੀ ਕੁੜੀ ਹੀ ਅੱਵਲ ਆਉਂਦੀ ਸੀ, ਇਸ ਲਈ ਏ. ਡਿਵੀਜ਼ਨ ਦੀਆਂ ਕੁੜੀਆਂ ਉਤੇ ਮਿਹਨਤ ਦੀ ਖਾਸ ਕਰੜਾਈ ਕੀਤੀ ਜਾਂਦੀ ਸੀ।

ਸਕੂਲ ਦੀਆਂ ਜ਼ਿਆਦਾ ਵਿਦਿਆਰਥਣਾਂ ਦਰੀਬੇ ਅਤੇ ਚਾਂਦਨੀ ਚੌਕ ਦੇ ਸਰਾਫ਼ਾਂ ਅਤੇ ਪੁਰਾਣੀ ਦਿੱਲੀ ਦੇ ਧਨਾਢ ਵਪਾਰੀਆਂ ਦੀਆਂ ਧੀਆਂ ਹੋਣ ਕਾਰਨ ਵੰਨ-ਸੁਵੰਨੇ ਰੇਸ਼ਮੀ ਸ਼ਰਾਰੇ-ਸੂਟਾਂ ਅਤੇ ਸਾੜ੍ਹੀਆਂ ਵਿਚ ਤਾਂ ਆਉਂਦੀਆਂ ਹੀ, ਨਾਲ ਹੀ ਉਹ ਰੋਜ਼ ਬਦਲ-ਬਦਲ ਕੇ ਸੋਨੇ ਦੀਆਂ ਦਰਜਨਾਂ ਚੂੜੀਆਂ ਅਤੇ ਛਾਪਾਂ-ਛੱਲੇ ਵੀ ਪਾਂਦੀਆਂ-ਮਟਕਾਂਦੀਆਂ ਦਿਸਦੀਆਂ। ਸਕੂਲ ਉਨ੍ਹਾਂ ਦੇ ਰਿਹਾਇਸ਼ੀ ਇਲਾਕੇ ਵਿਚ ਹੀ ਹੋਣ ਕਾਰਨ ਇਨ੍ਹਾਂ ਅਮੀਰਜ਼ਾਦੀਆਂ ਦੇ ਨੌਕਰ ਅੱਧੀ ਛੁੱਟੀ ਵੇਲੇ ਰੇਸ਼ਮੀ ਰੁਮਾਲਾਂ ਨਾਲ ਢਕੇ ਰੋਟੀ ਦੇ ਥਾਲ ਲੈ ਕੇ ਆਉਂਦੇ।

ਸਕੂਲ ਵਿਚ ਅਜੇ ਵਰਦੀ ਲਾਗੂ ਨਹੀਂ ਸੀ ਹੋਈ। ਵੰਨ-ਸੁਵੰਨੇ ਕੀਮਤੀ ਬਸਤਰ, ਮੇਚਵੇਂ ਕਲਿੱਪ ਅਤੇ ਗਾਨੀਆਂ ਤੇ ਕ੍ਰੇਪ ਸੋਲ ਦੇ ਤਰ੍ਹਾਂ ਤਰ੍ਹਾਂ ਦੇ ਬੂਟਾਂ-ਸੈਂਡਲਾਂ ਅਤੇ ਦੋ ਦੋ ਗੁੱਤਾਂ ਵਾਲੀਆਂ ਉਨ੍ਹਾਂ ਫ਼ੈਸ਼ਨਦਾਰ ਨੱਢੀਆਂ ਸਾਹਵੇਂ ਆਪਣੇ ਸੂਤੀ ਸੂਟ, ਸਿੱਧੇ ਚੀਰ ਵਿਚ ਵਾਹੇ ਵਾਲਾਂ ਦੀ ਇਕੋ ਗੁੱਤ, ਗਾਂਧੀ ਚੱਪਲ ਅਤੇ ਢਕੇ ਸਿਰ ਨਾਲ ਘੁਟੀ ਘੁਟੀ ਹੋਣ ਕਾਰਨ ਮੇਰੇ ਕੋਲ ਆਪਣੀ ਲਿਆਕਤ ਤੋਂ ਸਿਵਾ ਹੋਰ ਕੁਝ ਵੀ ਨਹੀਂ ਸੀ ਮਾਣ ਕਰਨ ਲਈ।

ਕਸ਼ਮੀਰੀ ਗੇਟ ਤੋਂ ਆਉਂਦੀ ਕਰੁਣਾ, ਮੇਰੀ ਜਮਾਤਣ ਇਕ ਕਲਰਕ ਦੀ ਚੌਥੀ ਧੀ ਸੀ। ਮਾਂ ਉਸ ਦੀ ਘਰ ਵਿਚ ਮਸ਼ੀਨ ਰੱਖ ਕੇ ਸਿਲਾਈ ਦਾ ਕੰਮ ਕਰਦੀ ਸੀ। ਕਰੁਣਾ ਕੋਲ ਜੇਬ ਖ਼ਰਚ ਨਹੀਂ ਸੀ ਹੁੰਦਾ। ਉਹ ਕਿਤਾਬਾਂ ਦੀਆਂ ਕੁੰਜੀਆਂ ਅਰ ਚਾਂਦਨੀ ਚੌਕ ਦੀਆਂ ਕਿਤਾਬ-ਦੁਕਾਨਾਂ ਤੋਂ ਇਕ-ਇਕ ਆਨੇ ਦੇ ਕਿਰਾਏ ਉਤੇ ਲੈ ਕੇ ਮੇਰੇ ਅਤੇ ਸੁਚਿੰਤਾ ਦੇ ਪੜ੍ਹਨ ਵਾਲੇ ਗੁਲਸ਼ਨ ਨੰਦਾ, ਪ੍ਰੇਮ ਚੰਦ, ਟੈਗੋਰ ਆਦਿ ਦੇ ਨਾਵਲ ਅਤੇ ਮਾਯਾ, ਮਨੋਹਰ ਕਹਾਣੀਆਂ ਵਰਗੇ ਮਾਸਿਕ ਪੱਤਰ ਵੀ ਸਾਥੋਂ ਹੀ ਮੰਗ ਕੇ ਪੜ੍ਹਦੀ ਸੀ। ਹੋਰ ਤਾਂ ਹੋਰ ਅੱਧੀ ਛੁੱਟੀ ਵੇਲੇ ਸਕੂਲ ਦੀ ਟੱਕ-ਸ਼ੋਪ ਤੋਂ ਲਏ ਸਾਡੇ ਸਮੋਸੇ, ਕਚਾਲੂ, ਪੂਰੀਆਂ, ਛੋਲੇ, ਟਿੱਕੀਆਂ, ਕਚੌਰੀਆਂ ਵੀ ਵੰਡਾ ਲੈਂਦੀ, ਪਰ ਕਿਉਂਕਿ ਉਹ ਦੋ ਗੁੱਤਾਂ ਕਰਦੀ ਸੀ ਅਤੇ ਉਸ ਦੇ ਕਪੜੇ ਭਾਵੇਂ ਮੈਥੋਂ ਹਲਕੇ ਵੀ ਹੋਣ, ਉਹ ਕਸਵੇਂ-ਫਬਵੇਂ ਅਤੇ ਫੈਸ਼ਨਦਾਰ ਹੁੰਦੇ ਸਨ, ਇਸ ਲਈ ਜਿਸ ਹੀਣ-ਭਾਵ ਦੀ ਮੈਂ ਸ਼ਿਕਾਰ ਸਾਂ, ਕਰੁਣਾ ਉਸ ਤੋਂ ਮੁਕਤ ਸੀ।

ਤਿੰਨ ਦਿਨ ਲੰਘ ਗਏ। ਚਾਰ ਤੇ ਫਿਰ ਛੇ ਵੀ। ਮੇਰੀ ਮਾਹਵਾਰੀ ਬੰਦ ਨਾ ਹੋਈ। ਘਰ ਦੇ ਖੂੰਜਿਆਂ ਵਿਚੋਂ ਪੁਰਾਣੇ ਕੱਪੜੇ ਲੱਭਾਂ। ਲਾਚਾਰੀ ਵਿਚ ਕਦੇ ਕੋਈ ਨਵਾਂ ਵੀ ਫਾੜ ਲਵਾਂ ਤੇ ਫੇਰ ਮਾਂ ਨੂੰ ਪਤਾ ਲੱਗ ਜਾਣ ਦਾ ਖ਼ੌਫ਼। ਡਰੀ-ਤ੍ਰਹਿਕੀ ਹੀ ਰਹਿੰਦੀ ਮੈਂ। ਮਾਨਾ ਦਾ ਬੜਾ ਸਹਾਰਾ ਹੋਣਾ ਸੀ, ਪਰ ਜੇ ਉਹ ਸਖੀ-ਭੈਣ ਹੁੰਦੀ ਤਾਂ। ਉਸ ਦੀ ਮਾਰ ਅਤੇ ਸ਼ਿਕਾਇਤਾਂ ਤੋਂ ਡਰੀ ਰਹਿੰਦੀ ਸਾਂ ਮੈਂ।

ਦਿਲਜੀਤ ਮੇਰੀ ਸਹੇਲੀ ਸੀ। ਮੈਥੋਂ ਦੋ ਸਾਲ ਵੱਡੀ ਅਤੇ ਗੁਆਂਢਣ ਵੀ। ਕਦੇ ਉਹ ਵੀ ਆਪਣੇ ਘਰੋਂ ਕੋਈ ਪੁਰਾਣਾ ਕੱਪੜਾ ਲਿਆ ਦੇਂਦੀ। ਪੈਡ ਉਦੋਂ ਨਹੀਂ ਸਨ ਕਿਸੇ ਤੱਕੇ-ਸੁਣੇ।

ਤਿੰਨ ਹਫ਼ਤੇ ਵੀ ਲੰਘ ਗਏ। ਖੂਨ ਪੈਣੋਂ ਨਾ ਹਟਿਆ। ਗੂੜ੍ਹਾ ਕਾਲਾ ਤੇ ਵਿਚ-ਵਿਚ ਸ਼ਾਹ ਕਾਲੇ ਲੋਥੜੇ। ਧਤੀਰੀਆਂ ਦੀਆਂ ਧਤੀਰੀਆਂ। ਜ਼ਖਮੋ-ਜ਼ਖਮ ਚੱਡੇ ਤੇ ਲਾਸਾਂ। ਲਥਪਥ ਕੱਪੜਿਆਂ ਨਾਲ ਰਗੜਾਂ ਖਾ-ਖਾ ਕੇ ਵਲੂੰਧਰੇ ਜਾਂਦੇ ਮੇਰੇ ਪੱਟ। ਮੈਂ ਚੌੜੀਆਂ ਕਰ ਕੇ ਖੁੱਲ੍ਹੀਆਂ ਲੱਤਾਂ ਨਾਲ ਤੁਰਨਾ ਅਤੇ ਦੌੜ-ਦੌੜ ਕੇ ਸਟੇਸ਼ਨ ਤੋਂ ਗੱਡੀ ਫੜਨੀ। ਸ਼ਾਹਦਰੇ ਤੋਂ ਪੁਰਾਣੀ ਦਿੱਲੀ ਰੇਲ ਉਤੇ ਤੇ ਫੇਰ ਸਟੇਸ਼ਨ ਤੋਂ ਸਕੂਲ ਤਕ ਪੈਦਲ। ਰਹੇ ਰੱਬ ਦਾ ਨਾਂ।

ਮਾਂ ਚੁੱਪ-ਚੁੱਪ ਸਭ ਵੇਖਦੀ, ਭਾਂਪਦੀ। ਚਿੰਤਾਤੁਰ ਤੇ ਹਮਦਰਦ ਵੀ, ਪਰ ਖੁੱਲ੍ਹ ਕੇ ਗੱਲ ਨਾ ਕਰਦੀ। ਬਸ ਖ਼ਾਮੋਸ਼ ਮਦਦਗਾਰ ਹੀ।

ਮਾਂ ਨੇ ਮੈਨੂੰ ਦੋ ਸੁਥਣਾਂ ਸੁਆ ਦਿੱਤੀਆਂ। ਇਕ ਕਾਲੀ ਤੇ ਇਕ ਨਸਵਾਰੀ। ਕਈ ਵੇਰਾਂ ਲਹੂ ਵਗ-ਵਗ ਕੇ ਗਿੱਟਿਆਂ ਤੱਕ ਵੀ ਪੁੱਜ ਜਾਂਦਾ, ਪਰ ਇਹ ਸੁੱਥਣਾਂ ਮੇਰਾ ਪਰਦਾ ਢੱਕ ਦੇਂਦੀਆਂ।

ਏਧਰ ਮਾਂ ਦਾ ਮਾਸਿਕ ਧਰਮ ਵੀ ਅਖ਼ੀਰਲੇ ਪੜਾਅ 'ਤੇ ਸੀ। ਹਫ਼ਤੇ, ਮਹੀਨੇ ਲਗਾਤਾਰ। ਉਸ ਦੀ ਮਾਨਸਿਕ ਪੀੜ ਅਤੇ ਅਤਿ ਦਾ ਗੁੱਸਾ ਸੁਭਾਵਕ ਹੀ ਸੀ।

"ਤੈਂ ਨ ਆਖਿਆ ਸੀ ਭਾਰ ਨਾ ਚੁੱਕ, ਜਿੰਨਣੀਏ। ਹੁਣ ਦਸ ਮੈਂ ਕੇ ਕਰਾਂ?" ਡਾਢੀ ਖਿਝਦੀ ਮਾਂ।

ਉਹ ਕਦੇ ਮੈਨੂੰ ਸ਼ਿਕੰਜਵੀ ਦੇਂਦੀ, ਕਦੇ ਲੱਸੀ। ਕਦੇ ਦਹੀਂ ਵਿਚ ਪੀਠਾ ਸੁੱਕਾ ਧਨੀਆ ਤੇ ਸ਼ੱਕਰ। ਕਦੇ ਠੰਢੇ ਦੁੱਧ ਵਿਚ ਦੇਸੀ ਖੰਡ, ਗੂੰਦ-ਕਤੀਰਾ ਅਤੇ ਇਸਬਗੋਲ। ਘਰੇਲੂ ਔੜ-ਤੋੜ ਮਾਂ ਕਰਦੀ ਰਹੀ।

ਦਿਲਜੀਤ ਦੇ ਨਾਲ ਵਾਲਾ ਜੋਤਵਾਂ ਘਰ ਦਿੱਲੀ ਦੇ ਮੂਲ ਵਸਨੀਕਾਂ ਦਾ ਸੀ। ਉਨ੍ਹਾਂ ਦੇ ਸਾਂਝੇ-ਕਬੀਲੇਦਾਰ ਪਰਿਵਾਰ ਦੀਆਂ ਘੁੰਡਦਾਰ, ਮੈਲੀਆਂ-ਕੁਚੈਲੀਆਂ ਅਨਪੜ੍ਹ ਬਹੂਆਂ ਵਿਚੋਂ ਸਭ ਤੋਂ ਨਿੱਕੀ ਬਹੂ ਦੀ ਦਿਲਜੀਤ ਨਾਲ ਬੋਲਚਾਲ ਸੀ, ਕੋਠਿਓਂ ਕੋਠੇ। ਦਿਲਜੀਤ ਨੇ ਮੈਨੂੰ ਉਸ ਨਾਲ ਮਿਲਾ ਕੇ ਮੇਰੀ ਪਰੇਸ਼ਾਨੀ ਦੱਸੀ।

"ਅਪਨੀ ਮਾਹਵਾਰੀ ਕੇ ਖੂਨ ਸੇ ਘਰ ਕੇ ਪਾਖਾਨਾ-ਘਰ ਕੀ ਦੀਵਾਰ ਪਰ ਅਪਨੀ ਤੀਸਰੀ ਦਾਈਂ ਉਂਗਲੀ ਸੇ ਸਾਤ ਲਕੀਰੇਂ ਖੀਂਚ ਕਰ ਉਪਰ ਸੇ ਕਾਟਾ ਮਾਰ ਦੋ। ਖੂਨ ਬੰਦ ਹੋ ਜਾਏਗਾ।" ਉਸ ਆਖਿਆ।

"ਯੇਹ ਏਕ ਟੂਨਾ ਟੋਟਕਾ ਹੋਤਾ ਹੈ।" ਉਸ ਦੇ ਸ਼ਬਦ ਸਨ।

ਭੈਣਾਂ ਭਰਾਵਾਂ ਵਾਲਾ ਭਰਿਆ ਘਰ। ਮੈਂ ਕੰਧ ਉਤੇ ਖੂਨੀ ਕਾਟਾ ਕਿਵੇਂ ਵਾਹੁੰਦੀ। ਬੜਾ ਸੋਚ ਕੇ ਤਰਕੀਬ ਸੁੱਝੀ। ਕਾਗਜ਼ ਉਤੇ ਸੱਤ ਖੂਨੀ ਲਕੀਰਾਂ ਪਾ ਕੇ, ਕਾਟਾ ਮਾਰ, ਮੈਂ ਘਰ ਦੇ ਪਿਛਵਾੜੇ ਦੇ ਵੀਰਾਨ ਅਹਾਤੇ ਵਿਚ ਸੁੱਟ ਦਿੱਤਾ। ਪਰ ਕੀ ਹੋਣਾ ਸੀ?

ਅੰਬ, ਖਰਬੂਜ਼ੇ, ਪਪੀਤੇ, ਮੀਟ-ਮੁਰਗਾ, ਮੱਛੀ, ਸਭ ਗਰਮ ਚੀਜ਼ਾਂ ਬੰਦ ਹੋ ਗਈਆਂ। ਬਚਪਨ ਵਿਚ ਖੂਨੀ ਪੇਚਿਸ ਅਤੇ ਨਕਸੀਰਾਂ ਕਾਰਨ ਉਂਝ ਵੀ ਮਾਂ ਗਰਮੀਆਂ ਵਿਚ ਇਨ੍ਹਾਂ ਗਜ਼ਾਵਾਂ ਦਾ ਮੇਰੇ ਲਈ ਪ੍ਰਹੇਜ਼ ਰਖਦੀ ਸੀ ਅਤੇ ਸੱਤੂ, ਸਰਦਾਈਆਂ ਵਰਗੀਆਂ ਠੰਢੀਆਂ ਚੀਜ਼ਾਂ ਦੀ ਹੀ ਭਰਤੀ ਰੱਖਦੀ ਸੀ, ਪਰ ਹੁਣ ਤੇ ਵੈਦ ਜੀ ਦੀ ਹਦਾਇਤ ਅਨੁਸਾਰ ਮੇਰੀ ਕਣਕ ਦੀ ਰੋਟੀ ਵੀ ਬੰਦ ਹੋ ਗਈ।

ਵੈਦ ਦਾ ਕਹਿਣਾ ਸੀ ਕਿ ਕਣਕ ਦੀ ਤਾਸੀਰ

(ਬਾਕੀ ਅਗਲੇ ਸਫੇ 'ਤੇ)

# ਲੜਾਈ ਤੋਂ ਲੜਕੇ ਤੱਕ ਦਾ ਸਫਰ!

ਸ਼ਬਦ ਝਰੋਖਾ



ਬਲਜੀਤ ਬਾਸੀ

ਫੋਨ: 734-259-9353

ਰੂਪ ਅਤੇ ਅਰਥ ਪੱਖੋਂ ਸ਼ਬਦਾਂ ਦੇ ਵਿਕਾਸ ਦਾ ਅਧਿਐਨ ਕਰਨ ਲਈ ਸਾਨੂੰ ਆਪਣਾ ਜਾਲ ਦੇਸ਼ ਅਤੇ ਕਾਲ ਦੇ ਪਸਾਰ ਵਿਚ ਦੂਰ ਤੱਕ ਸੁੱਟਣਾ ਚਾਹੀਦਾ ਹੈ। ਸਾਡੀ ਭਾਸ਼ਾ ਵਿਚ ਪ੍ਰਾਪਤ ਕਿਸੇ ਸ਼ਬਦ ਦੀ ਅਜੋਕੀ ਨੁਹਾਰ ਬਣਨ ਵਿਚ ਸਦੀਆਂ ਲੱਗੀਆਂ ਹੋ ਸਕਦੀਆਂ ਹਨ, ਫਿਰ ਬਹੁਤੇ ਸ਼ਬਦ ਕੇਵਲ ਪੰਜਾਬ ਵਿਚ ਹੀ ਨਹੀਂ ਸਗੋਂ ਪੂਰੇ ਉਤਰੀ ਭਾਰਤ ਦੀਆਂ ਹਿੰਦ-ਆਰੀਆਈ ਭਾਸ਼ਾਵਾਂ ਦੇ ਖਿੱਤੇ ਵਿਚ ਫੈਲੇ ਹੋਏ ਹਨ। ਸ਼ਬਦਾਂ ਦੇ ਅਸਲ ਤੱਕ ਪੁੱਜਣ ਲਈ ਕੋਈ ਸਿੱਧੀ ਡੰਡੀ ਨਹੀਂ ਜਾਂਦੀ। ਸੋ ਸ਼ਬਦ ਦਾ ਅਧਿਐਨ ਜੇ ਇਸ ਦੇ ਵਰਤਮਾਨ ਵਿਚ ਉਪਲਬਧ ਰੂਪ ਨੂੰ ਹੀ ਸਾਹਮਣੇ ਰੱਖ ਕੇ ਕੀਤਾ ਜਾਵੇ ਤਾਂ ਅਜਿਹੇ ਯਤਨ ਦੇ ਸਿੱਟੇ ਲਾਜ਼ਮੀ ਅਪ੍ਰਮਾਣਿਕ ਹੀ ਨਹੀਂ, ਸਗੋਂ ਕਈ ਹਾਲਤਾਂ ਵਿਚ ਹਾਸੋਹੀਣੇ ਹੀ ਹੋਣਗੇ। ਪਿਛਲੇ ਦੋ ਲੇਖਾਂ ਵਿਚ ਅਸੀਂ ਜਲੌਰ ਸਿੰਘ ਖੀਵਾ ਦੇ ਨਿਬੰਧ ਵਿਚ ਅੰਗਰੇਜ਼ੀ ਦੇ ਪ੍ਰਭਾਵ ਅਧੀਨ ਬਣੇ ਪੰਜਾਬੀ ਸ਼ਬਦਾਂ ਦਾ ਚੌੜ-ਚਾਨਣ ਦੇਖ ਆਏ ਹਾਂ। ਉਸ ਦਾ ਇਕ ਹੋਰ ਲੇਖ ਹੈ 'ਪੰਜਾਬੀ ਭਾਸ਼ਾ ਵਿਚ ਬਹੁ-ਅਰਥਕ ਸ਼ਬਦਾਂ ਦੀ ਉਤਪਤੀ ਤੇ ਵਿਕਾਸ' ਜਿਸ ਵਿਚ ਉਸ ਨੇ ਆਪਣੇ ਵਲੋਂ ਸ਼ਬਦ ਦੇ ਬਹੁਅਰਥੀ ਹੋਣ ਦੀ ਪ੍ਰਕਿਰਿਆ ਵਲ ਝਾਤ ਪੁਆਈ ਹੈ। ਉਸ ਨੇ ਧਾਰਨਾ ਪੇਸ਼ ਕੀਤੀ ਹੈ ਕਿ ਮਾਨਵੀ ਚੇਤਨਾ ਅਤੇ ਸਭਿਆਚਾਰ ਦੇ ਵਿਕਾਸ ਕਾਰਨ ਇਕੋ ਸ਼ਬਦ ਨੂੰ ਲੋੜ ਅਨੁਸਾਰ ਹੋਰ ਪ੍ਰਸੰਗਾਂ ਵਿਚ ਵਰਤੇ ਜਾਣ ਦੇ ਫਲਸਰੂਪ ਇਸ ਦੇ ਕਈ ਅਰਥ ਉਜਾਗਰ ਹੋ ਗਏ। ਪ੍ਰਗਟ ਤੌਰ 'ਤੇ ਇਹ ਆਮ ਜਿਹੀ ਧਾਰਨਾ ਠੀਕ ਹੈ ਜਿਸ 'ਤੇ ਬਹੁਤਾ ਕਿੰਤੂ ਨਹੀਂ ਹੋ ਸਕਦਾ, ਹਾਲਾਂ ਕਿ ਕਿਸੇ ਸ਼ਬਦ ਦੇ ਬਹੁਅਰਥੀ ਹੋਣ ਪਿਛੇ ਹੋਰ ਕਈ ਕਾਰਨ ਵੀ ਹੁੰਦੇ ਹਨ। ਮਸਲਾ ਤਾਂ ਇਹ ਹੈ ਕਿ ਜਿਸ ਸ਼ਬਦ ਦਾ ਵਿਸ਼ਲੇਸ਼ਣ ਹੋ ਰਿਹਾ ਹੈ, ਉਸ ਦੀ ਹਸਤੀ ਦੀ ਥਾਹ ਪਾਉਣ ਲਈ ਕਿੰਨੀ ਦੂਰ ਤੱਕ ਗਏ ਹਾਂ।

ਇਸ ਵਿਚ ਦੋ ਰਾਵਾਂ ਨਹੀਂ ਹੋ ਸਕਦੀਆਂ ਕਿ ਪੰਜਾਬੀ ਦਾ ਵਿਕਾਸ ਵਖ ਵਖ ਕੌਮਾਂ ਦੀਆਂ ਭਾਸ਼ਾਵਾਂ ਦੇ ਲੈਣ-ਦੇਣ ਨਾਲ ਹੋਇਆ ਹੈ ਤੇ ਆਪਣੀਆਂ ਵਿਸ਼ੇਸ਼ ਭਾਸ਼ਾਈ ਅਤੇ ਸਭਿਆਚਾਰਕ ਜੁਗਤਾਂ ਅਨੁਸਾਰ ਉਨ੍ਹਾਂ ਭਾਸ਼ਾਵਾਂ ਦੀਆਂ ਧੁਨੀਆਂ ਤੇ ਸ਼ਬਦਾਂ ਨੂੰ ਆਪਣੇ ਵਿਚ ਜਜ਼ਬ ਕੀਤਾ ਹੈ। ਅਸੀਂ ਦੇਖਾਂਗੇ ਕਿ ਲੇਖਕ ਨੇ ਆਪਣੀ ਇਸ ਧਾਰਨਾ ਨੂੰ ਅਵਿਗਿਆਨਕ ਤੇ ਮਕੈਨਕੀ ਢੰਗ ਨਾਲ ਲਾਗੂ ਕਰਕੇ ਕਿੰਨੇ ਗਲਤ ਸਿੱਟੇ ਕਢੇ ਹਨ।

ਉਸ ਨੇ 'ਲੜ' ਸ਼ਬਦ ਦੇ ਵਿਸ਼ਲੇਸ਼ਣ ਤੋਂ ਆਪਣੀ ਗੱਲ ਸ਼ੁਰੂ ਕੀਤੀ ਹੈ ਜੋ 'ਭਾਸ਼ਾ ਵਿਗਿਅਨ ਦੀ ਦ੍ਰਿਸ਼ਟੀ ਤੋਂ 'ਲ' ਤੇ 'ੜ' ਦੋ ਧੁਨੀਆਂ (ਵਿਅੰਜਨਾਂ) ਦਾ ਸੁਮੇਲ ਹੈ।' ਲੜ ਸ਼ਬਦ ਦਾ ਇਕ ਅਰਥ ਹੈ ਪੱਲਾ, ਸਿਰਾ ਆਦਿ ਜਿਵੇਂ ਪੱਗ ਜਾਂ ਚੁੰਨੀ ਦਾ। ਪਰ ਲੜ ਸ਼ਬਦ ਦਾ ਇਕ ਹੋਰ ਅਰਥ ਵੀ ਹੈ ਜੋ ਲੜਨ ਕਿਰਿਆ ਵਿਚ ਯਾਨਿ ਝਗੜਨ, ਭਿੜਨ ਦਾ ਭਾਵ ਸਮਾਈ ਬੈਠਾ ਹੈ। ਪੰਜਾਬੀ ਕੌਮ ਨੂੰ ਇਤਿਹਾਸਕ ਤੌਰ 'ਤੇ ਸੰਗਰਾਮੀ ਸਥਿਤੀਆਂ ਵਿਚ ਵਿਚਰਦੇ ਰਹਿਣ ਕਾਰਨ ਪੰਜਾਬੀਆਂ ਦੇ ਲੜਨ-ਭਿੜਨ ਦੇ ਸੁਭਾਅ ਦੇ ਅਨੁਸਾਰੀ ਬਣਾਉਂਦਿਆਂ ਲੇਖਕ ਨੇ ਨਤੀਜਾ ਕਢਿਆ ਹੈ ਕਿ ਸਭ ਤੋਂ ਪਹਿਲਾਂ ਲੜਾਈ ਦੇ ਭਾਵਾਂ ਵਾਲਾ 'ਲੜ' ਸ਼ਬਦ ਕਿਰਿਆ ਦੇ ਰੂਪ ਵਿਚ ਸਾਹਮਣੇ ਆਇਆ ਕਿਉਂਕਿ ਲੜਾਈ ਇਕ ਸਰਗਰਮ ਕਿਰਿਆ ਹੈ ਜੋ ਪੰਜਾਬੀਆਂ ਦੇ ਸੁਭਾਅ ਦੇ ਅਨੁਕੂਲ ਹੈ। ਫਿਰ ਲੜ ਸ਼ਬਦ ਦੀ 'ੜ' ਧੁਨੀ ਖੜਕਵੀਂ ਹੋਣ ਕਾਰਨ ਕੁਦਰਤੀ ਤੌਰ 'ਤੇ ਰੋਹ ਤੇ ਗੁੱਸੇ ਦੇ ਪ੍ਰਗਟਾਵੇ ਲਈ ਅਨੁਕੂਲ ਹੈ ਜੋ ਕਿ ਪੰਜਾਬੀਆਂ ਦੀ ਖੜਕੇ-ਦੜਕੇ ਵਾਲੀ ਫਿਤਰਤ ਨਾਲ ਖੂਬ ਮੇਲ ਖਾਂਦੀ ਹੈ। ਸਭ ਤੋਂ ਪਹਿਲਾਂ ਦੱਸ ਦੇਈਏ ਕਿ ਲੜਨ ਦੇ ਅਰਥਾਂ ਵਾਲਾ ਲੜ ਸ਼ਬਦ ਪੰਜਾਬੀ ਵਿਚ ਹੀ ਨਹੀਂ ਬਲਕਿ ਗੁਜਰਾਤ ਤੋਂ ਲੈ ਕੇ ਆਸਾਮ ਤੱਕ ਅਤੇ ਕਸ਼ਮੀਰ ਤੋਂ ਲੈ ਕੇ ਵਿੰਧੀਆਚਲ ਤੱਕ ਲਗਭਗ ਸਾਰੀਆਂ ਹਿੰਦ-ਆਰੀਆਈ ਭਾਸ਼ਾਵਾਂ ਵਿਚ ਇਨ੍ਹਾਂ ਹੀ ਅਰਥਾਂ ਵਿਚ ਮੌਜੂਦ ਹੈ। ਇਸ ਤੱਥ ਤੋਂ ਕੀ ਨਤੀਜਾ ਕਢੀਏ? ਕੀ ਇਹ ਸ਼ਬਦ ਜੂਝਦੇ ਪੰਜਾਬ ਵਿਚ ਪੈਦਾ ਹੋਇਆ ਤੇ ਦੂਰ ਤੱਕ ਫੈਲ ਗਿਆ? ਜੀਵਨ ਨੂੰ ਕਾਇਮ ਰੱਖਣ ਲਈ ਦੁਨੀਆਂ ਭਰ ਦੀਆਂ ਸਭਿਆਤਾਵਾਂ ਨੂੰ ਸੰਘਰਸ਼ ਕਰਨਾ ਪਿਆ ਤੇ ਅਜਿਹੀ ਪ੍ਰਕਿਰਿਆ ਲਈ ਸਭ ਕੋਲ ਆਪਣਾ ਆਪਣਾ ਸ਼ਬਦ ਹੈ ਜੋ ਜ਼ਰੂਰੀ ਨਹੀਂ ਖੜਕਵਾਂ ਹੋਵੇ। ਕੀ ਪੰਜਾਬੀਆਂ ਦੀ ਲੜਾਈ ਸਭ ਤੋਂ ਖੜਕਵੀਂ ਸੀ?



ਇਸ ਸਬੰਧ ਵਿਚ ਪਹਿਲਾ ਉਜ਼ਰ ਤਾਂ ਇਹ ਹੈ ਕਿ ਲੇਖਕ ਨੂੰ ਲੜਾਈ ਦੇ ਅਰਥਾਂ ਵਾਲੇ 'ਲੜ' ਸ਼ਬਦ ਦੀਆਂ ਜੜਾਂ ਦਾ ਹੀ ਪਤਾ ਨਹੀਂ, ਉਹ ਇਸ ਨੂੰ ਸਦਾ ਤੋਂ ਇਸੇ ਰੂਪ ਵਿਚ ਕਾਇਮ ਕਲਪਦਾ ਹੈ। ਟਰਨਰ ਅਨੁਸਾਰ ਲੜਾਈ ਦੇ ਭਾਵਾਂ ਵਾਲੇ ਲੜ ਸ਼ਬਦ ਦਾ ਧਾਤੂ 'ਲਡ' ਹੈ ਜਿਸ ਵਿਚ ਕ੍ਰੀੜਾ ਕਰਨ, ਹਿੱਲਣ-ਜੁੱਲਣ ਆਦਿ ਦੇ ਭਾਵ ਹਨ। 'ਮਹਾਨ ਕੋਸ਼' ਨੇ ਵੀ ਇਸ ਦੀ ਪੁਸ਼ਟੀ ਕੀਤੀ ਹੈ, "ਲੜਨਾ:ਲਡ (ਜੀਭ) ਹਿਲਾਉਣਾ. ਝਗੜਨਾ। (2) ਯੁੱਧ ਕਰਨਾ, ਭਿੜਨਾ। (3) ਕੱਟਣਾ. ਵੱਢਣਾ. ਡੰਗ ਮਾਰਨਾ।" 'ਮਹਾਨ ਕੋਸ਼' ਅਕਸਰ ਅਰਥਾਂ ਦੀਆਂ ਵਿਭਿੰਨ ਪ੍ਰਛਾਈਆਂ ਨੂੰ ਰਲਗੱਡ ਕਰ ਦਿੰਦਾ ਹੈ, ਜਿਵੇਂ ਇਥੇ ਕੀਤਾ ਗਿਆ ਹੈ। ਗ. ਸ. ਰਿਆਲ ਨੇ ਲਡ ਧਾਤੂ ਤੋਂ ਲੜਨ ਦੇ ਭਾਵ ਵਿਕਸਿਤ ਹੋਣ ਦੀ ਵਿਆਖਿਆ ਇਸ ਤਰ੍ਹਾਂ ਕੀਤੀ ਹੈ, "ਲੜਨ ਦਾ ਮੂਲ ਭਾਵ ਹਿੱਲਣਾ-ਜੁੱਲਣਾ, ਹਲਚਲ ਮਚਾਉਣਾ ਜਾਪਦਾ ਹੈ, ਜਿਸ ਦਾ ਸਬੰਧ 'ਗੜਬੜ, ਹੰਗਾਮੇ' ਨਾਲ ਜਾ ਜੁੜਦਾ ਹੈ।" ਇਸ ਤਰ੍ਹਾਂ ਪਾਠਕ ਦੇਖਣਗੇ ਕਿ ਲੜਾਈ ਦੇ ਪਿਛੇ ਹਿਲਜੁਲ ਵਾਲੇ ਭਾਵ ਗਹਿਗੱਚ ਖੜਕਵੀਂ ਲੜਾਈ ਦੇ ਭਾਵਾਂ ਤੋਂ ਕਿੰਨੇ ਦੂਰ ਹਨ। 'ਮਿਰਚਾਂ ਲੜਨ', 'ਠੂਹਾਂ ਲੜਨ', 'ਮੱਖ ਲੜਨ' ਜਾਂ 'ਅੱਖਾਂ ਲੜਨ' ਜਿਹੀਆਂ ਉਕਤੀਆਂ ਵਿਚ ਲੜਨ ਸ਼ਬਦ ਦੇ ਅਰਥ ਖੜਕਵੀਂ ਲੜਾਈ ਤੋਂ ਉਰੇ ਰਹਿ ਜਾਂਦੇ ਹਨ। ਇਥੇ ਭਾਵ ਗੜਬੜਾਉਣ ਦਾ ਵਧੇਰੇ ਹੈ।

ਖੀਵਾ ਸਾਹਿਬ ਦੀ ਵਿਸ਼ਾਲ ਤੇ ਵਿਕੋਲਿਤਰੀ ਭਾਸ਼ਾ-ਵਿਗਿਆਨਕ ਸੂਝ ਦੇਖੋ ਕਿ ਉਨ੍ਹਾਂ ਲੜਾਈ-ਝਗੜੇ ਦੇ ਅਰਥਾਂ ਵਾਲੇ 'ਲੜ' ਸ਼ਬਦ ਨੂੰ ਪੱਗ-ਚੁੰਨੀ ਵਾਲੇ ਲੜ ਨਾਲ ਜੋੜ ਦਿੱਤਾ। ਇਸ ਅਰਥ-ਵਿਕਾਸ ਦਾ ਪਿਛੋਕੜ ਵੀ ਬੜਾ ਰਾਂਗਲਾ ਬੰਨ੍ਹ ਦਿੱਤਾ। ਸਭਿਆਚਾਰ ਦੇ ਵਿਕਾਸ ਵਿਚ ਜੀਵਨ ਸ਼ੈਲੀ ਆਪਸੀ ਸਬੰਧਾਂ 'ਤੇ ਆਧਾਰਤ ਹੁੰਦੀ ਹੈ, ਸੋ ਲੜਾਈ ਦੀਆਂ ਦੋ ਧਿਰਾਂ ਦੇ ਭੇੜ ਜਾਂ ਟਕਰਾਅ ਦੇ ਅਰਥਾਵੇਂ ਲੜ ਸ਼ਬਦ ਦੇ ਅਰਥ ਸਬੰਧ, ਸੁਮੇਲ ਦੇ ਅਰਥਾਂ ਵਿਚ ਪਲਟ ਗਏ। ਖੀਵਾ ਸਾਹਿਬ ਦੇ ਤਰਕ ਅਨੁਸਾਰ ਤਾਂ ਸ਼ਬਦਾਂ ਦੇ ਅਰਥ ਕਿਸੇ ਤਰ੍ਹਾਂ ਵੀ ਵਟ ਸਕਦੇ ਹਨ ਸਿਰਫ ਦਿਮਾਗੀ ਕਸਰਤ ਦੀ ਜ਼ਰੂਰਤ ਹੈ। ਜਦ ਸ਼ਬਦਾਂ ਦੀ ਗੱਲ ਹੋ ਰਹੀ ਹੈ ਤਾਂ ਇਨ੍ਹਾਂ ਦੇ ਆਪਣੇ ਇਤਿਹਾਸ 'ਤੇ ਵੀ ਜ਼ਰਾ ਝਾਤੀ ਮਾਰ ਲੈਣੀ ਚਾਹੀਦੀ ਹੈ, ਕਿਤੇ ਗੱਲ ਹੋਰ ਪਾਸੇ ਤਾਂ ਨਹੀਂ!

ਪੱਲੂ, ਸਿਰੇ ਦੇ ਅਰਥਾਂ ਵਾਲੇ 'ਲੜ' ਸ਼ਬਦ ਵਿਚ ਵੀ ਹਿੱਲਣ-ਜੁੱਲਣ ਦੇ ਅਰਥਾਂ ਵਾਲਾ 'ਲਡ' ਧਾਤੂ ਹੀ ਕੰਮ ਕਰ ਰਿਹਾ ਹੈ ਪਰ ਇਥੇ 'ਲਡ' ਪਹਿਲਾਂ 'ਲਟ' ਵਿਚ ਪਲਟਿਆ ਤੇ ਇਸ ਵਿਚ ਲਟਕਣ ਦੇ ਭਾਵ ਆਏ ਤੇ ਫਿਰ ਇਸ ਤੋਂ ਲੜ ਬਣਿਆ, ਜਿਸ ਵਿਚ ਕੱਪੜੇ ਆਦਿ ਦਾ ਲਟਕਦਾ ਭਾਗ, ਪੱਲਾ, ਕੰਨੀ, ਲਟਕਣ ਵਾਲੀ ਕੋਈ ਚੀਜ਼ ਵਾਲੇ ਅਰਥ ਆਏ। ਦਰਅਸਲ, ਲਟਕ ਅਤੇ ਲਟਕਣਾ ਸ਼ਬਦ ਵੀ ਇਸੇ ਤੋਂ ਬਣੇ ਹਨ। ਧਿਆਨ ਦਿਉ ਲਟਕਣਾ ਸ਼ਬਦ ਵਿਚ ਵਿਚਕਾਰ ਹੋਣਾ, ਰੁਕਣਾ ਦੇ ਭਾਵ ਵੀ ਆ ਗਏ ਹਨ ਜਿਵੇਂ ਕਿਸੇ ਕੰਮ ਦਾ ਲਟਕਣਾ। ਅੰਗਰੇਜ਼ੀ Hang ਅਤੇ Suspend ਸ਼ਬਦਾਂ ਦੇ ਵੀ ਇਹੋ ਦੋ ਭਾਵ ਹਨ। ਇਸੇ ਸ਼ਬਦ ਦਾ ਅਗਲੇਰਾ ਵਿਕਾਸ ਹੈ ਲਹਿੰਦੀ ਦਾ ਲੜਕਣਾ, ਜਿਸ ਦਾ ਅਰਥ ਝੂਲਣਾ, ਲਟਕਣਾ ਹੀ ਹੈ, "ਕੰਨੀਂ ਸੋਹਣੇ ਬੂੰਦੇ, ਤੇ ਬੂੰਦੇ ਵਾਂਗ ਕਨਾਰਾਂ ਲੜ੍ਹਕਣ।" ਵਾਲਾਂ ਦਾ ਗੁੱਛਾ, ਜ਼ੁਲਫ਼ ਦੇ ਅਰਥਾਂ ਵਾਲਾ 'ਲਟ', 'ਲਿਟ' ਤੇ 'ਲਟੂਰੀ' ਵੀ ਇਸੇ ਕੜੀ ਦੇ ਸ਼ਬਦ ਹਨ।

ਜਨਾਬ ਖੀਵਾ ਨੇ ਮਕੈਨਕੀ ਜਿਹੇ ਢੰਗ ਨਾਲ ਅਰਥਾਂ ਦੀ ਕੁੰਡੀ ਨਾਲ ਕੁੰਡੀ ਜੋੜਦਿਆਂ ਅਖੀਰ ਵਿਚ ਇਕ ਹੋਰ ਕੁੰਡੀ ਜੋੜ ਲਈ ਹੈ, ਅਖੇ 'ਲੜਕਾ' ਸ਼ਬਦ ਵੀ ਲੜ ਤੋਂ ਹੀ ਬਣਿਆ ਹੈ। ਇਸ ਨੂੰ ਪੰਜਾਬੀ ਸਭਿਆਚਾਰ ਵਿਚ ਵਿਚਰਦੀ ਵਿਰਾਸਤ ਦੀ ਰਵਾਇਤ ਨਾਲ ਜੋੜ ਦਿੱਤਾ ਹੈ। ਸਾਡੇ ਸਭਿਆਚਾਰ ਵਿਚ ਨਰ-ਸੰਤਾਨ ਜ਼ਮੀਨ-ਜਾਇਦਾਦ ਦੀ ਵਾਰਸ ਬਣਦੀ ਹੈ। ਵਾਰਸ ਹੀ ਨਹੀਂ ਔਲਾਦ ਪ੍ਰਲੋਕ ਵਿਚ ਵੀ ਅਗਲੇਰੇ ਸਬੰਧ ਜੋੜਨ ਜਾਂ ਗੰਢਣ ਦਾ ਇਕ ਵਸੀਲਾ ਹੈ। 'ਲੜ' ਸ਼ਬਦ ਦੇ ਸਬੰਧ ਜੋੜਨ ਵਾਲੇ ਅਰਥਾਂ ਕਾਰਨ ਇਸ ਸ਼ਬਦ ਦੇ ਪਿੱਛੇ ਵਿਸ਼ੇਸ਼ਣਸੂਚਕ ਪਿਛੇਤਰ 'ਕਾ' ਲਗ ਕੇ ਮੁੰਡਾ ਦੇ ਅਰਥਾਂ ਵਾਲਾ ਸ਼ਬਦ 'ਲੜਕਾ' ਬਣ ਗਿਆ ਕਿਉਂਕਿ ਲੜਕਾ ਵਿਰਾਸਤ ਦਾ ਲੜ ਅੱਗੇ ਫੜਾਉਂਦਾ ਹੈ ਅਰਥਾਤ ਅਗਲੇਰੇ ਜੀਵਨ ਨਾਲ ਜੋੜਦਾ ਹੈ, ਲੌਕਿਕ ਪੱਧਰ 'ਤੇ ਵੀ ਤੇ ਪਰਲੋਕ ਪੱਧਰ 'ਤੇ ਵੀ। ਕਿਆ ਅਜੀਬ ਤਰਕ ਹੈ। ਕਹਿਣਾ ਹੋਵੇਗਾ ਕਿ ਦੁਨੀਆਂ ਦੀਆਂ ਬਹੁਤ ਸਾਰੀਆਂ ਸਭਿਅਤਾਵਾਂ ਵਿਚ ਲੜਕਾ ਹੀ ਵਿਰਾਸਤ ਦਾ ਹੱਕਦਾਰ ਹੈ, ਪੰਜਾਬੀ ਰਵਾਇਤ ਕੋਈ ਵੱਖਰੀ ਨਹੀਂ। ਪਰ ਸਾਡੇ ਇਤਰਾਜ਼ ਦਾ ਮੁੱਖ ਕਾਰਨ ਹੋਰ ਹੈ। ਨਿਰੁੱਕਤਕਾਰਾਂ ਅਨੁਸਾਰ ਬਾਲਕ, ਮੁੰਡੇ ਦੇ ਅਰਥਾਂ ਵਾਲਾ ਲੜਕਾ ਸ਼ਬਦ ਸੰਸਕ੍ਰਿਤ 'ਲਡਿਕਾ' ਦਾ ਬਦਲਿਆ ਰੂਪ ਹੈ। ਭਗਤ ਤ੍ਰਿਲੋਚਨ ਨੇ ਪੁੱਤਰ ਦੇ ਅਰਥਾਂ ਵਿਚ 'ਲੜਿਕੇ' ਸ਼ਬਦ ਵਰਤਿਆ ਹੈ, 'ਅੰਤਿ ਕਾਲਿ ਜੋ ਲੜਿਕੇ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ॥" ਸੰਸਕ੍ਰਿਤ ਲਡਿਕਾ ਦਾ ਅਰਥ ਮੁੰਡੂ, ਨੌਕਰ ਵੀ ਹੈ। ਮੁੰਡੇ ਦੇ ਅਰਥਾਂ ਵਾਲੇ ਸ਼ਬਦਾਂ ਵਿਚ ਨੌਕਰ ਦਾ ਭਾਵ ਆਮ ਹੀ ਆ ਜਾਂਦਾ ਹੈ, ਪੰਜਾਬੀ ਮੁੰਡੇ ਤੋਂ ਮੁੰਡੂ ਬਣਿਆ। ਚੌਧਵੀਂ ਸਦੀ ਵਿਚ ਅੰਗਰੇਜ਼ੀ 'ਬੁਆਏ' ਵਿਚ ਨੌਕਰ ਦਾ ਭਾਵ ਸੀ। 'ਲਡਿਕਾ' ਜਿਸ ਤੋਂ ਅੱਗੇ 'ਲੜਿਕਾ' ਤੇ 'ਲੜਕਾ' ਦਾ ਵਿਕਾਸ ਹੋਇਆ ਹੈ, 'ਲਡ' ਧਾਤੂ ਤੋਂ ਬਣਿਆ। 'ਲਡ' ਵਿਚ ਲਾਡ ਕਰਨ, ਦੁਲਾਰਨ, ਪੁਚਕਾਰਨ, ਕਲੋਲ ਕਰਨ ਦੇ ਭਾਵ ਹਨ। ਸੋ ਲਡਿਕਾ ਜਾਂ ਲੜਕਾ ਦਾ ਸ਼ਾਬਦਿਕ ਅਰਥ ਬਣਦਾ ਹੈ, 'ਜਿਸ ਨਾਲ ਲਾਡ ਕੀਤਾ ਜਾਵੇ।' ਲਾਡ, ਲਾਡਲਾ ਅਤੇ ਲਾੜਾ ਵੀ ਇਸੇ ਧਾਤੂ ਤੋਂ ਬਣੇ ਹਨ। ਲਡ ਦਾ ਇਕ ਜੁੜਵਾਂ ਧਾਤੂ ਹੈ 'ਲਲ' ਜਿਸ ਵਿਚ ਵੀ 'ਲਡ' ਜਿਹੇ ਹੀ ਭਾਵ ਹੈ। ਲੱਲਾ ਜਿਵੇਂ 'ਰਾਮ ਲੱਲਾ' ਆਦਿ ਸ਼ਬਦ ਇਸੇ ਧਾਤੂ ਦੀ ਸੰਤਾਨ ਹੈ।

ਸ਼ਬਦਾਂ ਦੇ ਅਰਥਾਂ ਦਾ ਵਿਕਾਸ ਉਲੀਕਣ ਸਮੇਂ ਬਾਹਰੀ ਤਰਕ ਨੂੰ ਨਹੀਂ ਠੋਸਣਾ ਚਾਹੀਦਾ ਬਲਕਿ ਸ਼ਬਦ ਦੇ ਆਪਣੇ ਇਤਿਹਾਸ ਦੇ ਵੇਰਵਿਆਂ ਨੂੰ ਫਰੋਲਣਾ ਹੁੰਦਾ ਹੈ।

ਸ੍ਰੀ ਖੀਵੇ ਵਲੋਂ ਛੇੜੀ ਸ਼ਬਦਾਂ ਦੀ ਇਸ ਚਰਚਾ ਵਿਚ ਸਭਿਆਚਾਰਕ-ਸਮਾਜਕ-ਭਾਸ਼ਾ-ਵਿਗਿਆਨਕ ਪਿੱਠਭੂਮੀ 'ਤੇ ਜ਼ੋਰ ਦਿੱਤਾ ਗਿਆ ਹੈ, ਜਦ ਕਿ ਚਰਚਿਤ ਸ਼ਬਦਾਂ ਦਾ ਆਪਣਾ ਇਤਿਹਾਸ ਕੀ ਕਹਿੰਦਾ ਹੈ, ਉਸ ਬਾਰੇ ਗਿਆਨ ਦਾ ਕੋਈ ਪ੍ਰਮਾਣ ਨਹੀਂ ਦਿੱਤਾ ਜਿਸ ਤੋਂ ਉਸ ਦੀਆਂ ਧਾਰਨਾਵਾਂ ਦੀ ਪੁਸ਼ਟੀ ਹੋ ਸਕੇ। ਖੀਵਾ ਜੀ ਦਾ ਇਹ ਲੇਖ ਪੜ੍ਹਨ ਪਿਛੋਂ ਮੈਂ ਆਪਣੇ ਲੜਕੇ ਨੂੰ ਪੁੱਛਿਆ, ਤੈਨੂੰ ਪਤਾ ਹੈ, ਲੜਾਈ ਅਤੇ ਲੜਕਾ ਸ਼ਬਦ ਸਬੰਧਤ ਹਨ? ਉਸ ਨੇ ਜਵਾਬ ਦਿੱਤਾ, "ਹਾਂ, ਲੜਕੇ ਲੜਾਕੇ ਹੀ ਹੁੰਦੇ ਹਨ।"

# ਸਿਰਫ ਚਾਰ ਦਿਨ

*(ਪਿਛਲੇ ਸਫੇ ਦੀ ਬਾਕੀ)*

ਗਰਮ ਹੁੰਦੀ ਹੈ। ਹੁਣ ਮੈਨੂੰ ਚਾਵਲ, ਨਸ਼ਾਸਤੇ ਜਾਂ ਮੂੰਗ ਦੇ ਆਟੇ ਦੀ ਰੋਟੀ ਮਿਲਣ ਲੱਗੀ। ਨਾਲ ਹੀ ਘਰ ਵਿਚ ਲਗਭੱਗ ਰੋਜ਼ ਹੀ ਬਣਦੇ ਮਾਸਾਹਾਰੀ ਆਹਾਰ ਦੀ ਥਾਂ 'ਤੇ ਮਾਂ ਮੈਨੂੰ ਦੇਸੀ ਘਿਓ ਵਿਚ ਪਾਲਕ, ਟਮਾਟਰ, ਪਨੀਰ ਜਾਂ ਮਲਾਈ ਦੀ ਸਬਜ਼ੀ ਦੇਣ ਲੱਗੀ। ਉਸ ਮੇਰੇ ਲਈ ਫਲਾਂ ਦੀ ਭਰਤੀ ਵੀ ਵਧਾ ਦਿੱਤੀ।

ਹੁਣ ਤੱਕ ਆਂਢ-ਗੁਆਂਢ ਦੀਆਂ ਵਡੇਰੀਆਂ ਅਤੇ ਚਾਚੀਆਂ-ਮਾਸੀਆਂ ਨੂੰ ਵੀ ਮੇਰੇ ਗੁੱਝੇ ਰੋਗ ਦੀ ਖ਼ਬਰ ਹੋ ਚੁੱਕੀ ਸੀ। ਹਰ ਕੋਈ ਆਪਣੀ ਅਕਲ, ਸਮਝ ਅਤੇ ਤਜਰਬੇ ਮੁਤਾਬਕ ਕੁਝ ਨਾ ਕੁਝ ਮਸ਼ਵਰਾ ਦੇ ਜਾਂਦੀ। ਉਨ੍ਹਾਂ ਦੀਆਂ ਤਰਸ ਭਰੀਆਂ ਨਜ਼ਰਾਂ ਅਤੇ 'ਹਾਇ ਸ਼ੁਹਦੀ ਬਾਲੜੀ ਤੇ ਇਹ ਬਿਮਾਰੀ' ਕਰਦੇ ਗੋਸ਼ੇ ਮੈਨੂੰ ਹੋਰ ਨਿਘਾਰਦੇ।

ਉਂਝ ਤਾਂ ਮੇਰੀ ਮਾਂ ਦੇ ਘਰੇਲੂ ਇਲਾਜ ਅਤੇ ਉਸ ਦੀਆਂ ਵਿਰਸੇ ਵਿਚ ਲਈਆਂ, ਸਾਂਭੀਆਂ ਅਤੇ ਅਜ਼ਮਾਈਆਂ ਹੋਈਆਂ ਜੜੀਆਂ ਬੂਟੀਆਂ ਅਤੇ ਟੋਟਕਿਆਂ ਦੀਆਂ ਪਿੱਛੇ ਗੁਜਰਖਾਨ ਅਤੇ ਇਥੇ ਵੀ ਦੂਰ ਦੂਰ ਦੇ ਮੁਹੱਲਿਆਂ ਵਿਚ ਧੁੰਮਾਂ ਸਨ। ਮਾਂ ਉਜਾੜੇ ਦੇ ਪਰਵਾਸ ਵੇਲੇ ਭਰਿਆ-ਭਕੁੰਨਾ ਘਰ ਤਾਂ ਛੋੜ ਆਈ ਪਰ ਆਪਣੀਆਂ ਔੜ੍ਹਾਂ ਪੌੜ੍ਹਾਂ ਦੀ ਸੰਜੋੜੀ ਹੋਈ ਲਕੜੀ ਦੀ ਸੰਦੂਕੜੀ ਇੰਝ ਸੰਭਾਲ ਕੇ ਲਿਆਈ ਜਿਵੇਂ ਇਸ ਵਿਚ ਉਸ ਦੀ ਗਹਿਣੇ-ਗੱਟੇ ਸਮੇਤ ਸਗਲੀ ਰਾਸ-ਪੂੰਜੀ ਹੋਵੇ। ਜਦੋਂ ਮਾਂ ਫਰੀਦਕੋਟੋਂ ਦਿੱਲੀ ਆ ਰਹੀ ਸੀ, ਮਾਲ ਗੱਡੀ ਦੇ ਜੁੜੇ ਪਿਸਟਨਾਂ 'ਤੇ ਬੈਠੀ ਹੋਈ ਸਣੇ ਇਸ ਸੰਦੂਕੜੀ ਦੇ ਤਾਂ ਢਿਚਕੂੰ-ਢਿਚਕੂੰ ਤੁਰਦੀ ਮਾਲ-ਗੱਡੀ ਦੇ ਡੱਬੇ ਅਚਾਨਕ ਵੱਖ ਹੋ ਗਏ। ਹੇਠਾਂ ਲੁੜ੍ਹਕਦੀ ਮਾਂ ਦੀ ਸੰਦੂਕੜੀ ਥੱਲੇ ਜਾ ਡਿੱਗੀ। ਉਸ ਨੂੰ ਫੜਨ ਲਈ ਅਹੁਲਦੀ ਨੂੰ ਨਾਲ ਬੈਠੇ ਮੁਸਾਫ਼ਰਾਂ ਨੇ ਪੜੁੱਛ ਸੰਭਾਲ ਲਿਆ। ਮਸਾਂ-ਮਸਾਂ ਬਚੀ ਮਾਂ, ਪਰ ਉਸ ਸੰਦੂਕੜੀ ਦਾ ਬਗੋਚਾ ਉਸ ਨੂੰ ਸਦਾ ਉਦਾਸ ਕਰਦਾ ਰਿਹਾ।

ਚੰਬਲ ਦੇ ਇਲਾਜ ਲਈ ਮਾਂ ਨੇ ਖ਼ਾਸ ਲੋਹੇ ਦੇ ਭਾਂਡੇ ਰੱਖੇ ਹੋਏ ਸਨ ਜਿਨ੍ਹਾਂ ਵਿਚ ਬੜੇ ਦਿਨ ਲਾ ਕੇ ਉਹ ਕਣਕ ਦਾ ਤੇਲ ਤਿਆਰ ਕਰਦੀ। ਇਹ ਲੁੱਕ ਵਰਗਾ ਕਾਲਾ ਸ਼ਾਹ ਤੇ ਗਾੜ੍ਹਾ ਤੇਲ ਪੁਰਾਣੇ ਤੋਂ ਪੁਰਾਣੇ ਚੰਬਲ ਨਾਲ ਗਲੇ ਹੋਏ ਪਾਕੋ-ਪਾਕ ਹੱਥਾਂ ਪੈਰਾਂ ਨੂੰ ਸਾਫ਼ ਅਤੇ ਨੌ-ਬਰ-ਨੌ ਕਰ ਦੇਂਦਾ। ਗਰਮੀਆਂ ਦੀ ਰੁੱਤ ਵਿਚ ਸਵੇਰ-ਸਾਰ ਹੀ ਸਾਡੇ ਘਰ ਦੇ ਵਿਹੜੇ ਵਿਚ ਕੁੱਛੜ ਚੁੱਕੀ ਅਤੇ ਉਂਗਲ ਲਾਈ ਬਾਲਾਂ ਦੀਆਂ ਮਾਵਾਂ ਦੀ ਭੀੜ ਲੱਗ ਜਾਂਦੀ। ਕਿਸੇ ਬਾਲ ਨੂੰ ਫੋੜੇ ਫਿਨਸੀਆਂ ਤੇ ਕਿਸੇ ਦੀਆਂ ਅੱਖਾਂ ਆਈਆਂ ਹੁੰਦੀਆਂ। ਬੜੇ ਹੀ ਧੀਰਜ ਨਾਲ ਮਾਂ ਫਟਕੜੀ ਵਾਲੇ ਉਬਲੇ ਹੋਏ ਪਾਣੀ ਵਿਚ ਰੂੰ ਦਾ ਬੁੜਾ ਸੇੜ ਸੇੜ ਕੇ ਨਿਚੋੜਦੀ ਹੋਈ ਬਾਲਕਾਂ ਦੀਆਂ ਗਿੱਦਾਂ ਸਾਫ਼ ਕਰਦੀ ਤੇ ਫੇਰ ਆਪਣੇ ਹੱਥੀਂ ਪੀਠੇ ਅਤੇ ਕੱਪੜ ਛਾਣ ਕੀਤੇ ਚਾਸਕੂੰ ਦੀ ਚੂੰਢੀ ਉਨ੍ਹਾਂ ਦੀਆਂ ਅੱਖਾਂ ਵਿਚ ਪਾਂਦੀ।... ਬਸ ਤ੍ਰੈ ਦਿਨ ਤੇ ਅੱਖਾਂ ਬਿਲਕੁਲ ਠੀਕ।

ਇਕੋਤਰ ਸੌ (ਇਕ ਸੌ ਇਕ) ਵਾਰ ਪਾਣੀ ਵਿਚ ਮੱਖਣ ਦਾ ਪੇੜਾ ਧੋਂਦੀ ਮਾਂ ਨਾਲੋ ਨਾਲ ਮੂੰਹ ਵਿਚ ਮੂਲਮੰਤਰ ਦਾ ਪਾਠ ਕਰਦੀ ਰਹਿੰਦੀ। ਕੋਲ ਰੱਖੀ ਬਾਟੀ ਵਿਚ ਪਏ ਇਕ ਸੌ ਇਕ ਛੋਲੇ ਜਾਂ ਰਾਜਮਾਂਹ ਦੇ ਦਾਣਿਆਂ ਨੂੰ ਇਕ-ਇਕ ਧੋਣੀ ਨਾਲ ਇਕ-ਇਕ ਦਾਣਾ ਚੁਕਦੀ ਉਹ ਖਾਲੀ ਕਟੋਰੀ ਵਿਚ ਰੱਖੀ ਜਾਂਦੀ। ਇਸ ਕਿਰਿਆ ਵਿਚ ਲੀਨ ਮਾਂ ਮੈਨੂੰ ਬਿਲਕੁਲ ਗੁਜਰਖਾਨ ਦੀ ਸਾਧਵੀ, ਮਾਈ ਕਾਕੀ ਲੱਗਦੀ। ਹਾਂ, ਤਾਂ ਇਸ ਇਕੋਤਰੀ-ਨਹਾਤੇ ਮੱਖਣ ਵਿਚ ਮਾਂ ਨੀਲਾ ਥੋਥਾ ਅਤੇ ਗੰਧਕ ਰਲਾ ਕੇ ਮਲ੍ਹਮ ਤਿਆਰ ਕਰਦੀ ਜਿਹੜੀ ਉਹ ਫਟਕੜੀ ਨਾਲ ਧੋਤੇ ਹੋਏ ਬਾਲਕਾਂ ਦੇ ਫੋੜੇ ਫਿਨਸੀਆਂ ਉਪਰ ਚੋਪੜਦੀ ਜਾਂਦੀ।

ਹਰੜ ਬਹੇੜੇ ਅਤੇ ਆਮਲਾ ਪੀਹ ਕੇ ਮਾਂ ਤ੍ਰਿਫ਼ਲਾ ਤਿਆਰ ਕਰਦੀ ਜਿਸ ਵਿਚ ਪੀਠੀ ਹੋਈ ਸੁੰਢ ਅਤੇ ਕਾਲਾ ਲੂਣ ਅਰ ਕਾਲੀ ਮਿਰਚ ਪੀਹ-ਛਾਣ ਕੇ ਰਲਾਂਦੀ ਅਤੇ ਭਿਓਂ ਕੇ ਇਸ ਮਿਕਸਚਰ ਦੀਆਂ ਗੋਲੀਆਂ ਬਣਾ ਲੈਂਦੀ। ਏਥੇ ਹੀ ਬਸ ਨਹੀਂ, ਉਹ ਨਿੰਮ ਦੇ ਪੱਤਿਆਂ ਨੂੰ ਵੀ ਪੀਹ ਕੇ ਅਤੇ ਲੂਣ ਰਲਾ ਕੇ ਗੋਲੀਆਂ ਬਣਾਉਂਦੀ ਅਤੇ ਇਨ੍ਹਾਂ ਗੋਲੀਆਂ ਨੂੰ ਠੰਢੇ ਘੜੇ ਉਪਰ ਥੋਪ ਦਿੰਦੀ।

"ਇਸ ਤਰ੍ਹਾਂ ਇਨ੍ਹਾਂ ਗੋਲੀਆਂ ਨੀ ਤਾਸੀਰ ਠੰਢੀ ਹੋ ਜਾਨੀ ਹੈ।" ਮਾਂ ਕਿਹਾ ਕਰਦੀ।

ਗਰਮੀਆਂ ਅਤੇ ਬਰਸਾਤਾਂ ਦੇ ਦਿਨਾਂ ਵਿਚ ਗਲੀ-ਮੁਹੱਲੇ ਅਤੇ ਦੂਰ ਦੀਆਂ ਮਾਵਾਂ ਵੀ ਆਪਣੇ ਬਾਲਕਾਂ ਨੂੰ ਲੈ ਕੇ ਸਵੇਰੇ-ਸਵੇਰੇ ਸਾਡੇ ਘਰ ਆ ਢੁਕਦੀਆਂ। ਮਾਂ ਸਭ ਨੂੰ ਵਾਰੋ ਵਾਰ ਗੋਲੀ ਖੁਆ ਕੇ ਪਾਣੀ ਪਿਲਾਈ ਜਾਂਦੀ।

"ਨਿਰਨੇ ਪੇਟ ਬੱਚਿਆਂ ਕੀ ਠੰਢੇ ਪਾਣੀ ਨਾਲ ਇਹ ਗੋਲੀਆਂ ਸੱਤ ਦਿਨ ਛਕਾਅ ਦਿਓ ਤੈ ਸਾਰਾ ਸਾਲ ਉਨ੍ਹਾਂ ਨਾ ਖ਼ੂਨ ਸਾਫ਼ ਰਹਿਸੀ। ਨਾ ਅੱਖਾਂ ਆਸਣ, ਨਾ ਦਸਤ (ਜੁਲਾਬ) ਲਗਸਣ ਤੈ ਨਾ ਹੀ ਫੋੜੇ-ਫਿਨਸੀਆਂ।" ਮਾਂ ਦੀ ਸਭ ਨੂੰ ਨਸੀਹਤ ਹੁੰਦੀ।

ਅਸਾਂ ਦਸ ਭੈਣਾਂ ਭਰਾਵਾਂ ਅਤੇ ਅਗਾਂਹ ਵਿਆਹੀਆਂ ਵਰ੍ਹੀਆਂ ਵੱਡੀਆਂ ਭੈਣਾਂ ਦੇ ਬੱਚਿਆਂ ਦੀ ਮਾਂ ਹੀ ਡਾਕਟਰ ਸੀ, ਮਾਂ ਹੀ ਵੈਦ ਤੇ ਮਾਂ ਹੀ ਰੱਬ। ਆਂਢ-ਗੁਆਂਢ ਤਾਂ ਛੋੜੋ, ਮਿੱਤਰ ਸੰਬੰਧੀਆਂ ਤੇ ਸਾਕੇਦਾਰੀਆਂ ਵਿਚ ਵੀ ਜਾਣੀ-ਸਮਝੀ ਜਾਂਦੀ ਵੈਦ ਮੇਰੀ ਮਾਂ ਜਿਸ ਦਾ ਹੱਥ 'ਭਾਗਵਾਨ' ਸਮਝਿਆ ਜਾਂਦਾ ਸੀ, ਉਸੇ ਹੀ ਮਾਂ ਦੀ ਆਪਣੀ ਧੀ ਏਨੀ ਬਿਮਾਰ ਸੀ ਤੇ ਬਿਮਾਰੀ ਵੀ ਏਨੀ ਗੁੱਝੀ ਕਿ ਦੱਸੀ ਨਾ ਜਾਵੇ।

ਮਾਂ ਲਾਚਾਰ ਸੀ।

ਕਦੇ-ਕਦੇ ਖ਼ੂਨ ਪੈਣਾ ਬੰਦ ਵੀ ਹੋ ਜਾਂਦਾ, ਪਰ ਇਕ ਦੋ ਦਿਨ ਹੀ। ਕਦੇ ਖ਼ੂਨ ਦੀ ਮਿਕਦਾਰ ਘਟ ਵੀ ਜਾਂਦੀ। ਮੈਂ ਸਕੂਲ ਜਾਂਦੀ ਰਹਿੰਦੀ। ਵਧੀਆ ਸਕੂਲ, ਚੰਗੀ ਪੜ੍ਹਾਈ ਅਤੇ ਦਿੱਲੀ ਦੇ ਸਾਰੇ ਸਕੂਲਾਂ ਵਿਚੋਂ ਸਿਰਕੱਢ ਹੋਣ ਕਾਰਨ ਅੱਠਵੀਂ ਜਮਾਤ ਦਾ ਨਤੀਜਾ ਬਹੁਤ ਹੀ ਸਖ਼ਤ ਕੱਢਿਆ ਜਾਂਦਾ ਤਾਂ ਜੁ ਨੌਵੀਂ-ਦਸਵੀਂ ਵਿਚ ਬੋਰਡ ਦੇ ਇਮਤਿਹਾਨ ਲਈ ਤਿਆਰ-ਬਰ-ਤਿਆਰ ਰਹੀਏ।

ਕਮਜ਼ੋਰੀ ਕਾਰਨ ਜ਼ਿਆਦਾ ਕਰ ਕੇ ਮੈਂ ਕੰਧ ਨਾਲ ਢਾਸਣਾ ਲਾ ਕੇ ਜਾਂ ਦੋਹਰੇ-ਸਿਰਹਾਣੇ ਉਪਰ ਸਿਰ ਟਿਕਾਅ ਕੇ ਅਧਲੇਟੀ ਜਿਹੀ ਹੀ ਪੜ੍ਹਾਈ ਕਰਦੀ। ਅਜਿਹੀ ਹਾਲਤ ਵਿਚ ਪਿਤਾ ਜੀ ਜਾਂ ਭਗਤ ਵੀਰਾ ਵੀ ਟੋਕ ਦੇਂਦੇ।

"ਲੇਟ ਕੇ ਨਾ ਪੜ੍ਹ, ਨਜ਼ਰ ਕਮਜ਼ੋਰ ਹੋ ਜਾਸੀ ਆ।"

"ਕੁਝ ਨਾ ਆਖੋ ਬਚੜੀ ਕੀ। ਤੁਸਾਂ ਕੀ ਕੇ ਪਤਾ ਕੇ ਹਾਲ ਐ ਉਸ ਮਾਂ-ਮੋਈ ਨਾ।" ਮਾਂ ਟੁੱਟ ਕੇ ਪੈ ਜਾਂਦੀ।

ਜੇ ਬਹੁਤ ਜ਼ਿਆਦਾ ਹੜ੍ਹ ਪੈ ਜਾਂਦਾ ਤਾਂ ਸਕੂਲੋਂ ਨਾਗੇ ਵੀ ਹੋ ਜਾਂਦੇ। ਲੇਟੀ-ਲੇਟੀ ਆਪੇ ਹੀ ਪੜ੍ਹਦੀ ਰਹਿੰਦੀ। ਇਹੀ ਕਾਰਨ ਹੈ ਕਿ ਹੁਣ ਵੀ ਮੈਂ ਘੰਟਿਆਂ ਬੱਧੀ ਖਲੋਅ-ਤੁਰ ਜਾਂ ਲੇਟ ਕੇ ਹੀ ਪੜ੍ਹਦੀ ਹਾਂ। ਪੰਜ ਦਸ ਮਿੰਟਾਂ ਤੋਂ ਵੱਧ ਬਹਿਣਾ ਸਜ਼ਾ ਹੈ ਮੇਰੇ ਲਈ।

ਰਤਾ ਕੁ ਠੀਕ ਹੋਈ ਨਹੀਂ ਕਿ ਮੁੜ ਦੌੜ-ਭੱਜ ਜਾਂਦੀ ਸਟੇਸ਼ਨੋ ਗੱਡੀ ਫੜਨ। ਭੀੜੋ-ਭੀੜ ਸ਼ਟਲ ਗੱਡੀਆਂ। ਚੜ੍ਹ ਜਾਂਦੀ ਧੱਕੇ-ਮੁੱਕੇ ਖਾਂਦੀ ਮੈਂ ਜ਼ਨਾਨੇ ਡੱਬੇ ਵਿਚ। ਲਟਕ ਜਾਂਦੀ ਬੂਹੇ ਦਾ ਡੰਡਾ ਫੜ ਕੇ। ਜੇ ਨਾ ਫੜ ਸਕਦੀ ਤਾਂ ਮਰਦਾਵੇਂ ਡੱਬੇ ਵਿਚ ਹੀ ਜਾ ਧੁੱਸਦੀ। ਤੇਜ਼ ਫੁਰਤੀ। ਪਤਾ ਨਹੀਂ ਕਿਥੋਂ ਆ ਜਾਂਦੀ ਸ਼ਕਤੀ ਉਸ ਵੇਲੇ ਮੇਰੇ ਅੰਦਰ।

ਅੱਖਾਂ ਸੂਹੀਆਂ ਤੇ ਚਿਹਰਾ ਲਾਲ। ਕਦੇ ਨਾ ਕੋਈ ਕਿਆਸ ਸਕਿਆ ਮੇਰੀ ਹਾਲਤ। ਇਹ ਮੈਨੂੰ ਕੁਦਰਤ ਦੀ ਸਭ ਤੋਂ ਵੱਡੀ ਬਖ਼ਸ਼ਿਸ਼ ਰਹੀ ਹੈ।

ਕਦੇ ਖਾਰੀ ਬਾਉਲੀ, ਪੁਰਾਣੀ ਦਿੱਲੀ, ਕਦੇ ਗਾਜ਼ੀਆਬਾਦ ਤੇ ਕਦੇ ਰੋਹਤਕ। ਜਿਥੇ ਜਿਥੇ ਵੀ ਮਾਂ ਨੂੰ ਕਿਸੇ ਦੱਸ ਪਾਈ, ਉਹ ਮੈਨੂੰ ਲੈ ਤੁਰੀ। ਕੋਈ ਵੈਦ, ਹਕੀਮ ਜਾਂ ਹੋਮਿਓਪੈਥ ਨਾ ਰਿਹਾ। ਕਿਸੇ ਪੰਡਿਤ ਨੇ ਮਾਂ ਨੂੰ ਨੁਸਖਾ ਦੱਸਿਆ ਕਿ ਦੋ ਮਾਜੂਆਂ ਨੂੰ ਪੀਹ ਕੇ ਤਿੰਨ ਖੁਰਾਕਾਂ ਵਿਚ ਵੰਡ ਲਵੋ ਅਤੇ ਤਿੰਨ ਦਿਨ ਸਵੇਰੇ ਗੋਕੇ ਦੁੱਧ ਨਾਲ ਨਿਰਨੇ ਪੇਟ ਦੇਵੋ। ਸੱਚਮੁੱਚ ਖ਼ੂਨ ਬੰਦ ਹੋ ਗਿਆ, ਪਰ ਚਾਰ-ਪੰਜ ਦਿਨ ਹੀ। ਹੁਣ ਹਰ ਹਫ਼ਤੇ ਇਹੀ ਨੁਸਖ਼ਾ ਅਪਣਾਇਆ ਜਾਣ ਲੱਗਾ। ਚਾਰ ਪੰਜ ਦਿਨ ਖ਼ੂਨ ਬੰਦ ਤੇ ਫੇਰ ਸ਼ੁਰੂ। ਸ਼ੁਰੂ ਹੁੰਦੇ ਸਾਰ ਹੀ ਮਾਜੂ ਦੀ ਖੁਰਾਕ।

ਬੜਾ ਹੀ ਖਪਰਾ ਜਿਹਾ ਜ਼ਾਇਕਾ ਹੁੰਦਾ ਸੀ ਉਸ ਪੀਠੇ ਮਾਜੂ ਦਾ। ਬੜੀ ਮੁਸ਼ਕਿਲ ਨਾਲ ਸੰਘਿਓਂ ਲੰਘਾਇਆ ਜਾਂਦਾ। ਮਾਜੂ ਕਿਉਂਕਿ ਗਰਮ ਤੇ ਖੁਸ਼ਕ ਜਾਣਿਆ ਜਾਂਦਾ ਹੈ, ਇਸ ਲਈ ਮਾਂ ਨੇ ਠੰਢੀ ਤਾਸੀਰ ਵਾਲੀਆਂ ਗਜ਼ਾਵਾਂ ਦੀ ਭਰਤੀ ਹੋਰ ਵਧਾ ਦਿੱਤੀ। ਬੀ-ਦਾਣਾ, ਭਿੱਜੇ ਬਾਦਾਮਾਂ ਦੀਆਂ ਗਿਰੀਆਂ, ਫਲ ਸਬਜ਼ੀਆਂ ਤੇ ਗਨੇਰੀਆਂ ਵੀ।

*(ਬਾਕੀ ਅਗਲੇ ਅੰਕ ਵਿਚ)*

# ਨਕਸ਼ ਲਾਇਲਪੁਰੀ ਦੀ ਸ਼ਾਇਰੀ ਦੇ ਨਕਸ਼

ਨਕਸ਼ ਲਾਇਲਪੁਰੀ (24 ਫਰਵਰੀ 1928-22 ਜਨਵਰੀ 2017) ਦਾ ਅਸਲ ਨਾਂ ਜਸਵੰਤ ਰਾਏ ਸ਼ਰਮਾ ਸੀ, ਪਰ ਗੀਤ ਲਿਖਦਿਆਂ ਉਹਨੇ ਤਖ਼ੱਲਸ ਨਕਸ਼ ਰੱਖ ਲਿਆ ਅਤੇ ਫਿਰ ਲਾਇਲਪੁਰ ਦਾ ਹੋਣ ਕਰ ਕੇ ਨਕਸ਼ ਲਾਇਲਪੁਰੀ ਬਣ ਗਿਆ। ਛੋਟੇ ਹੁੰਦਿਆਂ ਤੋਂ ਹੀ ਉਹਨੂੰ ਲਿਖਣ ਦਾ ਸ਼ੌਕ ਸੀ। ਉਸ ਨੂੰ ਆਪਣੀਆਂ ਲਿਖਤਾਂ ਚੰਗੀਆਂ ਹੋਣ ਬਾਰੇ ਪਤਾ ਉਦੋਂ ਲੱਗਾ ਜਦੋਂ



ਉਹਦਾ ਮਾਸਟਰ, ਉਹਦੀ ਕਾਪੀ ਉਹਦੇ ਕੋਲੋਂ ਮੰਗ ਕੇ ਲੈ ਗਿਆ ਸੀ।

ਨਕਸ਼ ਦੇ ਪਿਤਾ ਇੰਜਨੀਅਰ ਸਨ ਅਤੇ ਚਾਹੁੰਦੇ ਸਨ ਕਿ ਜਸਵੰਤ (ਨਕਸ਼) ਉਨ੍ਹਾਂ ਨੇ ਨਕਸ਼ੇ-ਕਦਮਾਂ 'ਤੇ ਚੱਲੇ, ਪਰ ਪੁੱਤਰ ਦੀ ਗਣਿਤ ਜਾਂ ਸਾਇੰਸ ਪੜ੍ਹਨ ਵਿਚ ਦਿਲਚਸਪੀ ਨਹੀਂ ਸੀ। ਉਸ ਨੇ ਤਾਂ ਅੱਠਵੀਂ ਤੋਂ ਹੀ ਅਦਬੀ ਰਸਾਲੇ ਪੜ੍ਹਨੇ ਸ਼ੁਰੂ ਕਰ ਦਿੱਤੇ ਸਨ। 1947 ਵਿਚ ਵੰਡ ਕਾਰਨ ਨਕਸ਼ ਦੇ ਪਰਿਵਾਰ ਨੂੰ ਲਖ਼ਨਊ ਵਿਚ ਸ਼ਰਨ ਲੈਣੀ ਪਈ। ਰੋਟੀ-ਰੋਜ਼ੀ ਲਈ ਉਸ ਨੂੰ ਮੁੰਬਈ ਜਾਣਾ ਪਿਆ ਅਤੇ ਫ਼ਿਲਮਾਂ ਵਿਚ ਕੰਮ ਕਰਨ ਦਾ ਫ਼ੈਸਲਾ ਕੀਤਾ ਅਤੇ ਫਿਰ ਉਥੋਂ ਦਾ ਹੀ ਹੋ ਕੇ ਰਹਿ ਗਿਆ। ਗੀਤਕਾਰ ਵਜੋਂ ਨਕਸ਼ ਦੀ ਪਹਿਲੀ ਫ਼ਿਲਮ 'ਜੱਗੂ' (1952) ਸੀ। ਉਸ ਨੇ 40 ਪੰਜਾਬੀ ਫ਼ਿਲਮਾਂ ਲਈ 350 ਗੀਤ ਲਿਖੇ। ਉਸ ਦਾ ਗੀਤ 'ਜੀਅ ਕਰਦਾ ਹੈ ਇਸ ਦੁਨੀਆ ਨੂੰ, ਮੈਂ ਹੱਸ ਕੇ ਠੋਕਰ ਮਾਰ ਦਿਆਂ' ਮੁਹੰਮਦ ਰਫ਼ੀ ਵੱਲੋਂ ਗਾਏ 20 ਬਿਹਤਰੀਨ ਗੀਤਾਂ ਵਿਚ ਸ਼ੁਮਾਰ ਕੀਤਾ ਜਾਂਦਾ ਹੈ।



*ਗੀਤਕਾਰ ਨਕਸ਼ ਲਾਇਲਪੁਰੀ (ਜਸਵੰਤ ਰਾਏ ਸ਼ਰਮਾ) ਆਪਣੇ ਸਮੇਂ ਦੇ ਮਸ਼ਹੂਰ ਗਾਇਕ ਕਿਸ਼ੋਰ ਕੁਮਾਰ ਨਾਲ।*



# ਤਾਪਸੀ ਪੰਨੂ ਦੀ ਝਾਤ...

ਸਾਲ 2016 ਤਾਪਸੀ ਪੰਨੂ ਲਈ 'ਟਰਨਿੰਗ ਪੁਆਇੰਟ' ਸਾਬਤ ਹੋਇਆ। 'ਪਿੰਕ' ਦੀ ਸਫਲਤਾ ਨਾਲ ਉਹ ਫਿਲਮ ਜਗਤ ਵਿਚ ਛਾ ਗਈ ਅਤੇ ਅੱਜ ਉਹ ਰੁੱਝੀ ਹੋਈ ਕਲਾਕਾਰ ਹੈ। ਹੁਣ ਉਸ ਦੀ ਨਵੀਂ ਫਿਲਮ 'ਰਨਿੰਗ ਸ਼ਾਦੀ ਡੌਟ ਕੌਮ' ਆ ਗਈ ਹੈ। ਉਸ ਮੁਤਾਬਕ, 'ਰਨਿੰਗ ਸ਼ਾਦੀ ਡੌਟ ਕੌਮ' ਵਾਲਾ ਕਿਰਦਾਰ ਉਸ ਦੇ ਦਿਲ ਦੇ ਕਾਫ਼ੀ ਕਰੀਬ ਹੈ। ਉਹ ਵੀ ਅਸਲ ਜ਼ਿੰਦਗੀ ਵਿਚ ਪੰਜਾਬਣ ਹੈ ਅਤੇ ਇਹ ਭੂਮਿਕਾ ਵੀ ਸਰਦਾਰਨੀ ਦੀ ਹੈ। ਇਹ ਭੂਮਿਕਾ ਨਿਭਾਉਣ ਲਈ ਉਹਨੇ ਆਪਣੀ ਜ਼ਿੰਦਗੀ ਦੀਆਂ ਬਹੁਤ ਸਾਰੀਆਂ ਗੱਲਾਂ ਇਸ ਵਿਚ ਪਾਈਆਂ ਹਨ।

'ਰਨਿੰਗ ਸ਼ਾਦੀ ਡੌਟ ਕੌਮ' ਰੁਮਾਂਟਿਕ ਕਾਮੇਡੀ ਫ਼ਿਲਮ ਹੈ, ਪਰ ਇਹ ਅਸਲੀਅਤ ਦੇ ਬਹੁਤ ਕਰੀਬ ਹੈ। ਤਾਪਸੀ ਦਾ ਦਾਅਵਾ ਹੈ ਕਿ ਅਜਿਹੀ ਪ੍ਰੇਮ ਕਹਾਣੀ ਵਾਲੀ ਹਾਲੇ ਤਕ ਕੋਈ ਫ਼ਿਲਮ ਨਹੀਂ ਆਈ। ਇਹ ਫ਼ਿਲਮ ਤਾਜ਼ਗੀ ਦਾ



ਅਹਿਸਾਸ ਕਰਵਾਉਂਦੀ ਹੈ। ਲੋਕ ਹਜ਼ਾਰਾਂ ਸਾਲ ਪਹਿਲਾਂ ਵੀ ਭੱਜ ਕੇ ਵਿਆਹ ਕਰਦੇ ਸਨ, ਅੱਜ ਵੀ ਕਰਦੇ ਹਨ। ਇਸ ਉਤੇ ਕਈ ਫ਼ਿਲਮਾਂ ਬਣ ਚੁੱਕੀਆਂ ਹਨ, ਪਰ ਇਹ ਫ਼ਿਲਮ ਵੈੱਬਸਾਈਟ 'ਤੇ ਆਧਾਰਤ ਹੈ ਜੋ ਜੋੜਿਆਂ ਨੂੰ ਘਰੋਂ ਭਜਾਉਣ, ਉਨ੍ਹਾਂ ਦਾ ਵਿਆਹ ਕਰਾਉਣ, ਉਨ੍ਹਾਂ ਨੂੰ ਮਾਪਿਆਂ ਤੋਂ ਉਨਾ ਚਿਰ ਲੁਕਾ ਕੇ ਰੱਖਣ ਦਾ ਕੰਮ ਕਰਦੀ ਹੈ ਜਿੰਨਾ ਚਿਰ ਮਾਪੇ ਆਪਣੇ ਬੱਚਿਆਂ ਦੇ ਵਿਆਹ ਨੂੰ ਸਵੀਕਾਰ ਨਾ ਕਰ ਲੈਣ। ਇਹ ਵੈੱਬਸਾਈਟ ਮਾਪਿਆਂ ਨੂੰ ਆਪਣੇ ਬੱਚਿਆਂ ਦੇ ਮਨਮਰਜ਼ੀ ਨਾਲ ਵਿਆਹ ਲਈ ਮਨਾਉਣ ਤਕ ਦਾ ਸਾਰਾ ਕੰਮ ਕਰਦੀ ਹੈ।

'ਰਨਿੰਗ ਸ਼ਾਦੀ ਡੌਟ ਕੌਮ' ਤੋਂ ਬਾਅਦ ਤਾਪਸੀ ਪੰਨੂ ਦੀਆਂ ਕਈ ਫਿਲਮਾਂ ਉਪਰੋਥਲੀ ਰਿਲੀਜ਼ ਹੋ ਰਹੀਆਂ ਹਨ। ਦਸ ਫਰਵਰੀ ਨੂੰ ਉਸ ਦੀ ਫਿਲਮ 'ਗਾਜ਼ੀ- ਦਿ ਅਟੈਕ', ਤਿੰਨ ਮਾਰਚ ਨੂੰ 'ਨਾਮ ਸ਼ਬਾਨਾ' ਅਤੇ ਫਿਰ ਸਤੰਬਰ ਵਿਚ 'ਜੁੜਵਾ-2'। ਫਿਲਮਾਂ ਰਿਲੀਜ਼ ਹੋ ਰਹੀਆਂ ਹਨ।

**-ਗੁਰਜੰਟ ਸਿੰਘ**

# ਸਿਨੇਮਾ 2016: ਪਟਕਥਾ ਲੇਖਕਾਂ ਦੇ ਨਾਮ ਰਿਹਾ-3

ਸਲਮਾਨ ਖਾਨ ਦੀ ਫਿਲਮ 'ਸੁਲਤਾਨ' ਉਸ ਦੀਆਂ ਬਾਕੀ ਫਿ਼ਲਮਾਂ ਵਾਂਗ ਪੈਸੇ ਵਸੂਲਣ ਵਿਚ ਕਾਮਯਾਬ ਰਹੀ ਜਿਸ ਵਿਚ ਫਿਲਮ ਦੇ ਸੰਗੀਤ ਦਾ ਵੀ ਵੱਡਾ ਹਿੱਸਾ ਸੀ। ਫਿਲਮ ਦਰਸ਼ਕਾਂ ਨੂੰ ਬੰਨ੍ਹ ਕੇ ਰੱਖਣ ਵਿਚ ਕਾਮਯਾਬ ਰਹੀ। ਸਾਲ ਦੀ ਮਹੱਤਵਪੂਰਨ ਫਿਲਮ ਸੀ 'ਪਿੰਕ'। ਇਸ ਫਿਲਮ ਨੇ ਔਰਤ-ਮਰਦ ਦੇ ਨਜ਼ਦੀਕੀ ਰਿਸ਼ਤਿਆਂ ਵਿਚ ਅਸਹਿਮਤੀ ਅਤੇ ਨਾਂਹ ਦੇ ਪ੍ਰਸੰਗ ਨੂੰ ਅਦਾਲਤੀ ਡਰਾਮੇ ਦੇ ਰੂਪ ਵਿਚ ਖੂਬਸੂਰਤੀ ਨਾਲ ਪੇਸ਼ ਕੀਤਾ। ਫਿਲਮ ਇਹ ਸਵਾਲ ਜ਼ੋਰਦਾਰ ਢੰਗ ਨਾਲ ਉਠਾਉਂਦੀ ਹੈ ਕਿ ਨਵੇਂ ਸਮਾਜ



ਕੁਲਦੀਪ ਕੌਰ
ਫੋਨ: +91-98554-04330

ਦੀ ਸਿਰਜਣਾ ਲਈ ਜ਼ਰੂਰਤ ਕੁੜੀਆਂ ਨੂੰ ਸਮਝਾਉਣ ਅਤੇ ਵਰਜਣ ਦੀ ਨਹੀਂ, ਸਗੋਂ ਮੁੰਡਿਆਂ ਨੂੰ ਮਰਦਾਨਗੀ ਦੇ ਅਸਲ ਅਰਥ ਸਮਝਾਉਣ ਦੀ ਹੈ। ਫਿਲਮ ਦੀ ਇਸ ਪੱਖੋਂ ਆਲੋਚਨਾ ਵੀ ਹੋਈ ਕਿ ਕੁੜੀਆਂ ਦੇ ਹਕੂਕ ਦੀ ਪੈਰਵੀ ਲਈ ਫਿਰ ਇਕ ਮਰਦ ਵਕੀਲ ਦਾ ਸਹਾਰਾ ਲੈਣਾ ਪਿਆ। ਇਸੇ ਤਰ੍ਹਾਂ ਦੀ ਫਿਲਮ 'ਪਾਰਚੜ' ਦਿਹਾਤੀ ਔਰਤਾਂ ਨਾਲ ਹੁੰਦੀਆਂ ਵਧੀਕੀਆਂ ਦੀ ਬਾਤ ਪਾਉਂਦੀ ਹੈ।

'ਐਮ. ਐਸ. ਧੋਨੀ: ਦਿ ਅਨਟੋਲਡ ਸਟੋਰੀ' ਕਿਰਦਾਰਾਂ ਦੀ ਤਾਜ਼ਗੀ ਅਤੇ ਸੁਸ਼ਾਂਤ ਰਾਜਪੂਤ ਦੀ ਅਦਾਕਾਰੀ ਕਾਰਨ ਪੈਸੇ ਵਸੂਲਣ ਵਿਚ ਕਾਮਯਾਬ ਰਹੀ। ਇਸ ਸਾਲ ਜਿਸ ਫਿਲਮ ਨੇ ਸਭ ਤੋਂ ਵੱਧ ਨਿਰਾਸ਼ ਕੀਤਾ, ਉਹ ਸੀ ਰਾਕੇਸ਼ ਓਮ ਪ੍ਰਕਾਸ਼ ਮਹਿਰਾ ਦੀ ਫਿਲਮ 'ਮਿਰਜ਼ਿਆ'। ਗੁਲਜ਼ਾਰ ਦੇ ਖ਼ੂਬਸੂਰਤ ਗੀਤਾਂ ਅਤੇ ਪਟਕਥਾ ਦੇ ਬਾਵਜੂਦ ਫਿਲਮਾਂ ਆਪਣੇ ਹੀ ਵੱਡੇ ਕੈਨਵਸ ਦੇ ਭਰਮ ਦਾ ਸ਼ਿਕਾਰ ਹੋ ਕੇ ਰਹਿ ਗਈ। ਇਕ ਫਿਲਮ ਜਿਸ ਨੂੰ 'ਪੀਲੀ ਪੱਤਰਕਾਰੀ' ਵਾਂਗ ਭਾਰਤ ਦੀ ਪਹਿਲੀ 'ਪੀਲੀ ਫਿਲਮ' ਦਾ ਲਕਬ ਦਿੱਤਾ ਜਾ ਸਕਦਾ ਹੈ, ਉਹ ਸੀ ਰਾਮ ਰਹੀਮ ਦੁਆਰਾ ਲਿਖੀ ਤੇ ਨਿਰਦੇਸ਼ਤ ਕੀਤੀ ਫਿਲਮ 'ਐਮ.ਐਸ.ਜੀ.-ਦਿ ਲਾਇਨ ਹਰਟ'। 1984 ਦੇ ਕਤਲੇਆਮ ਬਾਰੇ ਬਣੀ ਫਿਲਮ '31 ਅਕਤੂਬਰ' ਮਾੜੇ ਲੇਖਨ ਅਤੇ ਨਿਰਦੇਸ਼ਨ ਦੀ ਭੇਟ ਚੜ੍ਹ ਗਈ, ਭਾਵੇਂ ਇਹ ਮਹਿਸੂਸ ਕੀਤਾ ਗਿਆ ਕਿ ਇਸ ਸੰਵੇਦਨਸ਼ੀਲ ਮੁੱਦੇ 'ਤੇ ਸਾਰਥਿਕ ਸਿਨੇਮਾ ਦੀ ਥਾਂ ਖਾਲੀ ਨਹੀਂ ਰਹਿਣੀ ਚਾਹੀਦੀ।




ਔਰਤਾਂ ਦੇ ਹਕੂਕ ਤੋਂ ਬਿਨਾ ਇਸ ਸਾਲ ਬੱਚਿਆਂ ਦੀ ਤਸਕਰੀ ਅਤੇ ਸਰੀਰਕ ਸ਼ੋਸ਼ਣ 'ਤੇ ਕਈ ਫਿਲਮਾਂ ਦੇਖਣ ਨੂੰ ਮਿਲੀਆਂ। ਇਹ ਵੀ ਤਰਾਸਦੀ ਹੀ ਕਹੀ ਜਾ ਸਕਦੀ ਹੈ ਕਿ ਅਸਲ ਜ਼ਿੰਦਗੀ ਵਿਚ ਵੀ ਬੱਚਿਆਂ ਦੇ ਸ਼ੋਸ਼ਣ ਅਤੇ ਤਸਕਰੀ ਦਾ ਮੁੱਦਾ ਬੇਹੱਦ ਗੰਭੀਰ ਰੂਪ ਲੈ ਚੁੱਕਾ ਹੈ। ਪਿਛਲੇ ਸਾਲਾਂ ਵਿਚ ਘਰੋਂ ਬੇਦਰ ਹੋਏ ਸ਼ਰਨਾਰਥੀਆਂ ਦੇ ਕਾਫਲੇ ਇਸ ਤੱਥ ਦੀ ਨਿਸ਼ਾਨਦੇਹੀ ਕਰਦੇ ਹਨ ਕਿ ਮਨੁੱਖੀ ਤਸਕਰੀ ਬਾਰੇ ਗੰਭੀਰ ਸੰਵਾਦ ਦੀ ਤਤਕਾਲੀ ਜ਼ਰੂਰਤ ਹੈ। ਬੁਲਗਾਰੀਆ ਵਿਚ ਅਜਿਹੇ ਗਰੋਹ ਦੀ ਕਹਾਣੀ ਨੂੰ ਅਜੈ ਦੇਵਗਨ ਦੀ ਅਦਾਕਾਰੀ ਵਾਲੀ ਫਿਲਮ 'ਸ਼ਿਵਾਏ' ਦਾ ਆਧਾਰ ਬਣਾਇਆ ਗਿਆ, ਪਰ ਫਿਲਮ ਬੇਹੱਦ ਫਿਲਮੀ ਤਰੀਕੇ ਨਾਲ ਇਸ ਸਮੱਸਿਆ ਨਾਲ ਨਜਿੱਠਦੀ ਨਜ਼ਰ ਆਈ।

ਭਾਰਤੀ ਸਿਨੇਮਾ ਦੇ ਡਿਜ਼ਾਈਨਰ ਫਿਲਮਸਾਜ਼ ਵਜੋਂ ਜਾਣੇ ਜਾਂਦੇ ਕਰਨ ਜੌਹਰ ਦੀ ਫਿਲਮ 'ਐ ਦਿਲ ਹੈ ਮੁਸ਼ਕਿਲ' ਨੂੰ ਜਿਥੇ ਅਦਾਕਾਰਾਂ ਦੀ ਲੀਕ ਤੋਂ ਹਟ ਕੇ ਚੋਣ ਲਈ ਜਾਣਿਆ ਜਾਵੇਗਾ, ਉਥੇ ਇਸ ਗੱਲ ਲਈ ਵੀ ਯਾਦ ਕੀਤਾ ਜਾਵੇਗਾ ਕਿ ਇਸ ਫਿਲਮ ਵਿਚ ਉਰਦੂ ਦੀ ਨਫੀਸ ਕਵਿਤਾ ਨੂੰ ਬੇਹੂਦਾ ਤਰੀਕੇ ਨਾਲ ਪੇਸ਼ ਕੀਤਾ ਗਿਆ। ਉਸ ਦੁਆਰਾ ਆਪਣੇ ਕਿਰਦਾਰਾਂ ਨੂੰ ਪਹਿਨਾਏ ਡਿਜ਼ਾਈਨਰ ਕੱਪੜੇ, ਘਰ, ਬਾਜ਼ਾਰ, ਡਿਸਕੋ ਘਰ ਤੇ ਡਿਜ਼ਾਈਨਰ ਜਜ਼ਬਾਤ ਵੀ ਉਨ੍ਹਾਂ ਦੇ ਪਿਆਰ ਦਾ ਖੋਖਲਾਪਣ ਛੁਪਾਉਣ ਵਿਚ ਕਾਮਯਾਬ ਨਹੀਂ ਹੋ ਸਕੇ। ਸੰਵਾਦਾਂ ਅਤੇ ਪਿਆਰ ਦੇ ਅਰਥਾਂ ਨੂੰ ਪ੍ਰਭਾਸ਼ਿਤ ਕਰਨ ਦੀ ਇਕ ਹੋਰ ਕੋਸ਼ਿਸ਼ 'ਇੰਗਲਿਸ਼ ਵਿੰਗਲਿਸ' ਵਾਲੀ ਨਿਰਦੇਸ਼ਕ ਗੌਰੀ ਸ਼ਿੰਦੇ ਨੇ ਫਿਲਮ 'ਡੀਅਰ ਜ਼ਿੰਦਗੀ' ਵਿਚ ਕੀਤੀ, ਤੇ ਉਹ ਕਾਮਯਾਬ ਵੀ ਰਹੀ। ਇਸ ਫਿਲਮ ਨੂੰ ਸ਼ਾਹਰੁਖ ਦੀ ਅਦਾਕਾਰੀ ਲਈ ਵੀ ਯਾਦ ਰੱਖਿਆ ਜਾਵੇਗਾ। 'ਕਹਾਣੀ 2' ਵਿਚ ਵਿਦਿਆ ਬਾਲਨ ਆਪਣਾ ਜਾਦੂ ਬਰਕਰਾਰ ਨਾ ਰੱਖ ਸਕੀ। 2016 ਵਾਲਾ ਸਾਲ ਆਮਿਰ ਖਾਨ ਦੀ ਫਿਲਮ 'ਦੰਗਲ' ਨਾਲ ਖਤਮ ਹੋਇਆ। ਫਿਲਮ ਨੇ ਜਿਥੇ ਕਈ ਸਵਾਲ ਉਠਾਏ, ਉਥੇ ਕਈ ਨਵੇਂ ਸਾਲ ਵੀ ਖੜ੍ਹੇ ਕੀਤੇ। ਫਿਲਮ ਵਿਚ ਦੰਗਲ ਉਨ੍ਹਾਂ ਕੁੜੀਆਂ ਦੀ ਮਾਂ ਵੀ ਤਾਂ ਲੜਦੀ ਹੈ... ਸ਼ਾਇਦ ਭਾਰਤੀ ਸਿਨੇਮਾ ਨੂੰ ਅਗਲੇਰੇ ਭਵਿੱਖ ਵਿਚ ਇਨ੍ਹਾਂ ਸਵਾਲਾਂ ਨਾਲ ਵੀ ਮੱਥਾ ਲਗਾਉਣਾ ਪੈਣਾ ਹੈ। ***(ਸਮਾਪਤ)***







*ਖੱਬਿਓਂ: ਫਿਲਮ 'ਦੰਗਲ', 'ਪਿੰਕ', '31 ਅਕਤੂਬਰ' ਅਤੇ 'ਪਾਰਚੜ' ਦੇ ਪੋਸਟਰ ਜਿਨ੍ਹਾਂ ਦੀ 2016 ਵਿਚ ਵਾਹਵਾ ਚਰਚਾ ਹੋਈ।*



ਅੱਖੀਂ ਡਿੱਠੀ ਕਾਲੇ ਪਾਣੀ ਜੇਲ੍ਹ-2

# ਜੇਲ੍ਹ ਸਖਤੀ ਅਤੇ ਸਾਵਰਕਰ

**ਅੰਡੇਮਾਨ ਅਤੇ ਨਿਕੋਬਾਰ ਦੀਪ ਸਮੂਹ ਵਿਚ ਪੋਰਟ ਬਲੇਅਰ ਦੀ ਸੈਲੂਲਰ ਜੇਲ੍ਹ ਕਾਲੇ ਪਾਣੀ ਵਜੋਂ ਮਸ਼ਹੂਰ ਹੈ ਜਿਥੇ ਗਦਰੀਆਂ ਨੇ ਨਵਾਂ ਇਤਿਹਾਸ ਸਿਰਜਿਆ। ਅੰਗਰੇਜ਼ ਹਾਕਮਾਂ ਨੇ ਦੇਸ਼ ਭਗਤਾਂ ਦਾ ਮਨੋਬਲ ਤੋੜਨ ਲਈ ਉਨ੍ਹਾਂ ਨੂੰ ਇਸ ਉਚੇਚੀ ਬਣਵਾਈ ਜੇਲ੍ਹ ਅੰਦਰ ਡੱਕਿਆ ਸੀ ਅਤੇ ਉਨ੍ਹਾਂ ਉਤੇ ਅਥਾਹ ਤਸ਼ੱਦਦ ਢਾਹੇ, ਪਰ ਗਦਰੀ ਜਿਸ ਮਿੱਟੀ ਦੇ ਬਣੇ ਹੋਏ ਸਨ, ਉਸ ਨੇ ਆਪਣਾ ਰੰਗ ਦਿਖਾਇਆ ਅਤੇ ਇਨ੍ਹਾਂ ਸੂਰਮਿਆਂ ਨੇ ਝੁਕਣ ਦੀ ਥਾਂ ਕੁਰਬਾਨੀਆਂ ਦੀ ਝੜੀ ਲਾਈ ਰੱਖੀ। ਸਾਡੇ ਕਾਲਮਨਵੀਸ ਬੂਟਾ ਸਿੰਘ ਆਪਣੇ ਕੁਝ ਸਾਥੀਆਂ ਨਾਲ ਦੇਸ਼ ਭਗਤਾਂ ਨਾਲ ਜੁੜੀ ਇਸ ਥਾਂ ਦਾ ਗੇੜਾ ਕੱਢ ਕੇ ਆਏ ਹਨ। ਪਿਛਲੇ ਅੰਕ ਵਿਚ ਉਨ੍ਹਾਂ ਇਸ ਜੇਲ੍ਹ ਅਤੇ ਇਸ ਦੇ ਪਿਛੋਕੜ ਬਾਰੇ ਲਿਖਿਆ; ਐਤਕੀਂ ਉਨ੍ਹਾਂ ਦੇਸ਼ ਭਗਤਾਂ ਉਤੇ ਕੀਤੇ ਤਸ਼ੱਦਦ ਅਤੇ ਸਾਵਰਕਰ ਬਾਰੇ ਵਾਰਤਾ ਸੁਣਾਈ ਹੈ। -ਸੰਪਾਦਕ**

**ਬੂਟਾ ਸਿੰਘ**
ਫੋਨ: +91-94634-74342

ਸੈਲੂਲਰ ਜੇਲ੍ਹ ਸਮੁੰਦਰੀ ਕੰਢੇ ਉਪਰ ਬਣਾਈ ਵੱਖਰੀ ਤਰ੍ਹਾਂ ਦੀ ਜੇਲ੍ਹ ਹੈ ਜਿਸ ਨੂੰ ਇਸ ਦੀ ਵਿਲੱਖਣ ਬਣਤਰ ਕਾਰਨ ਸੈਲੂਲਰ ਜੇਲ੍ਹ ਦਾ ਨਾਂ ਦਿੱਤਾ ਗਿਆ ਸੀ। ਇਹ ਇਕੋ ਅਕਾਰ ਦੇ 693 ਸੈੱਲਾਂ (ਕੋਠੜੀਆਂ) ਵਾਲੀ ਜੇਲ੍ਹ ਸੀ। ਇਹ ਕੋਠੜੀਆਂ ਕੈਦੀਆਂ ਨੂੰ ਇਕੱਲੇ-ਇਕੱਲੇ, ਪੂਰੀ ਤਰ੍ਹਾਂ ਤਨਹਾ ਹਾਲਾਤ ਵਿਚ ਕੈਦ ਰੱਖਣ ਲਈ ਖਾਸ ਜੁਗਤ ਨਾਲ ਬਣਾਈਆਂ ਗਈਆਂ ਸਨ। ਪਹਿਲੇ ਛੇ ਮਹੀਨੇ ਉਨ੍ਹਾਂ ਨੂੰ ਸਿਰਫ ਤਸੀਹੇ ਦੇਣ, ਜਾਨ-ਲੇਵਾ ਮੁਸ਼ੱਕਤ ਕਰਾਉਣ ਅਤੇ ਖਾਣਾ ਖਵਾਉਣ ਦੇ ਵਕਤ ਹੀ ਕੋਠੜੀ ਵਿਚੋਂ ਬਾਹਰ ਕੱਢਿਆ ਜਾਂਦਾ ਸੀ। ਹਰ ਕੋਠੜੀ 13.5 ਗੁਣਾ 7 ਫੁੱਟ ਚੌੜੀ ਬਣਾਈ ਗਈ ਹੈ। ਹਰ ਸੈੱਲ ਵਿਚ ਕੇਵਲ ਢਾਈ ਫੁੱਟ ਚੌੜਾ ਭੀੜਾ ਦਰਵਾਜ਼ਾ ਹੈ। ਰੌਸ਼ਨੀ ਲਈ ਕੇਵਲ ਜ਼ਮੀਨ ਤੋਂ ਤਿੰਨ ਮੀਟਰ ਉਚਾ 3 ਗੁਣਾ 1 ਫੁੱਟ ਦਾ ਰੌਸ਼ਨਦਾਨ ਹੈ। ਹਵਾ ਜਾਂ ਰੌਸ਼ਨੀ ਆਉਣ ਲਈ ਹੋਰ ਕੋਈ ਰਸਤਾ ਨਹੀਂ। ਸੈੱਲ ਦੇ ਬਾਹਰ ਦਰਵਾਜ਼ੇ ਨੂੰ ਅਰਲ ਇਸ ਤਰੀਕੇ ਨਾਲ ਲਗਾਇਆ ਗਿਆ ਹੈ ਕਿ ਕੈਦੀ ਦਾ ਹੱਥ ਅੰਦਰ ਵਾਲੇ ਪਾਸਿਓਂ ਇਸ ਤਕ ਪਹੁੰਚ ਨਾ ਸਕੇ। ਜੇਲ੍ਹ ਦੀ ਮੂਲ ਬਣਤਰ ਖਾਸ ਤਰ੍ਹਾਂ ਦੀ, ਸਾਈਕਲ ਦੇ ਚੱਕੇ ਦੇ ਧੁਰੇ ਨਾਲ ਜੁੜੀਆਂ ਤਾਰਾਂ ਵਰਗੀ ਹੈ। ਸਾਈਕਲ ਦੇ ਚੱਕੇ ਵਿਚਕਾਰ ਧੁਰੇ ਵਾਂਗ ਵੱਡਾ ਗੁੰਬਦ ਹੈ ਜਿਸ ਵਿਚ ਵੱਡੀ ਘੰਟੀ ਲਗਾਈ ਹੋਈ ਸੀ ਜਿਸ ਨੂੰ ਕੈਦੀਆਂ ਤੋਂ ਖਤਰਾ ਮਹਿਸੂਸ ਕੀਤੇ ਜਾਣ ਦੀ ਸੂਰਤ ਵਿਚ ਜਾਂ ਉਨ੍ਹਾਂ ਉਪਰ ਹਮਲਾ ਕਰਨ ਵਕਤ ਖੜਕਾ ਕੇ ਜੇਲ੍ਹ ਅਮਲੇ ਨੂੰ ਸੱਦ ਲਿਆ ਜਾਂਦਾ ਸੀ। ਕੋਠੜੀਆਂ ਦੀ ਹਰ ਕਤਾਰ ਇਸ ਮੁੱਖ ਨਿਗਰਾਨ ਗੁੰਬਦ ਤੋਂ ਸ਼ੁਰੂ ਹੁੰਦੀ ਹੈ ਅਤੇ ਪਹੀਏ ਦੀਆਂ ਤਾਰਾਂ ਵਾਂਗ ਬਾਹਰ ਵੱਲ ਵਧਦੀ ਜਾਂਦੀ ਹੈ। ਹਰ ਕਤਾਰ ਦੇ ਸੈੱਲਾਂ ਦੇ ਦਰਵਾਜ਼ਿਆਂ ਵੱਲ ਦੂਜੀ ਕਤਾਰ ਦੇ ਸੈੱਲਾਂ ਦੀ ਪਿੱਠ ਹੈ। ਇਹ ਇਸ ਮਨਸ਼ਾ ਨਾਲ ਬਣਾਈ ਗਈ ਸੀ ਤਾਂ ਜੋ ਇਕ ਕੈਦੀ ਦਾ ਦੂਜੇ ਨਾਲ ਕੋਈ ਸੰਪਰਕ ਨਾ ਰਹੇ। ਸੈੱਲਾਂ ਦੀ ਪੂਰੀ ਕਤਾਰ ਅੱਗੇ ਚਾਰ ਫੁੱਟ ਚੌੜਾ ਵਰਾਂਡਾ ਹੈ ਜਿਸ ਨੂੰ ਗੁੰਬਦ ਵਾਲੇ



**ਫਾਂਸੀ ਘਰ ਦੀ ਖੰਡਰ ਬਣੀ ਇਮਾਰਤ।**

ਪਾਸੇ ਲੋਹੇ ਦੇ ਮਜ਼ਬੂਤ ਦਰਵਾਜ਼ੇ ਨਾਲ ਬੰਦ ਕੀਤਾ ਗਿਆ ਸੀ। ਗੁੰਬਦ ਉਪਰੋਂ ਜੇਲ੍ਹ ਅਮਲਾ ਸਾਰੇ ਬਲਾਕਾਂ ਉਪਰ ਇਕੋ ਵਕਤ ਨਜ਼ਰ ਰੱਖ ਸਕਦਾ ਸੀ। ਜੇਲ੍ਹ ਨੂੰ ਅੱਖੀਂ ਦੇਖਣ ਨਾਲ ਇਸ ਨੂੰ ਈਜਾਦ ਕਰਨ ਵਾਲੇ ਬਸਤੀਵਾਦੀਆਂ ਦੀ ਘਿਨਾਉਣੀ ਮਨਸ਼ਾ ਸਾਫ ਸਮਝ ਪੈ ਜਾਂਦੀ ਹੈ।

ਜੇਲ੍ਹ ਦੇ ਮੁੱਖ ਦੁਆਰ ਤੋਂ ਸੱਜੇ ਪਾਸੇ ਜੋ ਬਲਾਕ ਹੈ, ਉਸ ਦੇ ਅਖੀਰ ਵਿਚ ਫਾਂਸੀ ਕੋਠੜੀਆਂ ਹਨ ਜਿਥੇ ਫਾਂਸੀ ਦਿੱਤੇ ਜਾਣ ਵਾਲੇ ਕੈਦੀ ਰੱਖੇ ਜਾਂਦੇ ਸਨ। ਇਸ ਦੇ ਬਿਲਕੁਲ ਸਾਹਮਣੇ ਫਾਂਸੀ ਘਰ ਹੈ ਜਿਥੇ ਇਕੋ ਵਕਤ ਤਿੰਨ ਬੰਦਿਆਂ ਨੂੰ ਫਾਂਸੀ ਦਿੱਤੇ ਜਾਣ ਦਾ ਇੰਤਜ਼ਾਮ ਸੀ। ਫਾਂਸੀ ਕੋਠੜੀਆਂ ਅਤੇ ਫਾਂਸੀ ਘਰ ਇਸ ਤਰ੍ਹਾਂ ਬਣਾਏ ਗਏ ਹਨ ਤਾਂ ਜੋ ਫਾਂਸੀ ਦੀ ਇੰਤਜ਼ਾਰ ਵਾਲੇ ਕੈਦੀ ਉਨ੍ਹਾਂ ਸਾਥੀ ਕੈਦੀਆਂ ਨੂੰ ਬਿਲਕੁਲ ਸਾਹਮਣੇ ਦੇਖ ਸਕਣ ਜਿਨ੍ਹਾਂ ਨੂੰ ਫਾਂਸੀ ਦਿੱਤੀ ਜਾਂਦੀ ਸੀ। ਇਹ ਖਾਸ ਬੰਦੋਬਸਤ ਫਾਂਸੀ ਦਿੱਤੇ ਜਾਣ ਵਾਲੇ ਕੈਦੀਆਂ ਉਪਰ ਮਨੋਵਿਗਿਆਨਕ ਪ੍ਰਭਾਵ ਪਾ ਕੇ ਉਨ੍ਹਾਂ ਨੂੰ ਯਰਕਾਉਣ ਲਈ ਕੀਤਾ ਗਿਆ ਸੀ।

ਮੁਕੰਮਲ ਜੇਲ੍ਹ ਦੇ ਸੱਤ ਬਲਾਕ, ਭਾਵ ਕੋਠੜੀਆਂ ਦੀਆਂ ਸੱਤ ਕਤਾਰਾਂ ਸਨ ਅਤੇ ਹਰ ਬਲਾਕ ਤਿੰਨ ਮੰਜ਼ਲੀ ਬਣਾਇਆ ਗਿਆ ਸੀ। ਇਸ ਵਕਤ ਸਹੀ-ਸਲਾਮਤ ਹਾਲਤ ਵਿਚ ਕੇਵਲ ਢਾਈ ਬਲਾਕ ਹੀ ਬਾਕੀ ਹਨ ਅਤੇ ਇਕ ਬਲਾਕ ਦੀ ਪਹਿਲੀ ਮੰਜ਼ਲ ਦੀ ਪਿਛਲੀ ਕੰਧ ਹੀ ਜੇਲ੍ਹ ਦੀ ਨਿਸ਼ਾਨੀ ਦੇ ਤੌਰ 'ਤੇ ਬਚੀ ਹੋਈ ਹੈ। ਬਾਕੀ ਹਿੱਸੇ ਢਾਹ ਦਿੱਤੇ ਗਏ ਸਨ। ਜੇਲ੍ਹ ਦੇ ਢਾਹੇ ਜਾ ਚੁੱਕੇ ਹਿੱਸੇ ਉਪਰ ਹੁਣ ਹੋਰ ਸਰਕਾਰੀ ਇਮਾਰਤਾਂ ਬਣਾਈਆਂ ਗਈਆਂ ਹਨ। ਕਿਹਾ ਜਾਂਦਾ ਹੈ ਕਿ ਕੁਝ ਹਿੱਸਾ ਦੂਜੀ ਆਲਮੀ ਜੰਗ ਦੌਰਾਨ ਜਪਾਨੀ ਫ਼ੌਜ ਵਲੋਂ ਢਾਹ ਦਿੱਤਾ ਗਿਆ ਜਦੋਂ ਉਨ੍ਹਾਂ ਨੇ ਇਨ੍ਹਾਂ ਟਾਪੂਆਂ ਉਪਰ ਆਰਜ਼ੀ ਤੌਰ 'ਤੇ ਕਬਜ਼ਾ ਕੀਤਾ ਅਤੇ ਬਾਕੀ 'ਆਜ਼ਾਦ' ਹਿੰਦੁਸਤਾਨ ਦੀ ਸਰਕਾਰ ਵਲੋਂ ਢਾਹਿਆ ਗਿਆ। ਜਾਪਦਾ ਹੈ, ਹਿੰਦੁਸਤਾਨੀ ਹੁਕਮਰਾਨਾਂ ਨੇ ਤਾਂ ਇਸ ਦਾ ਨਾਮੋ-ਨਿਸ਼ਾਨ ਹੀ ਮਿਟਾ ਦੇਣ ਦੀ ਠਾਣ ਲਈ ਸੀ। 1947 ਤੋਂ ਬਾਅਦ ਕਈ ਉਹ ਆਜ਼ਾਦੀ ਘੁਲਾਟੀਏ ਆਪਣੀਆਂ ਪੁਰਾਣੀਆਂ ਯਾਦਾਂ ਨੂੰ ਤਾਜ਼ਾ ਕਰਨ ਲਈ ਇਥੇ ਆਏ ਜਿਨ੍ਹਾਂ ਨੂੰ ਕਦੇ ਇਥੇ ਕੈਦ ਰੱਖਿਆ ਗਿਆ ਸੀ। 'ਅੰਡੇਮਾਨ ਦੇ ਸਾਬਕਾ ਕੈਦੀਆਂ ਦਾ ਭਾਈਚਾਰਾ' ਵਲੋਂ ਹਿੰਦੁਸਤਾਨ ਦੀ ਸਰਕਾਰ ਕੋਲ ਇਸ ਜੇਲ੍ਹ ਨੂੰ ਦੇਸ਼ ਭਗਤਾਂ ਦੀ ਜੱਦੋਜਹਿਦ ਦੇ ਚਿੰਨ੍ਹ ਵਜੋਂ ਸੰਭਾਲਣ ਦੀ ਮੰਗ ਕੀਤੀ ਗਈ। ਇਸ ਦਬਾਓ ਹੇਠ ਕੇਂਦਰ ਸਰਕਾਰ ਜੇਲ੍ਹ ਦੀ ਸਾਂਭ-ਸੰਭਾਲ ਦਾ ਕੰਮ ਹੱਥ ਲੈਣ ਲਈ ਮਜਬੂਰ ਹੋਈ ਅਤੇ 11 ਫਰਵਰੀ 1979 ਨੂੰ ਤੱਤਕਾਲੀ ਪ੍ਰਧਾਨ ਮੰਤਰੀ ਵਲੋਂ ਇਹ ਯਾਦਗਾਰ ਰਾਸ਼ਟਰ ਨੂੰ ਸਮਰਪਿਤ ਕੀਤੀ ਗਈ।

ਜੇਲ੍ਹ ਦੀ ਡਿਓੜੀ ਉਪਰ ਜਿਥੇ ਜੇਲ੍ਹ ਦਾ ਪ੍ਰਬੰਧਕੀ ਬਲਾਕ ਸੀ, ਉਥੇ ਦੋਵੇਂ ਪਾਸੇ ਇਮਾਰਤ ਨੂੰ ਹੁਣ ਮਿਊਜ਼ੀਅਮ ਬਣਾ ਦਿੱਤਾ ਗਿਆ ਹੈ। ਇਥੇ ਆਰਟ ਗੈਲਰੀ, ਨੇਤਾ ਜੀ ਗੈਲਰੀ ਅਤੇ ਆਜ਼ਾਦੀ ਦੀ ਲਹਿਰ ਬਾਰੇ ਲਾਇਬ੍ਰੇਰੀ ਬਣਾਈਆਂ ਗਈਆਂ ਹਨ। ਇਨ੍ਹਾਂ ਮਿਊਜ਼ੀਅਮ ਵਿਚ ਜੰਗੇ-ਆਜ਼ਾਦੀ ਦੇ ਘੁਲਾਟੀਆਂ ਦੀਆਂ ਇਤਿਹਾਸਕ ਤਸਵੀਰਾਂ ਅਤੇ ਜੇਲ੍ਹ ਨਾਲ ਸਬੰਧਤ ਕੁਝ ਵਸਤਾਂ ਨੁਮਾਇਸ਼ ਵਜੋਂ ਰੱਖੀਆਂ ਗਈਆਂ ਹਨ। ਖੱਬੇ ਪਾਸੇ ਕਾਲੇ ਪਾਣੀ ਦੇ ਨਾਇਕਾਂ ਦੀ ਗੈਲਰੀ ਹੈ ਅਤੇ ਸੱਜੇ ਪਾਸੇ ਕਾਲੇ ਪਾਣੀ ਜੇਲ੍ਹ ਦੇ ਇਤਿਹਾਸ ਨੂੰ ਦਰਸਾਉਂਦਾ ਮਿਊਜ਼ੀਅਮ ਹੈ। ਇਕ ਹੋਰ ਵੱਖਰੀ ਗੈਲਰੀ ਪੁਰਾਣੀਆਂ ਤਸਵੀਰਾਂ ਲਾ ਕੇ ਕੈਦੀਆਂ ਦੀ ਵਰਕਸ਼ਾਪ ਵਾਲੀ ਇਮਾਰਤ ਵਿਚ 2004 ਵਿਚ ਬਣਾਈ ਗਈ ਜੋ ਕਹਿਣ ਨੂੰ ਤਾਂ ਪਹਿਲੀ ਜੰਗੇ-ਆਜ਼ਾਦੀ ਬਾਰੇ ਹੈ, ਪਰ ਇਸ ਦੀ ਪੂਰੀ ਵਿਉਂਤਬੰਦੀ ਇਸ ਤਰੀਕੇ ਨਾਲ ਕੀਤੀ ਗਈ ਗਈ ਜਿਸ ਤੋਂ ਇਹ ਪ੍ਰਭਾਵ ਪੈ ਸਕੇ ਕਿ ਹਿੰਦੂਤਵ ਦਾ ਬਾਨੀ ਵੀ.ਡੀ. ਸਾਵਰਕਰ ਹੀ ਸਭ ਤੋਂ ਸਿਰਮੌਰ ਵਤਨਪ੍ਰਸਤ ਹੋਇਆ ਹੈ। ਉਸ ਨੂੰ ਕਾਲੇ ਪਾਣੀ ਜੇਲ੍ਹ ਵਿਚ ਬਹੁਤ ਮੁਸੀਬਤਾਂ ਝੱਲਣੀਆਂ ਪਈਆਂ। ਇਨ੍ਹਾਂ ਪ੍ਰਦਰਸ਼ਨੀਆਂ ਵਿਚ ਉਨ੍ਹਾਂ ਸੱਚੇ ਵਤਨਪ੍ਰਸਤਾਂ ਦੀਆਂ ਕੁਰਬਾਨੀਆਂ ਨੂੰ ਗਿਣ-ਮਿਥ ਕੇ ਛੁਟਿਆਇਆ ਗਿਆ ਹੈ ਜਿਨ੍ਹਾਂ ਦੇ ਆਜ਼ਾਦੀ ਪ੍ਰੇਮੀ ਕਿਰਦਾਰ ਨੂੰ ਸਾਵਰਕਰ ਦੀ ਤਰ੍ਹਾਂ ਅੰਗਰੇਜ਼ ਬਸਤੀਵਾਦੀਆਂ ਦੀ ਜੀ-ਹਜ਼ੂਰੀ ਕਰ ਕੇ ਨਿੱਜੀ ਸਹੂਲਤਾਂ ਲੈਣਾ ਗਵਾਰਾ ਨਹੀਂ ਸੀ ਅਤੇ ਜਿਨ੍ਹਾਂ ਨੇ ਕੈਦੀਆਂ ਦੇ ਸਮੂਹਿਕ ਹੱਕਾਂ ਲਈ ਲੜਾਈ ਲੜੀ ਅਤੇ ਆਪਣੇ ਸੰਘਰਸ਼ ਨਾਲ ਜੇਲ੍ਹ ਪ੍ਰਸ਼ਾਸਨ ਦੀਆਂ ਮਨਮਾਨੀਆਂ ਨੂੰ ਠੱਲ੍ਹ ਪਾਈ।

ਡਿਓੜੀ ਤੋਂ ਦਾਖਲ ਹੁੰਦੇ ਸਾਰ ਖੱਬੇ ਪਾਸੇ ਆਜ਼ਾਦੀ ਸੰਗਰਾਮੀਆਂ ਨੂੰ ਸਮਰਪਿਤ 'ਸੁਤੰਤਰਤਾ ਜੋਤ' ਹੈ। ਡਿਓੜੀ ਦੇ ਬਿਲਕੁਲ ਸਾਹਮਣੇ ਵਾਲੇ ਦੋ ਬਲਾਕਾਂ ਦੇ ਦਰਮਿਆਨ ਵਰਕਸ਼ਾਪ ਦੀ ਸ਼ੈੱਡਨੁਮਾ ਇਮਾਰਤ ਹੈ ਜਿਥੇ ਕੈਦੀਆਂ ਤੋਂ ਮੁਸ਼ੱਕਤ ਕਰਵਾਈ ਜਾਂਦੀ ਸੀ। ਇਸ ਵਿਚ ਦਾਖਲ ਹੁੰਦੇ ਸਾਰ ਖੱਬੇ ਪਾਸੇ ਜੇਲ੍ਹਰ ਡੇਵਿਡ ਬੇਰੀ ਦੀ ਉਹ ਕੁਰਸੀ ਹੈ ਜਿਸ ਉਪਰ ਬੈਠ ਕੇ ਉਹ ਕੈਦੀਆਂ ਉਪਰ ਹੁਕਮ ਚਲਾਉਂਦਾ ਹੁੰਦਾ ਸੀ। ਇਸ ਹਿੱਸੇ ਦੇ ਅੰਦਰ ਜਾਨ ਲੇਵਾ ਮੁਸ਼ੱਕਤ ਦੇ ਮਾਡਲ ਹਨ ਜਿਨ੍ਹਾਂ ਤੋਂ ਪਤਾ ਲਗਦਾ ਹੈ ਕਿ ਉਥੇ ਕੈਦੀਆਂ ਤੋਂ ਕਿਸ ਤਰ੍ਹਾਂ ਦੀ ਮੁਸ਼ੱਕਤ ਕਰਵਾਈ ਜਾਂਦੀ ਸੀ; ਜਿਵੇਂ ਕੋਹਲੂ ਗੇੜ ਕੇ ਨਿਸ਼ਚਿਤ ਮਾਤਰਾ ਵਿਚ ਨਾਰੀਅਲ ਦਾ ਤੇਲ ਕੱਢਣਾ, ਸੁੱਕਾ ਨਾਰੀਅਲ ਕੁੱਟ ਕੇ ਵਾਣ ਵੱਟਣਾ ਆਦਿ। ਇਥੇ ਟਾਟ ਦੀ ਵਰਦੀ ਦਾ ਉਹ ਨਮੂਨਾ ਵੀ ਸਾਂਭ ਕੇ ਰੱਖਿਆ ਗਿਆ ਹੈ ਜੋ ਕੈਦੀਆਂ ਨੂੰ ਜ਼ਲੀਲ ਕਰਨ ਲਈ ਸਜ਼ਾ ਦੇ ਤੌਰ 'ਤੇ ਪਹਿਨਾਈ ਜਾਂਦੀ ਸੀ। ਕੈਦੀਆਂ ਨੂੰ ਉਚੇਚਾ ਕਸ਼ਟ ਦੇਣ ਲਈ ਸਜ਼ਾ ਵਜੋਂ ਪਹਿਨਾਈਆਂ ਜਾਂਦੀਆਂ ਡੰਡਾ ਬੇੜੀਆਂ ਅਤੇ ਖਾਸ ਹੱਥਕੜੀਆਂ ਦੇ ਨਮੂਨੇ ਵੀ ਮੌਜੂਦ ਹਨ। ਇਸ ਹਿੱਸੇ ਦੇ ਨਾਲ ਖੱਬੇ ਪਾਸੇ ਉਸ ਕੜਿੱਕੀ ਦਾ ਨਮੂਨਾ ਹੈ ਜਿਸ ਨਾਲ ਕੈਦੀਆਂ ਨੂੰ ਬੰਨ੍ਹ ਕੇ ਸਜ਼ਾ ਦੇਣ ਲਈ ਬੈਂਤਾਂ ਮਾਰੀਆਂ ਜਾਂਦੀਆਂ ਸਨ।

ਅੰਗਰੇਜ਼ ਬਸਤੀਵਾਦ ਦੇ ਜ਼ੁਲਮਾਂ ਦੀ ਪ੍ਰਤੀਕ ਜੇਲ੍ਹ ਦੀ ਬਚੀ-ਖੁਚੀ ਇਮਾਰਤ ਹੁਣ ਜ਼ਿਆਦਾਤਰ ਸੈਲਾਨੀਆਂ ਲਈ ਸੈਰ-ਸਪਾਟੇ ਦੀ ਥਾਂ ਹੈ। ਇਸ ਦੇ ਮਿਊਜ਼ੀਅਮ ਵਿਚ ਕੈਦੀਆਂ ਅਤੇ ਅਧਿਕਾਰੀਆਂ ਦੀ ਨਮੂਨੇ ਦੀ ਵਰਦੀ, ਜੇਲ੍ਹ ਦੇ ਕੁਝ ਜੰਦਰੇ ਸੰਭਾਲੇ ਗਏ ਹਨ। ਜੇਲ੍ਹ ਵਿਚ ਹਰ ਕੈਦੀ ਨੂੰ ਤਿੰਨ ਭਾਂਡੇ ਦਿੱਤੇ ਜਾਂਦੇ ਸਨ- ਦੋ ਖਾਣੇ ਲਈ ਅਤੇ ਇਕ ਰਾਤ ਦੇ ਵਕਤ ਹਾਜਤ ਲਈ। ਇਨ੍ਹਾਂ ਵਿਚੋਂ ਨੁਮਾਇਸ਼ ਵਿਚ ਦੋ ਹੀ ਦੇਖਣ ਲਈ ਰੱਖੇ ਗਏ ਹਨ, ਤੀਜਾ ਗਾਇਬ ਹੈ। ਇਸੇ ਤਰ੍ਹਾਂ ਜੇਲ੍ਹ ਦੀ ਕੋਠੜੀ ਵਿਚ ਕੈਦੀਆਂ ਨੂੰ ਸੌਣ ਲਈ ਜੋ ਲੱਕੜ ਦੇ ਫੱਟੇ ਦਿੱਤੇ ਜਾਂਦੇ ਸਨ, ਉਹ ਵੀ ਗਾਇਬ ਕਰ ਦਿੱਤੇ ਗਏ ਹਨ।

ਮੁੱਖ ਡਿਓੜੀ ਦੇ ਐਨ ਸਾਹਮਣੇ ਸੜਕ ਦੇ ਦੂਜੇ ਪਾਸੇ ਵਿਸ਼ੇਸ਼ ਪਾਰਕ ਹੈ। ਇਹ ਪਾਰਕ ਵੀ ਸਾਵਰਕਰ ਦੇ ਨਾਂ 'ਤੇ ਹੈ। ਇਸ ਪਾਰਕ ਵਿਚ ਉਨ੍ਹਾਂ ਛੇ ਸ਼ਹੀਦ ਆਜ਼ਾਦੀ ਸੰਗਰਾਮੀਆਂ ਦੇ ਬੁੱਤ ਜ਼ਰੂਰ ਲਗਾਏ ਗਏ ਹਨ ਜਿਨ੍ਹਾਂ ਨੇ ਇਸ ਜੇਲ੍ਹ ਦੇ ਜ਼ੁਲਮਾਂ ਨਾਲ ਟੱਕਰ ਲੈਂਦਿਆਂ ਇਥੇ ਆਪਣੀਆਂ ਜਾਨਾਂ ਦੀ ਆਹੂਤੀ ਦਿੱਤੀ। ਇਹ ਸ਼ਹੀਦ ਸਨ: ਪੰਡਤ ਰਾਮ ਰੱਖਾ ਬਾਲੀ, ਬਾਬਾ ਭਾਨ ਸਿੰਘ ਸੁਨੇਤ, ਇੰਦੂ ਭੂਸ਼ਨ ਰਾਏ, ਮਹਾਵੀਰ ਸਿੰਘ, ਮੋਹਨ ਕਿਸ਼ੋਰ ਨਾਮਦਾਸ ਅਤੇ ਮੋਹਿਤ ਮੋਇਤ੍ਰਾ। ਇਹ ਉਨ੍ਹਾਂ ਬੇਸ਼ੁਮਾਰ ਸ਼ਹੀਦਾਂ ਅਤੇ ਵਤਨਪ੍ਰੇਮੀ ਸੂਰਬੀਰਾਂ ਦੀਆਂ ਕੁਰਬਾਨੀਆਂ ਅਤੇ ਉਨ੍ਹਾਂ ਮੁਸੀਬਤਾਂ ਵਿਰੁੱਧ ਸੰਘਰਸ਼ ਦੇ ਮੁਜੱਸਮਾ ਹਨ ਜਿਨ੍ਹਾਂ ਨੂੰ ਤਿਲ-ਤਿਲ ਮਰਨਾ ਤਾਂ ਮਨਜ਼ੂਰ ਸੀ, ਪਰ ਬਸਤੀ ਰਾਜ ਦੀ ਅਧੀਨਗੀ ਮਨਜ਼ੂਰ ਨਹੀਂ ਸੀ। ਉਨ੍ਹਾਂ ਨੇ ਸਾਵਰਕਰ ਵਾਂਗ ਨਿੱਜੀ ਸਹੂਲਤਾਂ ਲੈਣ ਲਈ ਆਪਣੀ ਜ਼ਮੀਰ ਅੰਗਰੇਜ਼ ਅਧਿਕਾਰੀਆਂ ਨੂੰ ਨਹੀਂ ਵੇਚੀ।

ਪੋਰਟ ਬਲੇਅਰ ਹਵਾਈ ਅੱਡੇ ਦਾ ਨਾਂ ਵੀ.ਡੀ. ਸਾਵਰਕਰ ਦੇ ਨਾਂ ਉਪਰ ਰੱਖਿਆ ਗਿਆ ਹੈ। ਇਸ ਤੋਂ ਸੈਲਾਨੀਆਂ ਦੇ ਜ਼ਿਹਨ ਵਿਚ ਇਹੀ ਤਸਵੀਰ ਬਣਦੀ ਹੈ ਕਿ ਸਾਵਰਕਰ ਬਰਤਾਨਵੀ ਰਾਜ ਦੇ ਜ਼ੁਲਮਾਂ ਦਾ ਸਭ ਤੋਂ ਵੱਧ ਸ਼ਿਕਾਰ ਹੋਇਆ ਹੋਵੇਗਾ। ਜਦੋਂ ਕਾਲੇਪਾਣੀ ਜੇਲ੍ਹ ਦੇ ਇਤਿਹਾਸ ਉਪਰ ਨਜ਼ਰ ਮਾਰਦੇ ਹਾਂ ਤਾਂ ਸਾਵਰਕਰ ਦੇ ਕਿਰਦਾਰ ਦੀ ਉਕਾ ਹੀ ਵੱਖਰੀ ਤਸਵੀਰ ਸਾਹਮਣੇ ਆਉਂਦੀ ਹੈ।



**ਕੋਹਲੂ ਗੇੜਨ ਵਾਲੀ ਮੁਸ਼ੱਕਤ ਸਾਕਾਰ ਕਰਦਾ ਬੁੱਤ।**

ਜਿਸ ਸਾਵਰਕਰ ਨੂੰ ਸੰਘ ਪਰਿਵਾਰ ਵਲੋਂ ਵੀਰ ਸਾਵਰਕਰ ਬਣਾ ਕੇ ਪੇਸ਼ ਕੀਤਾ ਜਾ ਰਿਹਾ ਹੈ, ਉਸ ਵਿਚ ਬੀਰਤਾ ਵਾਲਾ ਕੋਈ ਮਾਦਾ ਨਹੀਂ ਸੀ। ਉਸ ਦੀ ਜ਼ਿੰਦਗੀ ਦੇ ਦੋ ਹਿੱਸੇ ਹਨ। ਇਕ ਉਸ ਦੀ ਕਰਜ਼ਨ ਵਾਇਲੀ ਦੇ ਕਤਲ ਵਿਚ ਗ੍ਰਿਫ਼ਤਾਰ ਕੀਤੇ ਜਾਣ ਤੋਂ ਪਹਿਲੀ ਜ਼ਿੰਦਗੀ ਹੈ ਜਦੋਂ ਉਹ ਕਾਨੂੰਨ ਦੀ ਪੜ੍ਹਾਈ ਲਈ ਇੰਗਲੈਂਡ ਗਿਆ। ਉਥੇ ਹਿੰਦੁਸਤਾਨ ਵਿਚੋਂ ਬਰਤਾਨਵੀ ਰਾਜ ਦੇ ਖ਼ਿਲਾਫ਼ ਸਰਗਰਮੀਆਂ ਜਥੇਬੰਦ ਕਰਨ ਲਈ ਉਸ ਨੇ 'ਫਰੀ ਇੰਡੀਆ ਸੁਸਾਇਟੀ' ਬਣਾਈ ਅਤੇ ਮਦਨ ਲਾਲ ਢੀਂਗਰਾ ਵਰਗੇ ਨੌਜਵਾਨਾਂ ਨੂੰ ਬਰਤਾਨਵੀ ਰਾਜ ਦੇ ਖ਼ਿਲਾਫ਼ ਹਥਿਆਰਬੰਦ ਕਾਰਵਾਈਆਂ ਲਈ ਪ੍ਰੇਰਿਆ। ਉਸ ਦੀ ਦੂਜੀ ਜ਼ਿੰਦਗੀ ਲੰਡਨ ਵਿਚ ਕਰਜ਼ਨ ਵਾਇਲੀ ਦੇ ਕਤਲ ਦੇ ਮਾਮਲੇ ਵਿਚ ਗ੍ਰਿਫ਼ਤਾਰ ਕੀਤੇ ਜਾਣ ਤੋਂ ਬਾਅਦ ਸ਼ੁਰੂ ਹੁੰਦੀ ਹੈ। ਜਦੋਂ ਉਸ ਨੂੰ ਹਿੰਦੁਸਤਾਨ ਵਾਪਸ ਲਿਆਂਦਾ ਜਾ ਰਿਹਾ ਸੀ, ਤਾਂ ਉਸ ਨੇ ਪੁਲਿਸ ਦੀ ਗ੍ਰਿਫ਼ਤ ਵਿਚੋਂ ਭੱਜਣ ਦਾ ਯਤਨ ਕੀਤਾ, ਪਰ ਕਾਮਯਾਬ ਨਹੀਂ ਹੋਇਆ। ਉਸ ਨੂੰ ਦੋ ਵੱਖ-ਵੱਖ ਮਾਮਲਿਆਂ ਵਿਚ ਦੋਹਰੀ ਉਮਰ ਕੈਦ (50 ਸਾਲ ਕੈਦ) ਦੀ ਸਜ਼ਾ ਦੇ ਕੇ 4 ਜੁਲਾਈ 2011 ਨੂੰ ਕਾਲੇ ਪਾਣੀ ਜੇਲ੍ਹ ਵਿਚ ਬੰਦ ਕਰ ਦਿੱਤਾ ਗਿਆ। ਉਹ ਇਸ ਜੇਲ੍ਹ ਦੀਆਂ ਸਖ਼ਤੀਆਂ ਨਾ ਝੱਲ ਸਕਿਆ। ਸਾਵਰਕਰ ਨੇ ਜਦੋਂ ਆਜ਼ਾਦੀ ਸੰਗਰਾਮ ਬਾਰੇ ਆਪਣੀ ਮਸ਼ਹੂਰ ਕਿਤਾਬ 'ਦਿ ਇੰਡੀਅਨ ਵਾਰ ਆਫ ਇੰਡੀਪੈਂਡੈਂਸ' ਲਿਖੀ ਸੀ ਤਾਂ ਉਸ ਦੀ ਸਮਾਪਤੀ ਮੁਗ਼ਲ ਬਾਦਸ਼ਾਹ ਬਹਾਦਰ ਸ਼ਾਹ ਜ਼ਫ਼ਰ ਨੂੰ ਮਹਾਨ ਕਵੀ ਦਾ ਖ਼ਿਤਾਬ ਦਿੰਦਿਆਂ ਉਸ ਦੀ ਨਜ਼ਮ ਦੇ ਇਸ ਬੰਦ ਨਾਲ ਕੀਤੀ ਸੀ- ਗ਼ਾਜ਼ੀਓ ਮੇਂ ਬੂ ਰਹੇਗੀ ਜਬ ਤਕ ਈਮਾਨ ਕੀ, ਤਖ਼ਤੇ ਲੰਦਨ ਤਕ ਚਲੇਗੀ ਤੇਗ਼ ਹਿੰਦੁਸਤਾਨ ਕੀ।' ਉਸੇ ਸਾਵਰਕਰ ਨੇ ਗ੍ਰਿਫ਼ਤਾਰੀ ਤੋਂ ਬਾਅਦ ਜੇਲ੍ਹ ਦੇ ਜ਼ੁਲਮਾਂ ਅੱਗੇ ਗੋਡੇ ਟੇਕਦਿਆਂ ਕੁਝ ਮਹੀਨਿਆਂ ਵਿਚ ਹੀ ਬਰਤਾਨਵੀ ਰਾਜ ਵਿਰੁੱਧ ਲੜਨ ਤੋਂ ਤੌਬਾ ਕਰ ਲਈ। ਉਸ ਨੇ ਅੰਗਰੇਜ਼ ਹੁਕਮਰਾਨਾਂ ਨੂੰ 1911, 1913, 1914, 1918 ਅਤੇ 1920 ਵਿਚ ਰਹਿਮ ਦੀਆਂ ਪੰਜ ਦਰਖ਼ਾਸਤਾਂ ਲਿਖੀਆਂ। ਅੰਗਰੇਜ਼ ਹਕੂਮਤ ਨੇ ਉਸ ਨੂੰ ਰਿਹਾਅ ਤਾਂ ਨਹੀਂ ਕੀਤਾ, ਪਰ ਉਸ ਨੇ ਸਹਿਜੇ-ਸਹਿਜੇ ਸੈਲੂਲਰ ਜੇਲ੍ਹ ਅਧਿਕਾਰੀਆਂ ਦਾ ਵਿਸ਼ਵਾਸ ਜਿੱਤ ਲਿਆ। ਉਸ ਨੂੰ ਤਸੀਹਿਆਂ ਵਾਲੀ ਮੁਸ਼ੱਕਤ ਦੀ ਬਜਾਏ ਪਹਿਲਾਂ ਕਲਰਕੀ ਅਤੇ ਬਾਅਦ ਵਿਚ ਜੇਲ੍ਹ ਦੇ ਤੇਲ ਡਿਪੂ ਦੇ ਫੋਰਮੈਨ ਦਾ ਹਲਕਾ-ਫੁਲਕਾ ਕੰਮ ਦੇ ਦਿੱਤਾ ਗਿਆ। 6 ਜਨਵਰੀ 1924 ਨੂੰ ਉਸ ਨੂੰ ਪੂਣੇ ਦੀ ਯੇਰਵਾੜਾ ਜੇਲ੍ਹ ਤੋਂ ਇਸ ਸ਼ਰਤ 'ਤੇ ਰਿਹਾਅ ਕਰ ਦਿੱਤਾ ਗਿਆ ਕਿ ਉਹ ਕੇਵਲ ਰਤਨਾਗਿਰੀ ਜ਼ਿਲ੍ਹੇ ਵਿਚ ਹੀ ਰਹੇਗਾ ਅਤੇ 'ਪੰਜ ਸਾਲ ਤਕ ਸਰਕਾਰ ਦੀ ਸਹਿਮਤੀ ਤੋਂ ਬਗ਼ੈਰ ਖੁੱਲ੍ਹੇਆਮ ਜਾਂ ਲੁਕਵੇਂ ਤੌਰ 'ਤੇ ਕਿਸੇ ਤਰ੍ਹਾਂ ਦੀਆਂ ਸਿਆਸੀ ਸਰਗਰਮੀਆਂ ਵਿਚ ਹਿੱਸਾ ਨਹੀਂ ਲਵੇਗਾ।' ਇਹ ਸ਼ਰਤਾਂ 1937 ਵਿਚ ਹਟਾਈਆਂ ਗਈਆਂ, ਪਰ ਇਸ ਅਰਸੇ ਦੌਰਾਨ ਉਸ ਨੂੰ ਆਪਣੀਆਂ ਫਿਰਕਾਪ੍ਰਸਤ ਸਿਆਸੀ ਸਰਗਰਮੀਆਂ ਜਾਰੀ ਰੱਖਣ ਅਤੇ ਹਿੰਦੂ ਮਹਾਂਸਭਾ ਦੇ ਫਿਰਕਾਪ੍ਰਸਤ ਆਗੂਆਂ ਨੂੰ ਮਿਲਣ ਦੀ ਖੁੱਲ੍ਹ ਸੁਚੇਤ ਤੌਰ 'ਤੇ ਦਿੱਤੀ ਗਈ, ਕਿਉਂਕਿ ਇਹ ਉਸ ਦੇ ਅੰਗਰੇਜ਼ ਰਹਿਮ ਦਾਤਿਆਂ ਦੀ 'ਪਾੜੋ ਤੇ ਰਾਜ ਕਰੋ' ਦੀ ਨੀਤੀ ਨੂੰ ਰਾਸ ਆਉਂਦੀ ਸੀ। ਇਸ ਦੌਰਾਨ ਉਸ ਨੇ ਵੱਖ-ਵੱਖ ਤਾਕਤਾਂ ਨਾਲ 'ਮੁਨਾਸਿਬ ਸਮਝੌਤਿਆਂ' ਦਾ ਮੱਤ ਈਜਾਦ ਕੀਤਾ। ਜਿਸ ਦਾ ਭਾਵ ਸੀ 'ਹਿੰਦੂ ਰਾਸ਼ਟਰ' ਦੇ ਹਿਤ ਵਿਚ ਆਪਣੀਆਂ ਤਾਕਤਾਂ ਨੂੰ ਵੱਧ ਤੋਂ ਵੱਧ ਬਚਾ ਕੇ ਰੱਖਣਾ, ਭਾਵ ਬਰਤਾਨਵੀ ਰਾਜ ਵਿਰੁੱਧ ਲੜਾਈ ਤੋਂ ਦੂਰ ਰੱਖਣਾ ਤਾਂ ਜੋ ਸਹੀ ਵਕਤ ਆਉਣ 'ਤੇ ਇਨ੍ਹਾਂ ਨੂੰ 'ਹਿੰਦੂ ਗੌਰਵ ਦੀ ਮੁੜ-ਸੁਰਜੀਤੀ' ਲਈ ਇਸਤੇਮਾਲ ਕੀਤਾ ਜਾ ਸਕੇ। ਲਿਹਾਜ਼ਾ ਜਦੋਂ ਸੁਭਾਸ਼ ਚੰਦਰ ਬੋਸ ਤੇ ਉਸ ਦੇ ਸਾਥੀ ਦੂਜੀ ਆਲਮੀ ਜੰਗ ਦੌਰਾਨ ਆਜ਼ਾਦ ਹਿੰਦ ਫ਼ੌਜ ਬਣਾ ਕੇ ਬਰਤਾਨਵੀ ਰਾਜ ਦਾ ਖ਼ਾਤਮਾ ਕਰਨ ਲਈ ਹਥਿਆਰਬੰਦ ਜੰਗ ਲੜ ਰਹੇ ਸਨ, ਉਦੋਂ ਹਿੰਦੂਤਵ ਦੇ ਬਾਨੀ ਸਾਵਰਕਰ ਨੇ ਹਿੰਦੂ ਮਹਾਂਸਭਾ ਨੂੰ ਇਹ ਨਸੀਹਤ ਦਿੱਤੀ ਕਿ ਹਿੰਦੁਸਤਾਨ ਦੀ ਰੱਖਿਆ ਲਈ 'ਹਿੰਦੂਤਵ ਨੂੰ ਬੇਝਿਜਕ ਹੋ ਕੇ ਪ੍ਰਤੀਕਿਰਿਆਸ਼ੀਲ ਮਿਲਵਰਤਣ ਦੀ ਭਾਵਨਾ ਨਾਲ ਹਿੰਦੁਸਤਾਨੀ ਹਕੂਮਤ ਦੇ ਜੰਗੀ ਯਤਨਾਂ ਨਾਲ ਗੱਠਜੋੜ ਬਣਾ ਲੈਣਾ ਚਾਹੀਦਾ ਹੈ'। ਯਾਦ ਰਹੇ, ਬਾਲ ਗੰਗਾਧਰ ਤਿਲਕ ਦੇ ਜ਼ਮਾਨੇ ਤੋਂ ਹੀ ਹਿੰਦੂ ਕੁਲੀਨ ਵਰਗ 'ਪ੍ਰਤੀਕਿਰਿਆਸ਼ੀਲ ਮਿਲਵਰਤਣ' ਦੀ ਨੀਤੀ ਤਹਿਤ ਬਰਤਾਨਵੀ ਰਾਜ ਨਾਲ ਮਿਲ ਕੇ ਚੱਲ ਰਿਹਾ ਸੀ। ਇਨ੍ਹਾਂ ਨੇ 'ਰਿਸਪਾਂਸਿਵ ਕੋਆਪਰੇਸ਼ਨ ਪਾਰਟੀ' ਵੀ ਬਣਾਈ ਹੋਈ ਸੀ। ਸਾਵਰਕਰ ਨੇ ਇਕ ਵੀ ਪਲ ਜਾਇਆ ਕੀਤੇ ਬਿਨਾ ਹਿੰਦੂਆਂ ਨੂੰ ਵੱਧ ਤੋਂ ਵੱਧ ਸੰਭਵ ਤਰੀਕੇ ਨਾਲ ਬਰਤਾਨਵੀ ਫ਼ੌਜ ਵਿਚ ਭਰਤੀ ਹੋਣ ਦਾ ਸੱਦਾ ਦਿੱਤਾ। ਇਸੇ ਨੀਤੀ ਤਹਿਤ ਹਿੰਦੂ ਮਹਾਂਸਭਾ ਵਲੋਂ ਜੰਗ ਦੌਰਾਨ ਬਰਤਾਨਵੀ ਰਾਜ ਲਈ ਵੱਡੇ ਪੈਮਾਨੇ 'ਤੇ ਹਿੰਦੂਆਂ ਦੀ ਭਰਤੀ ਕਰਵਾਈ ਗਈ। ਸਾਵਰਕਰ ਅਨੁਸਾਰ ਇਕ ਸਾਲ ਵਿਚ ਕੇਵਲ ਹਿੰਦੂ ਮਹਾਂਸਭਾ ਵਲੋਂ ਹੀ ਬਰਤਾਨੀਆ ਲਈ ਇਕ ਲੱਖ ਭਰਤੀ ਕਰਵਾਈ ਗਈ ਸੀ। ਸਾਵਰਕਰ ਦੀ ਅਗਵਾਈ ਹੇਠ ਹਿੰਦੂਤਵ ਦੇ ਇਸ ਦੇਸ਼ ਧ੍ਰੋਹ ਦੇ ਦਸਤਾਵੇਜ਼ੀ ਸਬੂਤਾਂ ਨੂੰ ਕਾਂਗਰਸੀ ਹੁਕਮਰਾਨਾਂ ਵਲੋਂ ਕਦੇ ਵੀ ਜਨਤਕ ਨਹੀਂ ਕੀਤਾ ਗਿਆ। *(ਬਾਕੀ ਅਗਲੇ ਅੰਕ ਵਿਚ)*

**ਪੋਰਟ ਬਲੇਅਰ ਹਵਾਈ ਅੱਡੇ ਦਾ ਨਾਂ ਸਾਵਰਕਰ ਦੇ ਨਾਂ ਉਪਰ ਰੱਖਿਆ ਗਿਆ ਹੈ। ਸੈਲਾਨੀਆਂ ਦੇ ਜ਼ਿਹਨ ਵਿਚ ਇਹੀ ਤਸਵੀਰ ਬਣਦੀ ਹੈ ਕਿ ਸਾਵਰਕਰ ਬਰਤਾਨਵੀ ਰਾਜ ਦੇ ਜ਼ੁਲਮਾਂ ਦਾ ਸਭ ਤੋਂ ਵੱਧ ਸ਼ਿਕਾਰ ਹੋਇਆ ਹੋਵੇਗਾ। ਜਦੋਂ ਕਾਲੇਪਾਣੀ ਜੇਲ੍ਹ ਦੇ ਇਤਿਹਾਸ ਉਪਰ ਨਜ਼ਰ ਮਾਰਦੇ ਹਾਂ ਤਾਂ ਸਾਵਰਕਰ ਦੇ ਕਿਰਦਾਰ ਦੀ ਉਕਾ ਹੀ ਵੱਖਰੀ ਤਸਵੀਰ ਸਾਹਮਣੇ ਆਉਂਦੀ ਹੈ।**




20% OFF PUNJABI MEGA PACK
$19.99 FOR
24 MONTHS
Save $120 over 2 years
All offers require credit qualification, 2-Year commitment with early termination fee and eAutoPay.
Requires subscription to a qualifying American or DishLATINO package starting at $29.99/mo.
ORDER THROUGH DISH!
Dish.com/Punjabi 1-844-326-9607
dish
YOUR CULTURE AT HOME
PTC PUNJABI
jus punjabi
WILLOW HD
PTC NEWS
JUS one
+5 CHANNELS
Offer for new and qualifying former customers only. Important Terms and Conditions:
Qualification: Advertised price requires credit qualification and eAutoPay. Upfront activation and/or receiver upgrade fees may apply based on credit qualification. Offer ends 4/05/17. 2-Year Commitment: Early termination fee of $20/mo. remaining applies if you cancel early. $120 Savings Offer: Receive a monthly credit of $5 for the first 24 months. Requires subscription to International package and qualifying American or DishLATINO package (starting at $29.99/mo). NOT included in advertised price (and subject to change): Taxes & surcharges, add-on programming (including premium channels), Protection Plan, and transactional fees. Other: All packages, programming, features, and functionality are subject to change without notice. After 6 mos., you will be billed $8.99/mo. for Protection Plan unless you call to cancel. After 2 years, then-current everyday prices for all services apply. For business customers, additional monthly fees may apply. Free standard professional installation only.
© 2017 DISH Network L.L.C. All rights reserved.